ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

• ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
• ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
• ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
• ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
• ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 22 June, 2025) ਪਟਿਆਲਾ ਐਤਵਾਰ, 22 ਜੂਨ, 2025, 8 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 171 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਓਡੀਸ਼ਾ 'ਚ ਅਚਾਨਕ ਆਏ ਹੜ੍ਹਾਂ ਨਾਲ 50,000 ਲੋਕ ਪ੍ਰਭਾਵਿਤ

ਪੁਰੀ, 21 ਜੂਨ (ਚੜ੍ਹਦੀਕਲਾ ਬਿਊਰੋ) : ਓਡੀਸ਼ਾ ਦੇ ਬਾਲਾਸੋਰ ਜ਼ਿਲ੍ਹੇ 'ਚ ਸਵਰਨਰੇਖਾ ਨਦੀ 'ਚ ਅਚਾਨਕ ਹੜ੍ਹਾਂ ਕਾਰਨ 50,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਇੱਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਕਿਹਾ ਕਿ ਇਹ ਹੜ੍ਹ ਗੁਆਂਢੀ ਰਾਜ ਝਾਰਖੰਡ ਵਿੱਚ ਭਾਰੀ ਬਾਰਸ਼ ਤੋਂ ਬਾਅਦ ਨਦੀ 'ਚ ਪਾਣੀ ਦੇ ਪੱਧਰ 'ਚ ਅਚਾਨਕ ਵਾਧੇ ਕਾਰਨ ਆਇਆ ਹੈ, ਜਿਸ ਕਾਰਨ ਪਾਣੀ ਪੇਂਡੂ ਖੇਤਰਾਂ ਵਿੱਚ ਦਾਖਲ ਹੋ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਭੋਗਰਾਈ, (ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਨੇ ਯੋਗ ਦਿਵਸ ਮਨਾਇਆ

## ਯੋਗ ਨੇ ਦੁਨੀਆਂ ਨੂੰ ਇਕਜੁੱਟ ਕੀਤਾ: ਮੋਦੀ



ਚੜ੍ਹਦੀਕਲਾ ਬਿਊਰੋ

================

ਵਿਸ਼ਾਖਾਪਟਨਮ (ਆਂਧਰਾ ਪ੍ਰਦੇਸ਼),21 ਜੂਨ : ਕੌਮਾਂਤਰੀ ਯੋਗ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਯੋਗ ਲੋਕਾਂ ਨੂੰ ਦੁਨੀਆਂ ਨਾਲ ਇਕਸੁਰਤਾ ਦੇ ਰਾਹ 'ਤੇ ਲੈ ਜਾਂਦਾ ਹੈ। ਜਦੋਂ ਕਿ ਕੌਮਾਂਤਰੀ ਯੋਗ ਦਿਵਸ ਮਨੁੱਖਤਾ ਲਈ ਪ੍ਰਾਚੀਨ ਅਭਿਆਸ ਦੀ ਸ਼ੁਰੂਆਤ ਦਾ ਪ੍ਰਤੀਕ ਹੈ, ਜਿੱਥੇ ਅੰਦਰੂਨੀ ਸ਼ਾਂਤੀ ਇੱਕ ਵਿਸ਼ਵ ਨੀਤੀ ਬਣ ਜਾਂਦੀ ਹੈ।

ਇੱਥੇ 11ਵੇਂ ਕੌਮਾਂਤਰੀ ਯੋਗ ਦਿਵਸ ਦੇ ਭਾਗੀਦਾਰਾਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਜਦੋਂ ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਵਜੋਂ ਮਨਾਉਣ ਦੀ ਤਜਵੀਜ਼ ਦਿੱਤੀ ਸੀ, ਤਾਂ ਥੋੜ੍ਹੇ ਹੀ ਸਮੇਂ ਵਿੱਚ 175 ਦੇਸ਼ਾਂ ਨੇ ਇਸ ਨੂੰ ਸਵੀਕਾਰ ਕਰ ਲਿਆ ਸੀ।

ਉਨ੍ਹਾਂ ਹੋਰ ਕਿਹਾ ਕਿ 11 ਸਾਲਾਂ ਬਾਅਦ ਯੋਗ ਹੁਣ ਦੁਨੀਆਂ ਭਰ ਦੇ ਕਰੋੜਾਂ ਲੋਕਾਂ ਦੇ ਜੀਵਨ ਦਾ ਹਿੱਸਾ ਬਣ ਗਿਆ ਹੈ। ਉਨ੍ਹਾਂ ਕਿਹਾ, ਭਾਵੇਂ ਸਿਡਨੀ ਓਪੇਰਾ ਹਾਊਸ ਹੋਵੇ ਜਾਂ ਐਵਰੈਸਟ ਪਹਾੜ ਜਾਂ ਸਮੁੰਦਰ ਦਾ ਵਿਸਤਾਰ, ਸੰਦੇਸ਼ ਇਹ ਹੈ ਕਿ ਯੋਗ ਸਾਰਿਆਂ ਲਈ ਹੈ। ਉਨ੍ਹਾਂ ਕਿਹਾ ਕਿ ਯੋਗ ਸਾਨੂੰ ਦੁਨੀਆਂ ਨਾਲ ਇਕਸੁਰਤਾ ਦੇ ਰਾਹ 'ਤੇ ਲੈ ਜਾਂਦਾ ਹੈ। (ਬਾਕੀ ਸਫਾ 2 'ਤੇ)

### ਪੰਜਾਬ ਵਿੱਚ ਵੱਡੇ ਪੱਧਰ 'ਤੇ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਚੰਡੀਗੜ੍ਹ, 21 ਜੂਨ (ਚੜ੍ਹਦੀਕਲਾ ਬਿਊਰੋ) : ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਪੰਜਾਬ ਰਾਜ ਨੇ ਇਸ ਸਾਲ ਇੱਕ ਨਵਾਂ ਇਤਿਹਾਸ ਰਚਿਆ ਅਤੇ ਸਮੁੱਚੇ ਭਾਰਤ ਲਈ ਇੱਕ ਮਿਸਾਲ ਕਾਇਮ ਕੀਤੀ। 21 ਜੂਨ ਨੂੰ ਆਯੋਜਿਤ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ 'ਤੇ, ਪੰਜਾਬ ਦੇ 23 ਜ਼ਿਲ੍ਹਿਆਂ ਦੇ ਸਾਰੇ ਬਲਾਕਾਂ, ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਇੱਕੋ ਸਮੇਂ ਸਮੂਹਿਕ ਯੋਗ ਸੈਸ਼ਨ ਆਯੋਜਿਤ ਕੀਤੇ ਗਏ। ਇਸ ਸ਼ਾਨਦਾਰ ਸਮਾਗਮ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ ਜਿੱਥੇ ਯੋਗ ਦਿਵਸ ਇੰਨੇ ਵੱਡੇ ਪੱਧਰ 'ਤੇ ਮਨਾਇਆ ਗਿਆ। ਇਸ ਰਾਜ-ਪੱਧਰੀ ਸਮਾਗਮ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਬਹੁਤ ਉਤਸ਼ਾਹਜਨਕ ਸੀ। ਵੱਖ-ਵੱਖ ਉਮਰ ਸਮੂਹਾਂ ਦੇ (ਬਾਕੀ ਸਫਾ 2 'ਤੇ)

### ਪੰਜਾਬ ਮੰਤਰੀ ਮੰਡਲ ਦੀ ਮੀਟਿੰਗ 'ਚ ਅਹਿਮ ਫ਼ੈਸਲੇ

## ਜੇਲ੍ਹ ਵਿਭਾਗ 'ਚ 500 ਖ਼ਾਲੀ ਅਸਾਮੀਆਂ ਭਰਨ ਨੂੰ ਪ੍ਰਵਾਨਗੀ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 21 ਜੂਨ :ਜੇਲ੍ਹਾਂ ਵਿੱਚ ਸੁਰੱਖਿਆ ਵਧਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਅੱਜ ਜੇਲ੍ਹ ਸਟਾਫ ਵਿੱਚ ਵੱਖ-ਵੱਖ ਕਾਡਰਾਂ ਦੀਆਂ 500 ਅਸਾਮੀਆਂ ਭਰਨ ਨੂੰ ਪ੍ਰਵਾਨਗੀ ਦਿੱਤੀ ਹੈ।



ਇਸ ਸਬੰਧੀ ਫ਼ੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਪੰਜਾਬ ਸਿਵਲ ਸਕੱਤਰੇਤ ਵਿਖੇ ਉਨ੍ਹਾਂ ਦੇ ਦਫਤਰ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਜੇਲ੍ਹ ਵਿਭਾਗ, ਪੰਜਾਬ ਵਿੱਚ ਸਿੱਧੀ ਭਰਤੀ ਕੋਟੇ ਤਹਿਤ ਸਹਾਇਕ ਸੁਪਰਡੈਂਟ, ਵਾਰਡਰ ਅਤੇ ਮੈਟਰਨ ਦੀਆਂ 500 ਖ਼ਾਲੀ ਅਸਾਮੀਆਂ ਦੀ ਭਰਤੀ ਨੂੰ ਸਹਿਮਤੀ ਦੇ ਦਿੱਤੀ ਹੈ। ਇਸ ਭਰਤੀ ਵਿੱਚ 29 ਸਹਾਇਕ ਸੁਪਰਡੈਂਟ, 451 ਵਾਰਡਰ ਅਤੇ 20 ਮੈਟਰਨ ਸ਼ਾਮਲ ਹੋਣਗੇ, ਜਿਨ੍ਹਾਂ ਦੀ ਚੋਣ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਕੀਤੀ ਜਾਵੇਗੀ, ਜਿਸ ਨਾਲ ਜੇਲ੍ਹਾਂ ਵਿੱਚ ਸੁਰੱਖਿਆ ਵਧਾਉਣ ਵਿੱਚ ਮਦਦ ਮਿਲੇਗੀ। ਇਹ ਕਦਮ ਜੇਲ੍ਹਾਂ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸੁਰੱਖਿਅਤ ਬਣਾਉਣ ਵਿੱਚ ਸਹਾਈ ਹੋਵੇਗਾ।

**ਉਦਯੋਗਿਕ ਪਲਾਟਾਂ ਦੀ ਵੰਡ ਅਤੇ ਉਪ-ਵੰਡ ਲਈ ਵਿਆਪਕ ਨੀਤੀ ਨੂੰ ਪ੍ਰਵਾਨਗੀ**

ਮੰਤਰੀ ਮੰਡਲ ਨੇ ਪੀ.ਐਸ.ਆਈ.ਈ.ਸੀ. ਦੁਆਰਾ ਪ੍ਰਬੰਧਿਤ ਉਦਯੋਗਿਕ ਅਸਟੇਟਾਂ ਵਿੱਚ ਉਦਯੋਗਿਕ ਪਲਾਟਾਂ ਦੀ ਵੰਡ ਅਤੇ ਉਪ-ਵੰਡ ਲਈ ਇੱਕ ਵਿਆਪਕ ਨੀਤੀ ਨੂੰ ਵੀ ਪ੍ਰਵਾਨਗੀ ਦਿੱਤੀ ਤਾਂ ਜੋ ਜ਼ਮੀਨ ਦੀ ਵਰਤੋਂ ਹੋਰ ਕੁਸ਼ਲਤਾ ਨਾਲ ਕੀਤੀ ਜਾ ਸਕੇ। ਇਹ ਨੀਤੀ ਉਦਯੋਗਪਤੀਆਂ ਅਤੇ ਪਲਾਟ ਮਾਲਕਾਂ ਦੇ ਨਾਲ-ਨਾਲ ਪ੍ਰਮੁੱਖ ਉਦਯੋਗ ਸੰਗਠਨਾਂ, ਜਿਨ੍ਹਾਂ ਵਿੱਚ ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀਆਈਆਈ), ਮੋਹਾਲੀ ਚੈਂਬਰ ਆਫ਼ ਇੰਡਸਟਰੀ ਐਂਡ ਆਈਟੀ ਅਤੇ ਮੋਹਾਲੀ ਇੰਡਸਟਰੀਅਲ ਐਸੋਸੀਏਸ਼ਨ ਸ਼ਾਮਲ ਹਨ, ਦੀਆਂ ਮੰਗਾਂ ਨੂੰ ਪੂਰਾ ਕਰਦੀ ਹੈ। ਇਹ ਛੋਟੇ ਉਦਯੋਗਿਕ ਪਲਾਟਾਂ, ਖ਼ਾਸ ਕਰਕੇ ਆਈ.ਟੀ. ਅਤੇ ਸੇਵਾ ਖੇਤਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ, ਤਾਂ ਜੋ ਜ਼ਮੀਨ ਦੀ ਕੁਸ਼ਲ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ, ਨਿਵੇਸ਼ ਆਕਰਸ਼ਿਤ ਕੀਤਾ ਜਾ ਸਕੇ ਅਤੇ ਪਲਾਟ ਵੰਡ ਅਤੇ ਉਪ-ਵੰਡ ਲਈ ਇੱਕ ਢਾਂਚਾਗਤ, ਪਾਰਦਰਸ਼ੀ ਵਿਧੀ ਸਥਾਪਤ ਕੀਤੀ ਜਾ ਸਕੇ। ਇਹ ਨੀਤੀ ਜ਼ਮੀਨ ਦੀ ਕੁਸ਼ਲ ਵਰਤੋਂ ਦੀ ਸਹੂਲਤ ਦਿੰਦੀ ਹੈ, ਸੰਚਾਲਨ ਕੁਸ਼ਲਤਾ ਨੂੰ ਵਧਾਉਂਦੀ ਹੈ ਅਤੇ ਉਦਯੋਗਿਕ ਭਾਈਵਾਲਾਂ ਦੀਆਂ ਚਿਰਕੋਣੀਆਂ ਮੰਗਾਂ ਨੂੰ ਪੂਰਾ ਕਰਕੇ ਪ੍ਰੋਜੈਕਟ ਦੇ ਵਿਸਥਾਰ ਦਾ ਸਮਰਥਨ ਕਰਦੀ ਹੈ। ਇਹ ਨੀਤੀ 1000 ਵਰਗ ਗਜ ਜਾਂ ਇਸ ਤੋਂ ਵੱਡੇ ਫ੍ਰੀਹੋਲਡ ਪਲਾਟਾਂ 'ਤੇ ਲਾਗੂ ਹੁੰਦੀ ਹੈ, ਜਿਸ ਵਿੱਚ ਉਪ-ਵੰਡ ਪਲਾਟ ਘੱਟੋ-ਘੱਟ 400 ਵਰਗ ਗਜ਼ ਆਕਾਰ ਦੇ ਹੁੰਦੇ ਹਨ। ਇਸ ਲਈ ਅਸਲ ਪਲਾਟ ਦੀ ਮੌਜੂਦਾ ਰਾਖਵੀਂ ਕੀਮਤ ਦੀ 5 ਫ਼ੀਸਦੀ ਫ਼ੀਸ ਲਈ ਜਾਵੇਗੀ, ਜੋ ਕਿ ਮ੍ਰਿਤਕ ਅਲਾਟੀ ਦੇ ਪਰਿਵਾਰਕ ਮੈਂਬਰਾਂ ਜਾਂ ਕਾਨੂੰਨੀ ਵਾਰਸਾਂ ਲਈ ਘਟਾ ਕੇ 50 ਫ਼ੀਸਦੀ ਕਰ ਦਿੱਤੀ ਜਾਵੇਗੀ। (ਬਾਕੀ ਸਫਾ 2 'ਤੇ)

### ਆਰ.ਸੀ. ਅਤੇ ਡਰਾਈਵਿੰਗ ਲਾਇਸੈਂਸਾਂ ਦੀ ਰਜਿਸਟ੍ਰੇਸ਼ਨ ਦੇ ਅਧਿਕਾਰ ਆਰ.ਟੀ.ਓਜ਼. ਨੂੰ ਮਿਲੇ

ਚੰਡੀਗੜ੍ਹ, 21 ਜੂਨ (ਚੜ੍ਹਦੀਕਲਾ ਬਿਊਰੋ) : ਆਰ.ਸੀ. ਤੇ ਡਰਾਈਵਿੰਗ ਲਾਇਸੈਂਸ ਨੂੰ ਲੈ ਕੇ ਸਰਕਾਰ ਵੱਲੋਂ ਨਵੇਂ ਹੁਕਮ ਜਾਰੀ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਅਹਿਮ ਫੈਸਲਾ ਲਿਆ ਗਿਆ ਹੈ ਜਿਸ ਤਹਿਤ ਵਾਹਨਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟਾਂ ਯਾਨੀ ਆਰ.ਸੀ. ਅਤੇ ਡਰਾਈਵਿੰਗ ਲਾਇਸੈਂਸਾਂ ਦੀ ਰਜਿਸਟ੍ਰੇਸ਼ਨ ਅਤੇ ਰੀਨਿਊਵਲ ਦੇ ਅਧਿਕਾਰ ਖੇਤਰੀ ਟਰਾਂਸਪੋਰਟ ਅਫਸਰ ਨੂੰ ਦਿੱਤੇ ਗਏ ਤਾਂ ਜੋ ਬੈਕਲਾਗ ਵਿਚ ਜੋ ਕੰਮ ਹੈ, ਪੂਰਾ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਆਮ ਲੋਕਾਂ ਨੂੰ ਸਰਕਾਰ ਵੱਲੋਂ ਰਾਹਤ ਦਿੱਤੀ ਗਈ। ਇਸ ਸਬੰਧੀ ਮੁਕੰਮਲ ਕੰਮਕਾਜ ਦਫਤਰ ਵਿਚ ਹੀ ਹੋਣਗੇ। ਇੰਨਾ ਹੀ ਨਹੀਂ ਹੁਣ ਬਿਨੈਕਾਰ ਆਪਣੇ ਪੁਰਾਣੇ ਮੈਨੂਅਲ ਰਜਿਸਟਰਡ ਵਾਹਨ ਅਤੇ ਡਰਾਈਵਿੰਗ ਲਾਇਸੈਂਸ ਨੂੰ ਆਨਲਾਈਨ ਕਰਵਾ ਸਕਦੇ ਹਨ ਅਤੇ ਸਬੰਧਤ (ਬਾਕੀ ਸਫਾ 2 'ਤੇ)

## ਚੋਣਾਂ ਦੀ ਵੀਡੀਓ ਫੁਟੇਜ ਸਾਂਝੀ ਕਰਨਾ ਵੋਟਰਾਂ ਦੀ ਨਿੱਜਤਾ ਦੀ ਉਲੰਘਣਾ: ਚੋਣ ਕਮਿਸ਼ਨ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 21 ਜੂਨ : ਪੋਲਿੰਗ ਸਟੇਸ਼ਨਾਂ ਦੀ ਵੈੱਬਕਾਸਟਿੰਗ ਫੁਟੇਜ ਜਨਤਕ ਕਰਨ ਦੀ ਮੰਗ ਦਰਮਿਆਨ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਕਰਨ ਨਾਲ ਵੋਟਰਾਂ ਦੀ ਨਿੱਜਤਾ ਦਾ ਉਲੰਘਣ ਹੋਵੇਗਾ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਇਹ ਮੰਗ ਠੀਕ ਹੈ ਪਰ ਇਸ ਨਾਲ ਵੋਟਰਾਂ ਦੇ ਵੋਟ ਪਾਉਣ ਦੇ ਅਧਿਕਾਰ ਦਾ ਉਲੰਘਣ ਹੋਵੇਗਾ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਹ ਮੰਗ ਅਸਲ ਵਿੱਚ ਵੋਟਰਾਂ ਦੀ ਨਿੱਜਤਾ ਅਤੇ ਸੁਰੱਖਿਆ ਚਿੰਤਾਵਾਂ, ਲੋਕ ਪ੍ਰਤੀਨਿਧਤਾ ਐਕਟ, 1950 ਅਤੇ 1951 ਵਿੱਚ ਨਿਰਧਾਰਤ ਕਾਨੂੰਨੀ ਸਥਿਤੀ ਅਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਪੂਰੀ ਤਰ੍ਹਾਂ ਉਲਟ ਹੈ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਦੀ ਫੁਟੇਜ ਸਾਂਝਾ ਕਰਨ ਨਾਲ ਇਹ ਪਤਾ ਲੱਗ ਜਾਵੇਗਾ ਕਿ ਕਿਸੇ ਵੀ ਸਮੂਹ ਜਾਂ ਵਿਅਕਤੀ ਨੇ ਕਿਹੜੀ ਧਿਰ ਨੂੰ ਵੋਟਾਂ ਪਾਈਆਂ ਹਨ ਜੋ ਲੋਕਤੰਤਰਿਕ ਪ੍ਰਣਾਲੀ ਦੇ ਬਿਲਕੁਲ ਉਲਟ ਹੈ। ਇਸ ਵਰਤਾਰੇ ਨਾਲ ਜਿਸ ਨੇ ਵੋਟ ਪਾਈ ਹੈ ਤੇ ਜਿਸ ਨੇ ਵੋਟ ਨਹੀਂ ਪਾਈ, ਦੋਵੇਂ ਸਮਾਜ ਵਿਰੋਧੀ ਅਨਸਰਾਂ ਵੱਲੋਂ ਦਬਾਅ, ਵਿਤਕਰੇ ਦਾ ਸ਼ਿਕਾਰ ਹੋ ਜਾਣਗੇ ਤੇ ਉਨ੍ਹਾਂ ਨੂੰ ਡਰਾਇਆ ਤੇ ਧਮਕਾਇਆ ਜਾਵੇਗਾ। ਉਨ੍ਹਾਂ ਇੱਕ ਉਦਾਹਰਣ ਦਿੰਦਿਆਂ ਕਿਹਾ ਕਿ ਜੇ ਕਿਸੇ ਖਾਸ ਰਾਜਨੀਤਕ ਪਾਰਟੀ ਨੂੰ ਕਿਸੇ ਖਾਸ ਬੂਥ 'ਤੇ ਘੱਟ ਵੋਟਾਂ ਮਿਲਦੀਆਂ ਹਨ ਤਾਂ ਉਹ ਸੀਸੀਟੀਵੀ ਫੁਟੇਜ ਰਾਹੀਂ ਆਸਾਨੀ ਨਾਲ ਪਛਾਣ ਕਰ ਸਕਣਗੇ ਕਿ ਕਿਸ ਵੋਟਰ ਨੇ ਉਨ੍ਹਾਂ ਨੂੰ ਵੋਟ ਪਾਈ ਹੈ ਅਤੇ ਕਿਸ ਵੋਟਰ ਨੇ ਨਹੀਂ। ਇਸ ਤੋਂ ਬਾਅਦ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ (ਬਾਕੀ ਸਫਾ 2 'ਤੇ)

**45 ਦਿਨਾਂ ਬਾਅਦ ਦੀ ਵੀਡੀਓ ਫੁਟੇਜ ਨੂੰ ਨਸ਼ਟ ਕਰਨ ਦੇ ਨਿਰਦੇਸ਼**

## ਪੰਜਾਬ 'ਚ ਮਾਨਸੂਨ ਦੀ ਦਸਤਕ, 25 ਜੂਨ ਤੱਕ ਪਵੇਗਾ ਮੀਂਹ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 21 ਜੂਨ :ਪੰਜਾਬ 'ਚ ਮਾਨਸੂਨ ਆਪਣਾ ਅਸਰ ਦਿਖਾਉਣ ਲਈ ਤਿਆਰ ਹੈ। ਭਾਰਤੀ ਮੌਸਮ ਵਿਭਾਗ ਵੱਲੋਂ 21 ਜੂਨ ਤੋਂ 25 ਜੂਨ ਤੱਕ ਮੀਂਹ ਦੀ ਭਵਿੱਖਬਾਣੀ ਜਾਰੀ ਕੀਤੀ ਗਈ ਹੈ, ਜਿਸ ਵਿੱਚ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਕਿਤੇ ਬੂੰਦਾਬਾਂਦੀ ਤਾਂ ਕਿਤੇ ਭਾਰੀ ਮੀਂਹ ਦੀ ਸੰਭਾਵਨਾ ਜਤਾਈ ਗਈ ਹੈ। ਅੱਜ ਸ਼ਾਮ ਤੱਕ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਲੁਧਿਆਣਾ, ਬਰਨਾਲਾ, ਸੰਗਰੂਰ, ਪਟਿਆਲਾ, ਮਾਨਸਾ 'ਚ ਵਿੱਚ ਬੂੰਦਾਬਾਂਦੀ ਹੋਣ ਦੀ ਸੰਭਾਵਨਾ ਹੈ। 22 ਜੂਨ ਨੂੰ ਮੌਸਮ ਵਿਭਾਗ ਵੱਲੋਂ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ ਭਾਵ ਪੂਰੇ ਪੰਜਾਬ ਦਾ ਮੌਸਮ ਬਦਲ ਜਾਵੇਗਾ ਅਤੇ ਠੰਡ ਦਾ ਅਹਿਸਾਸ ਹੋਵੇਗਾ। ਇਸ ਦੇ ਨਾਲ ਹੀ 23 ਜੂਨ ਮੀਂਹ ਤਾਂ ਪਵੇਗਾ ਹੀ ਪਰ ਕੁਝ ਜ਼ਿਲ੍ਹਿਆਂ 'ਚ ਮੌਸਮ ਆਮ ਵਰਗਾ ਰਹੇਗਾ ਪਰ ਲੋਕਾਂ ਨੂੰ ਗਰਮੀ ਤੋਂ ਵੱਡੀ ਰਾਹਤ ਮਿਲੇਗੀ। ਇਸ ਤੋਂ ਇਲਾਵਾ 24 ਜੂਨ ਨੂੰ ਮੀਂਹ ਵਿੱਚ ਥੋੜ੍ਹੀ ਰਾਹਤ ਮਿਲੇਗੀ। ਉੱਥੇ ਹੀ 25 ਜੂਨ ਨੂੰ ਮੁੜ ਤੋਂ ਮੀਂਹ ਪੈਣ ਦੀ ਸੰਭਾਵਨਾ ਹੈ ਜਿਸ ਵਿੱਚ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਕਪੂਰਥਲਾ, ਰੂਪਨਗਰ, ਹੁਸ਼ਿਆਰਪੁਰ, ਮਾਨਸਾ, ਮੁਕਤਸਰ, ਫਾਜ਼ਿਲਕਾ ਸ਼ਾਮਲ ਹਨ।

### ਜੰਮੂ-ਕਸ਼ਮੀਰ 'ਚ ਗਰਮੀ ਨੇ ਤੋੜਿਆ 20 ਸਾਲ ਦਾ ਰਿਕਾਰਡ

ਸ੍ਰੀਨਗਰ, 21 ਜੂਨ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਵਿੱਚ ਸ਼ੁੱਕਰਵਾਰ ਨੂੰ ਗਰਮੀ ਨੇ 20 ਸਾਲਾਂ ਦਾ ਰਿਕਾਰਡ ਤੋੜ ਦਿੱਤਾ। ਅੱਜ ਵੱਧ ਤੋਂ ਵੱਧ ਤਾਪਮਾਨ 35.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ 6.3 ਡਿਗਰੀ ਸੈਲਸੀਅਸ ਵੱਧ ਹੈ। ਇੱਕ ਦਿਨ ਪਹਿਲਾਂ ਇੱਥੇ ਵੱਧ ਤੋਂ ਵੱਧ ਤਾਪਮਾਨ 35.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਸੁਤੰਤਰ ਮੌਸਮ ਵਿਗਿਆਨੀ ਫੈਜ਼ਾਨ ਆਰਿਫ਼ ਨੇ ਕਿਹਾ ਕਿ ਇਹ 2005 ਤੋਂ ਬਾਅਦ ਸ੍ਰੀਨਗਰ ਵਿੱਚ ਸਭ ਤੋਂ ਵੱਧ ਤਾਪਮਾਨ ਹੈ। ਉਨ੍ਹਾਂ ਕਿਹਾ, 'ਸ੍ਰੀਨਗਰ ਵਿੱਚ ਅੱਜ 35.5 ਡਿਗਰੀ ਸੈਲਸੀਅਸ ਤਾਪਮਾਨ 2005 ਤੋਂ ਬਾਅਦ ਜੂਨ ਮਹੀਨੇ ਵਿੱਚ ਸਭ ਤੋਂ (ਬਾਕੀ ਸਫਾ 2 'ਤੇ)

## ਦੇਸ਼ ਦੇ ਕਈ ਸੂਬਿਆਂ 'ਚ ਘਟੇ ਕੋਰੋਨਾ ਮਾਮਲੇ, 19453 ਮਰੀਜ਼ ਹੋਏ ਠੀਕ

ਚੜ੍ਹਦੀਕਲਾ ਬਿਊਰੋ

================




ਨਵੀਂ ਦਿੱਲੀ, 21 ਜੂਨ : ਪਿਛਲੇ ਕੁਝ ਦਿਨਾਂ ਤੋਂ ਦੇਸ਼ ਵਿੱਚ ਕੋਰੋਨਾ ਇਨਫੈਕਸ਼ਨ ਦੇ ਸਰਗਰਮ ਮਾਮਲਿਆਂ ਵਿੱਚ ਤੇਜ਼ੀ ਆਈ ਹੈ ਅਤੇ ਸ਼ਨੀਵਾਰ ਨੂੰ ਇਸ ਵਾਇਰਸ ਤੋਂ ਠੀਕ ਹੋਣ ਵਾਲੇ ਲੋਕਾਂ ਦੀ ਕੁੱਲ ਗਿਣਤੀ 19453 ਤੱਕ ਪਹੁੰਚ ਗਈ, ਜਦੋਂ ਕਿ ਕੁੱਲ ਸਰਗਰਮ ਮਾਮਲਿਆਂ ਦੀ ਗਿਣਤੀ 5012 ਹੋ ਗਈ। ਪਿਛਲੇ 24 ਘੰਟਿਆਂ ਦੌਰਾਨ ਰਾਜਸਥਾਨ ਦੇ ਇੱਕ ਹੋਰ ਮਰੀਜ਼ ਦੀ ਕੋਰੋਨਾ ਇਨਫੈਕਸ਼ਨ ਕਾਰਨ ਮੌਤ ਹੋਣ ਨਾਲ ਦੇਸ਼ ਵਿੱਚ ਮਰਨ ਵਾਲਿਆਂ ਦੀ ਗਿਣਤੀ 121 ਹੋ ਗਈ ਹੈ।

ਧਿਆਨ ਦੇਣ ਯੋਗ ਹੈ ਕਿ 22 ਮਈ ਨੂੰ ਦੇਸ਼ ਵਿੱਚ ਕੋਰੋਨਾ ਦੇ ਸਿਰਫ਼ 257 ਸਰਗਰਮ ਮਾਮਲੇ ਸਨ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਅੱਜ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਇਨਫੈਕਸ਼ਨ ਦੇ 596 ਮਾਮਲਿਆਂ ਵਿੱਚ ਕਮੀ ਆਈ ਹੈ। ਦੂਜੇ ਪਾਸੇ ਇਸ ਵਾਇਰਸ ਦੇ ਇਨਫੈਕਸ਼ਨ ਤੋਂ 1197 ਮਰੀਜ਼ ਠੀਕ ਹੋ ਗਏ ਹਨ। ਇਸ ਘਾਤਕ ਵਾਇਰਸ ਇਨਫੈਕਸ਼ਨ ਕਾਰਨ ਇੱਕ ਹੋਰ ਮਰੀਜ਼ ਦੀ ਮੌਤ ਹੋਣ ਨਾਲ ਮਰਨ ਵਾਲਿਆਂ ਦੀ ਗਿਣਤੀ 121 ਹੋ ਗਈ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਦੇ ਅਨੁਸਾਰ (ਬਾਕੀ ਸਫਾ 2 'ਤੇ)

## ਸਿੰਧੂ ਨਦੀ ਦੇ ਪਾਣੀ 'ਤੇ ਭਾਰਤ ਦਾ ਕੰਟਰੋਲ: ਅਮਿਤ ਸ਼ਾਹ

ਚੜ੍ਹਦੀਕਲਾ ਬਿਊਰੋ

================




ਨਵੀਂ ਦਿੱਲੀ, 21 ਜੂਨ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਇੰਟਰਵਿਊ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਰਤ ਹੁਣ ਪਾਕਿਸਤਾਨ ਨੂੰ ਸਿੰਧੂ ਨਦੀ ਦੇ ਪਾਣੀ ਦਾ ਨਾਜਾਇਜ਼ ਫਾਇਦਾ ਨਹੀਂ ਉਠਾਉਣ ਦੇਵੇਗਾ। ਉਨ੍ਹਾਂ ਕਿਹਾ ਕਿ ਸਿੰਧੂ ਜਲ ਸੰਧੀ ਹੁਣ ਬਹਾਲ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸੰਧੀ ਨੂੰ ਭਾਰਤ ਨੇ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਹੈ ਕਿਉਂਕਿ ਪਾਕਿਸਤਾਨ ਨੇ ਆਪਣੀ ਮੂਲ ਭਾਵਨਾ ਤੇ ਸ਼ਰਤਾਂ ਦੀ ਉਲੰਘਣਾ ਕੀਤੀ ਹੈ।

**ਨਹਿਰ ਬਣਾ ਕੇ ਰਾਜਸਥਾਨ 'ਚ ਪਾਣੀ ਲਿਆਂਦਾ ਜਾਵੇਗਾ** : ਅਮਿਤ ਸ਼ਾਹ ਨੇ ਕਿਹਾ ਕਿ ਭਾਰਤ ਉਸ ਪਾਣੀ ਦੀ ਵਰਤੋਂ ਕਰੇਗਾ ਜੋ ਉਸ ਦਾ ਜਾਇਜ਼ ਹੱਕ ਹੈ। ਹੁਣ ਤੱਕ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਹੁਣ ਨਹਿਰਾਂ ਰਾਹੀਂ ਰਾਜਸਥਾਨ ਲਿਜਾਇਆ ਜਾਵੇਗਾ। ਇਸ ਨਾਲ ਨਾ ਸਿਰਫ਼ ਭਾਰਤ ਨੂੰ ਫਾਇਦਾ ਹੋਵੇਗਾ, ਸਗੋਂ ਪਾਕਿਸਤਾਨ ਨੂੰ ਵੀ ਇਸ ਦੇ ਨਾਜਾਇਜ਼ ਫਾਇਦੇ ਤੋਂ ਵਾਂਝਾ ਰੱਖਿਆ ਜਾਵੇਗਾ।

**ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਫੈਸਲਾ** : ਇਹ ਫੈਸਲਾ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਲਿਆ ਗਿਆ ਸੀ, ਜਿਸ ਵਿੱਚ 26 ਭਾਰਤੀ (ਬਾਕੀ ਸਫਾ 2 'ਤੇ)

### ਮੋਦੀ ਨੇ ਦਿਲਜੀਤ ਦੋਸਾਂਝ ਨੂੰ 'ਐਕਸ' 'ਤੇ ਕੀਤਾ ਫਾਲੋਅ

ਨਵੀਂ ਦਿੱਲੀ, 21 ਜੂਨ (ਚੜ੍ਹਦੀਕਲਾ ਬਿਊਰੋ) : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬੀ ਅਤੇ ਬਾਲੀਵੁੱਡ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੂੰ ਐਕਸ (ਪਹਿਲਾਂ ਟਵਿੱਟਰ) 'ਤੇ ਫਾਲੋਅ ਕੀਤਾ ਹੈ। ਇਹ ਕਦਮ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ ਅਤੇ ਦਿਲਜੀਤ ਦੇ ਫੈਨਜ਼ ਵਿਚ ਖੁਸ਼ੀ ਦੀ ਲਹਿਰ ਹੈ। ਦਿਲਜੀਤ ਦੋਸਾਂਝ ਕੌਮੀ ਪੱਧਰ 'ਤੇ ਆਪਣੀ ਅੰਤਰਰਾਸ਼ਟਰੀ ਪਛਾਣ ਮਜ਼ਬੂਤ ਕਰ ਰਹੇ ਹਨ। ਉਨ੍ਹਾਂ ਦਾ ਪੰਜਾਬੀ ਸੱਭਿਆਚਾਰ ਲਈ ਪ੍ਰੇਮ ਅਤੇ ਅੰਤਰਰਾਸ਼ਟਰੀ ਮੰਚ 'ਤੇ ਪੰਜਾਬੀ ਮਿਊਜ਼ਿਕ ਦੀ ਨੁਮਾਇੰਦਗੀ ਦੀ ਕਦਰ ਹੁਣ ਰਾਜਨੀਤਿਕ ਪੱਧਰ 'ਤੇ ਵੀ ਹੋਣੀ ਸ਼ੁਰੂ ਹੋ ਗਈ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ 'ਐਕਸ' 'ਤੇ ਕਿਸੇ ਸੈਲਿਬ੍ਰਿਟੀ ਨੂੰ ਫਾਲੋਅ ਕਰਨਾ ਕਾਫੀ ਮਾਣ ਦੀ ਗੱਲ ਮੰਨੀ ਜਾਂਦੀ ਹੈ। (ਬਾਕੀ ਸਫਾ 2 'ਤੇ)

### ਡੇਰਾ ਸਿਰਸਾ ਨੂੰ ਮੁਆਫ਼ੀ ਦਾ ਮਾਮਲਾ

## ਤਨਖ਼ਾਹ ਭੁਗਤਣ ਤੋਂ ਬਾਅਦ ਗਿ. ਗੁਰਮੁੱਖ ਸਿੰਘ ਮੁੜ ਬਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ



ਬਬਲੂ ਮਹਾਜਨ

================

ਅੰਮ੍ਰਿਤਸਰ, 21 ਜੂਨ :2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਵੱਲੋਂ ਮਿਲੇ ਸਪਸ਼ਟੀਕਰਨ ਨੂੰ ਤਸੱਲੀ ਬਖਸ਼ ਨਾ ਮੰਨਦੇ ਹੋਏ ਪੰਜ ਸਿੰਘ ਸਾਹਿਬਾਨ ਨੇ ਆਪਣਾ ਹੁਕਮ ਸੁਣਾਇਆ ਤੇ ਤੁਰੰਤ ਪ੍ਰਭਾਵ ਨਾਲ ਗਿਆਨੀ ਗੁਰਮੁਖ ਸਿੰਘ ਦੀਆਂ ਸ੍ਰੀ ਅਕਾਲ ਤਖਤ ਸਾਹਿਬ ਤੇ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਖਤਮ ਕਰਦਿਆਂ ਤਖਤ ਸਾਹਿਬ ਤੋਂ ਇਲਾਵਾ ਕਿਸੇ ਹੋਰ ਅਸਥਾਨ ਤੇ ਸ਼੍ਰੋਮਣੀ ਕਮੇਟੀ ਨੂੰ ਸੇਵਾਵਾਂ ਲੈਣ ਲਈ ਹੁਕਮਨਾਮਾ ਜਾਰੀ ਕੀਤਾ ਸੀ । ਜਿਸ ਤਹਿਤ ਗਿਆਨੀ ਗੁਰਮੁਖ ਸਿੰਘ ਨੂੰ ਸ਼੍ਰੋਮਣੀ ਕਮੇਟੀ ਨੇ ਤੁਰੰਤ ਪ੍ਰਭਾਵ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ ਬਦਲ (ਬਾਕੀ ਸਫਾ 2 'ਤੇ)

## 'ਈਰਾਨ ਤੋਂ ਹੁਣ ਤੱਕ 517 ਭਾਰਤੀ ਨਾਗਰਿਕਾਂ ਨੂੰ ਵਾਪਸ ਦੇਸ਼ ਲਿਆਂਦਾ'

ਨਵੀਂ ਦਿੱਲੀ, 21 ਜੂਨ (ਚੜ੍ਹਦੀਕਲਾ ਬਿਊਰੋ) : ਵਿਦੇਸ਼ ਮੰਤਰਾਲਾ (ਐਮ.ਈ.ਏ.) ਨੇ ਸ਼ਨੀਵਾਰ ਨੂੰ ਕਿਹਾ ਕਿ ਆਪ੍ਰੇਸ਼ਨ ਸਿੰਧੂ ਤਹਿਤ ਹੁਣ ਤੱਕ 500 ਤੋਂ ਵੱਧ ਭਾਰਤੀ ਨਾਗਰਿਕ ਈਰਾਨ ਤੋਂ ਦੇਸ਼ ਵਾਪਸ ਆ ਚੁੱਕੇ ਹਨ। ਵਿਦੇਸ਼ ਮੰਤਰਾਲਾ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਨਿਕਾਸੀ ਕਾਰਜ ਦੀ ਸਥਿਤੀ ਬਾਰੇ ਜਾਣਕਾਰੀ ਸਾਂਝੀ ਕੀਤੀ। ਇਜ਼ਰਾਈਲ ਨਾਲ ਫ਼ੌਜੀ ਟਕਰਾਅ ਤੇਜ਼ ਹੋਣ ਤੋਂ ਬਾਅਦ ਈਰਾਨ ਤੋਂ ਕੱਢੇ ਗਏ ਭਾਰਤੀ ਨਾਗਰਿਕ, ਜਿਨ੍ਹਾਂ ਵਿੱਚ ਵਿਦਿਆਰਥੀ ਵੀ ਸ਼ਾਮਲ ਹਨ, ਸ਼ੁੱਕਰਵਾਰ ਦੇਰ ਰਾਤ ਅਤੇ (ਬਾਕੀ ਸਫਾ 2 'ਤੇ)

### ਡੀ.ਜੀ.ਸੀ.ਏ. ਵੱਲੋਂ ਏਅਰ ਇੰਡੀਆ ਨੂੰ 3 ਅਧਿਕਾਰੀ ਨੌਕਰੀ ਤੋਂ ਹਟਾਉਣ ਦੇ ਹੁਕਮ

ਨਵੀਂ ਦਿੱਲੀ, 21 ਜੂਨ (ਚੜ੍ਹਦੀਕਲਾ ਬਿਊਰੋ) : ਅਹਿਮਦਾਬਾਦ ਹਾਦਸੇ ਦੇ ਬਾਅਦ ਡੀ.ਜੀ.ਸੀ.ਏ. ਨੇ ਏਅਰ ਇੰਡੀਆ ਨੂੰ 3 ਅਫਸਰਾਂ ਨੂੰ ਹਟਾਉਣ ਦਾ ਹੁਕਮ ਦਿੱਤਾ। ਇਨ੍ਹਾਂ ਵਿਚ ਡਵੀਜ਼ਨਲ ਵਾਈਸ ਪ੍ਰੈਜੀਡੈਂਟ ਚੂੜਾ ਸਿੰਘ, ਕਰੂ ਸ਼ੈਡਿਊਲਿੰਗ ਕਰਨ ਵਾਲੀ ਚੀਫ ਮੈਨੇਜਰ ਪਿੰਕੀ ਮਿੱਤਲ ਤੇ ਕਰੂ ਸ਼ੈਡਿਊਲਿੰਗ ਦੀ ਪਲਾਨਿੰਗ ਨਾਲ ਜੁੜੀ ਪਾਇਲ ਅਰੋੜਾ ਸ਼ਾਮਲ ਹੈ। ਤਿੰਨਾਂ ਅਧਿਕਾਰੀਆਂ ਖਿਲਾਫ ਇਹ ਕਾਰਵਾਈ ਏਵੀਏਸ਼ਨ ਸੇਫਟੀ ਪ੍ਰੋਟੋਕਾਲ ਦੇ ਗੰਭੀਰ ਉਲੰਘਣ ਨੂੰ ਲੈ ਕੇ ਕੀਤੀ ਗਈ। ਡੀ.ਜੀ.ਸੀ.ਏ. ਨੇ ਏਅਰ ਇੰਡੀਆ ਨੂੰ ਤਤਕਾਲ ਪ੍ਰਭਾਵ ਨਾਲ ਇਨ੍ਹਾਂ ਨੂੰ ਕਰੂ ਸ਼ੈਡਿਊਲਿੰਗ ਤੇ ਰੋਸਟਰਿੰਗ ਨਾਲ ਜੁੜੇ ਰੋਲ ਤੋਂ ਹਟਾਉਣ ਦਾ ਹੁਕਮ ਦਿੱਤਾ। ਦੂਜੇ ਪਾਸੇ ਏਅਰ ਇੰਡੀਆ ਨੇ ਕਿਹਾ ਕਿ ਡੀ.ਜੀ.ਸੀ.ਏ. ਦੇ ਹੁਕਮ ਨੂੰ ਲਾਗੂ ਕਰ ਦਿੱਤਾ ਗਿਆ ਹੈ। (ਬਾਕੀ ਸਫਾ 2 'ਤੇ)

### ਕੇਂਦਰੀ ਸੰਗਠਨ ਦੀ ਰਿਪੋਰਟ

## ਦੇਸ਼ 'ਚ ਬਣੀਆਂ 186 ਦਵਾਈਆਂ ਦੇ ਨਮੂਨੇ ਹੋਏ ਫੇਲ੍ਹ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 21 ਜੂਨ :ਸੈਂਟਰਲ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ (ਸੀਡੀਐਸਸੀਓ) ਦੀ ਜਾਂਚ ਵਿੱਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਹਨ। ਸੀਡੀਐਸਸੀਓ ਵੱਲੋਂ ਕੀਤੀ ਗਈ ਜਾਂਚ ਵਿੱਚ ਹਿਮਾਚਲ ਪ੍ਰਦੇਸ਼ ਵਿੱਚ 37 ਫ਼ਾਰਮਾਸਿਊਟੀਕਲ ਕੰਪਨੀਆਂ ਵੱਲੋਂ ਬਣਾਈਆਂ ਗਈਆਂ 50 ਦਵਾਈਆਂ ਦੇ ਨਮੂਨੇ ਫੇਲ੍ਹ ਹੋ ਗਏ ਹਨ। ਦੇਸ਼ ਭਰ ਵਿੱਚ 186 ਦਵਾਈਆਂ ਦੇ ਨਮੂਨੇ ਫੇਲ੍ਹ ਪਾਏ ਗਏ। ਸੀਡੀਐਸਸੀਓ ਵੱਲੋਂ ਸ਼ੁੱਕਰਵਾਰ ਦੇਰ ਰਾਤ ਜਾਰੀ ਕੀਤੇ ਗਏ ਮਈ ਮਹੀਨੇ ਲਈ ਡਰੱਗ ਅਲਰਟ ਦੇ ਅਨੁਸਾਰ, 58 ਦਵਾਈਆਂ ਦੇ ਨਮੂਨੇ ਸੀਡੀਐਸਸੀਓ ਅਤੇ ਕੇਂਦਰੀ ਪ੍ਰਯੋਗਸ਼ਾਲਾ ਦੁਆਰਾ ਕੀਤੇ ਗਏ ਟੈਸਟਾਂ ਵਿੱਚ ਫੇਲ੍ਹ ਰਹੇ, ਜਦੋਂ ਕਿ 128 ਦਵਾਈਆਂ ਦੇ ਨਮੂਨੇ ਵੱਖ-ਵੱਖ ਰਾਜਾਂ ਦੀਆਂ ਆਪਣੀਆਂ ਪ੍ਰਯੋਗਸ਼ਾਲਾਵਾਂ ਦੁਆਰਾ ਕੀਤੇ ਗਏ ਟੈਸਟਾਂ ਵਿੱਚ ਅਸਫ਼ਲ ਰਹੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਕਈ ਰਾਜਾਂ ਨੇ ਅਜੇ ਤੱਕ ਮਈ ਮਹੀਨੇ ਵਿੱਚ ਟੈਸਟ ਕੀਤੀਆਂ ਗਈਆਂ ਦਵਾਈਆਂ ਦੀ ਰਿਪੋਰਟ ਸੀਡੀਐਸਸੀਓ ਨੂੰ ਨਹੀਂ ਦਿੱਤੀ ਹੈ। ਸਾਰੇ ਰਾਜਾਂ ਦੀਆਂ ਜਾਂਚ ਰਿਪੋਰਟਾਂ ਆਉਣ ਤੋਂ ਬਾਅਦ, ਅਸਫਲ ਦਵਾਈਆਂ ਦੀ ਗਿਣਤੀ ਕਈ ਗੁਣਾ ਵੱਧ ਜਾਵੇਗੀ। ਇਹ ਚਿੰਤਾਜਨਕ ਹੈ ਕਿਉਂਕਿ ਮਰੀਜ਼ ਇਨ੍ਹਾਂ ਦਵਾਈਆਂ ਨੂੰ ਖਰੀਦਣ ਲਈ ਹਜ਼ਾਰਾਂ ਰੁਪਏ ਖਰਚ ਕਰਦੇ ਹਨ, ਪਰ ਇਨ੍ਹਾਂ ਦਵਾਈਆਂ ਦਾ ਕੋਈ ਫਾਇਦਾ ਨਹੀਂ ਹੁੰਦਾ। ਜਿਨ੍ਹਾਂ ਦਵਾਈਆਂ ਦੇ ਨਮੂਨੇ ਫੇਲ੍ਹ ਹੋਏ ਹਨ, ਉਨ੍ਹਾਂ ਦੀ ਵਰਤੋਂ ਐਸਿਡਿਟੀ, ਬੁਖਾਰ, ਪੇਟ ਦੇ ਅਲਸਰ, ਦਿਲ, ਹਾਈ ਬੀਪੀ, ਸੋਜ ਅਤੇ ਗਠੀਆ ਵਰਗੀਆਂ ਬਿਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ। ਹਿਮਾਚਲ ਦੇ ਕਾਲਾ ਅੰਬ, ਸੋਲਨ, ਬੱਦੀ, ਬਰੋਟੀਵਾਲਾ, ਨਾਲਾਗੜ੍ਹ, ਪਾਉਂਟਾ ਸਾਹਿਬ, ਊਨਾ ਅਤੇ ਕਾਂਗੜਾ ਦੇ ਉਦਯੋਗਾਂ ਵਿੱਚ ਘਟੀਆ ਕਿਸਮ ਦੀਆਂ ਦਵਾਈਆਂ ਬਣਾਈਆਂ (ਬਾਕੀ ਸਫਾ 2 'ਤੇ)

**ਪਾਕਿ ਨੂੰ ਚਿਤਾਵਨੀ**

### ਖ਼ਤਮ ਨਹੀਂ, ਮੁਲਤਵੀ ਹੋਇਐ ਆਪ੍ਰੇਸ਼ਨ ਸਿੰਦੂਰ: ਰਾਜਨਾਥ

ਊਧਮਪੁਰ, 21 ਜੂਨ (ਚੜ੍ਹਦੀਕਲਾ ਬਿਊਰੋ) : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ਨੀਵਾਰ ਨੂੰ ਪਾਕਿਸਤਾਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਭਵਿੱਖ ਵਿੱਚ ਭਾਰਤੀ ਧਰਤੀ 'ਤੇ ਕੋਈ ਅੱਤਵਾਦੀ ਹਮਲਾ ਹੁੰਦਾ ਹੈ, ਤਾਂ ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ ਕਿਉਂਕਿ 'ਆਪ੍ਰੇਸ਼ਨ ਸਿੰਦੂਰ' ਅਜੇ ਖਤਮ ਨਹੀਂ ਹੋਇਆ ਹੈ ਅਤੇ ਭਾਰਤ ਅੱਤਵਾਦ ਵਿਰੁੱਧ ਕੋਈ ਵੀ ਕਾਰਵਾਈ ਕਰਨ ਲਈ ਤਿਆਰ ਹੈ। ਰੱਖਿਆ ਮੰਤਰੀ ਨੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਊਧਮਪੁਰ ਸਥਿਤ ਉੱਤਰੀ ਕਮਾਂਡ ਦੇ ਜਵਾਨਾਂ ਨਾਲ ਯੋਗਾ ਕੀਤਾ। ਬਾਅਦ ਵਿੱਚ ਆਪਣੇ ਸੰਬੋਧਨ ਵਿੱਚ ਰਾਜਨਾਥ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਨੇ ਪਾਕਿਸਤਾਨ ਨੂੰ ਸੁਨੇਹਾ ਦਿੱਤਾ ਕਿ ਭਾਰਤ ਨੂੰ (ਬਾਕੀ ਸਫਾ 2 'ਤੇ)







# ਨਿਊਜ਼ੀਲੈਂਡ ਦੇ ਔਕਲੈਂਡ ਸ਼ਹਿਰ 'ਚ 'ਵਿਦੇਸ਼ੀ ਧਰਮਾਂ' ਵਿਰੁੱਧ ਪ੍ਰਦਰਸ਼ਨ, ਸਰਕਾਰ ਨੇ ਕੀਤੀ ਨਿੰਦਾ

## ਵਿਵਾਦਗ੍ਰਸਤ ਈਸਾਈ ਬੁਨਿਆਦੀ ਸੰਗਠਨ 'ਡੈਸਟੀਨੀ ਚਰਚ' ਸਮਰਥਕਾਂ ਨੇ ਕੀਤਾ ਪ੍ਰਦਰਸ਼ਨ




ਔਕਲੈਂਡ, 21 ਜੂਨ (ਚ.ਨ.ਸ.) : ਅੱਜ ਔਕਲੈਂਡ ਦੀ ਕੁਈਨ ਸਟ੍ਰੀਟ 'ਤੇ ਇਕ ਵਿਵਾਦਗ੍ਰਸਤ ਈਸਾਈ ਬੁਨਿਆਦੀ ਸੰਗਠਨ 'ਡੈਸਟੀਨੀ ਚਰਚ' ਦੇ ਮੁੱਖੀ ਬ੍ਰਾਇਨ ਤਾਮਾਕੀ ਦੀ ਅਗਵਾਈ ਹੇਠ ਇਕ ਵਿਸ਼ਾਲ ਜਲੂਸ ਕੱਢਿਆ ਗਿਆ, ਜਿਸ ਵਿਚ 'ਗੈਰ-ਈਸਾਈ ਧਰਮਾਂ ਦਾ ਫੈਲਾਅ ਹੁਣ ਕਾਬੂ ਤੋਂ ਬਾਹਰ' ਹੋਣ ਦਾ ਦਾਅਵਾ ਕੀਤਾ ਗਿਆ। ਇਸ ਜਲੂਸ ਦਾ ਨਾਮ 'ਵਿਸ਼ਵਾਸ-ਝੰਡਾ-ਪਰਵਾਰ : ਇਕ ਦੇਸ਼ ਇਕ ਈਸ਼ਵਰ ਦੇ ਅਧੀਨ' ਰੱਖਿਆ ਗਿਆ ਸੀ ਅਤੇ ਇਸ ਵਿਚ ਇਮੀਗ੍ਰੇਸ਼ਨ ਦੇ ਨਾਲ-ਨਾਲ ਨਿਊਜ਼ੀਲੈਂਡ ਵਿਚ ਗੈਰ-ਈਸਾਈ ਧਰਮਾਂ ਦੇ ਵਧਣ ਦਾ ਵਿਰੋਧ ਕੀਤਾ ਗਿਆ।

ਪੁਲਿਸ ਅਨੁਸਾਰ ਲਗਭਗ 500 ਲੋਕ, ਜਿਨ੍ਹਾਂ 'ਚੋਂ ਜ਼ਿਆਦਾਤਰ ਕਾਲੇ ਲਿਬਾਸ ਵਿਚ ਸਨ, ਨੇ ਇਸ ਮਾਰਚ ਵਿਚ ਹਿੱਸਾ ਲਿਆ। ਵੱਖ-ਵੱਖ ਧਰਮਾਂ ਦੇ ਝੰਡਿਆ ਨੂੰ ਬੇਕਦਰ ਕੀਤਾ ਗਿਆ, ਫਾੜਿਆ ਗਿਆ ਅਤੇ ਪੈਰਾਂ ਥੱਲੇ ਰੋਲਿਆ ਗਿਆ। ਬ੍ਰਾਇਨ ਤਾਮਾਕੀ ਅਤੇ ਡੈਸਟੀਨੀ ਚਰਚ ਦਾ ਵਿਰੋਧ ਪ੍ਰਦਰਸ਼ਨਾਂ ਦਾ ਇਕ ਲੰਮਾ ਇਤਿਹਾਸ ਰਿਹਾ ਹੈ। ਉਹ ਪਹਿਲਾਂ ਵੀ ਕਈ ਵਾਰ ਸਮਲਿੰਗੀ ਸਮਾਗਮਾਂ, ਡਰੈਗ ਪਰਫਾਰਮਰਾਂ, ਕੋਵਿਡ-19 ਪਾਬੰਦੀਆਂ ਅਤੇ ਟੀਕਾਕਰਨ ਨੀਤੀਆਂ ਵਿਰੁਧ ਆਵਾਜ਼ ਉਠਾ ਚੁੱਕੇ ਹਨ। ਹਾਲ ਹੀ 'ਚ, ਉਨ੍ਹਾਂ ਦੇ ਚਰਚ ਦੇ ਮੈਂਬਰਾਂ ਨੇ ਔਕਲੈਂਡ ਵਿਚ ਇਕ ਬੱਚਿਆਂ ਦੇ ਸਮਾਗਮ ਵਿਚ ਹੰਗਾਮਾ ਕੀਤਾ ਸੀ, ਜਿਸਦੀ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਸਮੇਤ ਕਈਆਂ ਨੇ ਸਖ਼ਤ ਨਿੰਦਾ ਕੀਤੀ ਸੀ। ਡੈਸਟੀਨੀ ਚਰਚ ਅਕਸਰ ਈਸਾਈ ਕਦਰਾਂ-ਕੀਮਤਾਂ, ਕੀਵੀ ਪਛਾਣ ਅਤੇ ਇਸ ਰਾਸ਼ਟਰ ਦੇ ਭਵਿੱਖ ਦੀ ਰੱਖਿਆ ਦੇ ਨਾਮ 'ਤੇ ਅਜਿਹੇ ਪ੍ਰਦਰਸ਼ਨ ਕਰਦਾ ਹੈ। ਇਸ ਪ੍ਰਦਰਸ਼ਨ ਤੋਂ ਪਹਿਲਾਂ, ਬ੍ਰਾਇਨ ਤਾਮਾਕੀ ਨੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੂੰ ਇਕ ਖੁੱਲ੍ਹਾ ਚਿੱਠੀ ਭੇਜਿਆ ਸੀ, ਜਿਸ ਵਿਚ ਦੇਸ਼ ਦੇ ਕੋਈ ਅਧਿਕਾਰਤ ਧਰਮ ਨਾ ਹੋਣ ਦੀ ਸਥਿਤੀ ਨੂੰ ਬਦਲਣ ਦੀ ਮੰਗ ਕੀਤੀ ਗਈ ਸੀ।

ਉਨ੍ਹਾਂ ਦੀ ਇਕ ਮੁੱਖ ਮੰਗ 'ਬਿਨਾਂ ਸਮਾਯੋਜਨ ਕੋਈ ਆਵਾਸ ਨਹੀਂ' ਦੀ ਨੀਤੀ ਲਾਗੂ ਕਰਨਾ ਸੀ, ਜਿਸ ਦਾ ਪ੍ਰਦਰਸ਼ਨ ਦੌਰਾਨ ਵੀ ਨਾਅਰਾ ਲਗਾਇਆ ਗਿਆ। ਸਮਾਯੋਜਨ ਦਾ ਮਤਲਬ ਹੈ ਕਿ ਜੇਕਰ ਪ੍ਰਵਾਸੀ ਆਉਣ ਵਾਲੇ ਦੇਸ਼ ਦੀ ਸੰਸਕ੍ਰਿਤੀ, ਭਾਸ਼ਾ, ਕਦਰਾਂ-ਕੀਮਤਾਂ ਅਤੇ ਰੀਤੀ-ਰਿਵਾਜਾਂ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਉਂਦੇ, ਤਾਂ ਉਨ੍ਹਾਂ ਨੂੰ ਉਸ ਦੇਸ਼ ਵਿਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਹ ਵਿਚਾਰ ਇਹ ਮੰਗ ਕਰਦਾ ਹੈ ਕਿ ਪ੍ਰਵਾਸੀਆਂ ਨੂੰ ਅਪਣੀ ਮੂਲ ਪਛਾਣ ਨੂੰ ਖ਼ਤਮ ਕਰ ਕੇ ਜਾਂ ਤਿਆਗ ਕੇ ਮੇਜ਼ਬਾਨ ਦੇਸ਼ ਦੇ ਮੁੱਖ ਧਾਰਾ ਸਭਿਆਚਾਰ ਵਿਚ ਪੂਰੀ ਤਰ੍ਹਾਂ ਰਲ ਜਾਣਾ ਚਾਹੀਦਾ ਹੈ। ਤਾਮਾਕੀ ਨੇ ਦਾਅਵਾ ਕੀਤਾ ਕਿ ਯੂਨਾਈਟਿਡ ਕਿੰਗਡਮ ਵਿਚ ਬੇਕਾਬੂ ਇਮੀਗ੍ਰੇਸ਼ਨ ਕਾਰਨ ਅਪਰਾਧਾਂ ਵਿਚ ਵਾਧਾ ਅਤੇ ਬ੍ਰਿਟਿਸ਼ ਪਛਾਣ ਦਾ ਪਤਨ ਹੋਇਆ ਹੈ, ਅਤੇ ਉਹ ਈਸਾਈ ਰਾਸ਼ਟਰਾਂ ਨੂੰ ਮੁੜ ਪ੍ਰਾਪਤ ਕਰਨ ਲਈ ਇਕ ਰਾਸ਼ਟਰਮੰਡਲ ਧਰਮ ਜੰਗ ਬਣਾ ਰਹੇ ਹਨ।

ਇਸ ਪ੍ਰਦਰਸ਼ਨ ਉੱਤੇ ਕਾਰਜਕਾਰੀ ਪ੍ਰਧਾਨ ਮੰਤਰੀ ਡੇਵਿਡ ਸੀਮੋਰ ਨੇ ਡੈਸਟੀਨੀ ਚਰਚ ਦੇ ਅੱਜ ਦੇ ਪ੍ਰਦਰਸ਼ਨ ਦੀ ਨਿੰਦਾ ਕਰਦਿਆਂ ਇਸ ਨੂੰ ਗੈਰ-ਕੀਵੀ ਕਰਾਰ ਦਿਤਾ। ਉਨ੍ਹਾਂ ਕਿਹਾ ਕਿ ਕੀਵੀ ਹੋਣ ਦਾ ਮਤਲਬ ਹੈ ਕਿ ਲੋਕ ਦੁਨੀਆਂ ਭਰ ਤੋਂ ਆਉਂਦੇ ਹਨ, ਅਤੇ ਜਦੋਂ ਤਕ ਉਹ ਇਕ ਬਿਹਤਰ ਸੰਸਾਰ ਬਣਾਉਣ ਲਈ ਸ਼ਾਂਤੀ ਨਾਲ ਆਉਂਦੇ ਹਨ, ਉਨ੍ਹਾਂ ਦਾ ਸੁਆਗਤ ਹੈ। ਸੀਮੋਰ ਨੇ ਜ਼ੋਰ ਦਿੱਤਾ ਕਿ ਤਾਮਾਕੀ ਦੇ ਵੱਖ-ਵੱਖ ਰਵੱਈਏ ਅਸਹਿਣਸ਼ੀਲ ਅਤੇ ਗੈਰ-ਸਮਾਵੇਸ਼ੀ ਹਨ।

# ਸਵਾਮੀ ਸ਼ੰਕਰਾਨੰਦ ਦੀ ਅਸ਼ਲੀਲ ਵੀਡੀਓ ਵਾਇਰਲ ਮਾਮਲੇ 'ਚ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ



ਜਗਰਾਓਂ, 21 ਜੂਨ (ਚ.ਨ.ਸ.) : ਮੁੱਲਾਂਪੁਰ ਦੇ ਪਿੰਡ ਤਲਵੰਡੀ ਖੁਰਦ 'ਚ ਸਥਿਤ ਤਲਵੰਡੀ ਧਾਮ ਦੇ ਸਵਾਮੀ ਸ਼ੰਕਰਾਨੰਦ ਅਸ਼ਲੀਲ ਵਾਇਰਲ ਵੀਡੀਓ 'ਚ ਚਾਰ ਚੁਫੇਰਿਓਂ ਘਿਰ ਚੁੱਕਾ ਹੈ। ਉਸ ਖ਼ਿਲਾਫ਼ ਥਾਣਾ ਦਾਖਾ 'ਚ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਦਰਜ ਹੋਏ ਮਾਮਲੇ 'ਚ ਜਿੱਥੇ ਅਦਾਲਤ ਵੱਲੋਂ ਜ਼ਮਾਨਤ ਰੱਦ ਕਰ ਦੇਣ ਕਾਰਨ ਸਵਾਮੀ ਸ਼ੰਕਰਾਨੰਦ ਦੇ ਨਾਲ-ਨਾਲ ਉਸ ਦੇ ਚੇਲੇ ਵੀ ਨਿਰਾਸ਼ ਹੋ ਗਏ।

ਇਸ ਦੇ ਨਾਲ ਹੀ ਜਿਹੜੇ ਇਲਾਕੇ ਦੇ ਲੋਕ ਸਵਾਮੀ ਸ਼ੰਕਰਾਨੰਦ ਦੀ ਧਾਰਮਿਕ ਸ਼ਖਸੀਅਤ ਦਾ ਸਤਿਕਾਰ ਕਰਦੇ ਸਨ, ਉਸ ਦੀ ਅਸ਼ਲੀਲ ਵਾਇਰਲ ਵੀਡੀਓ ਨੂੰ ਲੈ ਕੇ ਅੱਜ ਵਿਰੋਧ 'ਚ ਖੁੱਲ੍ਹ ਕੇ ਸੜਕਾਂ 'ਤੇ ਉਤਰ ਆਏ। ਲੋਕਾਂ 'ਚ ਅਸ਼ਲੀਲ ਵੀਡੀਓ ਨੂੰ ਲੈ ਕੇ ਵੱਧ ਰਹੇ ਵਿਰੋਧ ਦੇ ਚੱਲਦਿਆਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਵੀ ਜਗਰਾਓਂ ਪੁਲਿਸ ਨੂੰ ਇਸ ਮਾਮਲੇ 'ਚ ਕਾਰਵਾਈ ਰਿਪੋਰਟ ਮੰਗ ਲਈ ਹੈ। ਸ਼ੁੱਕਰਵਾਰ ਨੂੰ ਸ਼ੰਕਰਾਨੰਦ ਦੀ ਅਸ਼ਲੀਲ ਵੀਡੀਓ ਦੇ ਵਿਰੋਧ 'ਚ ਪਿੰਡਾਂ ਦੇ ਪਿੰਡ ਸੜਕਾਂ 'ਤੇ ਉਤਰ ਆਏ। ਸ਼ੰਕਰਾਨੰਦ ਦੀ ਗ੍ਰਿਫ਼ਤਾਰੀ ਦੇ ਨਾਲ ਉਸ ਵੱਲੋਂ ਹੁਣ ਤਕ ਔਰਤਾਂ ਦੇ ਕੀਤੇ ਗਏ ਸ਼ੋਸ਼ਣ ਦੇ ਤਮਾਮ ਕਾਂਡ ਤੋਂ ਪਰਦਾ ਚੁੱਕਣ ਲਈ ਜਾਂਚ ਦੀ ਮੰਗ ਕਰਦਿਆਂ ਪਿੰਡ ਸਵੱਦੀ ਕਲਾਂ, ਚੌਂਕੀਮਾਨ, ਸਿੱਧਵਾਂ ਬੇਟ, ਰਕਬਾ, ਮੰਡਿਆਣੀ ਸਮੇਤ ਇਲਾਕੇ ਦੇ ਪਿੰਡਾਂ ਤੋਂ ਲੋਕ ਇਕੱਠੇ ਹੋਏ। ਵੱਡੀ ਗਿਣਤੀ 'ਚ ਇਕੱਠੇ ਹੋਏ ਇਨ੍ਹਾਂ ਲੋਕਾਂ ਨੇ ਲੁਧਿਆਣਾ ਦੇ ਡੀਸੀ ਨੂੰ ਮਿਲ ਕੇ ਸ਼ੰਕਰਾਨੰਦ ਖ਼ਿਲਾਫ਼ ਸਾਰੇ ਮਾਮਲੇ ਦੀ ਪੜਤਾਲ ਕਰਕੇ ਕਾਰਵਾਈ ਦੀ ਮੰਗ ਕੀਤੀ।


# ਕੇਂਦਰ ਵੱਲੋਂ ਦਲ ਖ਼ਾਲਸਾ ਦੇ ਸੋਸ਼ਲ ਅਕਾਊਂਟ ਬੰਦ

## ਦਲ ਖ਼ਾਲਸਾ ਨੇ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਕੀਤੀ ਸੀ ਹਮਾਇਤ

ਨਵੀਂ ਦਿੱਲੀ, 21 ਜੂਨ (ਚ.ਨ.ਸ.) : ਦਲ ਖ਼ਾਲਸਾ ਦਾ ਇੰਸਟਾਗ੍ਰਾਮ ਖ਼ਾਤਾ ਭਾਰਤ ਸਰਕਾਰ ਵੱਲੋਂ ਬੰਦ ਕਰ ਦਿੱਤਾ ਗਿਆ ਹੈ। ਭਾਰਤ ਲਗਾਤਾਰ ਦੁਨੀਆਂ ਸਾਹਮਣੇ ਇਹ ਝੂਠ ਬੋਲ ਰਿਹਾ ਹੈ ਕਿ ਪੰਜਾਬ 'ਚ ਖ਼ਾਲਿਸਤਾਨ ਦੀ ਲਹਿਰ ਨਹੀਂ ਹੈ। ਪੰਜਾਬ ਵਿੱਚ ਖ਼ਾਲਿਸਤਾਨ ਦੀ ਮਜ਼ਬੂਤ ਲਹਿਰ ਨੂੰ ਇਸ ਖਾਤੇ ਰਾਹੀਂ ਦੁਨੀਆ ਨੂੰ ਦਿਖਾਇਆ ਜਾ ਰਿਹਾ ਸੀ ਅਤੇ ਭਾਰਤ ਵਲੋਂ ਸਿਰਜੇ ਖ਼ਾਲਿਸਤਾਨ ਵਿਰੋਧੀ ਵਿਰਤਾਂਤ ਨੂੰ ਪਿੰਡ-ਪਿੰਡ ਸ਼ਹਿਰ ਸ਼ਹਿਰ ਖ਼ਾਲਿਸਤਾਨ ਲਹਿਰ ਰਾਹੀ ਤੋੜਿਆ ਜਾ ਰਿਹਾ ਹੈ। ਜਿਸ ਨੂੰ ਇਸ ਖਾਤੇ ਰਾਹੀਂ ਪੰਜਾਬ ਦੇ ਬਾਕੀ ਦੁਨੀਆਂ ਦੇ ਲੋਕਾਂ ਨਾਲ ਵੀ ਸਾਂਝਾ ਕੀਤਾ ਜਾ ਰਿਹਾ ਸੀ। ਇੱਕ ਮਹੀਨਾ ਪਹਿਲਾਂ ਬਣੇ ਇਸ ਖਾਤੇ ਨੇ ਆਪਣੀ ਰੀਚ ਤਕਰੀਬਨ ਇੱਕ ਮਿਲੀਅਨ ਬਣਾ ਲਈ ਸੀ। ਜਿਸ ਤੋਂ ਸਾਫ਼ ਹੁੰਦਾ ਸੀ ਕਿ ਲੋਕ ਖ਼ਾਲਿਸਤਾਨ ਲਹਿਰ ਨੂੰ ਵੇਖ, ਸੁਣ ਅਤੇ ਸਮਝ ਰਹੇ ਸਨ। ਦਲ ਖ਼ਾਲਸਾ ਨੇ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਹਮਾਇਤ ਵੀ ਕੀਤੀ ਸੀ। ਬੌਖ਼ਲਾਹਟ ਵਿੱਚ ਆਈ ਭਾਰਤ ਸਰਕਾਰ ਜਿੱਥੇ ਉਹਨਾਂ ਸਮਾਗਮਾਂ ਵਿੱਚ ਪੰਜਾਬ ਪੁਲਿਸ ਰਾਹੀਂ ਖ਼ਲਲ ਪੈਦਾ ਕਰ ਰਹੀ ਹੈ ਉਥੇ ਹੀ ਇਹ ਖਾਤਾ ਵੀ ਬੰਦ ਕਰ ਦਿੱਤਾ ਗਿਆ ਹੈ।




# ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸਾਰੇ ਮੁੱਦਿਆਂ 'ਤੇ ਭਾਰਤ ਨਾਲ ਗੱਲਬਾਤ ਦੀ ਦੁਹਰਾਈ ਇੱਛਾ



ਇਸਲਾਮਾਬਾਦ, 21 ਜੂਨ (ਚ.ਨ.ਸ.) : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਸ਼ੁੱਕਰਵਾਰ ਨੂੰ ਜੰਮੂ-ਕਸ਼ਮੀਰ, ਸਿੰਧੂ ਜਲ ਸੰਧੀ, ਵਪਾਰ ਅਤੇ ਅੱਤਵਾਦ ਨਾਲ ਨਜਿੱਠਣ ਸਮੇਤ ਸਾਰੇ ਲੰਬਿਤ ਮੁੱਦਿਆਂ 'ਤੇ ਭਾਰਤ ਨਾਲ ਗੱਲਬਾਤ ਕਰਨ ਦੀ ਆਪਣੀ ਇੱਛਾ ਦੁਹਰਾਈ। ਸਰਕਾਰੀ ਪਾਕਿਸਤਾਨ ਟੀਵੀ ਦੁਆਰਾ 'ਐਕਸ' 'ਤੇ ਪੋਸਟ ਕੀਤੇ ਗਏ ਇੱਕ ਬਿਆਨ ਦੇ ਅਨੁਸਾਰ, ਸ਼ਾਹਬਾਜ਼ ਸ਼ਰੀਫ਼ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਇਹ ਗੱਲ ਕਹੀ। ਇਸ ਵਿੱਚ ਕਿਹਾ ਗਿਆ ਹੈ ਕਿ ਗਰਮਜੋਸ਼ੀ ਅਤੇ ਸੁਹਿਰਦ ਗੱਲਬਾਤ ਦੌਰਾਨ, ਪ੍ਰਧਾਨ ਮੰਤਰੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਰਾਸ਼ਟਰਪਤੀ ਦੀ ਦਲੇਰਾਨਾ ਅਗਵਾਈ ਲਈ ਪ੍ਰਸ਼ੰਸਾ ਕੀਤੀ ਅਤੇ ਵਿਦੇਸ਼ ਮੰਤਰੀ ਰੂਬੀਓ ਦੀ ਸਰਗਰਮ ਕੂਟਨੀਤੀ ਦੀ ਸ਼ਲਾਘਾ ਕੀਤੀ, ਜਿਸ ਨੇ ਪਾਕਿਸਤਾਨ ਅਤੇ ਭਾਰਤ ਨੂੰ ਜੰਗਬੰਦੀ ਸਮਝੌਤੇ 'ਤੇ ਪਹੁੰਚਣ ਵਿੱਚ ਮੁੱਖ ਭੂਮਿਕਾ ਨਿਭਾਈ।

ਸ਼ਰੀਫ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੇ ਪਾਕਿਸਤਾਨ ਬਾਰੇ ਸਕਾਰਾਤਮਕ ਬਿਆਨ ਦੱਖਣੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਲਈ ਸਭ ਤੋਂ ਵੱਧ ਉਤਸ਼ਾਹਜਨਕ ਹਨ, ਜੋ ਕਿ ਸਿਰਫ ਪਾਕਿਸਤਾਨ ਅਤੇ ਭਾਰਤ ਵਿਚਕਾਰ ਇੱਕ ਅਰਥਪੂਰਨ ਗੱਲਬਾਤ ਸ਼ੁਰੂ ਕਰਕੇ ਹੀ ਸੰਭਵ ਹੋ ਸਕਦਾ ਹੈ। ਸਰਕਾਰੀ ਪਾਕਿਸਤਾਨ ਟੀਵੀ ਨੇ ਕਿਹਾ, 'ਇਸ ਸੰਦਰਭ ਵਿੱਚ, ਸ਼ਰੀਫ ਨੇ ਜੰਮੂ-ਕਸ਼ਮੀਰ, ਸਿੰਧੂ ਜਲ ਸੰਧੀ, ਵਪਾਰ ਅਤੇ ਅੱਤਵਾਦ ਨਾਲ ਲੜਨ ਸਮੇਤ ਸਾਰੇ ਲੰਬਿਤ ਮੁੱਦਿਆਂ 'ਤੇ ਭਾਰਤ ਨਾਲ ਗੱਲਬਾਤ ਕਰਨ ਦੀ ਪਾਕਿਸਤਾਨ ਦੀ ਇੱਛਾ ਨੂੰ ਦੁਹਰਾਇਆ।

ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਪਾਕਿਸਤਾਨ ਨਾਲ ਸਿਰਫ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਦੀ ਵਾਪਸੀ ਅਤੇ ਅੱਤਵਾਦ ਦੇ ਮੁੱਦੇ 'ਤੇ ਗੱਲਬਾਤ ਕਰੇਗਾ।

ਪੱਛਮੀ ਏਸ਼ੀਆ ਦੀ ਸਥਿਤੀ, ਖਾਸ ਕਰਕੇ ਈਰਾਨ-ਇਜ਼ਰਾਈਲ ਸੰਕਟ 'ਤੇ ਵੀ ਚਰਚਾ ਕੀਤੀ ਗਈ, ਜਿੱਥੇ ਪ੍ਰਧਾਨ ਮੰਤਰੀ ਸ਼ਰੀਫ ਨੇ ਗੱਲਬਾਤ ਅਤੇ ਕੂਟਨੀਤੀ ਰਾਹੀਂ ਇਸ ਗੰਭੀਰ ਸੰਕਟ ਦਾ ਸ਼ਾਂਤੀਪੂਰਨ ਹੱਲ ਲੱਭਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ

## ਉਪ ਰਾਸ਼ਟਰਪਤੀ ਵੱਲੋਂ ਰਾਜ ਸਭਾ ਦੇ ਸਿੱਖਿਆਰਥੀਆਂ ਦੇ ਇਕ ਸਮੂਹ ਨੂੰ ਸੰਬੋਧਨ

# ਐਮਰਜੈਂਸੀ ਦੌਰਾਨ ਸੁਣਾਏ ਫ਼ੈਸਲੇ 'ਤੇ ਧਨਖੜ ਵੱਲੋਂ ਸੁਪਰੀਮ ਕੋਰਟ ਦੀ ਆਲੋਚਨਾ

ਨਵੀਂ ਦਿੱਲੀ, 21 ਜੂਨ (ਚ.ਨ.ਸ.) : ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਐਮਰਜੈਂਸੀ ਦੌਰਾਨ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਫ਼ੈਸਲੇ ਦੀ ਆਲੋਚਨਾ ਕਰਦੇ ਹੋਏ ਇਸ ਨੂੰ ਦੁਨੀਆ ਦੇ ਨਿਆਇਕ ਇਤਿਹਾਸ ਦਾ ਸਭ ਤੋਂ ਕਾਲਾ ਅਧਿਆਏ ਕਰਾਰ ਦਿੱਤਾ। ਇਕ ਅਧਿਕਾਰਕ ਬਿਆਨ ਮੁਤਾਬਕ ਧਨਖੜ ਨੇ ਕਿਹਾ ਕਿ 9 ਹਾਈ ਕੋਰਟਾਂ ਦੇ ਫ਼ੈਸਲੇ ਨੂੰ ਖਾਰਿਜ ਕਰਨ ਵਾਲੇ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਤਾਨਾਸ਼ਾਹੀ ਨੂੰ ਜਾਇਜ਼ਤਾ ਪ੍ਰਦਾਨ ਕੀਤੀ। ਧਨਖੜ ਨੇ ਪੂਰੀ ਮੰਤਰੀ ਪ੍ਰੀਸ਼ਦ ਦੇ ਨਹੀਂ ਸਗੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਹਿਣ 'ਤੇ ਐਮਰਜੈਂਸੀ ਦੇ ਐਲਾਨ 'ਤੇ ਹਸਤਾਖ਼ਰ ਕਰਨ ਲਈ ਤਤਕਾਲੀ ਰਾਸ਼ਟਰਪਤੀ ਫਖਰੂਦੀਨ ਅਲੀ ਅਹਿਮਦ 'ਤੇ ਵੀ ਸਵਾਲ ਉਠਾਇਆ। ਉਪ ਰਾਸ਼ਟਰਪਤੀ ਨੇ ਇਥੇ ਰਾਜ ਸਭਾ ਦੇ ਟ੍ਰੇਨੀਆਂ ਦੇ ਇਕ ਸਮੂਹ ਨੂੰ ਸੰਬਧਨ ਕਰਦੇ ਹੋਏ ਕਿਹਾ ਕਿ ਰਾਸ਼ਟਰਪਤੀ ਕਿਸੇ ਇਕ ਵਿਅਕਤੀ, ਪ੍ਰਧਾਨ ਮੰਤਰੀ ਦੀ ਸਲਾਹ 'ਤੇ ਕੰਮ ਨਹੀਂ ਕਰ ਸਕਦੇ। ਸੰਵਿਧਾਨ ਬਹੁਤ ਸਪੱਸ਼ਟ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੂੰ ਮਦਦ ਅਤੇ ਸਲਾਹ ਦੇਣ ਲਈ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਮੰਤਰੀ ਪ੍ਰੀਸ਼ਦ ਹੈ। ਇਹ ਉਲੰਘਣਾ ਸੀ ਪਰ ਇਸ ਦਾ ਨਤੀਜਾ ਕੀ ਹੋਇਆ ? ਇਸ ਦੇਸ਼ ਦੇ 1 ਲੱਖ ਤੋਂ ਵੱਧ ਨਾਗਰਿਕਾਂ ਨੂੰ ਕੁਝ ਹੀ ਘੰਟਿਆਂ ਵਿਚ ਸਲਾਖਾਂ ਦੇ ਪਿੱਛੇ ਪਾ ਦਿੱਤਾ ਗਿਆ। ਧਨਖੜ ਨੇ ਐਮਰਜੈਂਸੀ ਦੌਰਾਨ ਨਿਆਂਪਾਲਿਕਾ ਦੀ ਭੂਮਿਕਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਹ ਅਜਿਹਾ ਸਮਾਂ ਸੀ ਜਦੋਂ ਸੰਕਟ ਦੇ ਸਮੇਂ ਲੋਕਤੰਤਰ ਦਾ ਮੂਲ ਤੱਤ ਹੀ ਢਹਿ-ਢੇਰੀ ਹੋ ਗਿਆ ਸੀ। ਲੋਕ ਨਿਆਂਪਾਲਿਕਾ ਵੱਲ (ਉਮੀਦ ਨਾਲ) ਦੇਖਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ 9 ਹਾਈ ਕੋਰਟਾਂ ਨੇ ਬਿਹਤਰੀਨ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਕਿ ਐਮਰਜੈਂਸੀ ਹੋਵੇ ਜਾਂ ਨਾ ਹੋਵੇ, ਲੋਕਾਂ ਕੋਲ ਮੌਲਿਕ ਅਧਿਕਾਰ ਹਨ ਅਤੇ ਨਿਆਂ ਪ੍ਰਣਾਲੀ ਤੱਕ ਉਨ੍ਹਾਂ ਦੀ ਪਹੁੰਚ ਹੈ। ਬਦਕਿਸਮਤੀ ਨਾਲ ਸੁਪਰੀਮ ਕੋਰਟ ਨੇ ਸਾਰੀਆਂ 9 ਹਾਈ ਕੋਰਟਾਂ ਦੇ ਫ਼ੈਸਲੇ ਨੂੰ ਪਲਟ ਦਿੱਤਾ ਅਤੇ ਅਜਿਹਾ ਫ਼ੈਸਲਾ ਦਿੱਤਾ ਜੋ ਕਾਨੂੰਨ ਦੇ ਸ਼ਾਸਨ ਵਿਚ ਭਰੋਸਾ ਰੱਖਣ ਵਾਲੀ ਦੁਨੀਆ ਦੀ ਹਰ ਨਿਆਇਕ ਸੰਸਥਾ ਦੇ ਇਤਿਹਾਸ ਵਿਚ ਸਭ ਤੋਂ ਕਾਲਾ ਅਧਿਆਏ ਹੈ।

# ਪਹਿਲੇ ਸਫ਼ੇ ਦੀ ਬਾਕੀ

### ਓਡੀਸ਼ਾ 'ਚ ਅਚਾਨਕ ਆਏ ਹੜ੍ਹਾਂ

ਬਲਿਆਪਾਲ, ਬਸਤਾ ਅਤੇ ਜਲੇਸ਼ਵਰ ਨੋਟੀਫਾਈਡ ਏਰੀਆ ਕੌਂਸਲ (ਐਨ.ਏ.ਸੀ.) ਦੇ ਤਿੰਨ ਬਲਾਕਾਂ ਦੇ 17 ਗ੍ਰਾਮ ਪੰਚਾਇਤ ਖੇਤਰ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਰਾਹਤ ਅਤੇ ਬਚਾਅ ਕਾਰਜਾਂ ਲਈ ਤਿਆਰ ਹੈ। ਅਧਿਕਾਰੀ ਨੇ ਕਿਹਾ ਕਿ ਨੀਵੇਂ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸੁਚੇਤ ਰਹਿਣ ਅਤੇ ਸਥਿਤੀ ਵਿਗੜਨ 'ਤੇ ਨੇੜਲੇ ਆਸਰਾ ਸਥਾਨਾਂ ਵਿੱਚ ਜਾਣ ਲਈ ਤਿਆਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਜ਼ਿਲ੍ਹਾ ਕੁਲੈਕਟਰ ਸੂਰਿਆਵੰਸ਼ੀ ਮਯੂਰ ਵਿਕਾਸ ਨੇ ਸਾਰੇ ਬਲਾਕ ਵਿਕਾਸ ਅਧਿਕਾਰੀਆਂ (ਬੀ.ਡੀ.ਓ.) ਅਤੇ ਤਹਿਸੀਲਦਾਰਾਂ ਨੂੰ ਹਦਾਇਤ ਕੀਤੀ ਹੈ ਕਿ ਜੇਕਰ ਲੋੜ ਪਵੇ ਤਾਂ ਸੰਭਾਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਲੋਕਾਂ ਨੂੰ ਕੱਢਣ ਲਈ ਤਿਆਰ ਰਹਿਣ। ਅਧਿਕਾਰੀਆਂ ਨੂੰ ਸਥਿਤੀ ਦੀ ਨਿਗਰਾਨੀ ਕਰਨ ਅਤੇ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਨਾਲ ਹੀ, ਸੁੱਕੇ ਭੋਜਨ ਦੀਆਂ ਵਸਤਾਂ ਦੀ ਵੰਡ ਤੁਰੰਤ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਮੁੱਖ ਜ਼ਿਲ੍ਹਾ ਮੈਡੀਕਲ ਅਧਿਕਾਰੀ (ਸੀ.ਡੀ.ਐਮ.ਓ.) ਨੂੰ ਜ਼ਰੂਰੀ ਦਵਾਈਆਂ ਲੋੜੀਂਦੀ ਮਾਤਰਾ ਵਿੱਚ ਰੱਖਣ ਅਤੇ ਸਿਹਤ ਸੰਭਾਲ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਿੰਚਾਈ ਵਿਭਾਗ ਦੇ ਸੁਪਰਡੈਂਟ ਇੰਜੀਨੀਅਰ ਨੂੰ ਚੰਦਿਲ ਡੈਮ ਦੇ ਸਾਰੇ ਗੇਟਾਂ ਦੀ ਨਿਗਰਾਨੀ ਕਰਨ ਅਤੇ ਪਾਣੀ ਦੇ ਪੱਧਰ 'ਤੇ 24 ਘੰਟੇ ਨਜ਼ਰ ਰੱਖਣ ਲਈ ਕਿਹਾ ਗਿਆ ਹੈ, ਤਾਂ ਜੋ ਕਿਸੇ ਵੀ ਸੰਭਾਵੀ ਸੰਕਟ ਨੂੰ ਟਾਲਿਆ ਜਾ ਸਕੇ। ਸਿਵਲ ਸਪਲਾਈ ਅਧਿਕਾਰੀ (ਸੀ.ਐਸ.ਓ.) ਨੂੰ ਭੋਜਨ ਅਤੇ ਜ਼ਰੂਰੀ ਵਸਤੂਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਾਰੇ ਕਰਮਚਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਬਿਨਾਂ ਇਜਾਜ਼ਤ ਦੇ ਹੈੱਡਕੁਆਰਟਰ ਛੱਡਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਜ਼ਿਲ੍ਹਾ ਐਮਰਜੈਂਸੀ ਦਫ਼ਤਰ ਦੇ ਸੂਤਰਾਂ ਅਨੁਸਾਰ, ਰਾਜਘਾਟ 'ਤੇ ਸਵਰਨਰੇਖਾ ਨਦੀ ਦਾ ਪਾਣੀ ਦਾ ਪੱਧਰ ਅਜੇ ਵੀ 10.36 ਮੀਟਰ ਦੇ ਖਤਰੇ ਦੇ ਨਿਸ਼ਾਨ ਤੋਂ 11.9 ਮੀਟਰ ਉੱਪਰ ਹੈ, ਹਾਲਾਂਕਿ ਇਹ ਹੌਲੀ-ਹੌਲੀ ਘੱਟ ਰਿਹਾ ਹੈ। ਪ੍ਰਸ਼ਾਸਨ ਆਮ ਲੋਕਾਂ ਨੂੰ ਸਥਿਤੀ ਬਾਰੇ ਸੂਚਿਤ ਕਰ ਰਿਹਾ ਹੈ। ਦੱਸਿਆ ਗਿਆ ਕਿ ਇਹ ਹੜ੍ਹ ਝਾਰਖੰਡ ਦੇ ਚੰਦਿਲ ਡੈਮ ਤੋਂ ਅਚਾਨਕ ਪਾਣੀ ਛੱਡਣ ਕਾਰਨ ਆਇਆ ਹੈ।

### ਜੇਲ੍ਹ ਵਿਭਾਗ 'ਚ 500 ਖ਼ਾਲੀ ਅਸਾਮੀਆਂ

ਇਸ ਨੀਤੀ ਵਿੱਚ ਇਸ ਦੇ ਲਾਗੂਕਰਨ ਨੂੰ ਸੁਚਾਰੂ ਬਣਾਉਣ ਲਈ ਇੱਕ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸਓਪੀ) ਸਾਮਲ ਹੈ। ਇਹ ਇਤਿਹਾਸਕ ਫ਼ੈਸਲਾ ਇੱਕ ਕਾਰੋਬਾਰ-ਪੱਖੀ ਵਾਤਾਵਰਣ ਨੂੰ ਉਤਸਾਹਿਤ ਕਰਨ ਅਤੇ ਪੰਜਾਬ ਦੇ ਉਦਯੋਗਿਕ ਮਾਹੌਲ ਨੂੰ ਹੁਲਾਰਾ ਦੇਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਨੀਤੀ ਰੈਗੂਲੇਟਰੀ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਿਆਂ ਭਾਈਵਾਲਾਂ ਨੂੰ ਵਧੇਰੇ ਲਚਕਤਾ ਪ੍ਰਦਾਨ ਕਰਕੇ ਆਰਥਿਕ ਵਿਕਾਸ ਨੂੰ ਅੱਗੇ ਵਧਾਉਣ ਲਈ ਤਿਆਰ ਕੀਤੀ ਗਈ ਹੈ।

**ਉੱਚ-ਅਧਿਕਾਰੀਆਂ ਵਾਲੀ ਕੈਬਨਿਟ ਸਬ ਕਮੇਟੀ ਦੇ ਗਠਨ ਨੂੰ ਕਾਰਜ ਬਾਅਦ ਪ੍ਰਵਾਨਗੀ**

ਮੰਤਰੀ ਮੰਡਲ ਨੇ ਪੰਜਾਬ ਰਾਜ ਦੇ 'ਨਸ਼ਿਆਂ ਵਿਰੁੱਧ ਜੰਗ ਪ੍ਰੋਗਰਾਮ ਨੂੰ ਹੋਰ ਤੇਜ ਕਰਨ ਲਈ ਉੱਚ-ਅਧਿਕਾਰੀਆਂ ਵਾਲੀ ਕੈਬਨਿਟ ਸਬ ਕਮੇਟੀ ਦੇ ਗਠਨ ਨੂੰ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ। ਇਹ ਕਦਮ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੀ ਰੋਜਾਨਾ ਜਾਂਚ ਵਿੱਚ ਹੋਰ ਮਦਦ ਕਰੇਗਾ, ਜਿਸ ਨਾਲ ਪੰਜਾਬ ਨਸ਼ਿਆਂਦੇ ਖਤਰੇ ਤੋਂ ਮੁਕਤ ਹੋਵੇਗਾ ਅਤੇ ਸੂਬੇ ਦੇ ਨੌਜਵਾਨਾਂ ਨੂੰ ਇਸ ਲਾਹਨਤ ਤੋਂ ਦੂਰ ਰੱਖੇਗਾ।

**ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸਿਜ (ਫਾਇਰ ਸੇਫ਼ਟੀ ਸਰਟੀਫਿਕੇਟ ਦੀ ਵੈਧਤਾ) ਨਿਯਮ, 2025 ਬਣਾਉਣ ਨੂੰ ਪ੍ਰਵਾਨਗੀ**

ਮੰਤਰੀ ਮੰਡਲ ਨੇ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (ਫਾਇਰ ਸੇਫ਼ਟੀ ਸਰਟੀਫਿਕੇਟ ਦੀ ਵੈਧਤਾ) ਨਿਯਮ, 2025 ਬਣਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਸੂਬਾ ਸਰਕਾਰ ਇੱਕ ਨੋਟੀਫਿਕੇਸਨ ਰਾਹੀਂ ਇਮਾਰਤਾਂ ਜਾਂ ਅਹਾਤਿਆਂ, ਜਿਸ ਵਿੱਚ ਨਿਰਧਾਰਤ ਜੋਖਮ ਸ੍ਰੇਣੀਆਂ ਸਾਮਲ ਹਨ, ਦੇ ਮਾਮਲੇ ਵਿੱਚ ਅੱਗ ਸੁਰੱਖਿਆ ਸਬੰਧੀ ਸਰਟੀਫਿਕੇਟ ਦੀ ਮਿਆਦ ਨਿਰਧਾਰਤ ਕਰ ਸਕੇਗੀ।

**ਕਾਰੋਬਾਰ ਸੁਖਾਲਾ ਬਣਾਉਣ ਲਈ ਪੰਜਾਬ ਫੈਕਟਰੀ ਨਿਯਮ, 1952 ਵਿੱਚ ਸੋਧ**

ਮੰਤਰੀ ਮੰਡਲ ਨੇ ਕਾਰੋਬਾਰ ਕਰਨ ਵਿੱਚ ਸੌਖ ਦੀ ਸਹੂਲਤ ਲਈ ਪੰਜਾਬ ਫੈਕਟਰੀ ਨਿਯਮ, 1952 ਦੇ ਨਿਯਮ 2ਏ, ਨਿਯਮ 3ਏ, ਨਿਯਮ 4 ਅਤੇ ਨਿਯਮ 102 ਵਿੱਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕਿਸੇ ਵੀ ਸਿਵਲ/ਢਾਂਚਾਗਤ/ਮਕੈਨੀਕਲ ਇੰਜੀਨੀਅਰ ਦੁਆਰਾ 5 ਸਾਲ ਦੇ ਤਜਰਬੇ ਵਾਲੇ ਜਾਂ 2 ਸਾਲ ਦੇ ਤਜਰਬੇ ਵਾਲੀ ਮਾਸਟਰ ਡਿਗਰੀ ਦੁਆਰਾ ਫੈਕਟਰੀਆਂ ਦੇ ਸਵੈ-ਪ੍ਰਮਾਣੀਕਰਨ ਯੋਜਨਾਵਾਂ ਨੂੰ ਵਿਭਾਗ ਦੁਆਰਾ ਤਸਦੀਕ ਦੇ ਅਧੀਨ ਯੋਗ ਬਣਾਏਗਾ। ਪੰਜ ਸਾਲ ਦੇ ਤਜਰਬੇ ਵਾਲੇ ਕਿਸੇ ਵੀ ਸਿਵਲ/ਢਾਂਚਾਗਤ ਇੰਜਨੀਅਰ ਦੁਆਰਾ 2 ਸਾਲ ਦੇ ਤਜਰਬੇ ਵਾਲੇ ਜਾਂ 2 ਸਾਲ ਦੇ ਤਜਰਬੇ ਵਾਲੀ ਮਾਸਟਰ ਡਿਗਰੀ ਦੁਆਰਾ ਢਾਂਚਾਗਤ ਸਥਿਰਤਾ ਸਰਟੀਫਿਕੇਟ ਨੂੰ ਵੀ ਵਿਭਾਗ ਦੁਆਰਾ ਤਸਦੀਕ ਅਧੀਨ ਆਗਿਆ ਦਿੱਤੀ ਜਾਵੇਗੀ। ਇਸੇ ਤਰ੍ਹਾਂ ਮਹਿਲਾ ਕਰਮਚਾਰੀਆਂ ਨੂੰ ਮਿੱਟੀ ਦੇ ਭਾਂਡੇ ਤੇ ਸਿਰੇਮਿਕਸ ਦੇ ਨਿਰਮਾਣ ਅਤੇ ਬਨਸਪਤੀ ਤੇਲ ਕੱਢਣ ਦੀ ਪ੍ਰਕਿਰਿਆ ਵਿੱਚ ਕੰਮ ਕਰਨ ਦੀ ਆਗਿਆ ਹੋਵੇਗੀ, ਜਿਸ 'ਤੇ ਮੌਜੂਦਾ ਸਮੇਂ ਪਾਬੰਦੀ ਹੈ।

**ਪੰਜਾਬ ਕਿਰਤ ਭਲਾਈ ਫੰਡ ਐਕਟ 1965 ਵਿੱਚ ਸੋਧ ਲਈ ਸਹਿਮਤੀ**

ਮੰਤਰੀ ਮੰਡਲ ਨੇ ਪੰਜਾਬ ਕਿਰਤ ਭਲਾਈ ਫੰਡ, ਐਕਟ 1965 ਵਿੱਚ ਸੋਧ ਕਰਨ ਲਈ ਵੀ ਸਹਿਮਤੀ ਦੇ ਦਿੱਤੀ। ਐਕਟ ਦੇ ਕਈ ਉਪਬੰਧ ਹੁਣ ਮੌਜੂਦਾ ਸਮੇਂ ਦੀਆਂ ਜਰੂਰਤਾਂ ਦੇ ਅਨੁਸਾਰ ਨਹੀਂ ਹਨ। ਇਸ ਲਈ ਫੰਡ ਨੂੰ ਹੋਰ ਉਚਿਤ ਅਤੇ ਪ੍ਰਗਤੀਸੀਲ ਬਣਾ ਕੇ ਕਿਰਤੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਐਕਟ ਦੇ ਵੱਖ-ਵੱਖ ਉਪਬੰਧਾਂ ਵਿੱਚ ਸੋਧ ਕੀਤੀ ਗਈ ਹੈ। ਇਹ ਫੰਡ ਕਿਰਤੀਆਂ ਦੇ ਹਿੱਤਾਂ ਦੀ ਰਾਖੀ ਕਰੇਗਾ, ਜਿਸ ਨਾਲ ਉਹ ਸਨਮਾਨ ਅਤੇ ਮਾਣ ਨਾਲ ਜ਼ਿੰਦਗੀ ਜੀ ਸਕਣਗੇ।

**ਪੰਜਾਬ ਵਿੱਤੀ ਨਿਯਮਾਂ ਦੇ ਭਾਗ ਅਤੇ ਭਾਗ- ਨੂੰ ਨਵਿਆਉਣ ਲਈ ਹਰੀ ਝੰਡੀ**

ਮੰਤਰੀ ਮੰਡਲ ਨੇ ਪੰਜਾਬ ਵਿੱਤੀ ਨਿਯਮਾਂ ਦੇ ਭਾਗ ਅਤੇ ਭਾਗ- ਨੂੰ ਅਪਡੇਟ ਕਰਨ ਲਈ ਵੀ ਹਰੀ ਝੰਡੀ ਦੇ ਦਿੱਤੀ ਕਿਉਂਕਿ ਇਹ ਨਿਯਮ 1984 ਵਿੱਚ ਬਣਾਏ ਗਏ ਸਨ ਕਿਉਂਕਿ ਉਦੋਂ ਤੋਂ ਵਿੱਤ ਵਿਭਾਗ ਦੁਆਰਾ ਜਾਰੀ ਨਿਰਦੇਸਾਂ ਦੁਆਰਾ ਬਹੁਤ ਸਾਰੇ ਬਦਲਾਅ ਕੀਤੇ ਗਏ ਹਨ। ਇਸ ਲਈ ਮੁਕੱਦਮੇਬਾਜੀ ਅਤੇ ਉਲਝਣ ਤੋਂ ਬਚਣ ਲਈ ਉਨ੍ਹਾਂ ਨੂੰ ਨਿਯਮਾਂ ਵਿੱਚ ਸਾਮਲ ਕਰਨ ਦੀ ਜਰੂਰਤ ਸੀ।

**ਪੀ.ਆਰ.ਟੀ.ਪੀ.ਡੀ. ਐਕਟ ਦੀ ਧਾਰਾ 29(3) ਵਿੱਚ ਸੋਧ ਕਰਨ ਦੀ ਪ੍ਰਵਾਨਗੀ**

ਮੰਤਰੀ ਮੰਡਲ ਨੇ ਪੀ.ਆਰ.ਟੀ.ਪੀ.ਡੀ. ਐਕਟ ਦੀ ਧਾਰਾ 29 (3) ਵਿੱਚ ਸੋਧ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਮੁੱਖ ਸਕੱਤਰ ਪੰਜਾਬ ਨੂੰ ਅਹਿਮਦਾਬਾਦ ਸਹਿਰੀ ਵਿਕਾਸ ਅਥਾਰਟੀ (ਏ.ਯੂ.ਡੀ.ਏ.), ਨਿਊ ਓਖਲਾ ਉਦਯੋਗਿਕ ਵਿਕਾਸ ਅਥਾਰਟੀ (ਨੋਇਡਾ), ਮੇਰਠ, ਕਾਨਪੁਰ, ਲਖਨਊ ਅਤੇ ਹੋਰਨਾਂ ਦੀ ਤਰਜ 'ਤੇ ਅਥਾਰਟੀ ਦਾ ਚੇਅਰਮੈਨ ਬਣਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਪਹਿਲਾਂ ਮੁੱਖ ਮੰਤਰੀ ਅਥਾਰਟੀ ਦੇ ਚੇਅਰਮੈਨ ਸਨ, ਪਰ ਉਨ੍ਹਾਂ ਦੇ ਰੁਝੇਵਿਆਂ ਕਾਰਨ ਕਈ ਵਾਰ ਅਥਾਰਟੀਆਂ ਦਾ ਕੰਮ ਪ੍ਰਭਾਵਿਤ ਹੁੰਦਾ ਸੀ। ਇਸ ਦੌਰਾਨ ਵਿਕਾਸ ਅਥਾਰਟੀਆਂ ਵਿੱਚ ਮਾਲੀਆ, ਉਦਯੋਗ, ਜਲ ਸਪਲਾਈ ਤੇ ਸੈਨੀਟੇਸਨ ਅਤੇ ਹੋਰ ਵਿਭਾਗਾਂ ਨੂੰ ਸਾਮਲ ਕਰਨ ਦਾ ਵੀ ਫ਼ੈਸਲਾ ਲਿਆ ਗਿਆ।

### ਯੋਗ ਨੇ ਦੁਨੀਆਂ ਨੂੰ

ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਯੋਗ ਸਾਰਿਆਂ ਲਈ ਸੀਮਾਵਾਂ-ਸਰਹੱਦਾਂ, ਪਿਛੋਕੜ, ਉਮਰ ਜਾਂ ਯੋਗਤਾ ਤੋਂ ਪਰੇ ਹੈ। ਉਨ੍ਹਾਂ ਕਿਹਾ ਕਿ ਯੋਗ ਇੱਕ ਮਹਾਨ ਨਿੱਜੀ ਅਨੁਸ਼ਾਸਨ ਹੈ, ਇਹ ਇੱਕ ਅਜਿਹੀ ਪ੍ਰਣਾਲੀ ਵੀ ਹੈ ਜੋ ਲੋਕਾਂ ਨੂੰ 'ਮੇਰਾ' ਤੋਂ 'ਅਸੀਂ' ਵੱਲ ਲੈ ਜਾਂਦੀ ਹੈ ਅਤੇ ਇਹ ਉਹ 'ਠਹਿਰਾਅ ਬਟਨ' ਵੀ ਹੈ ਜਿਸ ਦੀ ਮਨੁੱਖਤਾ ਨੂੰ ਸਾਹ ਲੈਣ, ਸੰਤੁਲਨ ਬਣਾਉਣ ਅਤੇ ਦੁਬਾਰਾ ਪੂਰਾ ਹੋਣ ਲਈ ਲੋੜ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਨੇ ਬਾਅਦ ਵਿੱਚ ਯੋਗ ਕਰਨ ਲਈ ਵਲੰਟੀਅਰਾਂ ਨਾਲ ਸ਼ਿਰਕਤ ਕੀਤੀ।

### ਪੰਜਾਬ ਵਿੱਚ ਵੱਡੇ ਪੱਧਰ 'ਤੇ 11ਵਾਂ ਅੰਤਰਰਾਸ਼ਟਰੀ

ਹਜ਼ਾਰਾਂ ਲੋਕਾਂ ਨੇ ਯੋਗ ਸੈਸ਼ਨਾਂ ਵਿੱਚ ਹਿੱਸਾ ਲਿਆ ਅਤੇ ਨਾ ਸਿਰਫ਼ ਸਿਹਤ ਪ੍ਰਤੀ ਆਪਣੀ ਜਾਗਰੂਕਤਾ ਦਾ ਪ੍ਰਦਰਸ਼ਨ ਕੀਤਾ, ਸਗੋਂ ਯੋਗ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਦਾ ਵੀ ਸੰਕਲਪ ਲਿਆ। ਪ੍ਰੋਗਰਾਮ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ, ਲੋਕ ਪ੍ਰਤੀਨਿਧੀਆਂ, ਸੀਨੀਅਰ ਨਾਗਰਿਕਾਂ ਅਤੇ ਵਿਦਿਆਰਥੀਆਂ ਸਮੇਤ ਸਮਾਜ ਦੇ ਹਰ ਵਰਗ ਦੀ ਸਰਗਰਮ ਭਾਗੀਦਾਰੀ ਸੀ। ਇਸ ਸਮਾਗਮ ਵਿੱਚ 'ਸੀਐਮ ਦੀ ਯੋਗਸ਼ਾਲਾ' ਦੀ ਭੂਮਿਕਾ ਬਹੁਤ ਮਹੱਤਵਪੂਰਨ ਸੀ। ਸੰਗਠਨ ਦੇ ਜ਼ਿਲ੍ਹਾ ਕੋਆਰਡੀਨੇਟਰਾਂ ਅਤੇ ਟਰੇਨਰਾਂ ਨੇ ਰਾਜ ਭਰ ਵਿੱਚ ਆਯੋਜਿਤ ਪ੍ਰੋਗਰਾਮਾਂ ਦਾ ਸੰਚਾਲਨ ਕੀਤਾ ਅਤੇ ਜਨਤਾ ਨੂੰ ਯੋਗ ਨਾਲ ਜੋੜਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਜ਼ਿਲ੍ਹਾ ਪੱਧਰ 'ਤੇ ਟਰੇਨਰਾਂ ਦੁਆਰਾ ਸਮਰਪਿਤ ਯਤਨਾਂ ਅਤੇ ਪ੍ਰਭਾਵਸ਼ਾਲੀ ਤਾਲਮੇਲ ਕਾਰਨ ਇਹ ਪ੍ਰੋਗਰਾਮ ਸਫ਼ਲਤਾਪੂਰਵਕ ਮੁਕੰਮਲ ਹੋਇਆ।

ਸੀਐਮ ਦੀ ਯੋਗਸ਼ਾਲਾ ਨੇ ਨਾ ਸਿਰਫ਼ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਬਲਕਿ ਸਾਰੇ ਜ਼ਿਲ੍ਹਿਆਂ ਵਿੱਚ ਇੱਕ ਵਿਆਪਕ ਜਾਗਰੂਕਤਾ ਮੁਹਿੰਮ ਵੀ ਚਲਾਈ, ਤਾਂ ਜੋ ਵੱਡੀ ਗਿਣਤੀ ਵਿੱਚ ਲੋਕ ਇਸ ਮੁਹਿੰਮ ਵਿੱਚ ਸ਼ਾਮਲ ਹੋ ਸਕਣ।

ਦੱਸਣਯੋਗ ਹੈ ਕਿ ਪੰਜਾਬ ਵਿੱਚ ਰੋਜ਼ਾਨਾ 4,709 ਯੋਗਾ ਕਲਾਸਾਂ ਸਰਗਰਮੀ ਨਾਲ ਚਲਾਈਆਂ ਜਾ ਰਹੀਆਂ ਹਨ ਅਤੇ ਰੋਜ਼ਾਨਾ 2,15,000 ਤੋਂ ਵੱਧ ਲੋਕ ਇਨ੍ਹਾਂ ਮੁਫ਼ਤ ਯੋਗਾ ਕਲਾਸਾਂ ਵਿੱਚ ਹਿੱਸਾ ਲੈ ਰਹੇ ਹਨ।

ਯੋਜਨਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 5 ਲੱਖ ਤੋਂ ਵੱਧ ਨਾਗਰਿਕਾਂ ਨੇ ਇਸ ਪਹਿਲਕਦਮੀ ਦਾ ਲਾਭ ਚੁਕਿਆ ਹੈ।

ਸੀਐਮ ਦੀ ਯੋਗਸ਼ਾਲਾ ਹੁਣ ਤੱਕ 1,196 ਪਿੰਡਾਂ ਤੱਕ ਪਹੁੰਚ ਚੁੱਕੀ ਹੈ, ਜਿਸ ਨਾਲ ਪੇਂਡੂ ਖੇਤਰਾਂ ਵਿੱਚ ਵੀ ਯੋਗਾ ਪ੍ਰਤੀ ਜਾਗਰੂਕਤਾ ਵੱਧ ਰਹੀ ਹੈ।

### ਆਰ.ਸੀ. ਅਤੇ ਡਰਾਈਵਿੰਗ ਲਾਇਸੈਂਸਾਂ ਦੀ

ਦਸਤਾਵੇਜ਼ਾਂ ਨੂੰ ਰੀਨਿਊ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਇਹ ਵੀ ਕਿਹਾ ਗਿਆ ਹੈ ਕਿ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਹਰ ਕਿਸਮ ਦੇ ਕਮਰਸ਼ੀਅਲ ਵਾਹਨਾਂ 'ਤੇ ਸਪੀਡ ਗਵਰਨਰ ਲੱਗਿਆ ਹੋਣਾ ਲਾਜ਼ਮੀ ਹੈ। ਇਸ ਤੋਂ ਬਿਨਾਂ ਸਬੰਧਤ ਵਾਹਨ ਦੀ ਪਾਸਿੰਗ ਨਹੀਂ ਹੋਵੇਗੀ। ਉਲੰਘਣਾ ਕਰਨ ਵਾਲੇ ਖਿਲਾਫ ਕਾਨੂੰਨ ਮੁਤਾਬਕ ਅਮਲ ਵਿਚ ਲਿਆਂਦੀ ਜਾਵੇਗੀ। ਦੱਸ ਦੇਈਏ ਕਿ ਇਹ ਸਹੂਲਤ ਕਾਫੀ ਰਾਹਤ ਵੀ ਦੇਵੇਗੀ। ਬੈਕਲਾਗ ਦੇ ਕੰਮਕਾਜ ਨੂੰ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਨ ਲਈ ਵਿਭਾਗ ਦੇ ਮੁਲਾਜ਼ਮ ਬਿਨੈਕਾਰ ਵੱਲੋਂ ਡਰਾਈਵਿੰਗ ਲਾਇਸੈਂਸ/ਆਰ.ਸੀ. ਨਾਲ ਸਬੰਧਤ ਬੈਕਲਾਗ ਦੀ ਐਂਟਰੀ ਦਫਤਰ 'ਚ ਦਰਜ ਕਰ ਕੇ, ਉਸ ਨੂੰ ਸਬੰਧਤ ਪੋਰਟਲ 'ਤੇ ਵੈਰੀਫਾਈ ਕਰਨਗੇ ਅਤੇ ਉਸ ਉਪਰੰਤ ਸਬੰਧਤ ਅਥਾਰਟੀ ਵੱਲੋਂ ਉਸ ਦੀ ਅਪਰੂਵਲ ਕੀਤੀ ਜਾਵੇਗੀ। ਰਜਿਸਟ੍ਰੇਸ਼ਨ ਸਰਟੀਫਿਕੇਟਾਂ (ਆਰ.ਸੀ.) ਸਬੰਧੀ ਪਰਿਵਾਹਨ ਪੋਰਟਲ ਅਤੇ ਡਰਾਈਵਿੰਗ ਲਾਇਸੈਂਸਾਂ ਸਬੰਧੀ ਸਾਰਥੀ ਪੋਰਟਲ ਨਿਰਧਾਰਿਤ ਹਨ ਤੇ ਉਸ 'ਤੇ ਸਾਰੀ ਜਾਣਕਾਰੀ ਸਾਂਝੀ ਕੀਤੀ ਗਈ ਹੈ।

### ਚੋਣਾਂ ਦੀ ਵੀਡੀਓ ਫੁਟੇਜ ਸਾਂਝੀ

ਜਾਵੇਗਾ ਤੇ ਡਰਾਇਆ ਵੀ ਜਾਵੇਗਾ।

ਇਹ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਨੇ ਸੀਸੀਟੀਵੀ ਫੁਟੇਜ ਨੂੰ 45 ਦਿਨਾਂ ਦੀ ਮਿਆਦ ਲਈ ਬਰਕਰਾਰ ਰੱਖਣ ਲਈ ਕਿਹਾ ਹੈ ਕਿਉਂਕਿ ਨਤੀਜਿਆਂ ਦੇ ਐਲਾਨ ਤੋਂ 45 ਦਿਨਾਂ ਤੋਂ ਵੱਧ ਸਮੇਂ ਬਾਅਦ ਕਿਸੇ ਵਲੋਂ ਵੀ ਚੋਣ ਨਤੀਜਿਆਂ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਇਸ ਲਈ ਇਸ ਮਿਆਦ ਤੋਂ ਵੱਧ ਸਮੇਂ ਲਈ ਫੁਟੇਜ ਨੂੰ ਬਰਕਰਾਰ ਰੱਖਣ ਨਾਲ ਸਮੱਗਰੀ ਦੀ ਦੁਰਵਰਤੋਂ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਵੋਟਰਾਂ ਦੀ ਨਿੱਜਤਾ ਅਹਿਮ ਹੈ।

### ਜੰਮੂ-ਕਸ਼ਮੀਰ 'ਚ ਗਰਮੀ ਨੇ ਤੋੜਿਆ

ਵੱਧ ਤਾਪਮਾਨ ਹੈ।' ਸ਼੍ਰੀਨਗਰ ਵਿੱਚ ਜੂਨ ਮਹੀਨੇ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ 29 ਜੂਨ, 1978 ਨੂੰ 37.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਕਸ਼ਮੀਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤਾਪਮਾਨ ਵਿੱਚ ਅਸਧਾਰਨ ਵਾਧਾ ਦੇਖਿਆ ਗਿਆ ਹੈ। ਦੱਖਣੀ ਕਸ਼ਮੀਰ ਦੇ ਕਾਜ਼ੀਗੁੰਡ ਵਿੱਚ ਸ਼ੁੱਕਰਵਾਰ ਨੂੰ ਵੱਧ ਤੋਂ ਵੱਧ ਤਾਪਮਾਨ 34.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਇਸ ਸੀਜ਼ਨ ਲਈ ਆਮ ਨਾਲੋਂ 7.1 ਡਿਗਰੀ ਸੈਲਸੀਅਸ ਵੱਧ ਹੈ। ਇਸ ਦੇ ਨਾਲ ਹੀ, ਪ੍ਰਸਿੱਧ ਸੈਰ-ਸਪਾਟਾ ਸਥਾਨ ਪਹਿਲਗਾਮ ਵਿੱਚ ਵੱਧ ਤੋਂ ਵੱਧ ਤਾਪਮਾਨ 30.0 ਡਿਗਰੀ ਤੱਕ ਪਹੁੰਚ ਗਿਆ, ਜੋ ਆਮ ਨਾਲੋਂ 5.2 ਡਿਗਰੀ ਸੈਲਸੀਅਸ ਵੱਧ ਹੈ। ਕੁਪਵਾੜਾ ਵਿੱਚ ਵੱਧ ਤੋਂ ਵੱਧ ਤਾਪਮਾਨ 34.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂਕਿ ਕੋਕਰਨਾਗ ਵਿੱਚ ਇਹ 33.6 ਡਿਗਰੀ ਸੈਲਸੀਅਸ ਰਿਹਾ। ਗੁਲਮਰਗ, ਜੋ ਕਿ ਆਮ ਤੌਰ 'ਤੇ ਠੰਡੇ ਅਲਪਾਈਨ ਜਲਵਾਯੂ (ਪਹਾੜੀ ਜਲਵਾਯੂ ਜਾਂ ਉੱਚੇ ਇਲਾਕਿਆਂ ਦੇ ਜਲਵਾਯੂ) ਲਈ ਮਸ਼ਹੂਰ ਹੈ, ਵਿੱਚ ਵੱਧ ਤੋਂ ਵੱਧ ਤਾਪਮਾਨ 25.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ 5.2 ਡਿਗਰੀ ਸੈਲਸੀਅਸ ਵੱਧ ਹੈ।

### ਦੇਸ਼ ਦੇ ਕਈ ਸੂਬਿਆਂ 'ਚ

ਨਵੇਂ ਰੂਪ, ਖ਼ਾਸ ਕਰਕੇ ਐਲ.ਐਫ਼.ਜੀ., ਐਕਸ ਐਫ.ਜੀ., ਜੇ.ਐਨ.ਏ. ਅਤੇ ਹਾਲ ਹੀ ਵਿੱਚ ਪਛਾਣੇ ਗਏ ਐਨ.ਬੀ.ਏ.ਐਚ.ਏ.ਸਬਵੇਰੀਐਂਟ, ਲਾਗ ਦਾ ਕਾਰਨ ਬਣ ਰਹੇ ਹਨ। ਇਨ੍ਹਾਂ ਰੂਪਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮੰਤਰਾਲੇ ਦੇ ਅਨੁਸਾਰ ਦੱਖਣੀ ਭਾਰਤੀ ਰਾਜ ਕੇਰਲ ਲਾਗ ਦੇ ਮਾਮਲਿਆਂ ਦੇ ਮਾਮਲੇ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਹਾਲਾਂਕਿ, ਅੱਜ ਸਵੇਰ ਤੱਕ 141 ਸਰਗਰਮ ਮਾਮਲੇ ਘੱਟ ਕੇ 1043 ਹੋ ਗਏ ਹਨ। ਰਾਸ਼ਟਰੀ ਰਾਜਧਾਨੀ ਵਿੱਚ 73 ਮਾਮਲੇ ਘੱਟ ਕੇ 557 ਹੋ ਗਏ ਹਨ, ਜਿਸ ਨਾਲ ਸੰਕਰਮਿਤਾਂ ਦੀ ਕੁੱਲ ਗਿਣਤੀ 557 ਹੋ ਗਈ ਹੈ। ਮਹਾਰਾਸ਼ਟਰ ਵਿੱਚ 49 ਮਾਮਲੇ ਘੱਟ ਕੇ 340 ਹੋ ਗਏ ਹਨ ਅਤੇ ਗੁਜਰਾਤ ਵਿੱਚ 166 ਮਾਮਲੇ ਘੱਟ ਕੇ 746 ਹੋ ਗਏ ਹਨ। ਪੱਛਮੀ ਬੰਗਾਲ ਦਾ ਤਾਜ਼ਾ ਅੰਕੜਾ ਉਪਲਬਧ ਨਹੀਂ ਹੈ ਪਰ ਉੱਥੇ ਕੋਰੋਨਾ ਦੇ 747 ਸਰਗਰਮ ਮਾਮਲੇ ਹਨ। ਕਰਨਾਟਕ ਵਿੱਚ 277, ਤਾਮਿਲਨਾਡੂ ਵਿੱਚ 155, ਉੱਤਰ ਪ੍ਰਦੇਸ਼ ਵਿੱਚ 255, ਰਾਜਸਥਾਨ ਵਿੱਚ 230, ਹਰਿਆਣਾ ਵਿੱਚ 94, ਮੱਧ ਪ੍ਰਦੇਸ਼ ਵਿੱਚ 108, ਆਂਧਰਾ ਪ੍ਰਦੇਸ਼ ਵਿੱਚ 37, ਓਡੀਸ਼ਾ ਵਿੱਚ 48, ਛੱਤੀਸਗੜ੍ਹ ਵਿੱਚ 61, ਬਿਹਾਰ ਵਿੱਚ 22, ਸਿੱਕਮ ਵਿੱਚ 38, ਪੰਜਾਬ ਵਿੱਚ 65, ਝਾਰਖੰਡ ਵਿੱਚ 20, ਅਸਾਮ ਵਿੱਚ 36, ਮਨੀਪੁਰ ਵਿੱਚ 77, ਜੰਮੂ ਅਤੇ ਕਸ਼ਮੀਰ ਵਿੱਚ 17, ਤੇਲੰਗਾਨਾ ਵਿੱਚ 10, ਗੋਆ ਅਤੇ ਪੁਡੂਚੇਰੀ ਵਿੱਚ ਪੰਜ-ਪੰਜ, ਲੱਦਾਖ ਅਤੇ ਤ੍ਰਿਪੁਰਾ ਵਿੱਚ ਦੋ-ਦੋ, ਉਤਰਾਖੰਡ ਵਿੱਚ 10, ਚੰਡੀਗੜ੍ਹ ਵਿੱਚ ਤਿੰਨ ਅਤੇ ਹਿਮਾਚਲ ਪ੍ਰਦੇਸ਼ ਅਤੇ ਨਾਗਾਲੈਂਡ ਵਿੱਚ ਇੱਕ-ਇੱਕ ਸਰਗਰਮ ਮਾਮਲੇ ਹਨ। ਮਿਜ਼ੋਰਮ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਇਸ ਸਮੇਂ ਕੋਰੋਨਾ ਇਨਫੈਕਸ਼ਨ ਦੇ ਕੋਈ ਸਰਗਰਮ ਮਾਮਲੇ ਨਹੀਂ ਹਨ। ਸਿਹਤ ਅਧਿਕਾਰੀਆਂ ਅਤੇ ਮਾਹਿਰਾਂ ਨੇ ਲੋਕਾਂ ਨੂੰ ਕੋਰੋਨਾ ਨਿਯਮਾਂ ਦੀ ਪਾਲਣਾ ਕਰਨ ਅਤੇ ਮਾਸਕ ਪਹਿਨਣ, ਵਾਰ-ਵਾਰ ਹੱਥ ਧੋਣ ਅਤੇ ਭੀੜ-ਭੜੱਕੇ ਵਾਲੇ ਖੇਤਰਾਂ ਵਿੱਚ ਜਾਣ ਤੋਂ ਬਚਣ ਦੀ ਅਪੀਲ ਕੀਤੀ ਹੈ ਜਿੱਥੇ ਮਾਮਲੇ ਵੱਧ ਰਹੇ ਹਨ।

### 'ਈਰਾਨ ਤੋਂ ਹੁਣ ਤੱਕ 517 ਭਾਰਤੀ

ਸ਼ਨੀਵਾਰ ਸਵੇਰੇ ਦਿੱਲੀ ਪਹੁੰਚੇ। ਭਾਰਤ ਨੇ ਬੁੱਧਵਾਰ ਨੂੰ ਈਰਾਨ ਤੋਂ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਆਪ੍ਰੇਸ਼ਨ ਸਿੰਧੂ ਸ਼ੁਰੂ ਕਰਨ ਦਾ ਐਲਾਨ ਕੀਤਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ 'ਐਕਸ' 'ਤੇ ਲਿਖਿਆ, ਇੱਕ ਜਹਾਜ਼ ਆਪ੍ਰੇਸ਼ਨ ਸਿੰਧੂ ਦੇ ਤਹਿਤ ਭਾਰਤੀ ਨਾਗਰਿਕਾਂ ਨੂੰ ਵਾਪਸ ਲਿਆਇਆ ਹੈ। ਭਾਰਤ ਨੇ ਇੱਕ ਵਿਸ਼ੇਸ਼ ਜਹਾਜ਼ ਰਾਹੀਂ ਈਰਾਨ ਤੋਂ 290 ਭਾਰਤੀ ਨਾਗਰਿਕਾਂ, ਜਿਨ੍ਹਾਂ ਵਿੱਚ ਵਿਦਿਆਰਥੀ ਅਤੇ ਸ਼ਰਧਾਲੂ ਸ਼ਾਮਲ ਹਨ, ਨੂੰ ਕੱਢਿਆ ਹੈ। ਇਹ ਜਹਾਜ਼ 20 ਜੂਨ ਨੂੰ ਰਾਤ 11:30 ਵਜੇ ਨਵੀਂ ਦਿੱਲੀ ਪਹੁੰਚਿਆ ਅਤੇ ਸਕੱਤਰ (CPV Áå¶ OIA) ਅਰੁਣ ਚੈਟਰਜੀ ਨੇ ਵਾਪਸ ਆਉਣ ਵਾਲਿਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ, ਆਪ੍ਰੇਸ਼ਨ ਸਿੰਧੂ ਚੱਲ ਰਿਹਾ ਹੈ। ਈਰਾਨ ਤੋਂ ਭਾਰਤੀਆਂ ਨੂੰ ਲੈ ਕੇ ਵਿਸ਼ੇਸ਼ ਨਿਕਾਸੀ ਉਡਾਣ ਤੜਕਸਾਰ 3 ਵਜੇ ਤੁਰਕਮੇਨਿਸਤਾਨ ਦੇ ਅਸ਼ਗਾਬਤ ਤੋਂ ਨਵੀਂ ਦਿੱਲੀ ਪਹੁੰਚੀ। ਇਸ ਦੇ ਨਾਲ, ਆਪ੍ਰੇਸ਼ਨ ਸਿੰਧੂ ਦੇ ਤਹਿਤ ਹੁਣ ਤੱਕ 517 ਭਾਰਤੀ ਨਾਗਰਿਕ ਈਰਾਨ ਤੋਂ ਘਰ ਵਾਪਸ ਆ ਚੁੱਕੇ ਹਨ।

### ਤਨਖ਼ਾਹ ਭੁਗਤਣ ਤੋਂ ਬਾਅਦ

ਦਿੱਤਾ। ਉਪਰੰਤ 21 ਮਈ 2025 ਨੂੰ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਗਿਆਨੀ ਗੁਰਮੁਖ ਸਿੰਘ ਨੂੰ 11 ਦਿਨਾਂ ਲਈ ਵੱਖ-ਵੱਖ ਸੇਵਾਵਾਂ ਨਿਭਾਉਣ ਦੀ ਧਾਰਮਿਕ ਸਜਾ ਸੁਣਾਈ ਗਈ। ਇਹ ਸਜਾ ਨੂੰ ਮੁਕੰਮਲ ਕਰਨ ਉਪਰੰਤ ਗਿਆਨੀ ਗੁਰਮੁੱਖ ਸਿੰਘ ਨੇ ਆਪਣੀ ਕੀਤੀ ਸੇਵਾ ਦੀ ਜਾਣਕਾਰੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੌਂਪੀ। ਕੀਤੀ ਸੇਵਾ ਦੀ ਜਾਣਕਾਰੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਮੁਖ ਸਿੰਘ ਦੀਆਂ ਪਹਿਲੇ ਦੀ ਤਰ੍ਹਾਂ ਸਾਰੀਆਂ ਸੇਵਾਵਾਂ ਬਹਾਲ ਕਰ ਦਿੱਤੀਆਂ ਤੇ ਗਿਆਨੀ ਗੁਰਮੁਖ ਸਿੰਘ ਨੇ ਸ਼ਨੀਵਾਰ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਦਾ ਚਾਰਜ ਸੰਭਾਲਿਆ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਸਤੰਬਰ 2015 ਵਿੱਚ ਜਦ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ ਸੀ ਤਾਂ ਉਸ ਸਮੇਂ ਪੰਜ ਸਿੰਘ ਸਾਹਿਬਾਨ ਵਿੱਚ ਗਿਆਨੀ ਗੁਰਮੁਖ ਸਿੰਘ ਬਤੌਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸ਼ਾਮਿਲ ਹੋਏ ਸਨ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਤੋਂ ਬਾਅਦ ਸੰਗਤਾਂ ਵੱਲੋਂ ਕੀਤੇ ਵਿਰੋਧ ਕਰਕੇ ਅਤੇ ਗਿਆਨੀ ਗੁਰਮੁਖ ਸਿੰਘ ਵੱਲੋਂ ਸੁਖਬੀਰ ਬਾਦਲ ਦੇ ਖਿਲਾਫ ਜਾਣ ਕਰਕੇ ਗਿਆਨੀ ਗੁਰਮੁਖ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਤੋਂ ਹਟਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਲਗਾ ਦਿੱਤਾ ਗਿਆ ਸੀ।

ਜਿਕਰਯੋਗ ਹੈ ਕਿ 02 ਦਸੰਬਰ 2024 ਵਾਲੇ ਪੰਜ ਸਿੰਘ ਸਾਹਿਬਾਨ ਦੇ ਫੈਸਲੇ ਵਿੱਚ ਗਿਆਨੀ ਗੁਰਮੁੱਖ ਸਿੰਘ ਦੇ ਨਾਲ-ਨਾਲ ਗਿਆਨੀ ਗੁਰਬਚਨ ਸਿੰਘ ਨੂੰ ਵੀ ਸਜ਼ਾ ਸੁਣਾਈ ਗਈ ਸੀ ਤੇ ਦੋਵਾਂ ਉਪਰ ਧਾਰਮਿਕ ਸਮਾਗਮਾਂ 'ਤੇ ਬੋਲਣ ਵਿੱਚ ਰੋਕ ਲਗਾਈ ਗਈ ਸੀ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਗਿਆਨੀ ਗੁਰਬਚਨ ਸਿੰਘ ਤੇ ਗਿਆਨੀ ਗੁਰਮੁਖ ਸਿੰਘ ਵੱਲੋਂ ਸਪਸ਼ਟੀਕਰਨ ਸ੍ਰੀ ਅਕਾਲ ਸਾਹਿਬ ਵਿਖੇ ਭੇਜਿਆ ਗਿਆ ਪ੍ਰੰਤੂ ਇਕੱਲੇ ਗੁਰਮੁਖ ਸਿੰਘ ਦਾ ਸਪਸ਼ਟੀਕਰਨ ਪ੍ਰਵਾਨ ਕਰਕੇ ਉਸਨੂੰ ਧਾਰਮਿਕ ਸਜਾ ਲਗਾ ਕੇ ਬਰੀ ਕਰ ਦਿੱਤਾ ਗਿਆ ਜਦ ਕਿ ਗਿਆਨ ਗੁਰਬਚਨ ਸਿੰਘ ਦਾ ਕੇਸ ਨਹੀਂ ਵਿਚਾਰਿਆ ਗਿਆ। ਕਿਤੇ ਨਾ ਕਿਤੇ ਸਿੱਖ ਸੰਗਤਾਂ ਵਲੋਂ ਇਸ ਮਸਲੇ 'ਤੇ ਵੀ ਜਥੇਦਾਰ ਗੜਗੱਜ 'ਤੇ ਸਵਾਲੀਆ ਚਿੰਨ੍ਹ ਖੜ੍ਹਾ ਹੁੰਦਾ ਹੈ।

### ਮੋਦੀ ਨੇ ਦਿਲਜੀਤ ਦੋਸਾਂਝ ਨੂੰ 'ਐਕਸ' 'ਤੇ

ਇਹ ਪਹਿਲੀ ਵਾਰ ਹੈ ਜਦੋਂ ਮੋਦੀ ਨੇ ਕਿਸੇ ਪੰਜਾਬੀ ਗਾਇਕ ਨੂੰ ਆਪਣੀ ਫਾਲੋਇੰਗ ਲਿਸਟ ਵਿੱਚ ਸ਼ਾਮਲ ਕੀਤਾ ਹੈ। ਫਿਲਹਾਲ ਦਿਲਜੀਤ ਵਲੋਂ ਇਸ ਨੂੰ ਲੈ ਕੇ ਕੋਈ ਅਧਿਕਾਰਿਕ ਪ੍ਰਤਿਕਿਰਿਆ ਨਹੀਂ ਆਈ, ਪਰ ਉਨ੍ਹਾਂ ਦੇ ਲੱਖਾਂ ਚਾਹੁਣ ਵਾਲੇ ਇਸ ਖ਼ਬਰ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਪੰਜਾਬੀ ਪ੍ਰਾਇਡ ਅਤੇ ਦਿਲਜੀਤ ਫਾਰ ਐਵਰ ਵਰਗੇ ਹੈਸ਼ਟੈਗ ਟ੍ਰੈਂਡ ਕਰ ਰਹੇ ਹਨ।

### ਸਿੰਧੂ ਨਦੀ ਦੇ ਪਾਣੀ 'ਤੇ ਭਾਰਤ

ਸੈਲਾਨੀ ਮਾਰੇ ਗਏ ਸਨ। ਅਮਿਤ ਸ਼ਾਹ ਨੇ ਇਸ ਹਮਲੇ ਨੂੰ ਕਸ਼ਮੀਰ ਵਿੱਚ ਸ਼ਾਂਤੀ ਅਤੇ ਸੈਰ-ਸਪਾਟੇ ਨੂੰ ਵਿਗਾੜਨ ਦੀ ਸਾਜ਼ਿਸ਼ ਦੱਸਿਆ। ਹਮਲੇ ਤੋਂ ਬਾਅਦ, ਭਾਰਤ ਨੇ ਪਾਕਿਸਤਾਨ ਵਿਰੁੱਧ ਕਈ ਕੂਟਨੀਤਕ ਕਦਮ ਚੁੱਕੇ, ਜਿਸ ਵਿੱਚ ਪਾਕਿਸਤਾਨੀ ਨਾਗਰਿਕਾਂ ਨੂੰ ਕੱਢਣ ਦਾ ਫੈਸਲਾ ਵੀ ਸ਼ਾਮਲ ਹੈ।

**ਕਾਂਗਰਸ 'ਤੇ ਨਿਸ਼ਾਨਾ:** ਅਮਿਤ ਸ਼ਾਹ ਨੇ ਕਾਂਗਰਸ ਪਾਰਟੀ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਉਨ੍ਹਾਂ ਦੇ ਸ਼ਾਸਨ ਦੌਰਾਨ ਅੱਤਵਾਦ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਪੁੱਛਿਆ ਕਿ ਜਦੋਂ ਕਾਂਗਰਸ ਸੱਤਾ ਵਿੱਚ ਸੀ ਤਾਂ ਅਜਿਹੀ ਸਥਿਤੀ ਵਿੱਚ ਕੀ ਹੋਇਆ ? ਸਿਰਫ਼ ਇੱਕ ਮੰਤਰੀ ਨੂੰ ਬਦਲਣਾ ਕੋਈ ਹੱਲ ਨਹੀਂ ਸੀ।

### ਡੀ.ਜੀ.ਸੀ.ਏ. ਵੱਲੋਂ ਏਅਰ ਇੰਡੀਆ ਨੂੰ

ਕੰਪਨੀ ਦੇ ਚੀਫ ਆਪ੍ਰੇਸ਼ਨਸ ਆਫਿਸਰ ਅਗਲੇ ਹੁਕਮ ਤੱਕ ਇੰਟੀਗ੍ਰੇਟਡ ਆਪ੍ਰੇਸ਼ਨਸ ਕੰਟਰੋਲ ਸੈਂਟਰ ਦੀ ਸਿੱਧੀ ਨਿਗਰਾਨੀ ਕਰਨਗੇ। ਇਹ ਫੈਸਲਾ ਅਹਿਮਦਾਬਾਦ ਵਿਚ 12 ਜੂਨ ਨੂੰ ਹੋਏ ਪਲੇਨ ਕ੍ਰੈਸ਼ ਹਾਦਸੇ ਦੇ ਬਾਅਦ ਲਿਆ ਗਿਆ। ਲੰਦਨ ਜਾ ਰਹੀ ਏਅਰ ਇੰਡੀਆ ਦੀ ਫਲਾਈਟ ਆਈਏ-171 ਉਡਾਣ ਭਰਨ ਦੇ ਤੁਰੰਤ ਬਾਅਦ ਕ੍ਰੈਸ਼ ਹੋ ਗਈ ਸੀ। ਪਲੇਨ ਮੈਡੀਕਲ ਕਾਲਜ ਹੋਸਟਲ ਨਾਲ ਟਕਰਾਇਆ ਸੀ ਜਿਸ ਵਿਚ ਯਾਤਰੀਆਂ ਸਣੇ ਕੁੱਲ 270 ਲੋਕ ਮਾਰੇ ਗਏ ਸਨ। 3 ਅਧਿਕਾਰੀਆਂ 'ਤੇ ਜਿਹੜੇ ਇਲਜ਼ਾਮ ਲੱਗੇ ਹਨ-ਨਿਯਮਾਂ ਖਿਲਾਫ ਜਾ ਕੇ ਕਰੂ ਪੇਅਰਿੰਗ ਕਰਨਾ, ਜ਼ਰੂਰੀ ਉਡਾਣ ਤਜਰਬਾ ਤੇ ਲਾਇਸੈਂਸਿੰਗ ਨਿਯਮਾਂ ਦਾ ਉਲੰਘਣਾ ਕਰਨਾ, ਸ਼ੈਡਿਊਲਿੰਗ ਪ੍ਰੋਟੋਕਾਲ ਦਾ ਪਾਲਣ ਨਾ ਕਰਨਾ। ਏਅਰ ਇੰਡੀਆ ਇਨ੍ਹਾਂ ਅਧਿਕਾਰੀਆਂ ਨੂੰ ਕਰੂ ਸ਼ੈਡਊਲਿੰਗ ਤੇ ਰੋਸਟਰਿੰਗ ਨਾਲ ਜੁੜੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਜਲਦ ਹਟਾਏ। ਇਨ੍ਹਾਂ ਅਧਿਕਾਰੀਆਂ ਖਿਲਾਫ ਇੰਟਰ ਡਿਸਪਲਿਨਰੀ ਐਕਸ਼ਨ ਤੁਰੰਤ ਸ਼ੁਰੂ ਕਰੇ। 10 ਦਿਨਾਂ ਵਿਚ ਡੀ.ਜੀ.ਸੀ.ਏ. ਨੂੰ ਰਿਪੋਰਟ ਦਿਓ। ਇਨ੍ਹਾਂ ਅਧਿਕਾਰੀਆਂ ਨੂੰ ਜਦੋਂ ਤੱਕ ਸੁਧਾਰਾਤਮਕ ਪ੍ਰਕਿਰਿਆ ਪੂਰੀ ਨਹੀਂ ਹੁੰਦੀ ਉਦੋਂ ਤੱਕ ਨਾਨ-ਆਪ੍ਰੇਸ਼ਨਲ ਅਹੁਦਿਆਂ 'ਤੇ ਟਰਾਂਸਫਰ ਕੀਤਾ ਜਾਵੇ ਤੇ ਇਨ੍ਹਾਂ ਨੂੰ ਕਿਸੇ ਫਲਾਈਟ ਸੇਫਟੀ ਜਾਂ ਕਰੂ ਅਨੁਪਾਲਨ ਜੁੜੀ ਪੋਸਟ 'ਤੇ ਕੰਮ ਕਰਨ ਦੀ ਪਰਮਿਸ਼ਨ ਨਾ ਦਿੱਤੀ ਜਾਵੇ। ਭਵਿੱਖ ਵਿਚ ਕਰੂ ਸ਼ੈਡਿਊਲਿੰਗ, ਲਾਇਸੈਂਸਿੰਗ ਜਾਂ ਫਲਾਈਟ ਸਮੇਂ ਨਾਲ ਜੁੜੇ ਕਿਸੇ ਵੀ ਨਿਯਮ ਦਾ ਉਲੰਘਣ ਪਾਇਆ ਗਿਆ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ ਜਿਸ ਵਿਚ ਜੁਰਮਾਨਾ, ਲਾਇਸੈਂਸ, ਮੁਅੱਤਲ ਜਾਂ ਆਪ੍ਰੇਟਰ ਪਰਮਿਸ਼ਨ ਕੈਂਸਲ ਕਰਨਾ ਸ਼ਾਮਲ ਹੋ ਸਕਦਾ ਹੈ।

### ਦੇਸ਼ 'ਚ ਬਣੀਆਂ 186 ਦਵਾਈਆਂ

ਜਾ ਰਹੀਆਂ ਹਨ। ਹਿਮਾਚਲ ਦੇ ਡਰੱਗ ਕੰਟਰੋਲਰ ਮਨੀਸ਼ ਕਪੂਰ ਦੇ ਅਨੁਸਾਰ, ਉਨ੍ਹਾਂ ਸਾਰੀਆਂ ਕੰਪਨੀਆਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ, ਜਿਨ੍ਹਾਂ ਦੇ ਡਰੱਗ ਸੈਂਪਲ ਡਰੱਗ ਅਲਰਟ ਵਿੱਚ ਫੇਲ੍ਹ ਹੋਏ ਹਨ। ਸਬੰਧਤ ਦਵਾਈਆਂ ਦੇ ਸਟਾਕ ਨੂੰ ਬਾਜ਼ਾਰ ਵਿੱਚ ਨਾ ਭੇਜਣ ਦੀਆਂ ਹਦਾਇਤਾਂ ਦਿੱਤੀਆਂ ਜਾਣਗੀਆਂ। ਜਿਨ੍ਹਾਂ ਕੰਪਨੀਆਂ ਦੇ ਦਵਾਈ ਦੇ ਨਮੂਨੇ ਵਾਰ-ਵਾਰ ਫੇਲ੍ਹ ਹੋ ਰਹੇ ਹਨ, ਉਨ੍ਹਾਂ ਦੀ ਪਛਾਣ ਕੀਤੀ ਜਾਵੇਗੀ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਤੁਹਾਨੂੰ ਦੱਸ ਦੇਈਏ ਕਿ ਸੀ.ਡੀ.ਐਸ.ਸੀ.ਓ. ਹਰ ਮਹੀਨੇ ਵੱਖ-ਵੱਖ ਦਵਾਈਆਂ ਜਾਰੀ ਕਰਦਾ ਹੈ। ਹਰ ਮਹੀਨੇ ਦੇਸ਼ ਸਮੇਤ ਹਿਮਾਚਲ ਵਿੱਚ ਵੱਡੀ ਗਿਣਤੀ ਵਿੱਚ ਦਵਾਈਆਂ ਦੇ ਨਮੂਨੇ ਫੇਲ੍ਹ ਹੋ ਰਹੇ ਹਨ। ਸੂਬਾ ਸਰਕਾਰ ਅਤੇ ਡਰੱਗ ਕੰਟਰੋਲਰ ਵਿਭਾਗ ਦੇ ਸਾਰੇ ਦਾਅਵਿਆਂ ਦੇ ਬਾਵਜੂਦ, ਨਮੂਨੇ ਵਾਰ-ਵਾਰ ਫੇਲ੍ਹ ਹੋ ਰਹੇ ਹਨ। ਇਹ ਸਿੱਧੇ ਤੌਰ 'ਤੇ ਮਰੀਜ਼ਾਂ ਦੀ ਜ਼ਿੰਦਗੀ ਨਾਲ ਖੇਡ ਰਿਹਾ ਹੈ।

### ਖ਼ਤਮ ਨਹੀਂ, ਮੁਲਤਵੀ ਹੋਇਆ ਆਪ੍ਰੇਸ਼ਨ

'ਹਜ਼ਾਰ ਜ਼ਖ਼ਮ' ਦੇਣ ਦੀ ਉਸਦੀ ਨੀਤੀ ਕਦੇ ਸਫਲ ਨਹੀਂ ਹੋਵੇਗੀ। ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਵੀ ਇਸ ਯੋਗਾ ਸੈਸ਼ਨ ਵਿੱਚ ਹਿੱਸਾ ਲਿਆ। ਸਿੰਘ ਸ਼ੁੱਕਰਵਾਰ ਨੂੰ ਦੋ ਦਿਨਾਂ ਦੌਰੇ 'ਤੇ ਊਧਮਪੁਰ ਪਹੁੰਚੇ। ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਇਹ ਜੰਮੂ-ਕਸ਼ਮੀਰ ਦਾ ਉਨ੍ਹਾਂ ਦਾ ਦੂਜਾ ਦੌਰਾ ਸੀ। ਉਨ੍ਹਾਂ ਨੇ 15 ਮਈ ਨੂੰ ਕਸ਼ਮੀਰ ਦਾ ਦੌਰਾ ਕੀਤਾ ਸੀ, ਕੁਝ ਦਿਨ ਪਹਿਲਾਂ ਜਦੋਂ ਭਾਰਤ ਅਤੇ ਪਾਕਿਸਤਾਨ ਇੱਕ ਦੂਜੇ ਵਿਰੁੱਧ ਫੌਜੀ ਕਾਰਵਾਈ ਰੋਕਣ 'ਤੇ ਸਹਿਮਤ ਹੋਏ ਸਨ। ਰੱਖਿਆ ਮੰਤਰੀ ਨੇ ਕਿਹਾ, ਆਪ੍ਰੇਸ਼ਨ ਸਿੰਦੂਰ ਅਜੇ ਖਤਮ ਨਹੀਂ ਹੋਇਆ, ਇਸ ਆਪ੍ਰੇਸ਼ਨ ਰਾਹੀਂ, ਅਸੀਂ ਪਾਕਿਸਤਾਨ ਨੂੰ ਦੱਸ ਦਿੱਤਾ ਹੈ ਕਿ ਭਾਰਤ ਵਿੱਚ ਲਗਾਤਾਰ ਅੱਤਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸਦਾ ਜਵਾਬ ਹੋਰ ਵੀ ਮਾੜਾ ਹੋਵੇਗਾ। ਉਨ੍ਹਾਂ ਕਿਹਾ, ਆਪ੍ਰੇਸ਼ਨ ਸਿੰਦੂਰ 2016 ਦੇ ਸਰਜੀਕਲ ਸਟ੍ਰਾਈਕ ਅਤੇ 2019 ਦੇ 'ਹਵਾਈ ਹਮਲੇ' (ਸਰਹੱਦ ਪਾਰ) ਦਾ ਇੱਕ ਵਿਸਤ੍ਰਿਤ ਰੂਪ ਹੈ। ਅਸੀਂ ਪਾਕਿਸਤਾਨ ਨੂੰ ਦੱਸ ਦਿੱਤਾ ਹੈ ਕਿ ਭਾਰਤ ਨੂੰ ਹਜ਼ਾਰ ਜ਼ਖ਼ਮ ਦੇਣ ਦੀ ਉਸਦੀ ਨੀਤੀ ਕਦੇ ਵੀ ਸਫਲ ਨਹੀਂ ਹੋਵੇਗੀ।

**ਚੜ੍ਹਦੀਕਲਾ**
**ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਸੂਬੇ ਲਈ ਇਤਿਹਾਸਕ ਪਲ : ਮੁੱਖ ਮੰਤਰੀ ਵੱਲੋਂ 54,422 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੀ ਪ੍ਰਕਿਰਿਆ ਮੁਕੰਮਲ



ਚੰਡੀਗੜ੍ਹ, 21 ਜੂਨ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਦੀ ਆਪਣੀ ਪਹਿਲਕਦਮੀ ਜਾਰੀ ਰੱਖਦਿਆਂ ਅੱਜ ਤੱਕ ਕੁੱਲ 54,422 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਦੀ ਪ੍ਰਕਿਰਿਆ ਨੂੰ ਮੁਕੰਮਲ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਅੱਜ ਇੱਥੇ 281 ਨਵੇਂ ਚੁਣੇ ਗਏ ਨੌਜਵਾਨਾਂ ਨੂੰ ਨੌਕਰੀ ਪੱਤਰ ਵੰਡਣ ਲਈ ਖੜ੍ਹੇ ਹਨ, ਜੋ ਕਿ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੌਕਰੀਆਂ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ।

ਨਿਯੁਕਤੀ ਪੱਤਰ ਵੰਡਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਭ੍ਰਿਸ਼ਟ ਅਤੇ ਪਿਛਾਂਹਖਿੱਚੂ ਨੀਤੀਆਂ ਨੇ ਸੂਬੇ ਦੇ ਨੌਜਵਾਨਾਂ ਦਾ ਭਵਿੱਖ ਖ਼ਤਰੇ ਵਿੱਚ ਪਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਨੌਜਵਾਨਾਂ ਨੂੰ ਨੌਕਰੀਆਂ ਦੇਰ ਨਾਲ ਮਿਲੀਆਂ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਰੁਜ਼ਗਾਰ ਦੇਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ, ਜਿਸ ਨਾਲ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਹੋਇਆ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਭਾਵੇਂ ਇਨ੍ਹਾਂ ਸਿਆਸੀ ਆਗੂਆਂ ਦੇ ਆਪਣੇ ਪਰਿਵਾਰ ਵਧੀਆ ਢੰਗ ਨਾਲ ਜੀਵਨ ਬਤੀਤ ਕਰ ਰਹੇ ਹਨ, ਪਰ ਉਨ੍ਹਾਂ ਨੇ ਆਮ ਨੌਜਵਾਨਾਂ ਦੇ ਕਰੀਅਰ ਨੂੰ ਨੁਕਸਾਨ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡੀ।

ਮੁੱਖ ਮੰਤਰੀ ਨੇ ਦੱਸਿਆ ਕਿ ਇਸ ਦੇ ਉਲਟ ਮੌਜੂਦਾ ਸੂਬਾ ਸਰਕਾਰ ਨੇ ਪਹਿਲੀ ਅਪ੍ਰੈਲ, 2022 ਤੋਂ ਵੱਖ-ਵੱਖ ਵਿਭਾਗਾਂ ਵਿੱਚ 54,141 ਉਮੀਦਵਾਰਾਂ ਦੀ ਭਰਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਬੈਚ ਦੇ ਨਾਲ ਇਹ ਅੰਕੜਾ ਹੁਣ 54,422 ਤੱਕ ਪਹੁੰਚ ਗਿਆ ਹੈ। ਸਾਲ ਦੇ ਸਭ ਤੋਂ ਲੰਬੇ ਦਿਨ ਵਜੋਂ ਅੱਜ ਦੇ ਦਿਨ ਦੀ ਮਹੱਤਤਾ ਦਸਦਿਆਂ ਅਤੇ ਨਵ-ਨਿਯੁਕਤ ਉਮੀਦਵਾਰਾਂ ਲਈ ਇਸ ਨੂੰ ਇੱਕ ਇਤਿਹਾਸਕ ਦਿਨ ਦੱਸਦਿਆਂ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਉਮੀਦਵਾਰਾਂ ਨੇ ਇਹ ਨੌਕਰੀਆਂ ਸਖ਼ਤ ਮਿਹਨਤ ਨਾਲ ਪ੍ਰਾਪਤ ਕੀਤੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਉਮੀਦਵਾਰਾਂ ਲਈ ਨੌਕਰੀ ਦਾ ਆਖਰੀ ਮੌਕਾ ਨਹੀਂ ਹੈ, ਕਿਉਂਕਿ ਸਰਕਾਰ ਹੋਰ ਬਹੁਤ ਸਾਰੀਆਂ ਸਰਕਾਰੀ ਨੌਕਰੀਆਂ ਦੀ ਪੇਸ਼ਕਸ਼ ਕਰਨ ਦੀ ਤਿਆਰੀ ਕਰ ਰਹੀ ਹੈ।

ਭਗਵੰਤ ਸਿੰਘ ਮਾਨ ਨੇ ਰਵਾਇਤੀ ਸਿਆਸੀ ਆਗੂਆਂ 'ਤੇ ਨਿੱਜੀ ਲਾਭ ਲਈ ਮਿਲੀਭੁਗਤ ਕਰਨ ਅਤੇ ਜਨਤਕ ਤੌਰ 'ਤੇ ਇੱਕ ਦੂਜੇ ਦਾ ਵਿਰੋਧ ਕਰਨ ਦਾ ਦਿਖਾਵਾ ਕਰਨ ਦਾ ਦੋਸ਼ ਲਗਾਇਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਗੂ ਜਨਤਕ ਸਟੇਜਾਂ ਤੋਂ ਇੱਕ ਦੂਜੇ ਵਿਰੁੱਧ ਜ਼ਹਿਰ ਉਗਲਦੇ ਹਨ, ਪਰ ਨਿੱਜੀ ਸਮਾਗਮਾਂ ਵਿੱਚ ਇੱਕ ਦੂਜੇ ਨੂੰ ਜੱਫੀਆਂ ਪਾਉਂਦੇ ਹਨ, ਜਿਸ ਤੋਂ ਉਨ੍ਹਾਂ ਦੇ ਪਖੰਡਾਂ ਦਾ ਪਰਦਾਫਾਸ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਲੋਕ ਸਿਆਸੀ ਮਤਭੇਦਾਂ ਕਾਰਨ ਇੱਕ ਦੂਜੇ ਨਾਲ ਲੜਦੇ ਰਹਿੰਦੇ ਹਨ, ਜਦੋਂ ਕਿ ਸਿਆਸੀ ਆਗੂ ਇੱਕ ਦੂਜੇ ਦੇ ਨਿੱਜੀ ਜਸ਼ਨਾਂ ਵਿੱਚ ਸ਼ਾਮਲ ਹੁੰਦੇ ਹਨ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਸਾਰੀਆਂ ਭਰਤੀਆਂ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ, ਜਿਸ ਵਿੱਚ ਉਮੀਦਵਾਰਾਂ ਨੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੁੱਖ ਏਜੰਡਾ ਨੌਜਵਾਨਾਂ ਨੂੰ ਸ਼ਾਸਨ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਸਸ਼ਕਤ ਬਣਾਉਣਾ ਹੈ, ਇਸ ਤਰ੍ਹਾਂ ਉਹ ਸੂਬੇ ਅਤੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਦੇ ਯੋਗ ਹੋ ਜਾਣਗੇ। ਭਗਵੰਤ ਸਿੰਘ ਮਾਨ ਨੇ ਨਵੇਂ ਉਮੀਦਵਾਰਾਂ ਨੂੰ ਮਿਸ਼ਨਰੀ ਜੋਸ਼ ਨਾਲ ਲੋਕਾਂ ਦੀ ਸੇਵਾ ਕਰਨ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਸਰਕਾਰ ਦਾ ਅਨਿੱਖੜਵਾਂ ਅੰਗ ਦੱਸਿਆ।

ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਕਿ ਨਵ-ਨਿਯੁਕਤ ਉਮੀਦਵਾਰ ਆਪਣੇ ਅਹੁਦਿਆਂ ਦੀ ਵਰਤੋਂ ਗਰੀਬਾਂ ਦੀ ਮੱਦਦ ਕਰਨ ਅਤੇ ਜਨਤਕ ਭਲਾਈ ਵਿੱਚ ਯੋਗਦਾਨ ਪਾਉਣ ਲਈ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਹਵਾਈ ਅੱਡੇ ਦਾ ਰਨਵੇਅ ਜਹਾਜ਼ ਦੀ ਉਡਾਣ ਭਰਨ ਵਿੱਚ ਸਹਾਈ ਹੁੰਦਾ ਹੈ, ਇਸੇ ਤਰ੍ਹਾਂ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਯੋਗ ਬਣਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡ ਕੇ ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਮੱਦਦ ਕਰ ਰਹੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਆਪਣੀ ਪਛਾਣ ਬਣਾਉਣ ਅਤੇ ਸਮਾਜ ਵਿੱਚ ਆਪਣੀ ਛਾਪ ਛੱਡਣ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ।

ਮੁੱਖ ਮੰਤਰੀ ਨੇ ਉਮੀਦਵਾਰਾਂ ਨੂੰ ਜ਼ਮੀਨ ਨਾਲ ਜੁੜੇ ਰਹਿਣ ਅਤੇ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਹੀ ਸਫ਼ਲਤਾ ਦੀ ਅਸਲ ਕੁੰਜੀ ਹੈ। ਉਨ੍ਹਾਂ ਨੇ ਉਮੀਦਵਾਰਾਂ ਨੂੰ ਪੰਜਾਬ ਵਿੱਚ ਰਹਿਣ ਅਤੇ ਰਾਜ ਦੁਆਰਾ ਪੇਸ਼ ਕੀਤੇ ਜਾਣ ਵਾਲੇ ਵਿਆਪਕ ਮੌਕਿਆਂ ਦੀ ਪੜਚੋਲ ਕਰਨ ਦੀ ਅਪੀਲ ਕੀਤੀ। ਯੁਵਾ ਸਸ਼ਕਤੀਕਰਨ ਲਈ ਇੱਕ ਵੱਡੇ ਯਤਨ ਵਜੋਂ ਭਗਵੰਤ ਸਿੰਘ ਮਾਨ ਨੇ ਪੰਜਾਬ ਭਰ ਵਿੱਚ ਯੂ.ਪੀ.ਐਸ.ਸੀ. ਕੋਚਿੰਗ ਸੈਂਟਰਾਂ ਦੀ ਸਥਾਪਨਾ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਕੇਂਦਰਾਂ ਵਿੱਚ ਲਾਇਬ੍ਰੇਰੀਆਂ, ਹੋਸਟਲ ਅਤੇ ਹੋਰ ਜ਼ਰੂਰੀ ਸਹੂਲਤਾਂ ਹੋਣਗੀਆਂ ਤਾਂ ਜੋ ਕੌਮੀ ਪੱਧਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਮਿਆਰੀ ਸਿਖਲਾਈ ਪ੍ਰਦਾਨ ਕੀਤੀ ਜਾ ਸਕੇ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀਆਂ ਇਹ ਯਕੀਨੀ ਬਣਾਉਣਗੀਆਂ ਕਿ ਪੰਜਾਬ ਦੇ ਨੌਜਵਾਨ ਕੌਮੀ ਪੱਧਰ 'ਤੇ ਸਫਲਤਾ ਪ੍ਰਾਪਤ ਕਰਨ ਲਈ ਚੰਗੀ ਤਰ੍ਹਾਂ ਤਿਆਰ ਹਨ। ਉਨ੍ਹਾਂ ਨੇ ਸੱਤ੍ਹਾ ਵਿੱਚ ਆਉਣ ਵਾਲੀਆਂ ਸਿਆਸੀ ਪਾਰਟੀਆਂ ਦੀ ਹਰ ਪੰਜ ਸਾਲਾਂ ਬਾਅਦ ਸੂਬੇ ਨੂੰ ਲੁੱਟਣ ਲਈ 'ਉਤਰ ਕਾਟੋ, ਮੈਂ ਚੜ੍ਹਾਂ' ਦੀ ਰਣਨੀਤੀ ਤਿਆਰ ਕਰਨ ਲਈ ਉਨ੍ਹਾਂ ਦੀ ਆਲੋਚਨਾ ਵੀ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੇ ਹੁਣ ਉਨ੍ਹਾਂ ਦੀ ਸਰਕਾਰ ਨੂੰ ਸੇਵਾ ਕਰਨ ਲਈ ਚੁਣਿਆ ਹੈ ਅਤੇ ਉਹ ਜਨਤਕ ਉਮੀਦਾਂ 'ਤੇ ਖਰ੍ਹਾ ਉਤਰਨ ਲਈ ਸਖਤ ਮਿਹਨਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਰੋਧੀ ਧਿਰ ਦੇ ਨੇਤਾ ਉਨ੍ਹਾਂ ਦੀ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਈਰਖਾ ਕਰਕੇ ਰੋਜਾਨਾ ਉਨ੍ਹਾਂ ਦੀ ਆਲੋਚਨਾ ਕਰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ ਕਿ ਹਰੇਕ ਕਰਮਚਾਰੀ ਨੂੰ ਸਨਮਾਨਜਨਕ ਤਨਖ਼ਾਹ ਮਿਲੇ, ਜਿਸ ਨਾਲ ਉਹ ਸਨਮਾਨ ਨਾਲ ਆਪਣਾ ਜੀਵਨ ਬਤੀਤ ਕਰ ਸਕਣ। ਮੁੱਖ ਮੰਤਰੀ ਨੇ ਦੱਸਿਆ ਕਿ ਅਸੀਂ ਜਾਂ ਸਾਡੇ ਕਿਸੇ ਵੀ ਮੰਤਰੀ ਨੇ ਕਦੇ ਇਹ ਦਾਅਵਾ ਨਹੀਂ ਕੀਤਾ ਕਿ ਖਜਾਨਾ ਖਾਲੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਸੂਬੇ ਦੇ ਵਿਕਾਸ ਲਈ ਇੱਕ-ਇੱਕ ਪੈਸਾ ਵਰਤਿਆ ਜਾ ਰਿਹਾ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਸਾਬਕਾ ਵਿੱਤ ਮੰਤਰੀ ਜਿਸ ਤਰ੍ਹਾਂ ਦੀ ਬਿਆਨਬਾਜੀ ਦੁਹਰਾਉਂਦੇ ਰਹਿੰਦੇ ਸਨ, ਉਸ ਨਾਲ ਸੂਬੇ ਦੇ ਵਿਕਾਸ ਵਿੱਚ ਕਾਫੀ ਔਕੜਾਂ ਪੇਸ਼ ਆਈਆਂ।

# 'ਯੁੱਧ ਨਸ਼ਿਆਂ ਵਿਰੁੱਧ' ਦੇ 112 ਵੇਂ ਦਿਨ 117 ਨਸ਼ਾ ਤਸਕਰ ਗ੍ਰਿਫ਼ਤਾਰ; 7.5 ਕਿਲੋ ਹੈਰੋਇਨ ਅਤੇ 39 ਹਜ਼ਾਰ ਦੀ ਡਰੱਗ ਮਨੀ ਬਰਾਮਦ

ਚੰਡੀਗੜ੍ਹ, 21 ਜੂਨ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ"ਦੇ 112ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 117 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 7.5 ਕਿਲੋ ਹੈਰੋਇਨ, 500 ਗ੍ਰਾਮ ਅਫੀਮ ਅਤੇ 39,640 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 112 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,524 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 481 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 84 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 501 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 74 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਪਟਿਆਲਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਪਟਿਆਲਾ, 21 ਜੂਨ, (ਚ.ਨ.ਸ.) : ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਦੇ ਮਾਣਯੋਗ ਚੇਅਰ ਪਰਸਨ ਸ੍ਰੀਮਤੀ ਰੀਨਾ ਗੁਪਤਾ ਦੇ ਮਾਰਗਦਰਸ਼ਨ ਅਤੇ ਮੈਂਬਰ ਸਕੱਤਰ, ਇੰਜ. ਜੀ.ਐਸ. ਮਜੀਠੀਆ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਮਿਤੀ 21 ਜੂਨ 2025 ਨੂੰ ਮੁੱਖ ਵਾਤਾਵਰਨ ਇੰਜਨੀਅਰ, ਇੰਜ. ਰਾਕੇਸ਼ ਨਈਅਰ ਜੀ ਦੀ ਅਗਵਾਈ ਵਿੱਚ ਮੁੱਖ ਦਫਤਰ, ਪਟਿਆਲਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਬੋਰਡ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਯੋਗ ਦਿਵਸ ਮੌਕੇ 'ਤੇ ਯੋਗਾਚਾਰਿਆ ਜੀ ਵੱਲੋਂ ਤਨ, ਮਨ ਅਤੇ ਆਤਮਾ ਦੀ ਇਕਾਗਰਤਾ ਦੇ ਗੁਰ ਸਿੱਖੇ । ਤਾਂ ਜੋ ਇਸ ਯੁੱਗ ਵਿੱਚ ਬੇਤਹਾਸ਼ਾ ਦੌੜ-ਭੱਜ ਅਤੇ ਤਣਾਅ ਮੁਕਤ ਜੀਵਨ ਜੀਅ ਸਕੀਏ। ਵਿਗਿਆਨ ਤੇ ਤਕਨੀਕ ਦੀ ਸੰਯਮ ਨਾਲ ਵਰਤੋਂ ਕਰਕੇ ਆਪਣੀ ਸਿਹਤ ਅਤੇ ਵਾਤਾਵਰਨ ਨੂੰ ਸਾਫ ਸੁਥਰਾ ਰੱਖ ਕੇ ਆਪਣੇ ਸੰਸਕਾਰਾਂ ਨਾਲ ਵੀ ਜੁੜੇ ਰਹੀਏ। ਯੋਗ ਦਿਵਸ ਮੌਕੇ ਸੀਨੀਅਰ ਵਾਤਾਵਰਨ ਇੰਜੀਨੀਅਰ ਡਾਕਟਰ ਰਾਜੀਵ ਗੁਪਤਾ, ਖੇਤਰੀ ਦਫ਼ਤਰ ਪਟਿਆਲਾ ਦੇ ਵਾਤਾਵਰਨ ਇੰਜੀਨੀਅਰ- ਇੰਜ. ਗੁਰਕਰਨ ਸਿੰਘ, ਪ੍ਰਬੰਧਕੀ ਅਫਸਰ ਹਰਮੇਸ਼ ਸਿੰਘ, ਪੀਏ ਟੂ ਐਮਐਸ ਅਮਰਦੀਪ ਜੌਲੀ, ਏਸੀਐਫਏ- ਅਨਿਲ ਚੌਹਾਨ, ਸਿਸਟਮ ਐਨਾਲਿਸਟ ਅਸ਼ਵਨੀ ਵੈਦ, ਲਾਅ ਅਫਸਰ-ਸੁਮਤੀ ਓਸਵਾਲ, ਏਐਸਓ ਚਰਨ ਸਿੰਘ ਅਤੇ ਪ੍ਰੋਗਰਾਮਰ ਪੀਆਰ ਮਾਧੋ ਰਾਹੀ ਮੌਜੂਦ ਰਹੇ।

# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਚੰਡੀਗੜ੍ਹ, 21 ਜੂਨ, (ਚ.ਨ.ਸ.) : ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿੱਚ ਮਾਣਯੋਗ ਜਸਟਿਸ ਸ੍ਰੀ ਸ਼ੀਲ ਨਾਗੂ, ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀ ਅਗਵਾਈ ਹੇਠ ਅੱਜ ਅੰਤਰਰਾਸ਼ਟਰੀ ਯੋਗ ਦਿਵਸ 2025, ਮਨਾਇਆ ਗਿਆ। ਇਸ ਸਮਾਗਮ ਦਾ ਵਿਸ਼ਾ 'ਯੋਗਾ ਫਾਰ ਵਨ ਅਰਥ ਵਨ ਹੈਲਥ' ਸੀ ਅਤੇ ਇਹ ਦਿਨ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲੇ, ਨਵੀਂ ਦਿੱਲੀ ਤੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਨਾਇਆ ਗਿਆ। ਇਸ ਦੌਰਾਨ ਮਾਣਯੋਗ ਜੱਜ ਸਾਹਿਬਾਨ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਮੈਂਬਰਾਂ, ਹਾਈ ਕੋਰਟ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਹਿੱਸਾ ਲਿਆ ਅਤੇ ਬੜੇ ਉਤਸ਼ਾਹ ਨਾਲ ਵੱਖ-ਵੱਖ ਯੋਗ ਆਸਣ ਅਤੇ ਧਿਆਨ ਸਾਧਨਾ ਕੀਤੀ।

ਇਸ ਮੌਕੇ, ਯੋਗ ਟਰੇਨਰ ਵੱਲੋਂ ਯੋਗਾ , ਜੋ ਪ੍ਰਾਚੀਨ ਭਾਰਤੀ ਪਰੰਪਰਾ ਦਾ ਇੱਕ ਅਨਮੋਲ ਖ਼ਜ਼ਾਨਾ ਹੈ , ਦੇ ਲਾਭਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਯੋਗਾ ਸਰੀਰਕ ਵਿਕਾਸ ਅਤੇ ਮਾਨਸਿਕ ਰਾਹਤ ਦੇ ਨਾਲ-ਨਾਲ ਤਾਕਤ, ਲਚਕੀਲਾਪਣ ਅਤੇ ਰੋਗ-ਪ੍ਰਤੀਰੋਧਕ ਸ਼ਕਤੀ ਦੇ ਵਿਕਾਸ ਵਿੱਚ ਮੱਦਦ ਕਰਦਾ ਹੈ। ਮੌਜੂਦਾ ਸਮਿਆਂ ਵਿੱਚ ,ਇਸ ਦੀ ਅਹਿਮੀਅਤ ਅਤੇ ਪ੍ਰਸੰਗਿਕਤਾ ਹੋਰ ਵੀ ਵੱਧ ਹੈ, ਕਿਉਂ ਕਿ ਪਦਾਰਥਾਂ ਦੀ ਹੋੜ ਵਿੱਚ ਲੱਗੇ ਅਜੋਕੇ ਲੋਕਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਗੰਭੀਰ ਤਣਾਅ ਦੀ ਮਾਰ ਹੇਠ ਹੈ। ਯੋਗਾ ਕਸਰਤ ਬਾਰੇ ਨਹੀਂ ਹੈ ਬਲਕਿ ਆਪਣੇ- ਆਪ, ਸੰਸਾਰ ਅਤੇ ਕੁਦਰਤ ਨਾਲ ਇਕ-ਮਿਕ ਹੋਣ ਦੀ ਭਾਵਨਾ ਦੀ ਖੋਜ ਲਈ ਹੈ।

# ਵੜਿੰਗ ਵੱਲੋਂ ਉਮਰ ਅਬਦੁਲਾ ਦੇ ਪਾਣੀ ਤੋਂ ਨਾਂਹ ਕਰਨ ਵਾਲੇ ਬਿਆਨਾਂ ਦੀ ਨਿੰਦਾ



ਚੰਡੀਗੜ੍ਹ, 21 ਜੂਨ, (ਅੰਮ੍ਰਿਤਪਾਲ ਸਿੰਘ) : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਕਥਿਤ ਬਿਆਨ ਦੀ ਆਲੋਚਨਾ ਕੀਤੀ, ਕਿ ਉਹ ਤਿੰਨ ਜੰਮੂ-ਕਸ਼ਮੀਰ ਦਰਿਆਵਾਂ ਦਾ ਪਾਣੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਨਹੀਂ ਵਗਣ ਦੇਣਗੇ।

ਵੜਿੰਗ ਨੇ ਉਮਰ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਕਿਹਾ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੂੰ ਅਜਿਹੀਆਂ ਟਿੱਪਣੀਆਂ ਕਰਨਾ ਸ਼ੋਭਾ ਨਹੀਂ ਦਿੰਦਾ, ਜਦੋਂ ਕਿ ਪਾਣੀ ਨੂੰ ਪਾਕਿਸਤਾਨ ਜਾਣ ਤੋਂ ਬਚਾਉਣ ਲਈ ਨਹਿਰਾਂ ਬਣਾਉਣ ਦਾ ਪ੍ਰਸਤਾਵ ਰੱਖਿਆ ਗਿਆ ਹੈ।

ਸੂਬਾ ਕਾਂਗਰਸ ਪ੍ਰਧਾਨ ਨੇ ਅਫਸੋਸ ਪ੍ਰਗਟ ਕੀਤਾ, ਕਿ ਉਮਰ ਹੁਣ ਮੁੱਦੇ ਦਾ ਸਿਆਸੀਕਰਨ ਕਰਨ ਅਤੇ ਕੁਝ ਸਿਆਸੀ ਨੰਬਰ ਬਣਾਉਣ ਕੋਸ਼ਿਸ਼ ਕਰ ਰਹੇ ਹਨ। ਜਿਸ 'ਤੇ ਉਨ੍ਹਾਂ ਨੇ ਉਮਰ ਨੂੰ ਪੁੱਛਿਆ ਕਿ ਤੁਸੀਂ ਪਾਣੀ ਨੂੰ ਕਿੱਥੇ ਭੇਜੋਗੇ ਅਤੇ ਤੁਸੀਂ ਨਹਿਰਾਂ ਨੂੰ ਕਿੱਥੇ ਮੋੜੋਗੇ ? ਜਦਕਿ ਪੰਜਾਬ ਨਹਿਰਾਂ ਦੇ ਵਹਾਅ ਦਾ ਕੁਦਰਤੀ ਰਸਤਾ ਹੋਵੇਗਾ।

ਉਨ੍ਹਾਂ ਕਿਹਾ ਕਿ ਜਦੋਂ ਮੁੱਦਾ ਰਾਸ਼ਟਰੀ ਹਿੱਤ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਸੰਵੇਦਨਸ਼ੀਲ ਹੈ, ਤਾਂ ਅਜਿਹੇ ਹਾਲਾਤਾਂ ਵਿੱਚ ਉਕਤ ਬਿਆਨ ਵਿਚ ਸਿਆਸੀ ਪੱਖਪਾਤ ਦਿਖਦਾ ਹੈ। ਇਸ ਤੋਂ ਇਲਾਵਾ, ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੂੰ ਇਸ ਪੜਾਅ 'ਤੇ ਅਜਿਹੀਆਂ ਟਿੱਪਣੀਆਂ ਨਹੀਂ ਕਰਨੀਆਂ ਚਾਹੀਦੀਆਂ ਸਨ ਅਤੇ ਅਸਹਿਮਤੀ ਭਰੇ ਬੋਲ ਨਹੀਂ ਬੋਲਣੇ ਚਾਹੀਦੇ ਸਨ।

# ਪੰਜਾਬ 'ਚ ਬਾਲ ਭਿਖਿਆ ਦੇ ਖ਼ਾਤਮੇ ਲਈ ਸਰਕਾਰ ਦਾ ਸਖ਼ਤ ਐਕਸ਼ਨ, ਬੈਗਰੀ ਐਕਟ 'ਚ ਹੋਵੇਗੀ ਸੋਧ : ਡਾ. ਬਲਜੀਤ ਕੌਰ



ਚੰਡੀਗੜ੍ਹ, 21 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਬਾਲ ਸੁਰੱਖਿਆ ਪ੍ਰਤੀ ਵਚਨਬੱਧ ਹੈ, ਉੱਥੇ ਹੀ ਬੱਚਿਆਂ ਨੂੰ ਭੀਖ ਮੰਗਣ ਦੀ ਭੈੜੀ ਸਮਾਜਿਕ ਕੁਰੀਤੀ ਤੋਂ ਬਚਾਉਣ ਲਈ ਬੇਹਦ ਸੰਵੇਦਨਸ਼ੀਲ ਅਤੇ ਸਖ਼ਤ ਰਵੱਈਆ ਅਪਣਾ ਰਹੀ ਹੈ। ਇਸ ਦਿਸ਼ਾ ਵੱਲ ਵੱਡਾ ਕਦਮ ਚੁੱਕਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਐਲਾਨ ਕੀਤਾ ਹੈ ਕਿ ਪੰਜਾਬ ਬੈਗਰੀ ਐਕਟ (1971) ਵਿੱਚ ਸੋਧਾਂ ਕੀਤੀਆਂ ਜਾਣਗੀਆਂ, ਜਿਨ੍ਹਾਂ ਰਾਹੀਂ ਰੋਡ ਲਾਈਟਾਂ ਅਤੇ ਚੌਂਕਾਂ 'ਤੇ ਭੀਖ ਮੰਗਵਾਉਣ ਵਾਲੇ ਰੈਕੇਟਾਂ, ਮਾਪਿਆਂ ਜਾਂ ਸਰਪ੍ਰਸਤਾਂ ਵਿਰੁੱਧ ਸਖ਼ਤ ਸਜ਼ਾਵਾਂ ਅਤੇ ਭਾਰੀ ਜੁਰਮਾਨਿਆਂ ਦਾ ਉਪਬੰਧ ਕੀਤਾ ਜਾਵੇਗਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਰਾਜ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ 'ਚ ਟਰੈਫਿਕ ਲਾਈਟਾਂ ਅਤੇ ਚੌਂਕਾਂ 'ਤੇ ਭੀਖ ਮੰਗਵਾਉਣ ਵਾਲੇ ਗੁਨਾਹਗਾਰ ਰੈਕਟਾਂ ਦਾ ਪਤਾ ਲਗਾਉਣ ਲਈ ਪੁਲਿਸ ਪ੍ਰਸ਼ਾਸਨ ਦੇ ਨਾਲ ਤਾਲਮੇਲ ਕਰਕੇ ਵਿਸ਼ੇਸ਼ ਟੀਮਾਂ ਬਣਾਉਣ ਦਾ ਫੈਸਲਾ ਕੀਤਾ ਹੈ। ਇਹ ਟੀਮਾਂ ਬੱਚਿਆਂ ਨੂੰ ਰੈਸਕਿਊ ਕਰਕੇ ਉਹਨਾਂ ਦੇ ਪੁਨਰਵਾਸ ਲਈ ਸਰਕਾਰੀ ਸਕੀਮਾਂ ਅਧੀਨ ਉਚਿਤ ਇਲਾਜ, ਸਿੱਖਿਆ ਅਤੇ ਰਿਹਾਇਸ਼ ਉਪਲਬਧ ਕਰਵਾਉਣਗੀਆਂ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ, ਮਾਪੇ ਜਾਂ ਸਰਪ੍ਰਸਤ ਬੱਚਿਆਂ ਤੋਂ ਭੀਖ ਮੰਗਵਾਉਂਦੇ ਹੋਏ ਪਾਏ ਜਾਂਦੇ ਹਨ, ਤਾਂ ਉਨ੍ਹਾਂ ਉੱਤੇ ਜੇ.ਜੇ.ਐਕਟ ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਅਜਿਹੇ ਵਿਅਕਤੀ ਸਜ਼ਾ ਦੇ ਭਾਗੀ ਹੋਣਗੇ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਜੁਲਾਈ 2024 ਤੋਂ ਰਾਜ ਦੇ ਸਾਰੇ ਜ਼ਿਲ੍ਹਿਆਂ 'ਚ ਜੇ.ਜੇ.ਐਕਟ ਤਹਿਤ 'ਪ੍ਰੋਜੈਕਟ ਜੀਵਨਜੋਤ' ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਹੁਣ ਤੱਕ 286 ਬੱਚੇ ਰੈਸਕਿਊ ਕੀਤੇ ਗਏ ਹਨ। ਇਨ੍ਹਾਂ ਬੱਚਿਆਂ ਨੂੰ ਹਰ ਤਰ੍ਹਾਂ ਦੀ ਸੁਰੱਖਿਆ, ਦੇਖਭਾਲ ਸਬੰਧੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਡਾ ਬਲਜੀਤ ਕੌਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਵਿੱਚ ਪੰਜਾਬ ਰਾਜ ਦੇ 5 ਵੱਡੇ ਸ਼ਹਿਰਾਂ ਅਮ੍ਰਿਤਸਰ, ਜਲੰਧਰ, ਲੁਧਿਆਣਾ, ਐਸ.ਏ.ਐਸ. ਨਗਰ ਅਤੇ ਬਠਿੰਡਾ 'ਚ ਪਾਇਲਟ ਪ੍ਰੋਜੈਕਟ ('ਪ੍ਰੋਜੈਕਟ ਸਮਾਇਲ') ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਰਾਹੀਂ ਸੜਕਾਂ, ਬਜ਼ਾਰਾਂ 'ਚ ਭੀਖ ਮੰਗਦੇ ਬੱਚਿਆਂ ਦੀ ਪਛਾਣ ਕਰਕੇ ਉਨ੍ਹਾਂ ਦੇ ਡੀ.ਐਨ.ਏ. ਟੈਸਟ ਕਰਵਾਏ ਜਾਣਗੇ, ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਉਹ ਬੱਚੇ ਕਿਸ ਪਰਿਵਾਰ ਦੇ ਨਾਲ ਸਬੰਧਿਤ ਹਨ, ਤਾਂ ਜੋ ਬਾਲ ਤਸਕਰੀ ਜਾਂ ਮਾਨਵ ਵਪਾਰ ਦੇ ਮਾਮਲੇ ਰੋਕੇ ਜਾ ਸਕਣ।

ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਆਪਣੇ-ਆਪਣੇ ਜ਼ਿਲ੍ਹਿਆਂ ਨੂੰ ਭਿਖਿਆ ਮੁਕਤ ਘੋਸ਼ਿਤ ਕਰਵਾਉਣ ਅਤੇ ਇਸ ਮਾਮਲੇ 'ਚ ਲਗਾਤਾਰ ਨਿਗਰਾਨੀ ਕਰਨ ਦੇ ਵੀ ਆਦੇਸ਼ ਜਾਰੀ ਕੀਤੇ ਹਨ। ਅੰਤ ਵਿੱਚ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਵਚਨਬੱਧਤਾ ਹੈ ਕਿ ਹਰ ਬੱਚੇ ਦਾ ਭਵਿੱਖ ਸੁਰੱਖਿਅਤ ਹੋਵੇ ਅਤੇ ਬਾਲ ਭਿਖਿਆ ਮੁਕਤ ਪੰਜਾਬ ਬਣਾਉਣਾ ਸਾਡਾ ਮੁੱਖ ਉਦੇਸ਼ ਹੈ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਭੀਖ ਵਰਗੀ ਅਜਿਹੀ ਸਮਾਜਿਕ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਅਤੇ ਬੱਚਿਆਂ ਦਾ ਸੁਨਹਿਰਾ ਭਵਿੱਖ ਬਣਾਉਣ ਵਿੱਚ ਸਰਕਾਰ ਦਾ ਵੱਧ ਤੋਂ ਵੱਧ ਸਹਿਯੋਗ ਕਰਨ ਲਈ ਅੱਗੇ ਆਉਣ।

# ਨਵੇਂ ਭਰਤੀ ਹੋਏ ਨੌਜਵਾਨਾਂ ਨੇ ਆਪਣੀ ਕਿਸਮਤ ਬਦਲਣ ਲਈ ਮੁੱਖ ਮੰਤਰੀ ਦੀ ਕੀਤੀ ਸ਼ਲਾਘਾ





ਚੰਡੀਗੜ੍ਹ, 21 ਜੂਨ, (ਚ.ਨ.ਸ.) : ਨਵੇਂ ਭਰਤੀ ਹੋਏ ਨੌਜਵਾਨਾਂ ਨੇ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਪ੍ਰਦਾਨ ਕਰ ਕੇ ਉਨ੍ਹਾਂ ਦੀ ਕਿਸਮਤ ਬਦਲਣ ਲਈ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ।

ਪਟਿਆਲਾ ਤੋਂ ਨਵ-ਨਿਯੁਕਤ ਸਹਾਇਕ ਪ੍ਰੋਫੈਸਰ ਡਾ. ਜਸਵਿੰਦਰ ਨੇ ਨਿਰਪੱਖ ਅਤੇ ਪਾਰਦਰਸ਼ੀ ਭਰਤੀ ਪ੍ਰਕਿਰਿਆ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਉਸ ਨੇ ਕਿਹਾ ਕਿ ਇਹ ਉਸ ਦੇ ਅਤੇ ਉਸ ਦੇ ਪਰਿਵਾਰ ਲਈ ਇੱਕ ਸੁਪਨਾ ਸੀ।

ਸੁਨਾਮ ਤੋਂ ਮਨਪ੍ਰੀਤ ਕੌਰ ਨੇ ਦੱਸਿਆ ਕਿ ਉਸ ਨੇ ਸਰਕਾਰੀ ਨੌਕਰੀ ਦੀ ਆਸ ਲੱਗਭੱਗ ਖਤਮ ਕਰ ਦਿੱਤੀ ਸੀ ਅਤੇ ਵਿਦੇਸ਼ ਜਾਣ ਲਈ ਆਈਲੈਟਸ ਦੀ ਪ੍ਰੀਖਿਆ ਵੀ ਦਿੱਤੀ ਸੀ। ਹਾਲਾਂਕਿ ਸੂਬਾ ਸਰਕਾਰ ਵੱਲੋਂ ਦਿੱਤੇ ਮੌਕੇ ਨੇ ਉਸ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਯੋਗ ਬਣਾਇਆ। ਉਸ ਨੇ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਧਾਰ ਕਲਾਂ, ਪਠਾਨਕੋਟ ਦੇ ਕੁਨਾਲ ਠਾਕੁਰ ਨੇ ਭਰਤੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸੀ ਦੱਸਦਿਆਂ ਇਸ ਦੀ ਸ਼ਲਾਘਾ ਕੀਤੀ। ਉਸ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਸਾਹਮਣੇ ਦੇਖਣਾ ਮਾਣ ਵਾਲੀ ਗੱਲ ਹੈ। ਉਸ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਸੱਚਮੁੱਚ ਬਦਲ ਦਿੱਤਾ ਹੈ।

ਇੱਕ ਹੋਰ ਨਵ-ਨਿਯੁਕਤ ਸਹਾਇਕ ਜ਼ਿਲ੍ਹਾ ਅਟਾਰਨੀ ਨੇ ਵੀ ਪਾਰਦਰਸੀ ਭਰਤੀ ਪ੍ਰਕਿਰਿਆ ਦੀ ਸ਼ਲਾਘਾ ਕੀਤੀ ਅਤੇ ਸੂਬੇ ਦੀ ਸੇਵਾ ਕਰਨ ਦਾ ਮੌਕਾ ਮਿਲਣ 'ਤੇ ਮਾਣ ਪ੍ਰਗਟ ਕੀਤਾ।

ਇੱਕ ਉਮੀਦਵਾਰ ਨੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਨੌਕਰੀ ਦਾ ਤੀਜਾ ਮੌਕਾ ਹੈ। ਉਸ ਨੇ ਕਿਹਾ ਕਿ ਹੁਣ ਉਸ ਨੂੰ ਸਬ ਸਟੇਸਨ ਵਿੱਚ ਜੂਨੀਅਰ ਇੰਜਨੀਅਰ (ਜੇ.ਈ.) ਵਜੋਂ ਨਿਯੁਕਤ ਕੀਤਾ ਗਿਆ ਹੈ, ਜਿਸ ਦਾ ਸਿਹਰਾ ਸੂਬਾ ਸਰਕਾਰ ਦੇ ਸਿਰ ਬੱਝਦਾ ਹੈ।

ਜਲੰਧਰ ਤੋਂ ਆਏ ਇਕ ਉਮੀਦਵਾਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਇੱਕ ਫੌਜੀ ਦਾ ਪੁੱਤਰ ਹੈ ਅਤੇ ਉਸ ਦੇ ਪਿਤਾ ਨੂੰ ਹਾਲ ਹੀ ਵਿੱਚ ਦਿਲ ਦਾ ਦੌਰਾ ਪਿਆ ਸੀ ਅਤੇ ਉਹ ਹਸਪਤਾਲ ਵਿੱਚ ਦਾਖਲ ਹਨ। ਉਸ ਨੇ ਕਿਹਾ ਕਿ ਉਸ ਦੇ ਪਿਤਾ ਠੀਕ ਹੋਣੇ ਸੁਰੂ ਹੋ ਗਏ ਹਨ ਅਤੇ ਉਸ ਨੇ ਇਸ ਨਿਯੁਕਤੀ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਬਠਿੰਡਾ ਦੇ ਕੌਸਲ ਸ਼ਰਮਾ ਨੇ ਪੁਸ਼ਟੀ ਕੀਤੀ। ਕਿ ਪੂਰੀ ਭਰਤੀ ਪ੍ਰਕਿਰਿਆ ਸੱਚਮੁੱਚ ਪਾਰਦਰਸ਼ੀ ਸੀ। ਉਸ ਨੇ 54,000 ਤੋਂ ਵੱਧ ਨੌਜਵਾਨਾਂ ਨੂੰ ਸੂਬੇ ਦੇ ਵਿਕਾਸ ਦਾ ਅਨਿੱਖੜਵਾਂ ਅੰਗ ਬਣਾਉਣ ਲਈ ਨੌਕਰੀਆਂ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

ਪੀ.ਐਸ.ਪੀ.ਸੀ.ਐਲ. ਵਿੱਚ ਜੇ.ਈ. ਵਜੋਂ ਚੁਣੇ ਗਏ ਅਬੋਹਰ ਤੋਂ ਇੱਕ ਹੋਰ ਉਮੀਦਵਾਰ ਨੇ ਇਸ ਨੂੰ ਆਪਣੀ ਜ਼ਿੰਦਗੀ ਦਾ ਸੁਨਹਿਰੀ ਪਲ ਦੱਸਿਆ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਨੌਕਰੀ ਨਿਰੋਲ ਮੈਰਿਟ ਦੇ ਆਧਾਰ 'ਤੇ ਮਿਲੀ ਅਤੇ ਮੁੱਖ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਨੇ ਹਜ਼ਾਰਾਂ ਲੋਕਾਂ ਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਬਦਲੀ ਹੈ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਵਿੱਤ ਵਿਭਾਗ ਨੇ ਕੇਂਦਰੀ ਯੋਜਨਾਵਾਂ ਦਾ ਪੈਸਾ ਲੈਣ ਲਈ ਸਾਰੇ ਵਿਭਾਗਾਂ 'ਤੇ ਪਾਇਆ ਦਬਾਅ, ਸੀਨੀਅਰ ਅਧਿਕਾਰੀਆਂ ਨੇ ਜਤਾਈ ਨਰਾਜ਼ਗੀ



ਚੰਡੀਗੜ੍ਹ, 21 ਜੂਨ, (ਚ.ਨ.ਸ.) : ਵਿੱਤ ਵਿਭਾਗ ਦੇ ਦਬਾਅ ਕਾਰਨ ਪੰਜਾਬ ਦੇ ਵਿਭਾਗੀ ਅਧਿਕਾਰੀ ਇਨ੍ਹੀਂ ਦਿਨੀਂ ਬਹੁਤ ਪਰੇਸ਼ਾਨ ਹਨ। ਕੱਲ੍ਹ ਵੀ ਵਿਭਾਗ ਦੇ ਮੁਖੀ ਕ੍ਰਿਸ਼ਨ ਕੁਮਾਰ ਨੇ ਸਾਰੇ ਵਿਭਾਗਾਂ ਦੇ ਨੋਡਲ ਅਧਿਕਾਰੀਆਂ 'ਤੇ ਕੇਂਦਰ ਸਰਕਾਰ ਤੋਂ ਆਪਣੇ ਵਿਭਾਗਾਂ ਦੀਆਂ ਯੋਜਨਾਵਾਂ ਤਹਿਤ ਪ੍ਰਾਪਤ ਗ੍ਰਾਂਟਾਂ ਤੇ ਪੈਸੇ ਨਾ ਮਿਲਣ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਇਹ ਪਹਿਲੀ ਵਾਰ ਨਹੀਂ ਹੈ, ਉਨ੍ਹਾਂ ਪਹਿਲਾਂ ਵੀ ਕਈ ਵਾਰ ਨੋਡਲ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਕੇਂਦਰ ਸਰਕਾਰ ਤੋਂ ਪੈਸੇ ਜਾਰੀ ਕਰਵਾਉਣ 'ਚ ਢਿੱਲ-ਮੱਠ ਕਰਦੇ ਰਹੇ ਹਨ ਅਤੇ ਆਪਣੇ ਵਿਭਾਗ ਨਾਲ ਸਬੰਧਤ ਕੇਂਦਰੀ ਮੰਤਰਾਲੇ ਦੇ ਅਧਿਕਾਰੀਆਂ 'ਤੇ ਪੈਸੇ ਜਾਰੀ ਕਰਵਾਉਣ ਲਈ ਦਬਾਅ ਨਹੀਂ ਬਣਾਉਂਦੇ। ਪੰਜਾਬ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ, ਜੋ ਕਿ ਇਕ ਵਿਭਾਗ ਦੇ ਪ੍ਰਮੁੱਖ ਸਕੱਤਰ ਹਨ ਅਤੇ ਉਨ੍ਹਾਂ ਦੇ ਵਿਭਾਗ ਨੂੰ ਕਈ ਕੇਂਦਰੀ ਯੋਜਨਾਵਾਂ ਤੋਂ ਪੈਸੇ ਮਿਲਦੇ ਹਨ, ਦਾ ਕਹਿਣਾ ਹੈ ਕਿ ਇਸ ਤਰ੍ਹਾਂ ਨੋਡਲ ਅਧਿਕਾਰੀਆਂ 'ਤੇ ਨਾਰਾਜ਼ਗੀ ਜ਼ਾਹਰ ਕਰਨਾ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਭਾਗੀ ਅਧਿਕਾਰੀ ਆਪਣੇ ਵਿਭਾਗਾਂ 'ਤੇ ਲਗਾਤਾਰ ਦਬਾਅ ਪਾਉਂਦੇ ਹਨ, ਕਿ ਉਹ ਆਪਣੇ ਵਿਭਾਗਾਂ ਦਾ ਪੈਸਾ ਜਾਰੀ ਕਰਵਾਉਣ ਪਰ ਜੇਕਰ ਕੋਈ ਪੈਸਾ ਜਾਰੀ ਨਹੀਂ ਕਰਦਾ ਹੈ ਤਾਂ ਨੋਡਲ ਅਧਿਕਾਰੀਆਂ 'ਤੇ ਗੁੱਸਾ ਕਰਨ ਦੀ ਕੀ ਲੋੜ ਹੈ ? ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲੇ ਪਹਿਲਾਂ ਵੀ ਸਾਹਮਣੇ ਆਏ ਹਨ। ਨੋਡਲ ਅਫਸਰਾਂ ਤੋਂ ਬਾਅਦ ਵਿਭਾਗ ਦੇ ਪ੍ਰਮੁੱਖ ਸਕੱਤਰ ਤੇ ਮੰਤਰੀ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲਿਆਂ ਨੂੰ ਪੈਸੇ ਜਾਰੀ ਕਰਨ ਦੀ ਬੇਨਤੀ ਕਰਦੇ ਰਹੇ ਹਨ ਅਤੇ ਜੇਕਰ ਉਹ ਸਫਲ ਨਹੀਂ ਹੁੰਦੇ ਤਾਂ ਮੁੱਖ ਮੰਤਰੀ ਖੁਦ ਪ੍ਰਧਾਨ ਮੰਤਰੀ, ਵਿੱਤ ਮੰਤਰੀ ਜਾਂ ਸਬੰਧਤ ਵਿਭਾਗ ਦੇ ਮੰਤਰੀ ਆਦਿ ਨੂੰ ਮਿਲ ਕੇ ਕੇਂਦਰੀ ਯੋਜਨਾਵਾਂ ਲਈ ਪੈਸਾ ਜਾਰੀ ਕਰਦੇ ਹਨ। ਪਰ ਵਿੱਤ ਵਿਭਾਗ ਦੇ ਅਧਿਕਾਰੀ ਕਦੇ ਵੀ ਨੋਡਲ ਅਧਿਕਾਰੀਆਂ ਨੂੰ ਪਰੇਸ਼ਾਨ ਨਹੀਂ ਕਰਦੇ। ਉਨ੍ਹਾਂ ਦਾ ਕੰਮ ਯੋਜਨਾਵਾਂ ਲਈ ਪੈਸਾ ਜਾਰੀ ਕਰਨ 'ਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ।

ਜ਼ਿਕਰਯੋਗ ਹੈ ਕਿ ਜਦੋਂ ਤੋਂ ਕ੍ਰਿਸ਼ਨ ਕੁਮਾਰ ਨੇ ਵਿੱਤ ਵਿਭਾਗ ਦਾ ਕਾਰਜਭਾਰ ਸੰਭਾਲਿਆ ਹੈ, ਨੋਡਲ ਅਧਿਕਾਰੀਆਂ 'ਤੇ ਇਹ ਦਬਾਅ ਵਧਣਾ ਸ਼ੁਰੂ ਹੋ ਗਿਆ ਹੈ। ਕ੍ਰਿਸ਼ਨ ਕੁਮਾਰ ਨੂੰ ਬਹੁਤ ਸਖ਼ਤ ਅਧਿਕਾਰੀ ਮੰਨਿਆ ਜਾਂਦਾ ਹੈ। ਦਰਅਸਲ, ਪਹਿਲੀ ਤਿਮਾਹੀ ਲੰਘਣ ਦੇ ਬਾਵਜੂਦ, ਜ਼ਿਆਦਾਤਰ ਕੇਂਦਰੀ ਯੋਜਨਾਵਾਂ ਲਈ ਪੈਸਾ ਅਜੇ ਤੱਕ ਜਾਰੀ ਨਹੀਂ ਕੀਤਾ ਗਿਆ ਹੈ। ਜਦੋਂ ਕੇਂਦਰੀ ਬਜਟ ਪਾਸ ਹੁੰਦਾ ਹੈ, ਤਾਂ ਸਬੰਧਤ ਰਾਜ ਕੇਂਦਰ ਸਰਕਾਰ 'ਤੇ ਦਬਾਅ ਪਾਉਂਦੇ ਹਨ ਕਿ ਉਹ ਯੋਜਨਾਵਾਂ ਦੇ ਆਪਣੇ ਹਿੱਸੇ ਦੀਆਂ ਪਹਿਲੀਆਂ ਕਿਸ਼ਤਾਂ ਜਾਰੀ ਕਰਵਾ ਸਕਣ। ਇੱਕ ਹੋਰ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਜਿਨ੍ਹਾਂ ਰਾਜਾਂ ਵਿੱਚ ਭਾਜਪਾ ਦੀ ਸਰਕਾਰ ਨਹੀਂ ਹੈ, ਉਨ੍ਹਾਂ ਨੂੰ ਯੋਜਨਾਵਾਂ ਲਈ ਪੈਸਾ ਜਾਰੀ ਕਰਵਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਕ੍ਰਿਸ਼ਨ ਕੁਮਾਰ ਵਿਭਾਗਾਂ ਦੇ ਨੋਡਲ ਅਫਸਰਾਂ 'ਤੇ ਦਬਾਅ ਪਾ ਰਹੇ ਹਨ ਤਾਂ ਇਹ ਸਹੀ ਨਹੀਂ ਹੈ। ਉਨ੍ਹਾਂ ਨੂੰ ਵਿਭਾਗ ਦੇ ਮੰਤਰੀ ਜਾਂ ਮੁੱਖ ਸਕੱਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਤਾਂ ਜੋ ਸੂਬਾ ਸਰਕਾਰ ਸਬੰਧਤ ਮੰਤਰਾਲਿਆਂ ਨੂੰ ਲਿਖ ਸਕੇ। ਜ਼ਿਕਰਯੋਗ ਹੈ ਕਿ ਪੰਜਾਬ ਲੰਬੇ ਸਮੇਂ ਤੋਂ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਅਤੇ ਮੌਜੂਦਾ 'ਆਪ' ਸਰਕਾਰ ਆਪਣੇ ਕਾਰਜਕਾਲ ਦੇ ਚੌਥੇ ਸਾਲ 'ਚ ਦਾਖ਼ਲ ਹੋ ਚੁੱਕੀ ਹੈ। ਉਹ ਵੱਧ ਤੋਂ ਵੱਧ ਕੰਮ ਕਰਵਾ ਕੇ ਆਪਣੀ ਸਥਿਤੀ ਮਜ਼ਬੂਤ ਕਰਨਾ ਚਾਹੁੰਦੀ ਹੈ। ਪਰ ਸੂਬਾ ਸਰਕਾਰ ਵਿੱਤੀ ਸੰਕਟ ਕਾਰਨ ਕੇਂਦਰੀ ਯੋਜਨਾਵਾਂ ਦਾ ਕੋਈ ਵੀ ਪੈਸਾ ਲੈਪਸ ਨਹੀਂ ਹੋਣ ਦੇਣਾ ਚਾਹੁੰਦੀ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਸਾਲ 5444 ਕਰੋੜ ਰੁਪਏ ਦੀ ਸਬਸਿਡੀ ਜਾਰੀ ਨਾ ਹੋਣ ਕਾਰਨ ਬਿਜਲੀ ਖੇਤਰ 'ਚ ਰੀਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ ਤਹਿਤ ਪ੍ਰਾਪਤ ਗ੍ਰਾਂਟ ਰੋਕ ਦਿੱਤੀ ਗਈ ਸੀ, ਜਿਸ ਕਾਰਨ ਸਰਕਾਰ ਨੇ ਇਸ ਤਿਮਾਹੀ ਵਿੱਚ ਵਾਧੂ ਕਰਜ਼ਾ ਲੈ ਕੇ ਬਿਜਲੀ ਦੀ ਸਾਰੀ ਬਕਾਇਆ ਸਬਸਿਡੀ ਦਾ ਭੁਗਤਾਨ ਕਰ ਦਿੱਤਾ ਹੈ। ਹੁਣ ਜਿੱਥੇ ਸਰਕਾਰ ਨੂੰ ਬਿਜਲੀ ਖੇਤਰ ਲਈ 0.50 ਪ੍ਰਤੀਸ਼ਤ ਵਾਧੂ ਕਰਜ਼ਾ ਮਿਲੇਗਾ, ਉੱਥੇ ਹੀ ਇਸ ਖੇਤਰ ਲਈ ਗ੍ਰਾਂਟ ਵੀ ਮਿਲੇਗੀ। ਇਸ ਵਿੱਤੀ ਸਾਲ ਵਿੱਚ ਕੇਂਦਰੀ ਯੋਜਨਾਵਾਂ ਵਿੱਚ 11748 ਕਰੋੜ ਰੁਪਏ ਮਿਲਣੇ ਹਨ।

# 50,000 ਰੁਪਏ ਰਿਸ਼ਵਤ ਲੈਂਦਾ ਰਿਕਵਰੀ ਏਜੰਟ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ



ਚੰਡੀਗੜ੍ਹ, 21 ਜੂਨ, (ਚ.ਨ.ਸ.) : ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ, ਪੰਜਾਬ ਗ੍ਰਾਮੀਣ ਬੈਂਕ ਨਾਲ ਸਬੰਧਤ ਇੱਕ ਰਿਕਵਰੀ ਏਜੰਟ ਜਤਿੰਦਰ ਪਾਲ ਪਿਪਲਾਨੀ ਨੂੰ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 50000 ਰੁਪਏ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਅੰਮ੍ਰਿਤਸਰ ਦੇ ਛੇਹਰਟਾ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ ਹੈ ਅਤੇ ਦੱਸਿਆ ਕਿ ਪੰਜਾਬ ਗ੍ਰਾਮੀਣ ਬੈਂਕ ਨੇ ਮਕਾਨ ਕਰਜ਼ੇ ਦੀ ਅਦਾਇਗੀ ਸਮੇਂ ਸਿਰ ਨਾ ਕਰਨ ਕਾਰਨ, ਉਸਦੀ ਜਾਇਦਾਦ ਨੂੰ ਗੈਰ-ਕਾਰਗੁਜ਼ਾਰੀ ਸੰਪਤੀ ਘੋਸ਼ਿਤ ਕਰ ਦਿੱਤਾ ਸੀ ਅਤੇ ਬਕਾਇਆ ਕਰਜ਼ੇ ਦੀ ਰਕਮ ਦੀ ਵਸੂਲੀ ਲਈ ਦੋਸ਼ੀ ਰਿਕਵਰੀ ਏਜੰਟ ਨੂੰ ਰਿਕਵਰੀ ਫਾਈਲ ਸੌਂਪੀ ਦਿੱਤੀ ਸੀ। ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਧਮਕੀ ਦਿੱਤੀ ਸੀ ਕਿ ਉਹ ਪੁਲਿਸ ਪਾਰਟੀ ਨਾਲ ਮਿਲ ਕੇ ਉਸਦੇ ਘਰ 'ਤੇ ਜ਼ਬਰਦਸਤੀ ਕਬਜ਼ਾ ਕਰ ਲਵੇਗਾ ਅਤੇ ਕੇਸ ਨੂੰ ਉਸਦੇ ਹੱਕ ਵਿੱਚ ਨਿਪਟਾਉਣ ਲਈ ਬੈਂਕ ਮੈਨੇਜਰ ਦੇ ਨਾਂ 'ਤੇ 2,00,000 ਰੁਪਏ ਦੀ ਰਿਸ਼ਵਤ ਮੰਗੀ ਹੈ। ਸ਼ਿਕਾਇਤਕਰਤਾ ਨੇ ਅੱਗੇ ਕਿਹਾ ਕਿ ਉਕਤ ਏਜੰਟ ਉਸ ਕੋਲੋਂ ਪਹਿਲੀ ਕਿਸ਼ਤ ਵਜੋਂ 50,000 ਰੁਪਏ ਪਹਿਲਾਂ ਹੀ ਲੈ ਚੁੱਕਾ ਹੈ ਅਤੇ ਹੁਣ ਬੈਂਕ ਮੈਨੇਜਰ ਲਈ ਬਾਕੀ 1,50,000 ਰੁਪਏ ਰਿਸ਼ਵਤ ਦੀ ਰਕਮ ਦੇਣ ਲਈ ਦਬਾਅ ਪਾ ਰਿਹਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਉਕਤ ਰਿਕਵਰੀ ਏਜੰਟ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 50000 ਰੁਪਏ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ, ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ, ਅੰਮ੍ਰਿਤਸਰ ਰੇਂਜ ਵਿਖੇ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਦੌਰਾਨ ਬੈਂਕ ਮੈਨੇਜਰ ਦੀ ਭੂਮਿਕਾ ਦੀ ਪੜਤਾਲ ਕੀਤੀ ਜਾਵੇਗੀ।

## ਸੰਪਾਦਕੀ

# ਸੰਕਟ ਅਤੇ ਗੱਲਬਾਤ

ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਵਧਦਾ ਜਾ ਰਿਹਾ ਹੈ । ਦੋਵਾਂ ਦੇਸ਼ਾਂ ਨੇ ਇੱਕ ਦੂਜੇ 'ਤੇ ਹਮਲੇ ਤੇਜ਼ ਕਰਨ ਦੀ ਚੇਤਾਵਨੀ ਦਿੱਤੀ ਹੈ । ਹਾਲਾਂਕਿ ਅਮਰੀਕਾ ਨੇ ਯੁੱਧ ਵਿੱਚ ਸ਼ਾਮਲ ਹੋਣ ਦਾ ਫੈਸਲਾ ਲੈਣ ਲਈ ਦੋ ਹਫ਼ਤਿਆਂ ਦੀ ਸਮਾਂ ਸੀਮਾ ਨਿਰਧਾਰਤ ਕੀਤੀ ਹੈ, ਪਰ ਉਸ ਵੱਲੋਂ ਅਜਿਹੀ ਕੋਈ ਪਹਿਲ ਨਹੀਂ ਕੀਤੀ ਜਾ ਰਹੀ ਹੈ ਜੋ ਦਰਸਾਉਂਦੀ ਹੈ ਕਿ ਉਹ ਟਕਰਾਅ ਤੋਂ ਬਚਣਾ ਚਾਹੁੰਦਾ ਹੈ । ਇਜ਼ਰਾਈਲ ਕਹਿੰਦਾ ਹੈ ਕਿ ਉਹ ਟੀਚਾ ਪ੍ਰਾਪਤ ਹੋਣ ਤੱਕ ਨਹੀਂ ਰੁਕੇਗਾ, ਪਰ ਕੀ ਇਹ ਸੰਭਵ ਹੈ ? ਅਮਰੀਕਾ ਅਤੇ ਇਜ਼ਰਾਈਲ ਦਾ ਮੰਨਣਾ ਹੈ ਕਿ ਈਰਾਨ ਨੇ ਪ੍ਰਮਾਣੂ ਬੰਬ ਬਣਾਉਣ ਦੀ ਸਮਰੱਥਾ ਹਾਸਲ ਕਰ ਲਈ ਹੈ ਅਤੇ ਜੇਕਰ ਇਸਨੂੰ ਨਾ ਰੋਕਿਆ ਗਿਆ, ਤਾਂ ਪੂਰੀ ਦੁਨੀਆ ਖ਼ਤਰੇ ਵਿੱਚ ਪੈ ਜਾਵੇਗੀ । ਇਜ਼ਰਾਈਲ ਨੇ ਈਰਾਨ 'ਤੇ ਹਵਾਈ ਹਮਲੇ ਇਹ ਕਹਿ ਕੇ ਸ਼ੁਰੂ ਕੀਤੇ ਕਿ ਉਹ ਇਸ ਖ਼ਤਰੇ ਨੂੰ ਖਤਮ ਕਰਨਾ ਚਾਹੁੰਦਾ ਹੈ । ਪਰ, ਇਸ ਟੀਚੇ ਬਾਰੇ ਸਭ ਤੋਂ ਵੱਡਾ ਸ਼ੱਕ ਇਹ ਹੈ ਕਿ ਕੀ ਈਰਾਨ ਸੱਚਮੁੱਚ ਪ੍ਰਮਾਣੂ ਸ਼ਕਤੀ ਬਣਨ ਦੇ ਨੇੜੇ ਹੈ, ਕਿਉਂਕਿ ਪੱਛਮ ਦੇ ਬਹੁਤ ਸਾਰੇ ਮਾਹਰ ਅਜਿਹਾ ਨਹੀਂ ਸੋਚਦੇ। ਇਜ਼ਰਾਈਲ ਈਰਾਨ ਵਿੱਚ ਅਯਾਤੁੱਲਾ ਅਲੀ ਖਮੇਨੀ ਦੇ ਸ਼ਾਸਨ ਦਾ ਅੰਤ ਚਾਹੁੰਦਾ ਹੈ। ਹਾਲਾਂਕਿ, ਨਾ ਤਾਂ ਡੋਨਾਲਡ ਟਰੰਪ ਅਤੇ ਨਾ ਹੀ ਨੇਤਨਯਾਹੂ ਇਸ ਗੱਲ ਦੀ ਗਰੰਟੀ ਦੇ ਸਕਦੇ ਹਨ ਕਿ ਸਮੱਸਿਆ ਦਾ ਹੱਲ ਖਮੇਨੀ ਨੂੰ ਹਟਾ ਕੇ ਕੀਤਾ ਜਾਵੇਗਾ । ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਨਵੀਂ ਹਕੂਮਤ ਨੂੰ ਪ੍ਰਮਾਣੂ ਸ਼ਕਤੀ ਬਣਨ ਵਿੱਚ ਕੋਈ ਦਿਲਚਸਪੀ ਨਹੀਂ ਹੋਵੇਗੀ, ਉਹ ਵੀ ਜਦੋਂ ਉਸ ਕੋਲ ਅਮਰੀਕਾ ਅਤੇ ਇਜ਼ਰਾਈਲ ਵਾਂਗ ਲੋੜੀਂਦੇ ਸਰੋਤ ਹਨ। ਹਵਾਈ ਹਮਲਿਆਂ ਜਾਂ ਜ਼ਮੀਨ 'ਤੇ ਸਿੱਧੀ ਲੜਾਈ ਨਾਲ ਬੁਨਿਆਦੀ ਢਾਂਚਾ ਤਬਾਹ ਹੋ ਸਕਦਾ ਹੈ, ਪਰ ਈਰਾਨੀ ਵਿਗਿਆਨੀਆਂ ਨੇ ਸਾਲਾਂ ਦੀ ਸਖ਼ਤ ਮਿਹਨਤ ਨਾਲ ਹਾਸਲ ਕੀਤੇ ਤਕਨੀਕੀ ਗਿਆਨ ਨੂੰ ਨਹੀਂ । ਅਜਿਹੀ ਸਥਿਤੀ ਵਿੱਚ ਜੇਕਰ ਵਿਦੇਸ਼ੀ ਦਬਾਅ ਹੇਠ ਲਿਆਂਦੀ ਗਈ ਤਬਦੀਲੀ ਈਰਾਨ ਨੂੰ ਹੋਰ ਕੱਟੜਤਾ ਵੱਲ ਲੈ ਜਾਂਦੀ ਹੈ, ਤਾਂ ਅਮਰੀਕਾ ਜਾਂ ਇਜ਼ਰਾਈਲ ਕੋਲ ਕੀ ਜਵਾਬ ਹੋਵੇਗਾ ? ਅਸਲੀਅਤ ਵਿੱਚ ਇਹ ਕੰਮ ਈਰਾਨੀ ਲੋਕਾਂ 'ਤੇ ਛੱਡ ਦੇਣਾ ਚਾਹੀਦਾ ਹੈ, ਤਬਦੀਲੀ ਦੀ ਮੰਗ ਉੱਥੋਂ ਉੱਠਣੀ ਚਾਹੀਦੀ ਹੈ । ਇਰਾਕ, ਲੀਬੀਆ, ਸੀਰੀਆ - ਬਹੁਤ ਸਾਰੀਆਂ ਉਦਾਹਰਣਾਂ ਹਨ, ਜਿੱਥੇ ਪੱਛਮੀ ਸ਼ਕਤੀਆਂ ਨੇ ਆਪਣੀ ਇੱਛਾ ਅਨੁਸਾਰ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ । ਨਤੀਜਾ ਕਿਤੇ ਵੀ ਉਮੀਦਾਂ ਅਨੁਸਾਰ ਨਹੀਂ ਸੀ । ਇਹ ਦੇਸ਼ ਅੱਜ ਵੀ ਅਸਥਿਰ ਹਨ । ਤਹਿਰਾਨ ਬਾਰੇ ਕੋਈ ਵੀ ਦਲੇਰੀ ਈਰਾਨ ਨੂੰ ਵੀ ਇਨ੍ਹਾਂ ਦੇਸ਼ਾਂ ਦੀ ਸ਼੍ਰੇਣੀ ਵਿੱਚ ਲਿਆ ਸਕਦੀ ਹੈ । ਇਸ ਟਕਰਾਅ ਵਿੱਚ ਅਜੇ ਵੀ ਕੁਝ ਸਕਾਰਾਤਮਕ ਗੱਲਾਂ ਹਨ - ਅਮਰੀਕਾ ਅਜੇ ਤੱਕ ਮੈਦਾਨ ਵਿੱਚ ਨਹੀਂ ਉਤਰਿਆ ਹੈ ਅਤੇ ਯੂਰਪ ਆਪਣੇ ਪੱਖ ਤੋਂ ਕੋਸ਼ਿਸ਼ ਕਰ ਰਿਹਾ ਹੈ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਦਾ ਕਹਿਣਾ ਹੈ ਕਿ ਕੋਈ ਵੀ ਗੱਲਬਾਤ ਇਜ਼ਰਾਈਲੀ ਹਮਲੇ ਬੰਦ ਹੋਣ ਤੋਂ ਬਾਅਦ ਹੀ ਹੋਵੇਗੀ । ਇਸ ਸੰਕਟ ਨੂੰ ਟਾਲਣ ਦਾ ਇਹ ਇੱਕੋ ਇੱਕ ਤਰੀਕਾ ਹੈ - ਗੱਲਬਾਤ । ਨਹੀਂ ਤਾਂ ਇਹ ਜੰਗ ਕੋਈ ਹੋਰ ਰਾਹ ਵੀ ਪਕੜ ਸਕਦੀ ਹੈ ਅਤੇ ਇਸ ਦੀ ਲਪੇਟ ਵਿਚ ਹੋਰ ਮੁਲਕ ਵੀ ਆ ਸਕਦੇ ਹਨ । ਇਸ ਸਮੇਂ ਰੂਸ ਅਤੇ ਯੂਕਰੇਨ ਦਾ ਯੁੱਧ ਚੱਲ ਰਿਹਾ ਹੈ । ਭਾਰਤ ਅਤੇ ਪਾਕਿਸਤਾਨ ਵਿਚਾਲੇ ਇਕ ਛੋਟਾ ਟਕਰਾਓ ਹੋ ਚੁੱਕਾ ਹੈ। ਇਸ ਕਾਰਨ ਬਹੁਤ ਸਾਰੇ ਮੁਲਕ ਕੋਈ ਨਾ ਕੋਈ ਬਹਾਨਾ ਬਣਾ ਕੇ ਇਕ ਦੂਜੇ ਨਾਲ ਭਿੜ ਸਕਦੇ ਹਨ।

-ਜਗਜੀਤ ਸਿੰਘ ਦਰਦੀ

---

**ਅਮਰੀਕਾ ਇਜ਼ਰਾਈਲ ਦੀ ਈਰਾਨ ਵਿੱਚ ਸੱਤਾ ਬਦਲਣ ਦੀ ਜ਼ਿੱਦ**

# ਈਰਾਨ ਵਿੱਚ ਰਜੀਮ ਚੇਂਜ ਤੇ ਅਲੀ ਖ਼ਾਮਨੇਈ ਦੀ ਸੱਤਾ ਦੀ ਤਾਕਤ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅਮਰੀਕਾ ਇਜ਼ਰਾਈਲ ਤੇ ਈਰਾਨ ਦੇ ਸੰਘਰਸ਼ ਵਿੱਚ ਇਜ਼ਰਾਈਲ ਤੇ ਅਮਰੀਕਨਾਂ ਦਾ ਇਹ ਕਹਿਣਾ ਕਿ ਹੁਣ ਈਰਾਨ ਵਿੱਚ ਰਜੀਮ ਚੇਂਜ ਹੋਣਾ ਚਾਹੀਦਾ ਹੈ ਅਰਥਾਤ ਸਿੱਧੇ ਸ਼ਬਦਾਂ ਵਿੱਚ ਕਿਹਾ ਜਾਏ ਤਾਂ ਅਲੀ ਖ਼ਾਮਨੇਈ ਦੀ ਸੱਤਾ ਨੂੰ ਉਖਾੜ ਕੇ ਇਕ ਨਵਾਂ ਰਾਜਤੰਤਰ ਸਥਾਪਿਤ ਕਰਨਾ ਹੈ ਪ੍ਰੰਤੂ ਅੱਜ ਇਹ ਦੁਨੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਵੇਖਣਾ ਇਹ ਹੈ ਕਿ ਕੀ ਸੱਚਮੁੱਚ ਐਨਾ ਆਸਾਨ ਹੈ ਕਿ ਉਹ ਆਦਮੀ ਜਿਸ ਨੇ ਵਰ੍ਹਿਆਂ ਦੀ ਕਰੜੀ ਮਿਹਨਤ ਦੇ ਨਾਲ ਇਕ ਅਯਾਸ਼ ਸਾਮਰਾਜ ਤੇ ਅਮਰੀਕਾ ਪੱਖੀ ਸਾਮਰਾਜ ਨੂੰ ਇਸਲਾਮੀ ਰਾਜ ਦੇ ਵਿੱਚ ਬਦਲਿਆ ਕੀ ਉਸ ਦੀ ਤਾਕਤ ਅੱਜ ਘੱਟ ਗਈ ਹੈ। ਇਹਨਾਂ ਸਾਰੇ ਸਵਾਲਾਂ ਦਾ ਜਵਾਬ ਅਸੀਂ ਇਥੇ ਡਿਸਕਸ ਕਰਾਂਗੇ ਪਰੰਤੂ ਇਸ ਤੋਂ ਪਹਿਲਾਂ ਕਿ ਅੱਜ ਵੀ ਈਰਾਨ ਵਿੱਚ ਸੁਪਰੀਮ ਪਾਵਰ ਅਲੀ ਖ਼ਾਮਨੇਈ ਦੇ ਪਾਸ ਹੀ ਹੈ। ਈਰਾਨ ਵਿੱਚ ਰੀਜਿਮ ਬਦਲਣ ਦੀ ਚੁਣੌਤੀ ਈਰਾਨ ਤੇ ਅਮਰੀਕਾ ਦੀ ਵੱਡੀ ਮੰਗ ਹੈ। ਅਯਾਤੁੱਲਾ ਰੂਹੋਲਾ ਖੋਮੇਨੀ ਦਾ ਇਤਿਹਾਸ, ਅਯਾਤੁੱਲਾ ਅਲੀ ਖ਼ਾਮਨੇਈ ਦੀ ਇਜ਼ਰਾਈਲ-ਈਰਾਨ ਸੰਘਰਸ਼ ਵਿੱਚ ਭੂਮਿਕਾ ਅਤੇ ਈਰਾਨੀ ਵਿਰਾਸਤ ਤੇ ਰਾਜਨੀਤੀ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਅਸੀਂ ਦੇਖ ਸਕਦੇ ਹਾਂ ਕਿ ਸੱਤਾ ਦਾ ਕੇਂਦਰ ਖ਼ਾਮਨੇਈ ਸੁਪਰੀਮ ਕਮਾਂਡਰ ਹੈ।

ਈਰਾਨ, ਜਿਸ ਨੂੰ ਇਤਿਹਾਸਕ ਤੌਰ 'ਤੇ ਪਰਸ਼ੀਆ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇੱਕ ਅਜਿਹਾ ਮੁਲਕ ਹੈ, ਜਿਸ ਦੀ ਸਭਿਅਤਾ ਹਜ਼ਾਰਾਂ ਸਾਲ ਪੁਰਾਣੀ ਹੈ। ਇਸ ਦੀ ਸਿਆਸੀ ਅਤੇ ਸਭਿਆਚਾਰਕ ਵਿਰਾਸਤ ਨੇ ਵਿਸ਼ਵ ਇਤਿਹਾਸ ਨੂੰ ਡੂੰਘੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ। 20ਵੀਂ ਸਦੀ ਦੇ ਅਖੀਰ ਵਿੱਚ ਈਰਾਨੀ ਇਨਕਲਾਬ (1979) ਨੇ ਨਾ ਸਿਰਫ ਈਰਾਨ ਦੀ ਸਿਆਸੀ ਦਿਸ਼ਾ ਬਦਲੀ, ਸਗੋਂ ਇਸ ਦੀ ਸਮਾਜਿਕ ਅਤੇ ਅੰਤਰਰਾਸ਼ਟਰੀ ਸਥਿਤੀ ਨੂੰ ਵੀ ਨਵਾਂ ਰੂਪ ਦਿੱਤਾ।

ਇਸ ਇਨਕਲਾਬ ਦੇ ਕੇਂਦਰ ਵਿੱਚ ਸੀ ਅਯਾਤੁੱਲਾ ਰੂਹੋਲਾ ਖੋਮੇਨੀ, ਜਿਸ ਦੀ ਵਿਚਾਰਧਾਰਾ ਅਤੇ ਲੀਡਰਸ਼ਿਪ ਨੇ ਈਰਾਨ ਨੂੰ ਇੱਕ ਇਸਲਾਮੀ ਗਣਰਾਜ ਵਜੋਂ ਸਥਾਪਿਤ ਕੀਤਾ ਸੀ। ਅੱਜ, ਅਯਾਤੁੱਲਾ ਅਲੀ ਖ਼ਾਮਨੇਈ, ਈਰਾਨ ਦੇ ਸੁਪਰੀਮ ਲੀਡਰ ਵਜੋਂ ਨਾ ਸਿਰਫ਼ ਦੇਸ਼ ਦੀ ਸਿਆਸਤ ਦੀ ਅਗਵਾਈ ਕਰ ਰਹੇ ਹਨ, ਸਗੋਂ ਇਜ਼ਰਾਈਲ-ਈਰਾਨ ਸੰਘਰਸ਼ ਵਿੱਚ ਵੀ ਕੇਂਦਰੀ ਚਰਿੱਤਰ ਹਨ। ਪਰ ਸਵਾਲ ਇਹ ਹੈ ਕਿ ਕੀ ਈਰਾਨ ਵਿੱਚ ਰੀਜਿਮ ਬਦਲਣਾ ਸੌਖਾ ਹੈ? ਅਤੇ ਕੀ ਈਰਾਨ ਦੀ ਸਾਰੀ ਵਿਰਾਸਤ ਅਤੇ ਰਾਜਨੀਤੀ ਸਿਰਫ ਖ਼ਾਮਨੇਈ ਅਤੇ ਖ਼ਾਮਨੇਈ ਦੇ ਆਸੇ-ਪਾਸੇ ਹੀ ਘੁੰਮਦੀ ਹੈ।

ਈਰਾਨ ਵਿੱਚ ਰੀਜਿਮ ਬਦਲਣ ਦੀ ਚੁਣੌਤੀ ਵੱਲ ਦੇਖ ਕੇ ਲੱਗਦਾ ਹੈ ਕਿ ਈਰਾਨ ਵਿੱਚ ਰੀਜਿਮ ਬਦਲਣਾ ਅਤਿ ਮੁਸ਼ਕਲ ਅਤੇ ਜਟਿਲ ਪ੍ਰਕਿਰਿਆ ਹੈ। ਇਸ ਦੇ ਪਿੱਛੇ ਕਈ ਇਤਿਹਾਸਕ, ਸਿਆਸੀ ਅਤੇ ਸਮਾਜਿਕ ਕਾਰਨ ਹਨ।

ਈਰਾਨ ਦੇ ਇਸਲਾਮੀ ਗਣਰਾਜ ਦੀ ਸਥਾਪਨਾ 1979 ਦੇ ਈਰਾਨੀ ਇਨਕਲਾਬ ਨੇ ਮੁਹੰਮਦ ਰਜ਼ਾ ਪਹਿਲਵੀ ਦੀ ਸ਼ਾਹੀ ਹਕੂਮਤ ਨੂੰ ਖਤਮ ਕਰਕੇ ਇੱਕ ਇਸਲਾਮੀ ਗਣਰਾਜ ਸਥਾਪਿਤ ਕੀਤਾ। ਇਹ ਇਨਕਲਾਬ ਅਯਾਤੁੱਲਾ ਖੋਮੇਨੀ ਦੀ ਵਿਚਾਰਧਾਰਾ ਵਿਲਾਯਤ-ਏ-ਫ਼ਕੀਹ (ਇਸਲਾਮੀ ਕਾਨੂੰਨ ਦੇ ਮਾਹਰ ਦੀ ਸਰਵਉੱਚਤਾ) 'ਤੇ ਅਧਾਰਿਤ ਸੀ। ਇਸ ਵਿਚਾਰਧਾਰਾ ਨੇ ਸੁਪਰੀਮ ਲੀਡਰ ਨੂੰ ਸਰਕਾਰ ਦਾ ਸਭ ਤੋਂ ਸ਼ਕਤੀਸ਼ਾਲੀ ਅਹੁਦਾ ਬਣਾਇਆ, ਜੋ ਸੈਨਿਕ, ਸਿਆਸੀ, ਅਤੇ ਧਾਰਮਿਕ ਨੀਤੀਆਂ ਨੂੰ ਨਿਯੰਤਰਿਤ ਕਰਦਾ ਹੈ।

ਸੁਪਰੀਮ ਲੀਡਰ ਦੀ ਸ਼ਕਤੀ ਜੋ ਅੱਜ ਅਯਾਤੁੱਲਾ ਅਲੀ ਖ਼ਾਮਨੇਈ ਹਨ, ਦੇਸ਼ ਦੀ ਸਿਆਸਤ ਅਤੇ ਸੈਨਾ 'ਤੇ ਪੂਰਾ ਨਿਯੰਤਰਣ ਰੱਖਦੇ ਹਨ। ਉਹ ਸੈਨਾ, ਨਿਆਂਪਾਲਿਕਾ, ਅਤੇ ਮੀਡੀਆ 'ਤੇ ਸਿੱਧਾ ਅਸਰ ਪਾਉਂਦੇ ਹਨ। ਇਸਲਾਮੀ ਰੈਵੋਲਿਊਸ਼ਨਰੀ ਗਾਰਡ ਕੋਰ (IRGC) ਵਰਗੀ ਸੰਸਥਾ ਸੁਪਰੀਮ ਲੀਡਰ ਦੇ ਅਧੀਨ ਕੰਮ ਕਰਦੀ ਹੈ, ਜੋ ਕਿਸੇ ਵੀ ਅੰਦਰੂਨੀ ਜਾਂ ਬਾਹਰੀ ਵਿਰੋਧ ਨੂੰ ਕੁਚਲਣ ਦੀ ਸਮਰੱਥਾ ਰੱਖਦੀ ਹੈ। ਉਹਨਾਂ ਦੀਆਂ ਸਮਾਜਿਕ ਅਤੇ ਧਾਰਮਿਕ ਜੜ੍ਹਾਂ ਈਰਾਨ ਦੀ ਜਨਤਾ ਵਿੱਚ ਸ਼ੀਆ ਇਸਲਾਮੀ ਪ੍ਰਭਾਵ ਹੈ। ਖ਼ਾਮਨੇਈ ਦੀ ਵਿਚਾਰਧਾਰਾ ਨੇ ਸ਼ੀਆ ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਇਸਲਾਮੀ ਗਣਰਾਜ ਦੇ ਸਮਰਥਨ ਵਿੱਚ ਲਾਮਬੰਦ ਕੀਤਾ, ਹਾਲਾਂਕਿ, ਨੌਜਵਾਨ ਪੀੜ੍ਹੀ ਅਤੇ ਸ਼ਹਿਰੀ ਮੱਧ ਵਰਗ ਵਿੱਚ ਅਸੰਤੁਸ਼ਟੀ ਵਧ ਰਹੀ ਹੈ, ਪਰ ਧਾਰਮਿਕ ਸੰਸਥਾਵਾਂ ਅਤੇ IRGC ਦੀ ਮੌਜੂਦਗੀ ਕਿਸੇ ਵੀ ਵੱਡੇ ਵਿਰੋਧੀ ਅੰਦੋਲਨ ਨੂੰ ਦਬਾਉਣ ਵਿੱਚ ਸਫਲ ਰਹੀਆਂ ਹਨ।

ਅੰਦਰੂਨੀ ਵਿਰੋਧ ਦੀ ਕਮਜ਼ੋਰੀ ਕਾਰਨ 2009 ਦੀ ਗ੍ਰੀਨ ਮੂਵਮੈਂਟ ਅਤੇ 2022 ਦੇ ਮਹਸਾ ਅਮੀਨੀ ਵਿਰੋਧ ਪ੍ਰਦਰਸ਼ਨਾਂ ਨੇ ਸਰਕਾਰ ਵਿਰੁੱਧ ਜਨਤਕ ਅਸੰਤੁਸ਼ਟੀ ਨੂੰ ਪ੍ਰਗਟ ਕੀਤਾ, ਪਰ ਇਹ ਅੰਦੋਲਨ ਸੰਗਠਿਤ ਨਹੀਂ ਸਨ ਅਤੇ ਸਰਕਾਰ ਦੀ ਸਖਤੀ ਨੇ ਇਨ੍ਹਾਂ ਨੂੰ ਕੁਚਲ ਦਿੱਤਾ। ਈਰਾਨ ਵਿੱਚ ਕੋਈ ਮਜ਼ਬੂਤ ਵਿਰੋਧੀ ਪਾਰਟੀ ਜਾਂ ਸੰਗਠਨ ਨਹੀਂ ਹੈ ਜੋ ਸਰਕਾਰ ਨੂੰ ਚੁਣੌਤੀ ਦੇ ਸਕੇ।

ਬਾਹਰੀ ਦਬਾਅ ਕਾਰਨ ਅਮਰੀਕਾ ਅਤੇ ਇਜ਼ਰਾਈਲ ਵਰਗੇ ਦੇਸ਼ਾਂ ਦੀਆਂ ਪਾਬੰਦੀਆਂ ਅਤੇ ਸਿਆਸੀ ਦਬਾਅ ਨੇ ਈਰਾਨ ਦੀ ਅਰਥਵਿਵਸਥਾ ਨੂੰ ਕਮਜ਼ੋਰ ਕੀਤਾ ਹੈ, ਪਰ ਇਸ ਨੇ ਸਰਕਾਰ ਨੂੰ ਅੰਦਰੂਨੀ ਏਕਤਾ ਦਾ ਬਹਾਨਾ ਵੀ ਦਿੱਤਾ ਹੈ।

ਸੰਖੇਪ ਵਿੱਚ, ਈਰਾਨ ਦੀ ਸਿਆਸੀ ਵਿਵਸਥਾ, ਸੁਪਰੀਮ ਲੀਡਰ ਦੀ ਸ਼ਕਤੀ, IRGC ਦੀ ਮੌਜੂਦਗੀ ਅਤੇ ਸਮਾਜ ਦੀ ਧਾਰਮਿਕ-ਸਭਿਆਚਾਰਕ ਬੁਨਿਆਦ ਰੀਜਿਮ ਬਦਲਣ ਨੂੰ ਲਗਭਗ ਅਸੰਭਵ ਬਣਾਉਂਦੀ ਹੈ, ਜਦੋਂ ਤੱਕ ਕੋਈ ਵੱਡੀ ਅੰਦਰੂਨੀ ਜਾਂ ਬਾਹਰੀ ਸੰਕਟ ਪੈਦਾ ਨਾ ਹੋਵੇ।

ਅਯਾਤੁੱਲਾ ਰੂਹੋਲਾ ਖੋਮੇਨੀ ਦਾ ਇਤਿਹਾਸ ਦੇਖਿਆ ਜਾਵੇ ਤਾਂ ਇਹ ਸਭ ਅਯਾਤੁੱਲਾ ਰੂਹੋਲਾ ਖੋਮੇਨੀ (1902–1989) ਈਰਾਨੀ ਇਨਕਲਾਬ ਦੇ ਮੁਖੀ ਅਤੇ ਇਸਲਾਮੀ ਗਣਰਾਜ ਦੇ ਸੰਸਥਾਪਕ ਸਨ। ਉਨ੍ਹਾਂ ਦੀ ਜ਼ਿੰਦਗੀ ਅਤੇ ਵਿਚਾਰਧਾਰਾ ਨੇ ਈਰਾਨ ਦੀ ਸਿਆਸਤ ਨੂੰ ਬਦਲ ਦਿੱਤਾ।

ਖ਼ਾਮਨੇਈ ਦਾ ਜਨਮ 1902 ਵਿੱਚ ਈਰਾਨ ਦੇ ਖੋਮ ਸ਼ਹਿਰ ਵਿੱਚ ਹੋਇਆ। ਉਹ ਇੱਕ ਸ਼ੀਆ ਧਾਰਮਿਕ ਪਰਿਵਾਰ ਨਾਲ ਸਬੰਧਤ ਸਨ ਅਤੇ ਛੋਟੀ ਉਮਰ ਵਿੱਚ ਹੀ ਇਸਲਾਮੀ ਅਧਿਐਨ ਵਿੱਚ ਰੁਚੀ ਲੈਣ ਲੱਗੇ। ਉਨ੍ਹਾਂ ਨੇ ਕੁਮ ਸ਼ਹਿਰ ਦੀਆਂ ਹੌਜ਼ਾ-ਏ-ਇਲਮੀਆ (ਧਾਰਮਿਕ ਸਕੂਲ) ਵਿੱਚ ਪੜ੍ਹਾਈ ਕੀਤੀ ਅਤੇ ਜਲਦੀ ਹੀ ਇੱਕ ਪ੍ਰਮੁੱਖ ਸ਼ੀਆ ਵਿਦਵਾਨ ਵਜੋਂ ਸਥਾਪਿਤ ਹੋਏ।

ਸ਼ਾਹ ਦੇ ਵਿਰੋਧ ਦੀ ਸ਼ੁਰੂਆਤ 1960 ਦੇ ਦਹਾਕੇ ਵਿੱਚ, ਖ਼ਾਮਨੇਈ ਨੇ ਮੁਹੰਮਦ ਰਜ਼ਾ ਸ਼ਾਹ ਪਹਿਲਵੀ ਦੀਆਂ ਪੱਛਮੀਕਰਨ ਨੀਤੀਆਂ, ਜਿਵੇਂ ਕਿ ਵ੍ਹਾਈਟ ਰੈਵੋਲਿਊਸ਼ਨ ਦਾ ਵਿਰੋਧ ਸ਼ੁਰੂ ਕੀਤਾ। ਸ਼ਾਹ ਦੀਆਂ ਨੀਤੀਆਂ ਨੂੰ ਉਹ ਇਸਲਾਮ ਅਤੇ ਈਰਾਨੀ ਸਭਿਆਚਾਰ ਵਿਰੁੱਧ ਮੰਨਦੇ ਸਨ। 1963 ਵਿੱਚ ਉਨ੍ਹਾਂ ਦੇ ਭਾਸ਼ਣਾਂ ਨੇ ਸਰਕਾਰ ਵਿਰੁੱਧ ਵੱਡੇ ਪ੍ਰਦਰਸ਼ਨ ਸ਼ੁਰੂ ਕਰਵਾਏ, ਜਿਸ ਕਾਰਨ ਉਨ੍ਹਾਂ ਨੂੰ 1964 ਵਿੱਚ ਦੇਸ਼ ਨਿਕਾਲਾ ਦਿੱਤਾ ਗਿਆ ਸੀ।

ਦੇਸ਼ ਨਿਕਾਲਾ ਅਤੇ ਵਿਚਾਰਧਾਰਾ ਦੇ ਨਾਲ ਤੁਰਕੀ ਅਤੇ ਫਿਰ ਇਰਾਕ ਦੇ ਨਜਫ਼ ਸ਼ਹਿਰ ਵਿੱਚ ਦੇਸ਼ ਨਿਕਾਲੇ ਦੌਰਾਨ, ਖੋਮੇਨੀ ਨੇ ਵਿਲਾਯਤ-ਏ-ਫ਼ਕੀਹ ਦੀ ਥਿਊਰੀ ਵਿਕਸਿਤ ਕੀਤੀ, ਜਿਸ ਅਨੁਸਾਰ ਇਸਲਾਮੀ ਕਾਨੂੰਨ ਦੇ ਮਾਹਰ ਨੂੰ ਸਰਕਾਰ ਦੀ ਅਗਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਦੀਆਂ ਰਿਕਾਰਡ ਕੀਤੀਆਂ ਤਕਰੀਰਾਂ ਨੂੰ ਈਰਾਨ ਵਿੱਚ ਗੁਪਤ ਰੂਪ ਵਿੱਚ ਵੰਡਿਆ ਜਾਂਦਾ ਸੀ, ਜਿਸ ਨੇ ਸ਼ਾਹ ਵਿਰੁੱਧ ਜਨਤਕ ਅਸੰਤੁਸ਼ਟੀ ਨੂੰ ਹਵਾ ਦਿੱਤੀ।

ਸੁਪਰੀਮ ਲੀਡਰ ਵਜੋਂ ਖ਼ਾਮਨੇਈ ਦੇਸ਼ ਦੀ ਸਿਆਸੀ ਅਤੇ ਸੈਨਿਕ ਨੀਤੀਆਂ ਦਾ ਸਰਵਉੱਚ ਨਿਰਣਾਇਕ ਹਨ। ਉਹ IRGC ਅਤੇ ਈਰਾਨ ਦੀ ਵਿਦੇਸ਼ ਨੀਤੀ ਨੂੰ ਸਿੱਧੇ ਨਿਯੰਤਰਿਤ ਕਰਦੇ ਹਨ। ਇਜ਼ਰਾਈਲ ਵਿਰੁੱਧ ਈਰਾਨ ਦੀ ਨੀਤੀ, ਜਿਸ ਵਿੱਚ ਪ੍ਰੌਕਸੀ ਸਮੂਹਾਂ (ਹਿਜ਼ਬੁੱਲਾ, ਹਮਾਸ) ਨੂੰ ਸਮਰਥਨ ਸ਼ਾਮਲ ਹੈ, ਖ਼ਾਮਨੇਈ ਦੀ ਨਿਗਰਾਨੀ ਹੇਠ ਹੈ। ਇਜ਼ਰਾਈਲ ਵਿਰੋਧੀ ਵਿਚਾਰਧਾਰਾ ਨੂੰ ਅੱਗੇ ਵਧਾਇਆ, ਜਿਸ ਵਿੱਚ ਇਜ਼ਰਾਈਲ ਨੂੰ ਗੈਰ-ਕਾਨੂੰਨੀ ਜ਼ਾਇਓਨਿਸਟ ਸਟੇਟ ਮੰਨਿਆ ਜਾਂਦਾ ਹੈ। ਉਨ੍ਹਾਂ ਦੀਆਂ ਤਕਰੀਰਾਂ ਵਿੱਚ ਅਕਸਰ ਇਜ਼ਰਾਈਲ ਦੀ ਸਥਾਪਨਾ ਨੂੰ ਮੱਧ ਪੂਰਬ ਵਿੱਚ ਅਸਥਿਰਤਾ ਦਾ ਮੁੱਖ ਕਾਰਨ ਦੱਸਿਆ ਜਾਂਦਾ ਹੈ। ਈਰਾਨ ਦੀ ਫਿਲਸਤੀਨ ਸਮਰਥਕ ਨੀਤੀ ਅਤੇ ਹਿਜ਼ਬੁੱਲਾ ਵਰਗੇ ਸਮੂਹਾਂ ਨੂੰ ਹਥਿਆਰ ਸਪਲਾਈ ਕਰਨਾ ਖ਼ਾਮਨੇਈ ਦੀ ਰਣਨੀਤੀ ਦਾ ਹਿੱਸਾ ਹੈ।

ਯੁੱਧ ਅਤੇ ਖੇਤਰੀ ਪ੍ਰਭਾਵਿਤ ਈਰਾਨ ਨੇ ਸੀਰੀਆ, ਲੇਬਨਾਨ, ਯਮਨ ਅਤੇ ਇਰਾਕ ਵਿੱਚ ਪ੍ਰੌਕਸੀ ਸਮੂਹਾਂ ਨੂੰ ਸਮਰਥਨ ਦੇ ਕੇ ਮੱਧ ਪੂਰਬ ਵਿੱਚ ਆਪਣਾ ਪ੍ਰਭਾਵ ਵਧਾਇਆ ਹੈ। ਇਹ ਸਮੂਹ, ਜਿਵੇਂ ਕਿ ਲੇਬਨਾਨ ਦੀ ਹਿਜ਼ਬੁੱਲਾ, ਇਜ਼ਰਾਈਲ ਵਿਰੁੱਧ ਈਰਾਨ ਦੀ ਰਣਨੀਤੀ ਦਾ ਮੁੱਖ ਹਿੱਸਾ ਹਨ।

ਖ਼ਾਮਨੇਈ ਦੀ ਅਗਵਾਈ ਵਿੱਚ, ਈਰਾਨ ਨੇ ਇਜ਼ਰਾਈਲ ਨੂੰ ਘੇਰਨ ਦੀ ਨੀਤੀ ਅਪਣਾਈ ਹੈ। ਈਰਾਨ ਦਾ ਪਰਮਾਣੂ ਪ੍ਰੋਗਰਾਮ ਇਜ਼ਰਾਈਲ-ਈਰਾਨ ਸੰਘਰਸ਼ ਦਾ ਇੱਕ ਮੁੱਖ ਮੁੱਦਾ ਹੈ। ਖ਼ਾਮਨੇਈ ਨੇ ਵਾਰ-ਵਾਰ ਕਿਹਾ ਹੈ ਕਿ ਈਰਾਨ ਦਾ ਪਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਉਦੇਸ਼ਾਂ ਲਈ ਹੈ, ਪਰ ਇਜ਼ਰਾਈਲ ਅਤੇ ਪੱਛਮੀ ਦੇਸ਼ ਇਸ ਨੂੰ ਖ਼ਤਰੇ ਵਜੋਂ ਦੇਖਦੇ ਹਨ। ਖ਼ਾਮਨੇਈ ਦੀ ਨੀਤੀ ਨੇ ਇਸ ਮੁੱਦੇ 'ਤੇ ਅੜੀਅਲ ਰੁਖ ਅਪਨਾਇਆ ਹੈ, ਜਿਸ ਨੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਹੈ। ਖ਼ਾਮਨੇਈ ਨੇ ਇਜ਼ਰਾਈਲ ਅਤੇ ਅਮਰੀਕਾ ਵਿਰੁੱਧ ਨੀਤੀਆਂ ਨੂੰ ਅੰਦਰੂਨੀ ਸਥਿਰਤਾ ਦੇ ਸਾਧਨ ਵਜੋਂ ਵਰਤਿਆ ਹੈ। ਬਾਹਰੀ ਦੁਸ਼ਮਣਾਂ ਦੇ ਨਾਮ 'ਤੇ ਉਹ ਜਨਤਾ ਦੀ ਧਿਆਨ ਨੂੰ ਅਰਥਵਿਵਸਥਾ ਅਤੇ ਮਨੁੱਖੀ ਅਧਿਕਾਰਾਂ ਵਰਗੇ ਅੰਦਰੂਨੀ ਮੁੱਦਿਆਂ ਤੋਂ ਹਟਾਉਂਦੇ ਹਨ।

ਇਹ ਸਭ ਕੁੱਝ ਸੱਚ ਹੈ ਕਿ ਅੱਜ ਈਰਾਨ ਦੀ ਵਿਰਾਸਤ ਅਤੇ ਰਾਜਨੀਤੀ: ਕੀ ਸਭ ਕੁਝ ਖੋਮੇਨੀ ਅਤੇ ਖ਼ਾਮਨੇਈ ਦੇ ਆਸੇ-ਪਾਸੇ ਹੈ। ਈਰਾਨ ਦੀ ਵਿਰਾਸਤ ਅਤੇ ਰਾਜਨੀਤੀ ਨੂੰ ਸਿਰਫ ਖੋਮੇਨੀ ਅਤੇ ਖ਼ਾਮਨੇਈ ਦੇ ਆਸੇ-ਪਾਸੇ ਸੀਮਤ ਕਰਨਾ ਅਨੁਚਿਤ ਹੋਵੇਗਾ। ਈਰਾਨ ਦੀ ਸਭਿਆਚਾਰਕ ਅਤੇ ਸਿਆਸੀ ਇਤਿਹਾਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਈਰਾਨ ਦੀ ਸਭਿਅਤਾ 4000 ਸਾਲ ਪੁਰਾਣੀ ਹੈ, ਜਿਸ ਵਿੱਚ ਅਕੇਮੇਨਿਡ, ਸਾਸਾਨੀ, ਅਤੇ ਸਫ਼ਵੀ ਸਾਮਰਾਜ ਸ਼ਾਮਲ ਹਨ। ਸਫ਼ਵੀ ਰਾਜਵੰਸ਼ (1501–1736) ਨੇ ਸ਼ੀਆ ਇਸਲਾਮ ਨੂੰ ਰਾਜ ਧਰਮ ਬਣਾਇਆ, ਜਿਸ ਨੇ ਈਰਾਨ ਦੀ ਧਾਰਮਿਕ ਅਤੇ ਸਭਿਆਚਾਰਕ ਪਛਾਣ ਨੂੰ ਮਜ਼ਬੂਤ ਕੀਤਾ। ਈਰਾਨ ਦੀ ਕਲਾ, ਸਾਹਿਤ (ਜਿਵੇਂ ਫਿਰਦੌਸੀ ਦੀ ਸ਼ਾਹਨਾਮਾ) ਅਤੇ ਵਿਗਿਆਨ ਨੇ ਵਿਸ਼ਵ ਸਭਿਅਤਾ ਨੂੰ ਪ੍ਰਭਾਵਿਤ ਕੀਤਾ।

ਰਾਜਨੀਤੀ ਦੀ ਵਿਭਿੰਨਤਾ ਵਿਚ 20ਵੀਂ ਸਦੀ ਤੋਂ ਪਹਿਲਾਂ, ਈਰਾਨ ਦੀ ਸਿਆਸਤ ਵਿੱਚ ਰਾਜਸ਼ਾਹੀ, ਧਾਰਮਿਕ ਸੰਸਥਾਵਾਂ ਅਤੇ ਸਥਾਨਕ ਕਬੀਲਿਆਂ ਦਾ ਸੰਤੁਲਨ ਸੀ। 1906 ਦੀ ਸੰਵਿਧਾਨਕ ਕ੍ਰਾਂਤੀ ਨੇ ਈਰਾਨ ਵਿੱਚ ਪਾਰਲੀਮੈਂਟਰੀ ਵਿਵਸਥਾ ਸਥਾਪਿਤ ਕੀਤੀ। 1953 ਵਿੱਚ, ਪ੍ਰਧਾਨ ਮੰਤਰੀ ਮੁਹੰਮਦ ਮੁਸੱਦਕ ਦੀ ਸਰਕਾਰ ਨੂੰ 391 ਅਤੇ MI6 ਦੇ ਸਮਰਥਨ ਨਾਲ ਉਖਾੜਿਆ ਗਿਆ, ਜਿਸ ਨੇ ਸ਼ਾਹ ਦੀ ਸੱਤਾ ਨੂੰ ਮਜ਼ਬੂਤ ਕੀਤਾ।

1979 ਦੇ ਇਨਕਲਾਬ ਨੇ ਈਰਾਨ ਦੀ ਸਿਆਸਤ ਨੂੰ ਇਸਲਾਮੀ ਗਣਰਾਜ ਦੇ ਰੂਪ ਵਿੱਚ ਢਾਲਿਆ, ਪਰ ਇਹ ਸਿਰਫ ਖ਼ਾਮਨੇਈ ਦੀ ਵਿਚਾਰਧਾਰਾ 'ਤੇ ਨਹੀਂ ਸੀ ਅਧਾਰਿਤ। ਖੱਬੇਪੱਖੀ, ਰਾਸ਼ਟਰਵਾਦੀ, ਅਤੇ ਉਦਾਰਵਾਦੀ ਸਮੂਹਾਂ ਨੇ ਵੀ ਇਨਕਲਾਬ ਵਿੱਚ ਹਿੱਸਾ ਲਿਆ। ਹਾਲਾਂਕਿ, ਖੋਮੇਨੀ ਨੇ ਇਨ੍ਹਾਂ ਸਮੂਹਾਂ ਨੂੰ ਹਾਸ਼ੀਏ 'ਤੇ ਧੱਕ ਕੇ ਇਸਲਾਮੀ ਵਿਚਾਰਧਾਰਾ ਨੂੰ ਪ੍ਰਮੁੱਖ ਕੀਤਾ। ਖ਼ਾਮਨੇਈ ਨੇ ਇਸ ਵਿਚਾਰਧਾਰਾ ਨੂੰ ਜਾਰੀ ਰੱਖਿਆ ਪਰ ਉਨ੍ਹਾਂ ਦੀ ਸ਼ਕਤੀ IRGC ਅਤੇ ਧਾਰਮਿਕ ਸੰਸਥਾਵਾਂ 'ਤੇ ਨਿਰਭਰ ਹੈ।

ਈਰਾਨ ਦੀ ਸਭਿਆਚਾਰਕ ਵਿਰਾਸਤ ਸਿਰਫ ਇਸਲਾਮੀ ਗਣਰਾਜ ਤੱਕ ਸੀਮਤ ਨਹੀਂ ਹੈ। ਈਰਾਨੀ ਸਾਹਿਤ, ਸਿਨੇਮਾ (ਜਿਵੇਂ ਅਸਗਰ ਫਰਹਾਦੀ ਦੀਆਂ ਫਿਲਮਾਂ) ਅਤੇ ਸੰਗੀਤ ਵਿਸ਼ਵ ਪੱਧਰ 'ਤੇ ਮਸ਼ਹੂਰ ਹਨ। ਸਰਕਾਰ ਦੀ ਸੈਂਸਰਸ਼ਿਪ ਦੇ ਬਾਵਜੂਦ, ਈਰਾਨੀ ਕਲਾਕਾਰ ਅਤੇ ਬੁੱਧੀਜੀਵੀ ਸਮਾਜ ਦੀਆਂ ਸਮੱਸਿਆਵਾਂ ਨੂੰ ਪ੍ਰਗਟ ਕਰਦੇ ਹਨ ਹਾਲਾਂਕਿ ਖੋਮੇਨੀ ਅਤੇ ਖ਼ਾਮਨੇਈ ਨੇ ਆਧੁਨਿਕ ਈਰਾਨ ਦੀ ਸਿਆਸਤ ਨੂੰ ਡੂੰਘੇ ਤੌਰ 'ਤੇ ਪ੍ਰਭਾਵਿਤ ਕੀਤਾ, ਪਰ ਈਰਾਨ ਦੀ ਵਿਰਾਸਤ ਅਤੇ ਰਾਜਨੀਤੀ ਇਨ੍ਹਾਂ ਦੋ ਸ਼ਖ਼ਸੀਅਤਾਂ ਤੋਂ ਕਿਤੇ ਵੱਡੀ ਹੈ। ਈਰਾਨ ਦੀ ਸਭਿਅਤਾ, ਸਾਹਿਤ, ਅਤੇ ਸਮਾਜਿਕ ਅੰਦੋਲਨਾਂ ਨੇ ਵੀ ਇਸ ਦੇਸ਼ ਨੂੰ ਆਕਾਰ ਦਿੱਤਾ ਹੈ।

ਈਰਾਨ ਵਿੱਚ ਰੀਜਿਮ ਬਦਲਣਾ ਅਤਿ ਮੁਸ਼ਕਲ ਹੈ ਕਿਉਂਕਿ ਸੁਪਰੀਮ ਲੀਡਰ ਦੀ ਸ਼ਕਤੀ, IRGC ਦੀ ਮੌਜੂਦਗੀ ਅਤੇ ਸਮਾਜ ਦੀ ਧਾਰਮਿਕ-ਸਭਿਆਚਾਰਕ ਬੁਨਿਆਦ ਨੇ ਸਿਆਸੀ ਵਿਵਸਥਾ ਨੂੰ ਮਜ਼ਬੂਤ ਕੀਤਾ ਹੈ। ਅਯਾਤੁੱਲਾ ਰੂਹੋਲਾ ਖੋਮੇਨੀ ਨੇ 1979 ਦੇ ਇਨਕਲਾਬ ਰਾਹੀਂ ਈਰਾਨ ਨੂੰ ਇਸਲਾਮੀ ਗਣਰਾਜ ਵਜੋਂ ਸਥਾਪਿਤ ਕੀਤਾ ਅਤੇ ਉਨ੍ਹਾਂ ਦੀ ਵਿਲਾਯਤ-ਏ-ਫ਼ਕੀਹ ਦੀ ਵਿਚਾਰਧਾਰਾ ਅੱਜ ਵੀ ਸਰਕਾਰ ਦੀ ਬੁਨਿਆਦ ਹੈ। ਅਯਾਤੁੱਲਾ ਅਲੀ ਖ਼ਾਮਨੇਈ, ਸੁਪਰੀਮ ਲੀਡਰ ਵਜੋਂ, ਇਜ਼ਰਾਈਲ-ਈਰਾਨ ਸੰਘਰਸ਼ ਵਿੱਚ ਕੇਂਦਰੀ ਚਰਿੱਤਰ ਹਨ ਕਿਉਂਕਿ ਉਨ੍ਹਾਂ ਦੀ ਇਜ਼ਰਾਈਲ ਵਿਰੋਧੀ ਨੀਤੀ ਅਤੇ ਪ੍ਰੌਕਸੀ ਸਮੂਹਾਂ ਨੂੰ ਸਮਰਥਨ ਨੇ ਸੰਘਰਸ਼ ਨੂੰ ਤੇਜ਼ ਕੀਤਾ ਹੈ। ਹਾਲਾਂਕਿ, ਈਰਾਨ ਦੀ ਵਿਰਾਸਤ ਅਤੇ ਰਾਜਨੀਤੀ ਸਿਰਫ਼ ਖੋਮੇਨੀ ਅਤੇ ਖ਼ਾਮਨੇਈ ਦੇ ਆਸੇ-ਪਾਸੇ ਸੀਮਤ ਨਹੀਂ। ਇਸ ਦੀ ਹਜ਼ਾਰਾਂ ਸਾਲ ਪੁਰਾਣੀ ਸਭਿਅਤਾ, ਸਾਹਿਤ, ਕਲਾ, ਅਤੇ ਸਮਾਜਿਕ ਅੰਦੋਲਨਾਂ ਨੇ ਵੀ ਦੇਸ਼ ਦੀ ਪਛਾਣ ਨੂੰ ਆਕਾਰ ਦਿੱਤਾ ਹੈ। ਭਵਿੱਖ ਵਿੱਚ, ਸ਼ਹਿਰੀ ਮੱਧਵਰਗ, ਨੌਜਵਾਨ ਪੀੜ੍ਹੀ ਦੀ ਅਸੰਤੁਸ਼ਟੀ, ਜਾਂ ਬਾਹਰੀ ਦਬਾਅ ਵਧਣ ਦੀ ਸੂਰਤ ਵਿੱਚ, ਤਾਂ ਸੰਭਵ ਹੈ ਕਿ ਈਰਾਨ ਦੀ ਸਿਆਸਤ ਵਿੱਚ ਤਬਦੀਲੀਆਂ ਆਉਣ, ਪਰ ਇਹ ਪ੍ਰਕਿਰਿਆ ਲੰਮੀ ਅਤੇ ਜਟਿਲ ਹੋਵੇਗੀ ਤੇ ਅਮਰੀਕਾ ਇਜ਼ਰਾਈਲ ਦਾ ਸੁਪਨਾ ਐਨੀ ਜਲਦੀ ਪੂਰਾ ਹੋਣ ਵਾਲਾ ਨਹੀਂ ਹੈ।

---

# ਕੀ 'ਆਲਮੀ ਤਪਸ਼' ਹੁਣ ਸਚਮੁੱਚ ਖ਼ਤਮ ਹੋ ਗਈ ਹੈ ?

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ,
ਮੋ:97816-46008

ਪੂਰੀ ਦੁਨੀਆਂ ਦੇ ਵਿਗਿਆਨੀ ਅਤੇ ਸਿਹਤ ਮਾਹਿਰ ਗਲੋਬਲ ਵਾਰਮਿੰਗ ਭਾਵ ਆਲਮੀ ਤਪਸ਼ ਨੂੰ ਲੈ ਕੇ ਵਰ੍ਹਿਆਂ ਤੋਂ ਪ੍ਰੇਸ਼ਾਨ ਹਨ ਤੇ ਉਧਰ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਸ੍ਰੀ ਐਂਟੋਨਿਓ ਗੁਟਰੇਸ਼ ਨੇ 27 ਜੁਲਾਈ, 2023 ਨੂੰ ਆਪਣੇ ਇਕ ਸੰਬੋਧਨ ਵਿਚ ਤਾਂ ਇਥੋਂ ਤੱਕ ਆਖ਼ ਦਿੱਤਾ ਸੀ-"ਆਲਮੀ ਤਪਸ਼ ਦਾ ਯੁਗ ਹੁਣ ਖ਼ਤਮ ਹੋ ਗਿਆ ਹੈ।" ਉਨ੍ਹਾਂ ਦੇ ਇਸ ਵਾਕ ਨੇ ਸਮੂਹ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ ਸੀ ਪਰ ਉਨ੍ਹਾਂ ਵੱਲੋਂ ਬੋਲੇ ਗਏ ਅਗਲੇ ਵਾਕ ਨੇ ਸਰੋਤਿਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ। ਸ੍ਰੀ ਗੁਟਰੇਸ ਨੇ ਅੱਗੇ ਕਿਹਾ ਸੀ - 2..ਤੇ ਹੁਣ 'ਆਲਮੀ ਉਬਾਲ' ਦਾ ਦੌਰ ਅੰਰਭ ਹੋ ਗਿਆ ਹੈ। ਹਵਾ ਹੁਣ ਸਾਹ ਲੈਣ ਯੋਗ ਨਹੀਂ ਰਹੀ ਹੈ ਤੇ ਗਰਮੀ ਬਰਦਾਸ਼ਤ ਤੋਂ ਬਾਹਰ ਹੋ ਗਈ ਹੈ।

ਸ੍ਰੀ ਗੁਟਰੇਸ ਵੱਲੋਂ ਬਿਆਨ ਕੀਤਾ ਉਕਤ ਸੱਚ ਪੂਰੀ ਦੁਨੀਆਂ ਲਈ ਚਿੰਤਾ ਅਤੇ ਚਿੰਤਨ ਦਾ ਸਬੱਬ ਬਣਨਾ ਚਾਹੀਦਾ ਹੈ। ਇਸ ਵਕਤ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ 'ਹਾਲੇ ਬਹੁਤੀ ਦੇਰ ਨਹੀਂ ਹੋਈ' ਕਿਉਂਕਿ ਵਿਕਾਸ ਦੀ ਅੰਨ੍ਹੀ ਦੌੜ ਵਿੱਚ ਗ਼ੈਰ ਜ਼ਿੰਮੇਵਾਰੀ ਨਾਲ ਭੱਜੇ ਜਾ ਰਹੇ ਪੂਰੀ ਤਰ੍ਹਾਂ ਲਾਲਚੀ ਅਤੇ ਖ਼ੁਦਗ਼ਰਜ਼ ਬਣ ਚੁੱਕੇ ਅਜੋਕੇ ਮਨੁੱਖ ਨੇ ਆਪਣੀ ਪੈਰਾਂ 'ਤੇ ਕੁਹਾੜੀ ਨਹੀਂ ਸਗੋਂ ਕੁਹਾੜੇ 'ਤੇ ਹੀ ਪੈਰ ਜਾ ਮਾਰਿਆ ਹੈ। ਉਸਨੇ ਆਪਣਾ ਵਰਤਮਾਨ ਹੀ ਨਹੀਂ ਸਗੋਂ ਆਪਣਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਵੀ ਖ਼ਤਰੇ ਵਿਚ ਪਾ ਦਿੱਤਾ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਕੁਦਰਤ ਨੇ ਮਨੁੱਖ ਨੂੰ ਹਸੀਨ ਵਾਦੀਆਂ, ਸੰਗੀਤ ਪੈਦਾ ਕਰਦੇ ਝਰਨੇ, ਖ਼ੁਸ਼ਬੂਦਾਰ ਫੁੱਲ, ਸੁਆਦਲੇ ਫਲ ਅਤੇ ਕਈ ਹੋਰ ਬੇਸ਼ਕੀਮਤੀ ਕੁਦਰਤੀ ਸੁਗਾਤਾਂ ਬਖ਼ਸ਼ੀਆਂ ਸਨ ਕਿ ਮਨੁੱਖ ਇਨ੍ਹਾਂ ਦਾ ਅਨੰਦ ਲੈ ਸਕੇ ਪਰ ਪੈਸੇ, ਸੁੱਖ ਅਤੇ ਐਸ਼ ਆਰਾਮ ਦੀ ਖਿੱਚ ਨੇ ਮਨੁੱਖ ਹੱਥੋਂ ਕੁਦਰਤ ਦਾ ਘਾਣ ਕਰਵਾ ਦਿੱਤਾ ਤੇ ਅੱਜ ਹਾਲਾਤ ਇਹ ਬਣਾ ਦਿੱਤੇ ਕਿ ਮਨੁੱਖ ਪੀਣ ਲਈ ਸਾਫ਼ ਪਾਣੀ, ਖਾਣ ਲਈ ਸ਼ੁੱਧ ਅੰਨ ਅਤੇ ਸਾਹ ਲੈਣ ਲਈ ਸਾਫ਼ ਹਵਾ ਤੱਕ ਤੋਂ ਮਹਿਰੂਮ ਹੋ ਗਿਆ ਹੈ ਤੇ ਕੁਦਰਤ ਵੀ ਹੁਣ ਤਬਾਹਕੁੰਨ ਹੜ੍ਹ, ਸੋਕਾ, ਅਣਕਿਆਸੇ ਤੂਫ਼ਾਨ ਅਤੇ ਬੇਤਹਾਸ਼ਾ ਗਰਮੀ ਜਾਂ ਹੱਡ ਚੀਰ੍ਹਵੀਂ ਠੰਡ ਦੇ ਰੂਪ ਵਿੱਚ ਮਨੁੱਖ ਨੂੰ ਉਸਦੇ ਗੁਨਾਹਾਂ ਦੀ ਸਜ਼ਾ ਦੇ ਰਹੀ ਹੈ।

ਉਦਯੋਗੀਕਰਨ ਦੀ ਅਰੰਭਤਾ ਤੋਂ ਲੈ ਕੇ ਹੁਣ ਤੱਕ ਦੁਨੀਆਂ ਤਾ ਸਲਾਨਾ ਤਾਪਮਾਨ ਇਕ ਡਿਗਰੀ ਸੈਲਸੀਅਸ ਤੱਕ ਵਧ ਚੁੱਕਾ ਹੈ। ਜੇਕਰ ਤਾਪਮਾਨ ਰਿਕਾਰਡ ਕਰਨ ਦੀ ਪੁਖ਼ਤਾ ਪ੍ਰਣਾਲੀ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸੰਨ 1880 ਵਿਚ ਇਹ ਪ੍ਰਣਾਲੀ ਸ਼ੁਰੂ ਹੋ ਚੁੱਕੀ ਸੀ ਤੇ ਸੰਨ 1980 ਤੱਕ ਪ੍ਰਾਪਤ ਰਿਕਾਰਡ ਤੋਂ ਪਤਾ ਲਗਦਾ ਹੈ ਕਿ ਹਰ ਦਹਾਕੇ ਵਿਚ ਔਸਤਨ 0.07 ਡਿਗਰੀ ਸੈਲਸੀਅਸ ਤੱਕ ਤਾਪਮਾਨ ਵਿਚ ਵਾਧਾ ਹੋਇਆ ਸੀ। ਵਧਦੇ ਉਦਯੋਗੀਕਰਨ ਅਤੇ ਸ਼ਹਿਰੀਕਰਨ ਦੀ ਮਿਹਰਬਾਨੀ ਸਦਕਾ ਸੰਨ 1981 ਤੋਂ 2021 ਤੱਕ ਤਾਪਮਾਨ ਦੀ ਇਹ ਔਸਤ ਵਾਧਾ ਦਰ 0.18 ਡਿਗਰੀ ਸੈਲਸੀਅਸ ਪ੍ਰਤੀ ਦਹਾਕਾ ਤੱਕ ਪੁੱਜ ਗਈ ਸੀ। ਵਿਗਿਆਨੀਆਂ ਅਨੁਸਾਰ ਉਦਯੋਗੀਕਰਨ ਤੋਂ ਪਹਿਲਾਂ ਨਾਲੋਂ ਧਰਤੀ ਦਾ ਤਾਪਮਾਨ ਹੁਣ ਔਤਸਨ 1.1 ਡਿਗਰੀ ਵੱਧ ਗਿਆ ਹੈ ਤੇ ਅੱਜ ਧਰਤੀ ਐਨੀ ਗਰਮ ਹੈ ਕਿ ਹੁਣ ਤੋਂ ਇਕ ਲੱਖ ਸਾਲ ਪਹਿਲਾਂ ਵੀ ਇਹ ਐਨੀ ਗਰਮ ਨਹੀਂ ਸੀ। ਸੰਨ 1970 ਤੋਂ ਲੈ ਕੇ ਹੁਣ ਤੱਕ ਦੇ ਪੰਜ ਦਹਾਕਿਆਂ ਵਿੱਚੋਂ ਪਹਿਲੇ ਚਾਰ ਦਹਾਕਿਆਂ 'ਚੋਂ ਹਰੇਕ ਦਹਾਕਾ ਆਪਣੇ ਤੋਂ ਪਹਿਲਾਂ ਵਾਲੇ ਦਹਾਕੇ ਤੋਂ ਗਰਮ ਰਿਹਾ ਸੀ ਤੇ ਸੰਨ 2011 ਤੋਂ 2020 ਤੱਕ ਦਾ ਦਹਾਕਾ ਤਾਂ ਹੁਣ ਤੱਕ ਦੇ ਸਭ ਤੋਂ ਗਰਮ ਦਹਾਕੇ ਵਜੋਂ ਰਿਕਾਰਡ ਵਿੱਚ ਦਰਜ ਹੋ ਚੁੱਕਾ ਹੈ। ਇਸ ਦਹਾਕੇ ਵਿੱਚੋਂ ਵੀ ਸੰਨ 2015 ਤੋਂ 2020 ਵਾਲੇ ਪੰਜ ਸਾਲ ਤਾਂ ਇਕ ਦੂਜੇ ਤੋਂ ਵਧ ਕੇ ਗਰਮ ਹੁੰਦੇ ਗਏ ਸਨ। ਵਾਤਾਵਰਨ ਵਿਗਿਆਨੀ ਇਸ ਸਿੱਟੇ 'ਤੇ ਪੁੱਜ ਚੁੱਕੇ ਹਨ ਕਿ ਜੇਕਰ ਅਸੀਂ ਆਉਣ ਵਲੇ ਸਮੇਂ ਵਿਚ ਅਤਿ ਭਿਆਨਕ ਸੋਕੇ, ਜੰਗਲ ਦੀ ਅੱਗ, ਹੜ੍ਹ, ਹਨੇਰੀ, ਤੂਫ਼ਾਨ ਅਤੇ ਪਹਾੜ ਖਿਸਕਣ ਆਦਿ ਤੋਂ ਬਚਣਾ ਹੈ ਤਾਂ ਸਾਨੂੰ ਆਲਮੀ ਤਪਸ਼ ਵਿਚ ਵਾਧਾ ਸੰਨ 2040 ਤੱਕ 1.5 ਡਿਗਰੀ ਸੈਲਸੀਅਸ ਤੱਕ ਦੀ ਹੱਦ ਵਿੱਚ ਰੱਖਣਾ ਪਏਗਾ। ਸਭ ਤੋਂ ਦਿਲਚਸਪ ਅਤੇ ਦੁੱਖਦਾਇਕ ਤੱਥ ਇਹ ਹੈ ਕਿ 'ਆਲਮੀ ਤਪਸ਼' ਦੀ ਥਾਂ ਲੈਣ ਵਾਲੇ 'ਆਲਮੀ ਉਬਾਲ' ਦਾ ਸਭ ਤੋਂ ਵੱਧ ਅਸਰ ਗ਼ਰੀਬ ਦੇਸ਼ਾਂ ਅਤੇ ਗ਼ਰੀਬ ਲੋਕਾਂ 'ਤੇ ਪਵੇਗਾ।


ਆਲਮੀ ਉਬਾਲ ਜਿਹੀ ਸਥਿਤੀ ਦੇ ਆ ਜਾਣ ਦੇ ਮੁੱਢਲੇ ਕਾਰਨਾਂ ਵਿਚ ਵਾਤਾਵਰਨ ਅੰਦਰ ਕਾਰਬਨ ਡਾਈਆਕਸਾਈਡ ਅਤੇ ਨਾਈਟਰਸ ਆਕਸਾਈਡ, ਮੀਥੇਨ, ਹਾਈਡ੍ਰੋਫ਼ਲੋਰੋਕਾਰਬਨਜ਼, ਸਲਫ਼ਰ ਹੈਕਸਾਫ਼ਲੋਰਾਈਡ, ਜਲ ਵਾਸ਼ਪ ਕਣ, ਗ੍ਰੀਨਹਾਊਸ ਗੈਸਾਂ ਆਦਿ ਹੋਰ ਪ੍ਰਦੂਸ਼ਕ ਤੱਤਾਂ ਦੀ ਵੱਧ ਰਹੀ ਮੌਜੂਦਗੀ ਹੈ ਜੋ ਸੂਰਜੀ ਰੌਸ਼ਨੀ ਅਤੇ ਤਪਸ਼ ਨੂੰ ਖ਼ਲਾਅ ਵਿੱਚ ਜਾਣ ਨਹੀਂ ਦਿੰਦੀ ਹੈ ਤੇ ਆਪਣੇ ਅੰਦਰ ਸਮੋਅ ਲੈਂਦੀ ਹੈ, ਜਿਸ ਨਾਲ ਧਰਤੀ ਦਾ ਤਾਪਮਾਨ ਵੱਧ ਜਾਂਦਾ ਹੈ ਤੇ ਬੀਤੇ ਕਈ ਵਰ੍ਹਿਆਂ ਤੋਂ ਇਹ ਤਾਪਮਾਨ ਨਿਰੰਤਰ ਵੱਧ ਰਿਹਾ ਹੈ। ਇਕ ਅਧਿਐਨ ਅਨੁਸਾਰ ਬੀਤੇ ਅੱਠ ਲੱਖ ਵਰ੍ਹਿਆਂ ਵਿਚ ਧਰਤੀ ਦੇ ਵਾਤਾਵਰਨ ਵਿੱਚ ਕੁਦਰਤੀ ਕਾਰਨਾਂ ਕਰਕੇ ਕੇਵਲ ਕੁਝ ਹੀ ਤਬਦੀਲੀਆਂ ਆਈਆਂ ਹਨ ਪਰ ਬੀਤੀ ਇਕ ਸਦੀ ਵਿੱਚ ਕੋਲ੍ਹਾ, ਪੈਟਰੋਲ, ਡੀਜ਼ਲ, ਕੁਦਰਤੀ ਗੈਸ ਅਤੇ ਗੈਸੋਲੀਨ ਜਿਹੇ ਬਲਣਸ਼ੀਲ ਤੱਤਾਂ ਦੀ ਮਨੁੱਖ ਵੱਲੋਂ ਕੀਤੀ ਗਈ ਗ਼ੈਰਯੋਜਨਾਬੱਧ ਅਤੇ ਬੇਤਹਾਸ਼ਾ ਵਰਤੋਂ ਅਤੇ ਗ਼ੈਰ ਜ਼ਿੰਮੇਵਾਰੀ ਨਾਲ ਧਰਤੀ 'ਤੇ ਫੈਲਾਏ ਕੂੜੇ ਕਰਕੇ ਅੱਜ 'ਆਲਮੀ ਤਪਸ਼' ਦੀ ਥਾਂ 'ਆਲਮੀ ਉਬਾਲ' ਨੇ ਲੈ ਲਈ ਹੈ। ਆਲਮੀ ਉਬਾਲ ਬਣ ਚੁੱਕੀ ਆਲਮੀ ਤਪਸ਼ ਨੂੰ ਕਾਬੂ ਕਰਨ ਲਈ ਕੁਝ ਇਕ ਯਤਨ ਕੀਤੇ ਗਏ ਹਨ ਪਰ ਪ੍ਰਾਪਤੀ ਕੁਝ ਵੀ ਨਹੀਂ ਹੋਈ ਹੈ ਜਿਵੇਂ ਕਿ ਸੰਨ 2015 ਵਿਚ ਵੱਖ-ਵੱਖ ਮੁਲਕਾਂ ਦਰਮਿਆਨ ਆਪਸੀ ਗੱਲਬਾਤ ਤੋਂ ਬਾਅਦ 'ਪੈਰਿਸ ਕਲਾਈਮੇਟ ਐਗਰੀਮੈਂਟ' ਉੱਤੇ ਹਸਤਾਖਰ ਕਰਕੇ ਵੱਖ-ਵੱਖ ਨੀਤੀਆਂ ਅਤੇ ਯਤਨਾਂ ਸਦਕਾ ਧਰਤੀ ਦਾ ਵਧਦਾ ਤਾਪਮਾਨ ਕਾਬੂ ਕਰਨ ਦੀ ਗੱਲ ਕੀਤੀ ਗਈ ਸੀ ਪਰ ਧਰਤੀਵਾਸੀਆਂ ਦੀਆਂ ਆਪਹੁਦਰੀਆਂ ਅਤੇ ਨਾਦਾਨੀਆਂ ਕਰਕੇ ਉਦੋਂ ਤੋਂ ਹੁਣ ਤੱਕ ਤਾਪਮਾਨ ਵਿੱਚ ਵਾਧਾ ਪਹਿਲਾਂ ਤੋਂ ਵੀ ਵੱਧ ਦਰਜ ਕੀਤਾ ਗਿਆ ਹੈ। ਹੁਣ ਵਿਗਿਆਨੀਆਂ ਨੇ ਸੰਨ 2030 ਤੱਕ ਕਾਰਬਨ ਨਿਕਾਸੀ ਨੂੰ 40 ਫ਼ੀਸਦੀ ਤੱਕ ਘਟਾਉਣ ਲਈ ਆਖ ਦਿੱਤਾ ਹੈ। ਇਸ ਮਹੱਤਵਪੂਰਨ ਮਿਸ਼ਨ ਨੂੰ ਨੇਪਰੇ ਚਾੜ੍ਹਨ ਲਈ ਸਮੂਹ ਧਰਤੀਵਾਸੀਆਂ ਨੂੰ ਜੋ ਕਦਮ ਚੁੱਕਣ ਲਈ ਸਲਾਹ ਦਿੱਤੀ ਗਈ ਹੈ, ਉਨ੍ਹਾਂ ਵਿੱਚ ਡੀਜ਼ਲ, ਪੈਟਰੋਲ, ਕੋਲ੍ਹੇ ਦੀ ਥਾਂ ਬਿਜਲੀ ਅਤੇ ਸੂਰਜੀ ਤਾਕਤ ਦੀ ਵਰਤੋਂ ਕਰਨਾ, ਆਲਾ ਦੁਆਲਾ ਸਾਫ਼ ਰੱਖਣਾ, ਪਲਾਸਟਿਕ ਅਤੇ ਹੋਰ ਪਦੂਸ਼ਣ ਫ਼ੈਲਾਉਣ ਵਾਲੇ ਤੱਤਾਂ ਦੀ ਵਰਤੋਂ ਘਟਾਉਣਾ, ਵੱਧ ਤੋਂ ਵੱਧ ਰੁੱਖ ਲਗਾਉਣਾ, ਸੋਲਰ ਊਰਜਾ ਵਾਲੇ ਵਾਹਨਾਂ ਦੀ ਵਰਤੋਂ ਕਰਨਾ, ਵਸਤੂਆਂ ਦੀ ਪੈਕੇਜਿੰਗ ਘਟਾਉਣਾ, ਖੇਤੀਬਾੜੀ ਵਿਚ ਨਾਈਟ੍ਰੋਜਨ ਵਾਲੀਆਂ ਖਾਦਾਂ ਅਤੇ ਜ਼ਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਘਟਾਉਣਾ ਅਤੇ ਊਰਜਾ ਬਚਾਊ ਇਮਾਰਤਾਂ ਅਤੇ ਯੰਤਰਾਂ ਦਾ ਇਸਤੇਮਾਲ ਕਰਨਾ ਆਦਿ ਪ੍ਰਮੁੱਖ ਹਨ।

ਅਜੋਕੇ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ 'ਆਲਮੀ ਉਬਾਲ' ਨੂੰ ਕਾਬੂ ਕਰਨ ਲਈ ਹੁਣ 'ਕੁਝ ਕਰੋ ਜਾਂ ਮਰੋ' ਦੀ ਘੜੀ ਆ ਚੁੱਕੀ ਹੈ। ਵਿਗਿਆਨੀਆਂ ਨੇ ਐਲਾਨ ਕਰ ਦਿੱਤਾ ਹੈ ਕਿ ਜੇਕਰ ਆਲਮੀ ਉਬਾਲ ਦਾ ਇਹ ਸਿਲਸਿਲਾ ਜਲਦੀ ਹੀ ਕਾਬੂ ਵਿੱਚ ਨਾ ਕੀਤਾ ਗਿਆ ਤਾਂ ਇਸ ਖ਼ੂਬਸੂਰਤ ਗ੍ਰਹਿ 'ਤੇ ਗਰਮੀਆਂ ਦੀ ਰੁੱਤ ਬੇਹੱਦ ਗਰਮ, ਨਾਬਰਦਾਸ਼ਤਯੋਗ ਅਤੇ ਲੰਮੀ ਹੋ ਜਾਵੇਗੀ ਤੇ ਸੋਕਾ ਪੈ ਜਾਵੇਗਾ,ਧਰਤੀ ਦੇ ਕੁਝ ਹਿੱਸਿਆਂ ਵਿਚ ਅਣਕਿਆਸੇ ਤੇ ਭਾਰੀ ਹੜ੍ਹ ਆਉਣਗੇ ਤੇ ਤੂਫ਼ਾਨ ਤਾਂ ਇਸ ਕਦਰ ਤੇਜ਼ ਗਤੀ ਵਾਲੇ ਆਉਣਗੇ ਸਭ ਕੁਝ ਆਪਣੇ ਨਾਲ ਉਡਾ ਕੇ ਲੈ ਜਾਣਗੇ।

ਵਾਤਾਵਰਨ ਵਿਗਿਆਨੀਆਂ ਨੇ ਚੇਤਾਵਨੀ ਭਰੇ ਲਹਿਜ਼ੇ ਵਿੱਚ ਇਹ ਦੱਸ ਦਿੱਤਾ ਹੈ ਕਿ ਆਲਮੀ ਤਪਸ਼ ਦੇ ਚਲਦਿਆਂ ਸੰਨ 1990 ਤੋਂ ਹੁਣ ਤੱਕ ਅੰਟਾਰਟਿਕਾ ਮਹਾਂਦੀਪ ਦੀ ਚਾਰ ਟ੍ਰਿਲਿਅਨ ਟਨ ਬਰਫ਼ ਪਿਘਲ ਚੁਕੀ ਹੈ ਤੇ ਵਧਦੇ ਵਾਤਾਵਰਨ ਪ੍ਰਦੂਸ਼ਣ ਦੇ ਚਲਦਿਆਂ ਬਰਫ਼ ਦੀ ਇਹ ਪਿਘਲਣ ਦਰ ਨਿਰੰਤਰ ਵੱਧ ਰਹੀ ਹੈ, ਜਿਸ ਕਰਕੇ ਸਮੁੰਦਰੀ ਪਾਣੀ ਦੇ ਪੱਧਰ ਵਿੱਚ ਵਾਧਾ ਹੋ ਰਿਹਾ ਹੈ, ਜਿਸਨੂੰ ਕਿ ਜੇਕਰ ਰੋਕਿਆ ਨਾ ਗਿਆ ਤਾਂ ਆਉਂਦੇ ਸੌ ਸਾਲ ਦੇ ਅਰਸੇ ਵਿੱਚ ਇਹ ਪੱਧਰ ਸੈਂਟੀਮੀਟਰਾਂ ਦੀ ਥਾਂ ਮੀਟਰਾਂ ਵਿੱਚ ਵੱਧ ਜਾਵੇਗਾ ਤੇ ਸਮੁੰਦਰੀ ਕਿਨਾਰਿਆਂ 'ਤੇ ਵੱਸੇ ਸ਼ਹਿਰ, ਪਿੰਡ ਅਤੇ ਆਬਾਦੀ ਆਦਿ ਸਭ ਤਬਾਹ ਹੋ ਜਾਣਗੇ।

---

ਕਮਲਜੀਤ ਸਿੰਘ ਬਨਵੈਤ
98147 34035



# ਪੰਜਾਬ ਵਜ਼ਾਰਤ ਦਾ ਅਗਲੇ ਹ.ਫਤੇ ਬਦਲੇਗਾ ਚਿਹਰਾ

- ਫਸਵੇਂ ਮੁਕਾਬਲੇ ਵਿੱਚ ਲੁਧਿਆਣਾ ਪੱਛਮੀ ਦੀ ਸੀਟ ਪੈ ਸਕਦੀ ਹੈ ਕਾਂਗਰਸ ਦੀ ਝੋਲੀ, ਭਾਜਪਾ ਨੂੰ ਹੋ ਗਈ ਜਿੱਤ ਦੀ ਉਮੀਦ
- ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਪਿਛਲੀਆਂ ਚੋਣਾਂ ਵੇਲੇ ਇਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਰਿਹਾ ਸੀ ਫਾਡੀ
- ਆਮ ਆਦਮੀ ਪਾਰਟੀ ਦੀ ਸਰਕਾਰ ਵਜ਼ਾਰਤ ਵਿੱਚ ਪੰਜਵਾਂ ਫੇਰ ਬਦਲ ਕਰਨ ਦੀ ਤਿਆਰੀ ਵਿੱਚ
- ਲੁਧਿਆਣਾ ਤੋਂ ਸੰਜੀਵ ਅਰੋੜਾ ਜਿੱਤ ਜਾਂਦੇ ਹਨ ਤਾਂ ਉਹਨਾਂ ਦੇ ਨਾਲ ਹੀ ਅੰਮ੍ਰਿਤਸਰ ਤੋਂ ਇੰਦਰਬੀਰ ਸਿੰਘ ਨਿੱਜਰ ਨੂੰ ਮਿਲ ਸਕਦੀ ਹੈ ਝੰਡੀ ਵਾਲੀ ਕਾਰ
- ਦੋ ਮੰਤਰੀਆਂ ਦੀ ਹੋ ਸਕਦੀ ਹੈ ਛੁੱਟੀ, ਇੱਕ ਦਾ ਸਬੰਧ

ਭਾਰਤੀ ਚੋਣ ਕਮਿਸ਼ਨ ਵੱਲੋਂ ਮੀਡੀਆ ਅਦਾਰਿਆਂ ਉੱਤੇ ਵੋਟਾਂ ਪੈਣ ਤੋਂ 48 ਘੰਟੇ ਪਹਿਲਾਂ ਤੱਕ ਚੋਣ ਨਤੀਜਿਆਂ ਦੇ ਅੰਦਾਜ਼ੇ ਦੱਸਣ ਉੱਤੇ ਰੋਕ ਲਾਈ ਗਈ ਹੈ । ਵੋਟਾਂ ਪੈਣ ਦਾ ਕੰਮ ਖ਼ਤਮ ਹੁੰਦਿਆਂ ਹੀ ਅਗਲੇ ਪਲ ਐਗਜ਼ਿਟ ਪੋਲ ਤੋਂ ਪਾਬੰਦੀ ਚੁੱਕੀ ਜਾਂਦੀ ਹੈ। ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਵਿੱਚ ਬਿਨਾਂ ਸ਼ੱਕ ਟੱਕਰ ਫਸਵੀਂ ਦੱਸੀ ਜਾਂਦੀ ਹੈ । ਵੋਟਾਂ ਵਾਲੇ ਦਿਨ ਤੋਂ ਸਾਰੀਆਂ ਸਿਆਸੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਇੱਕ ਤਰ੍ਹਾਂ ਨਾਲ ਖਾਮੋਸ਼ ਹੈ ਪਰ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਹਲਵਾਈਆਂ ਨੂੰ ਲੱਡੂਆਂ ਦਾ ਆਰਡਰ ਦਿੱਤਾ ਜਾ ਰਿਹਾ ਹੈ। ਹੋਰ ਤਾਂ ਹੋਰ ਪੰਜਾਬ ਵਜ਼ਾਰਤ ਵਿੱਚ ਵਾਧੇ ਦੀ ਤਿਆਰੀ ਵੀ ਸ਼ੁਰੂ ਕਰ ਲਈ ਗਈ ਹੈ। ਲੁਧਿਆਣਾ ਪੱਛਮੀ ਹਲਕੇ ਤੋਂ ਆਪ ਦੇ ਉਮੀਦਵਾਰ ਸੰਜੀਵ ਅਰੋੜਾ ਆਪਣੀ ਜਿੱਤ ਨੂੰ ਲੈ ਕੇ ਏਨੇ ਭਰੋਸੇ ਵਿੱਚ ਹਨ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਦਾ ਵਿਭਾਗ ਵੀ ਮੰਗਣਾ ਸ਼ੁਰੂ ਕਰ ਦਿੱਤਾ ਹੈ । ਆਮ ਆਦਮੀ ਪਾਰਟੀ ਦੀ ਸਰਕਾਰ 27 ਜੂਨ ਤੋਂ ਇੱਕ ਦੋ ਦਿਨ ਅੱਗੇ ਪਿੱਛੇ ਮੰਤਰੀ ਮੰਡਲ ਦਾ ਚਿਹਰਾ ਬਦਲਣ ਦੀ ਤਿਆਰੀ ਵਿੱਚ ਹੈ ।

ਮੁੱਖ ਮੰਤਰੀ ਦੇ ਨੇੜਲੇ ਸੂਤਰਾਂ ਦੀ ਗੱਲ ਮੰਨ ਲਈਏ ਤਾਂ ਵਜ਼ਾਰਤ ਵਿੱਚ ਵਾਧੇ ਵੇਲੇ ਦੋ ਨਵੇਂ ਮੰਤਰੀ ਲਏ ਜਾ ਸਕਦੇ ਹਨ ਜਦਕਿ ਦੋ ਪੁਰਾਣਿਆਂ ਨੂੰ ਬਾਹਰ ਕਰਨ ਦੀ ਚਰਚਾ ਚੱਲ ਰਹੀ ਹੈ । ਲੁਧਿਆਣਾ ਪੱਛਮੀ ਤੋਂ ਆਪ ਦੇ ਉਮੀਦਵਾਰ ਸੰਜੀਵ ਅਰੋੜਾ ਜਿੱਤ ਜਾਂਦੇ ਹਨ ਤਾਂ ਉਹਨਾਂ ਦਾ ਮੰਤਰੀ ਮੰਡਲ ਵਿੱਚ ਸ਼ਾਮਿਲ ਹੋਣਾ ਤੈਅ ਹੈ । ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੰਮ੍ਰਿਤਸਰ ਤੋਂ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਨੂੰ ਵੀ ਮੁੜ ਤੋਂ ਝੰਡੀ ਵਾਲੀ ਕਾਰ ਦੇਣ ਦਾ ਭਰੋਸਾ ਦੇ ਚੁੱਕੇ ਹਨ। ਜਿਹੜੇ ਦੋ ਮੰਤਰੀਆਂ ਦੇ ਵਜ਼ਾਰਤ ਵਿਚੋਂ ਬਾਹਰ ਹੋਣ ਦੀ ਚਰਚਾ ਚੱਲ ਰਹੀ ਹੈ, ਉਹਨਾਂ ਵਿੱਚ ਲਾਲ ਚੰਦ ਕਟਾਰੂ ਚੱਕ ਅਤੇ ਲਾਲਜੀਤ ਸਿੰਘ ਭੁੱਲਰ ਦੇ ਨਾਂ ਚੱਲ ਰਹੇ ਹਨ । ਸਿਆਸਤ ਵਿੱਚ ਤਿਲਕਣਬਾਜ਼ੀ ਦੀ ਹਮੇਸ਼ਾ ਸੰਭਾਵਨਾ ਰਹਿੰਦੀ ਹੈ। ਪੰਜਾਬ ਰਾਜ ਭਵਨ ਵਿੱਚ ਸਹੁੰ ਚੁੱਕਣ ਤੋਂ ਕੁਝ ਪਲ ਪਹਿਲਾਂ ਤੱਕ ਨਵੇਂ ਬਣਨ ਵਾਲੇ ਮੰਤਰੀਆਂ ਦੇ ਨਾਵਾਂ ਵਿੱਚ ਤਬਦੀਲੀ ਹੁੰਦੀ ਦੇਖੀ ਹੈ ਅਤੇ ਬਹੁਤ ਵਾਰੀ ਨਾਵਾਂ 'ਤੇ ਕਾਂਟਾ ਵੱਜਣ ਵਾਲੇ ਮੰਤਰੀਆਂ ਨੂੰ ਮੁੜ ਕਲਾਵੇ ਵਿੱਚ ਵੀ ਲੈਂਦਿਆਂ ਦੇਖਿਆ ਗਿਆ ਹੈ। ਲਾਲ ਚੰਦ ਕਟਾਰੂ ਚੱਕ ਹੱਥੋਂ ਝੰਡੀ ਵਾਲੀ ਕਾਰ ਜਾਂਦੀ ਜਾਂਦੀ ਕਈ ਵਾਰ ਬਚੀ ਹੈ। ਲਾਲਜੀਤ ਸਿੰਘ ਭੁੱਲਰ ਦਾ ਨਾਂ ਵੀ ਇਸੇ ਕਤਾਰ ਵਿੱਚ ਜੋੜ ਕੇ ਦੇਖਿਆ ਜਾਂਦਾ ਰਿਹਾ ਹੈ।

ਕਈ ਚਿਰਾਂ ਤੋਂ ਇਹ ਚਰਚਾ ਚੱਲ ਰਹੀ ਹੈ ਕਿ ਸੰਜੀਵ ਅਰੋੜਾ ਤੋਂ ਰਾਜ ਸਭਾ ਦੀ ਸੀਟ ਖ਼ਾਲੀ ਕਰਾਈ ਜਾ ਰਹੀ ਹੈ। ਉਹਨਾਂ ਨੂੰ ਇਸ ਦੇ ਬਦਲੇ ਪੰਜਾਬ ਮੰਤਰੀ ਮੰਡਲ ਵਿੱਚ ਥਾਂ ਦਿੱਤੀ ਜਾਵੇਗੀ ਅਤੇ ਉਹਨਾਂ ਦੀ ਥਾਂ 'ਤੇ ਰਾਜ ਸਭਾ ਦੀ ਮੈਂਬਰੀ ਦਾ ਤਾਜ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਸਿਰ 'ਤੇ ਸਜੇਗਾ। ਮੁੱਖ ਮੰਤਰੀ ਦਫ਼ਤਰ ਨਾਲ ਜੁੜੇ ਸੂਤਰ ਦੱਸਦੇ ਹਨ ਕਿ ਸੰਜੀਵ ਅਰੋੜਾ ਤਾਂ ਆਪਣੀ ਜਿੱਤ ਇੰਨੀ ਯਕੀਨੀ ਬਣਾਈ ਬੈਠੇ ਹਨ ਕਿ ਉਹਨਾਂ ਨੇ ਸਿਹਤ ਮਹਿਕਮਾ ਮੰਗਣਾ ਸ਼ੁਰੂ ਕਰ ਦਿੱਤਾ ਹੈ । ਸੂਤਰਾਂ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਅਰਵਿੰਦ ਕੇਜਰੀਵਾਲ ਰਾਜ ਸਭਾ ਦੇ ਮੈਂਬਰ ਬਣਨ ਲਈ ਏਨੀ ਕਾਹਲ ਵਿੱਚ ਹਨ ਕਿ ਉਨ੍ਹਾਂ ਨੇ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਪਾਰਟੀ ਦੀ ਇੱਕ ਮੀਟਿੰਗ ਦੌਰਾਨ ਸੰਜੀਵ ਅਰੋੜਾ ਨੂੰ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਬਣਾਉਣ ਦੀ ਪੇਸ਼ਕਸ਼ ਕਰ ਦਿੱਤੀ ਸੀ, ਜਿਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਟ ਖਾ ਗਏ ਸਨ । ਮੁੱਖ ਮੰਤਰੀ ਮਾਨ ਵੱਲੋਂ ਹਾਮੀ ਨਾ ਭਰਨ 'ਤੇ ਗੱਲ ਅੱਗੇ ਨਾ ਵੱਧ ਸਕੀ।

ਲੁਧਿਆਣਾ ਪੱਛਮੀ ਹਲਕੇ ਦੀ ਗੱਲ ਕਰੀਏ ਤਾਂ ਉੱਥੇ 19 ਜੂਨ ਨੂੰ ਵੋਟਾਂ ਪੈ ਚੁੱਕੀਆਂ ਹਨ ਅਤੇ ਨਤੀਜੇ ਦਾ ਐਲਾਨ 23 ਜੂਨ ਨੂੰ ਕੀਤਾ ਜਾਣਾ ਹੈ। ਹਲਕੇ ਦੇ ਵੋਟਰਾਂ ਦੀ ਗਿਣਤੀ ਇਕ ਲੱਖ 74 ਹਜ਼ਾਰ ਦੱਸੀ ਜਾਂਦੀ ਹੈ । ਇਹ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੇ ਅਕਾਲ ਚਲਾਣੇ ਤੋਂ ਬਾਅਦ ਖ਼ਾਲੀ ਹੋਈ ਸੀ । ਪਿਛਲੀਆਂ ਚੋਣਾਂ ਵਿੱਚ ਗੁਰਪ੍ਰੀਤ ਸਿੰਘ ਗੋਗੀ 40 ਹਜ਼ਾਰ ਵੋਟਾਂ ਲੈ ਕੇ ਇਥੋਂ ਜੇਤੂ ਰਹੇ ਸਨ। ਕਾਂਗਰਸ ਪਾਰਟੀ ਦੇ ਹਿੱਸੇ 34 ਹਜ਼ਾਰ ਆਈਆਂ ਸਨ ਅਤੇ ਭਾਰਤੀ ਜਨਤਾ ਪਾਰਟੀ 28 ਹਜ਼ਾਰ ਵੋਟਾਂ ਲੈਣ ਵਿੱਚ ਕਾਮਯਾਬ ਹੋ ਗਈ ਸੀ । ਸ਼੍ਰੋਮਣੀ ਅਕਾਲੀ ਦਲ ਫਾਡੀ ਰਿਹਾ ਅਤੇ ਸਿਰਫ਼ 10 ਹਜ਼ਾਰ ਵੋਟਾਂ ਨਾਲ ਸਬਰ ਕਰਨਾ ਪਿਆ ਸੀ । ਲੋਕ ਸਭਾ ਚੋਣਾਂ 2024 ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਕੇਵਲ ਪੰਜ ਹਜ਼ਾਰ ਵੋਟਾਂ ਲੈ ਕੇ ਸਭ ਤੋਂ ਪਿੱਛੇ ਰਿਹਾ ਸੀ ।

ਭਾਰਤੀ ਚੋਣ ਕਮਿਸ਼ਨ ਵੱਲੋਂ ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਦੀ ਤਰੀਕ ਐਲਾਨ ਕਰਨ ਤੋਂ ਕਈ ਮਹੀਨੇ ਪਹਿਲਾਂ ਹੀ ਆਮ ਆਦਮੀ ਪਾਰਟੀ ਨੇ ਸੰਜੀਵ ਅਰੋੜਾ ਨੂੰ ਮੈਦਾਨ ਵਿੱਚ ਉਤਾਰ ਦਿੱਤਾ ਸੀ । ਉਸ ਤੋਂ ਬਾਅਦ ਕਾਂਗਰਸ ਪਾਰਟੀ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਨਾਂ ਉੱਤੇ ਮੋਹਰ ਲਾ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵਕੀਲ ਪਰਉਪਕਾਰ ਸਿੰਘ ਦੀ ਚੋਣ ਕੀਤੀ ਗਈ । ਭਾਰਤੀ ਜਨਤਾ ਪਾਰਟੀ ਨੇ ਸਭ ਤੋਂ ਪਛੜ ਕੇ ਜੀਵਨ ਗੁਪਤਾ ਨੂੰ ਮੈਦਾਨ ਵਿੱਚ ਉਤਾਰਿਆ ਸੀ । ਲੋਕ ਸਭਾ ਚੋਣਾਂ 2024 ਵਿੱਚ ਲੁਧਿਆਣਾ ਪੱਛਮੀ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਜੇਤੂ ਰਹੇ ਸਨ ਜਦ ਕਿ ਬਾਕੀ ਦੇ ਅੱਠ ਹਲਕਿਆਂ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਸੂਬਾ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਚੋਣ ਜਿੱਤ ਗਏ ਸਨ। ਲੁਧਿਆਣਾ ਦਾ ਇਹ ਸਭ ਤੋਂ ਪੌਸ਼ ਏਰੀਆ ਦੱਸਿਆ ਗਿਆ ਹੈ । ਗਰਮੀ ਦੇ ਚਲਦਿਆਂ ਸਿਰਫ਼ 51.07 ਪ੍ਰਤੀਸ਼ਤ ਵੋਟਾਂ ਹੀ ਪੋਲ ਹੋਈਆਂ ਸਨ ।

ਇਹ ਪਹਿਲੀ ਵਾਰ ਹੈ ਜਦੋਂ ਜ਼ਿਮਨੀ ਚੋਣ ਉੱਤੇ ਸਾਰੀ ਸਿਆਸੀ ਪਾਰਟੀਆਂ ਨੇ ਏਨਾ ਜ਼ਿਆਦਾ ਜ਼ੋਰ ਲਾਇਆ ਹੋਵੇ । ਲੁਧਿਆਣਾ ਪੱਛਮੀ ਹਲਕੇ ਦੀ ਇਸ ਚੋਣ ਵਿੱਚ ਤਿੰਨ ਮੁੱਖ ਮੰਤਰੀਆਂ ਦਾ ਪੂਰਾ ਜ਼ੋਰ ਲੱਗਾ ਰਿਹਾ । ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਕਈ ਦਿਨ ਉੱਥੇ ਡੇਰੇ ਲਾਈ ਰੱਖੇ । ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਚੋਣ ਪ੍ਰਚਾਰ ਲਈ ਆਏ ਸਨ। ਉਹਨਾਂ ਤੋਂ ਬਿਨਾਂ ਦੋ ਸਾਬਕਾ ਮੁੱਖ ਮੰਤਰੀ ਜਿਨ੍ਹਾਂ ਵਿੱਚ ਚਰਨਜੀਤ ਸਿੰਘ ਚੰਨੀ ਅਤੇ ਅਰਵਿੰਦ ਕੇਜਰੀਵਾਲ ਦਾ ਨਾਂ ਆਉਂਦਾ ਹੈ, ਨੇ ਆਪਣੀ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਲਈ ਦਿਨ ਰਾਤ ਇੱਕ ਕਰੀ ਰੱਖਿਆ ਸੀ । ਕੇਂਦਰੀ ਮੰਤਰੀ ਠਾਕਰ ਤੇ ਰਵਨੀਤ ਸਿੰਘ ਬਿੱਟੂ ਨੇ ਵੀ ਆਪਣੀ ਪਾਰਟੀ ਦੇ ਉਮੀਦਵਾਰ ਲਈ ਪ੍ਰਚਾਰ ਕੀਤਾ ਸੀ।

ਆਮ ਆਦਮੀ ਪਾਰਟੀ ਆਪਣੀ ਜਿੱਤ ਯਕੀਨੀ ਮੰਨੀ ਬੈਠੀ ਹੈ। ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ ਪੰਜ ਤੋਂ ਸੱਤ ਹਜ਼ਾਰ ਵੋਟ ਦੇ ਫ਼ਰਕ ਨਾਲ ਸੀਟ ਜਿੱਤਣ ਦਾ ਦਾਅਵਾ ਕੀਤਾ ਹੈ। ਜਦੋਂ ਕਿ ਸਿਆਸੀ ਮਾਹਿਰ ਕਾਂਗਰਸ ਅਤੇ ਭਾਜਪਾ ਨਾਲ ਫਸਵੀਂ ਟੱਕਰ ਦੱਸ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਨਾਲੋਂ ਇਸ ਵਾਰ ਵੋਟਾਂ ਦੀ ਗਿਣਤੀ ਵਧਾਉਣ ਦੀ ਦੌੜ ਵਿੱਚ ਦੱਸਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਰਾਜ ਸਭਾ ਦੇ ਮੈਂਬਰ ਸੰਜੀਵ ਅਰੋੜਾ ਇਸ ਸੀਟ ਤੋਂ ਜੇਤੂ ਰਹਿੰਦੇ ਹਨ ਤਾਂ ਉਹਨਾਂ ਦਾ ਮੰਤਰੀ ਬਣਨਾ ਤੈਅ ਹੈ । ਉਹਨਾਂ ਦੀ ਥਾਂ 'ਤੇ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਰਾਜ ਸਭਾ ਦੀ ਮੈਂਬਰੀ ਦੇਣ ਉੱਤੇ ਵੀ ਪਾਰਟੀ ਇੱਕ ਮੱਤ ਹੈ । ਜੇ ਸੰਜੀਵ ਅਰੋੜਾ ਮੰਤਰੀ ਮੰਡਲ ਵਿੱਚ ਸ਼ਾਮਿਲ ਕੀਤੇ ਜਾਂਦੇ ਹਨ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਵਜ਼ਾਰਤ ਵਿੱਚ ਪੰਜਵਾਂ ਵਾਧਾ ਹੋਵੇਗਾ । ਇਸ ਤੋਂ ਪਹਿਲਾਂ ਸਤੰਬਰ 2024 ਵਿੱਚ ਚਾਰ ਮੰਤਰੀਆਂ ਨੂੰ ਹਟਾ ਕੇ ਪੰਜ ਨਵੇਂ ਚਿਹਰੇ ਸ਼ਾਮਿਲ ਕੀਤੇ ਗਏ ਸਨ, ਜਿਨ੍ਹਾਂ ਮੰਤਰੀਆਂ ਨੂੰ ਵਜ਼ਾਰਤ ਵਿੱਚੋਂ ਬਾਹਰ ਕੀਤਾ ਗਿਆ ਸੀ ਉਹਨਾਂ ਵਿੱਚ ਬਲਕਾਰ ਸਿੰਘ, ਚੇਤੰਨ ਸਿੰਘ ਜੌੜੇਮਾਜਰਾ, ਬ੍ਰਹਮ ਮਹਿੰਦਰ ਜਿੰਪਾ ਅਤੇ ਅਨਮੋਲ ਗਗਨ ਮਾਨ ਦੇ ਨਾਂ ਸ਼ਾਮਲ ਸਨ। ਪੰਜ ਨਵੇਂ ਚਿਹਰਿਆਂ ਵਿੱਚ ਹਰਦੀਪ ਸਿੰਘ ਮੁੰਡੀਆ, ਕਰਨਜੀਤ ਸਿੰਘ ਸੌਂਦ, ਡਾਕਟਰ ਰਵਜੋਤ, ਬਰਿੰਦਰ ਕੁਮਾਰ ਗੋਇਲ ਅਤੇ ਮਹਿੰਦਰ ਭਗਤ ਨੂੰ ਮੰਤਰੀ ਮੰਡਲ ਵਿੱਚ ਸ਼ਾਮਿਲ ਕੀਤਾ ਗਿਆ ਸੀ। ਇਸ ਵਾਰ ਦੀਆਂ ਚੋਣਾਂ ਤੋਂ ਪਹਿਲਾਂ ਚੰਗੀ ਕਾਰਗੁਜ਼ਾਰੀ ਵਾਲੇ ਵਿਧਾਇਕਾਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕਰਨ ਦਾ ਚੋਗਾ ਤਾਂ ਪਾਇਆ ਗਿਆ ਸੀ ਪਰ ਪਾਰਟੀ ਦੇ ਅੰਦਰੂਨੀ ਸੂਤਰ ਦੱਸਦੇ ਹਨ ਕਿ ਫਿਰ ਬਦਲ ਵੱਡਾ ਨਹੀਂ ਹੋਵੇਗਾ। ਇਸ ਵੇਲੇ ਪੰਜਾਬ ਵਜ਼ਾਰਤ ਵਿੱਚ 16 ਮੰਤਰੀ ਹਨ । ਜਦਕਿ ਨਿਯਮਾਂ ਅਨੁਸਾਰ ਦੋ ਮੰਤਰੀ ਹੋਰ ਲਿਜਾ ਸਕਦੇ ਹਨ ।

ਆਮ ਆਦਮੀ ਪਾਰਟੀ ਵੱਲੋਂ ਭਾਵੇਂ ਲੁਧਿਆਣਾ ਪੱਛਮੀ ਹਲਕੇ ਤੋਂ ਆਪਣੀ ਜਿੱਤ ਨੂੰ ਪੱਕਿਆਂ ਮੰਨਦਿਆਂ ਵਜ਼ਾਰਤ ਵਿੱਚ ਫਿਰ ਬਦਲਦੀ ਤਿਆਰੀ ਕੀਤੀ ਜਾ ਰਹੀ ਹੈ ਪਰ ਨਤੀਜੇ ਦੇ ਐਲਾਨ ਤੋਂ ਪਹਿਲਾਂ ਕੁਝ ਵੀ ਕਹਿਣਾ ਪੱਕਾ ਨਹੀਂ ਹੁੰਦਾ ਹੈ । ਸਿਆਸਤ ਵਿੱਚ ਬਹੁਤ ਵਾਰ ਅੰਦਾਜ਼ੇ ਗ਼ਲਤ ਨਿਕਲਦੇ ਰਹੇ ਹਨ । ਸਾਲ 1995 ਦੀ ਗਿੱਦੜਬਾਹਾ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਨੂੰ ਠਿੱਬੀ ਲਾ ਗਏ ਸਨ ਹਾਲਾਂਕਿ ਇਹ ਉਹ ਸਮਾਂ ਸੀ ਜਦੋਂ ਮੁੱਖ ਮੰਤਰੀ ਬੇਅੰਤ ਸਿੰਘ ਦਾ ਪੂਰਾ ਸਿੱਕਾ ਚੱਲਦਾ ਸੀ । ਲੋਕ ਸਭਾ ਹਲਕਾ ਸੰਗਰੂਰ ਦੀ ਚੋਣ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸੀਟ ਕੱਢ ਗਏ ਸਨ । ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਦਾਖਾ ਦੀ ਜ਼ਿਮਨੀ ਚੋਣ ਵਿੱਚ ਜੇਤੂ ਰਹੇ ਸਨ । ਸ਼੍ਰੋਮਣੀ ਅਕਾਲੀ ਦਲ ਦਾ ਰਾਜ ਹੁੰਦਿਆਂ ਸ਼ਾਮ ਚੁਰਾਸੀ ਦੀ ਸੀਟ ਵੀ ਕਾਂਗਰਸ ਨੇ ਕੱਢ ਲਈ ਸੀ। ਵੋਟਰਾਂ ਵੀ ਕਸਵੱਟੀ ਉੱਤੇ ਕੌਣ ਖ਼ਰਾ ਉਤਰੇਗਾ ।ਇਹ ਜਾਨਣ ਲਈ ਇੱਕ ਦਿਨ ਹੋਰ ਉਡੀਕ ਕਰਨੀ ਪੈਣੀ ਹੈ। ਬਹੁਤ ਵਾਰ ਨਤੀਜੇ ਉਮੀਦ ਦੇ ਉਲਟ ਭੁਗਤਦੇ ਦੇਖੇ ਗਏ ਹਨ । ਸਾਲ 2012 ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਦੂਜੀ ਵਾਰ ਸਰਕਾਰ ਬਣਾਉਣਾ ਆਮ ਗੱਲ ਨਹੀਂ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਤਾਂ ਆਪ ਨੂੰ ਵੀ 92 ਸੀਟਾਂ ਦੀ ਉਮੀਦ ਨਹੀਂ ਸੀ।

ਰੋਜ਼ਾਨਾ
# ਚੜ੍ਹਦੀਕਲਾ
ਸਪਤਾਹਿਕ ਮੈਗਜ਼ੀਨ
Punjabi Daily Newspaper Charhdikala
ਐਤਵਾਰ, 22 ਜੂਨ, 2025
Sunday, 22 June, 2025



•ਗੁਰਬਿੰਦਰ ਸਿੰਘ ਮਾਣਕ

# ਲਾਇਬਰੇਰੀ

## ਵਿਦਿਆਰਥੀ ਜ਼ਿੰਦਗੀ ਵਿੱਚ ਮਹੱਤਤਾ

> ਅਧਿਆਪਕ ਬੱਚਿਆਂ ਦੇ ਮਨ ਵਿਚ ਪੁਸਤਕਾਂ ਦੇ ਵਿਲੱਖਣ ਸੰਸਾਰ ਪ੍ਰਤੀ ਦਿਲਚਸਪੀ ਅਤੇ ਪ੍ਰੇਰਨਾ ਪੈਦਾ ਕਰ ਕੇ ਉਨ੍ਹਾਂ ਨੂੰ ਲਾਇਬਰੇਰੀ ਜਾਣ ਲਈ ਉਤਸ਼ਾਹਿਤ ਕਰਨ। ਬੱਚਿਆਂ ਦੇ ਉਮਰ ਗਰੁੱਪ ਅਨੁਸਾਰ ਉਨ੍ਹਾਂ ਨੂੰ ਪੁਸਤਕਾਂ ਮੁਹੱਈਆ ਕਰਾਈਆਂ ਜਾਣ। ਬੱਚੇ ਨੂੰ ਲਾਇਬਰੇਰੀ ਵਿਚ ਬੈਠ ਕੇ ਅਖਬਾਰਾਂ, ਰਸਾਲੇ ਅਤੇ ਪੁਸਤਕਾਂ ਦੇ ਅਲੋਕਾਰ ਸੰਸਾਰ ਦੀ ਥਾਂਹ ਪਾਉਣ ਦਾ ਮੌਕਾ ਪ੍ਰਦਾਨ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਜੇ ਅਧਿਆਪਕ ਨੂੰ ਆਪ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਹੋਏਗੀ ਤਾਂ ਉਹ ਹੌਲੀ ਹੌਲੀ ਬੱਚਿਆਂ ਨੂੰ ਵੀ ਇਸ ਰਾਹ ਤੋਰਨ ਵਿਚ ਕਾਮਯਾਬੀ ਹਾਸਲ ਕਰ ਲਏਗਾ। ਪੁਸਤਕਾਂ ਵਿਚੋਂ ਕਦੇ ਕਦੇ ਕੁਝ ਦਿਲਚਸਪ ਵੇਰਵੇ ਅਧਿਆਪਕ ਬੱਚਿਆਂ ਨੂੰ ਪੜ੍ਹ ਕੇ ਸੁਣਾਉਣ ਤਾਂ ਕਿ ਬੱਚਿਆਂ ਦੇ ਮਨਾਂ ਵਿਚ ਪੁਸਤਕਾਂ ਪ੍ਰਤੀ ਉਤਸੁਕਤਾ ਤੇ ਤਾਂਘ ਪੈਦਾ ਹੋ ਸਕੇ।

ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਲਾਇਬਰੇਰੀ ਗਿਆਨ ਦਾ ਵਿਸ਼ਾਲ ਭੰਡਾਰ ਹੁੰਦੀ ਹੈ। ਪੁਸਤਕਾਂ ਦੀ ਮਹੱਤਤਾ ਕਾਰਨ ਹੀ ਇਨ੍ਹਾਂ ਨੂੰ ਮਨੁੱਖ ਦਾ ਸੱਚਾ ਮਿੱਤਰ ਕਿਹਾ ਜਾਂਦਾ ਹੈ। ਲਾਇਬਰੇਰੀ ਸ਼ਬਦ ਦੀ ਉਤਪਤੀ ਲਾਤੀਨੀ ਸ਼ਬਦ 'ਲੀਬਰੇ' ਤੋਂ ਹੋਈ ਹੈ, ਜਿਸ ਦਾ ਅਰਥ ਹੈ ਕਿਤਾਬ। ਸਾਹਿਤਕ ਤੇ ਗਿਆਨ-ਵਰਧਿਕ ਪੁਸਤਕਾਂ ਮਨੁੱਖ ਦੀ ਸੋਚ ਤੇ ਨਜ਼ਰੀਏ ਨੂੰ ਬਦਲਣ ਤੇ ਪਰਪੱਕ ਕਰਨ ਦਾ ਵਡਮੁੱਲਾ ਕਾਰਜ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਆਪਣੀ ਉਮਰ, ਰੁਚੀ ਤੇ ਪਸੰਦ ਅਨੁਸਾਰ ਕੋਈ ਵੀ ਵਿਅਕਤੀ ਲਾਇਬਰੇਰੀ ਵਿਚ ਪੁਸਤਕਾਂ ਸੰਗ ਦੋਸਤੀ ਪਾ ਕੇ ਨਾ ਕੇਵਲ ਗਿਆਨ-ਰੂਪੀ ਸਮੁੰਦਰ ਵਿਚ ਤਾਰੀਆਂ ਲਾਉਂਦਾ, ਸਗੋਂ ਜੀਵਨ ਦਾ ਵਿਸ਼ੇਸ਼ ਨਜ਼ਰੀਆ ਤੇ ਸੂਝ ਵਿਕਸਤ ਕਰ ਕੇ ਆਪਣੀ ਮੰਜ਼ਿਲ 'ਤੇ ਪਹੁੰਚਣ ਦਾ ਰਾਹ ਵੀ ਤਲਾਸ਼ ਸਕਦਾ ਹੈ। ਘਰ ਤੋਂ ਬਾਅਦ ਸਕੂਲ ਬੱਚੇ ਦੇ ਸਰਬਪੱਖੀ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਕੂਲ ਵਿਚ ਆ ਕੇ ਬੱਚੇ ਨੇ ਕੇਵਲ ਪਾਠਕ੍ਰਮ ਦੀਆਂ ਪੁਸਤਕਾਂ ਪੜ੍ਹ ਕੇ ਹੀ ਜਮਾਤਾਂ ਨਹੀਂ ਪਾਸ ਕਰਨੀਆਂ ਹੁੰਦੀਆਂ, ਸਗੋਂ ਸਮਾਜਿਕ, ਸੱਭਿਆਚਾਰਕ, ਭਾਵਨਾਤਮਿਕ ਅਤੇ ਨੈਤਿਕ ਮੁੱਲਾਂ ਸਬੰਧੀ ਬਹੁਤ ਕੁਝ ਸਿੱਖਣਾ ਤੇ ਸਮਝਣਾ ਹੁੰਦਾ ਹੈ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜ਼ਿੰਦਗੀ ਦਾ ਇਹ ਅਣਮੁੱਲਾ ਗਿਆਨ ਹਾਸਲ ਕਰ ਕੇ ਹੀ ਜੀਵਨ ਨੂੰ ਸਾਰਥਕ ਬਣਾਇਆ ਜਾ ਸਕਦਾ ਹੈ। ਸਕੂਲ ਪੱਧਰ 'ਤੇ ਪੜ੍ਹਾਏ ਜਾਂਦੇ ਵੱਖ-ਵੱਖ ਵਿਸ਼ਿਆਂ ਦੇ ਨਾਲ-ਨਾਲ ਲਾਇਬਰੇਰੀ ਵਿਚੋਂ ਪੁਸਤਕਾਂ ਪ੍ਰਾਪਤ ਕਰ ਕੇ ਵਿਦਿਆਰਥੀ ਕਿਸੇ ਵੀ ਵਿਸ਼ੇ ਬਾਰੇ ਹੋਰ ਗਿਆਨ ਹਾਸਲ ਕਰ ਕੇ ਚੰਗੀ ਸਮਝ ਸੂਝ ਪੈਦਾ ਕਰ ਸਕਦਾ ਹੈ।

ਅਜੋਕੀ ਸਿੱਖਿਆ ਪ੍ਰਣਾਲੀ ਵਿਚ ਪ੍ਰੀਖਿਆ ਦੀ ਦ੍ਰਿਸ਼ਟੀ ਤੋਂ ਕੇਵਲ ਪਾਠ-ਪੁਸਤਕਾਂ ਤੇ ਨਿਰਧਾਰਤ ਪਾਠਕ੍ਰਮ ਪੜ੍ਹਾਉਣ 'ਤੇ ਹੀ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਪਾਠਕ੍ਰਮ ਏਨੇ ਲੰਮੇ ਅਕਾਊ ਅਤੇ ਨੀਰਸ ਹਨ ਕਿ ਬੱਚੇ ਅਤੇ ਅਧਿਆਪਕ ਸਾਲ ਦਾ ਬਹੁਤਾ ਸਮਾਂ ਇਸ ਨੂੰ ਮੁਕਾਉਣ ਵਿਚ ਹੀ ਉਲਝੇ ਰਹਿੰਦੇ ਹਨ। ਅਧਿਆਪਕ ਵੀ ਨਤੀਜਾ ਚੰਗਾ ਲਿਆਉਣ ਦੇ ਯਤਨਾਂ ਵਿਚ ਤੇ ਮਹਿਕਮੇ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਪਾਠਕ੍ਰਮ ਦੇ ਚੱਕਰਵਿਊ ਵਿਚੋਂ ਹੀ ਬਾਹਰ ਨਹੀਂ ਨਿਕਲਦਾ। ਪ੍ਰੀਖਿਆ ਪਾਸ ਕਰਨ ਦੇ ਹਊਏ ਨੇ ਵਿਦਿਆਰਥੀ ਲਈ ਕਿਸੇ ਵੀ ਹੋਰ ਸਰਗਰਮੀ ਵਿਚ ਹਿੱਸਾ ਲੈਣ ਦੇ ਦਰਵਾਜ਼ੇ ਹੀ ਬੰਦ ਕੀਤੇ ਹੋਏ ਹਨ। ਚਿੰਤਾਜਨਕ ਗੱਲ ਇਹ ਹੈ ਕਿ ਅਜੋਕੇ ਬੱਚੇ ਕੁੱਟਮਾਰ, ਅਪਰਾਧ-ਮੁਖੀ ਤੇ ਨੰਗੇਜ਼ ਭਰਪੂਰ ਫਿਲਮਾਂ ਅਤੇ ਤਰਕਹੀਣ ਤੇ ਗੈਰ ਵਿਗਿਆਨਕ ਸੀਰੀਅਲਾਂ ਦੇ ਦੀਵਾਨੇ ਹੋਏ ਪਏ ਹਨ। ਭਾਵੇਂ ਇਸ ਸਿਲਸਿਲੇ ਨੂੰ ਪੂਰੀ ਤਰ੍ਹਾਂ ਰੋਕਣਾ ਸੰਭਵ ਨਹੀਂ ਪਰ ਸਕੂਲ ਲਾਇਬਰੇਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਕਸਤ ਕਰ ਕੇ ਵਿਦਿਆਰਥੀਆ ਨੂੰ ਇਕ ਸਾਰਥਿਕ ਬਦਲ ਦਿੱਤਾ ਜਾ ਸਕਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਲਾਇਬਰੇਰੀ ਸਕੂਲ ਪਾਠਕ੍ਰਮ ਦਾ ਹਿੱਸਾ ਹੋਣ।

ਅਧਿਆਪਕ ਬੱਚਿਆਂ ਦੇ ਮਨ ਵਿਚ ਪੁਸਤਕਾਂ ਦੇ ਵਿਲੱਖਣ ਸੰਸਾਰ ਪ੍ਰਤੀ ਦਿਲਚਸਪੀ ਅਤੇ ਪ੍ਰੇਰਨਾ ਪੈਦਾ ਕਰ ਕੇ ਉਨ੍ਹਾਂ ਨੂੰ ਲਾਇਬਰੇਰੀ ਜਾਣ ਲਈ ਉਤਸ਼ਾਹਿਤ ਕਰਨ। ਬੱਚਿਆਂ ਦੇ ਉਮਰ ਗਰੁੱਪ ਅਨੁਸਾਰ ਉਨ੍ਹਾਂ ਨੂੰ ਪੁਸਤਕਾਂ ਮੁਹੱਈਆ ਕਰਾਈਆਂ ਜਾਣ। ਬੱਚੇ ਨੂੰ ਲਾਇਬਰੇਰੀ ਵਿਚ ਬੈਠ ਕੇ ਅਖਬਾਰਾਂ, ਰਸਾਲੇ ਅਤੇ ਪੁਸਤਕਾਂ ਦੇ ਅਲੋਕਾਰ ਸੰਸਾਰ ਦੀ ਥਾਂਹ ਪਾਉਣ ਦਾ ਮੌਕਾ ਪ੍ਰਦਾਨ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਜੇ ਅਧਿਆਪਕ ਨੂੰ ਆਪ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਹੋਏਗੀ ਤਾਂ ਉਹ ਹੌਲੀ ਹੌਲੀ ਬੱਚਿਆਂ ਨੂੰ ਵੀ ਇਸ ਰਾਹ ਤੋਰਨ ਵਿਚ ਕਾਮਯਾਬੀ ਹਾਸਲ ਕਰ ਲਏਗਾ। ਪੁਸਤਕਾਂ ਵਿਚੋਂ ਕਦੇ ਕਦੇ ਕੁਝ ਦਿਲਚਸਪ ਵੇਰਵੇ ਅਧਿਆਪਕ ਬੱਚਿਆਂ ਨੂੰ ਪੜ੍ਹ ਕੇ ਸੁਣਾਉਣ ਤਾਂ ਕਿ ਬੱਚਿਆਂ ਦੇ ਮਨਾਂ ਵਿਚ ਪੁਸਤਕਾਂ ਪ੍ਰਤੀ ਉਤਸੁਕਤਾ ਤੇ ਤਾਂਘ ਪੈਦਾ ਹੋ ਸਕੇ। ਬੱਚਿਆਂ ਦੀ ਸਕੂਲ ਵਿਚ ਕਿਸੇ ਪ੍ਰਾਪਤੀ ਲਈ ਪੁਸਤਕਾਂ ਇਨਾਮ ਵਜੋਂ ਦਿੱਤੀਆਂ ਜਾਣ ਤਾਂ ਕਿ ਉਹ ਜਦੋਂ ਚਾਹੇ ਪੜ੍ਹਨ ਦੀ ਭੁੱਖ ਪੂਰੀ ਕਰ ਸਕੇ। ਇਸ ਤਰ੍ਹਾਂ ਦੇ ਸੁਹਿਰਦ ਯਤਨਾ ਸਦਕਾ ਬੱਚਿਆਂ ਵਿਚ ਸਿਰਜਣਾਤਮਕ ਰੁਚੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਬੱਚੇ ਅਧਿਆਪਕ ਦੀ ਅਗਵਾਈ ਵਿਚ ਹਲਕੇ ਫੁਲਕੇ ਲੇਖ ਅਤੇ ਕਵਿਤਾਵਾਂ ਲਿਖ ਕੇ ਆਪਣੇ ਅੰਦਰ ਛੁਪੀਆਂ ਸੰਭਾਵਨਾਵਾਂ ਨੂੰ ਪ੍ਰਗਟ ਕਰ ਸਕਦੇ ਹਨ।

ਸਿੱਖਿਆ ਨੂੰ ਮਨੁੱਖ ਦਾ ਤੀਜਾ ਨੇਤਰ ਕਿਹਾ ਗਿਆ ਹੈ। ਅਜੋਕੀ ਸਿੱਖਿਆ ਪ੍ਰਣਾਲੀ ਬੱਚੇ ਦੀ ਸੂਝ ਨੂੰ ਵਿਕਸਤ ਕਰਨ ਅਤੇ ਉਸ ਦੇ ਮਨ ਵਿਚ ਆਲੋਚਨਾਤਮਿਕ ਸਵਾਲ ਪੈਦਾ ਕਰਨ ਤੋਂ ਅਸਮਰੱਥ ਹੈ। ਜਦੋਂ ਤੱਕ ਕਿਸੇ ਵਿਚਾਰ ਜਾਂ ਮਸਲੇ ਬਾਰੇ ਕੋਈ ਸਵਾਲ ਪੈਦਾ ਨਹੀਂ ਹੁੰਦਾ, ਉਦੋਂ ਤੱਕ ਤੀਸਰਾ ਨੇਤਰ ਬੰਦ ਹੀ ਰਹੇਗਾ। ਸਾਡੇ ਦੇਸ਼ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਦਾ ਸਭ ਤੋਂ ਵੱਡਾ ਦੁਖਾਂਤ ਇਹੀ ਹੈ। ਲਾਇਬਰੇਰੀ ਦੀਆਂ ਸਾਹਿਤਕ ਤੇ ਹੋਰ ਗਿਆਨ ਵਰਧਕ ਪੁਸਤਕਾਂ ਦੀ ਲਗਾਤਾਰ ਸਾਂਝ ਨਾਲ ਕਿਸੇ ਦੇ ਜੀਵਨ ਦੀ ਦਿਸ਼ਾ ਨੂੰ ਨਵਾਂ ਤੇ ਸਾਰਥਕ ਮੋੜ ਦੇਣ ਦਾ ਯਤਨ ਕੀਤਾ ਜਾ ਸਕਦਾ ਹੈ। ਪੁਸਤਕਾਂ ਪੜ੍ਹਨ ਦੀ ਰੁਚੀ ਹੌਲੀ ਹੌਲੀ ਬੱਚਿਆਂ ਦੇ ਮਨ ਵਿਚ ਜੀਵਨ ਦੇ ਵਰਤਾਰਿਆਂ ਨੂੰ ਸਮਝਣ ਦੀ ਸੂਝ ਪੈਦਾ ਕਰਦੀ ਹੈ ਤੇ ਸਵੈ-ਵਿਸ਼ਵਾਸ ਪੈਦਾ ਕਰਦੀ ਹੈ। ਅਗਲੇਰੀ ਜ਼ਿੰਦਗੀ ਵਿਚ ਇਹ ਗੁਣ ਕਿਸੇ ਦੀ ਸ਼ਖ਼ਸੀਅਤ ਨੂੰ ਉਸਾਰਨ ਵਿਚ ਸਹਾਈ ਹੁੰਦੇ ਹਨ।

ਅਕਸਰ ਹੀ ਇਹ ਕਿਹਾ ਜਾਂਦਾ ਹੈ ਕਿ ਲਾਇਬਰੇਰੀ ਦੀ ਵਰਤੋਂ ਨਾਲ ਬੱਚਿਆਂ ਦੀ

ਬਾਕੀ ਸਫ਼ਾ 8 'ਤੇ



# ਨਿਊਯਾਰਕ ਵਿੱਚ ਸਿੱਖ ਪੰਥ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਨਿਊਯਾਰਕ ਸ਼ਹਿਰ ਜਿੱਥੇ ਆਕਾਸ਼-ਛੂੰਹਦੀਆਂ ਇਮਾਰਤਾਂ ਦੇ ਵਿਚਕਾਰ ਮਨੁੱਖ ਦੀ ਆਤਮਾ ਆਪਣੀ ਪਛਾਣ ਲਈ ਤਰਸਦੀ ਹੈ, ਉੱਥੇ ਹੀ ਸਿੱਖ ਪੰਥ ਦੀ ਜੋਤ ਗੁਰੂ ਦੇ ਸ਼ਬਦ ਵਾਂਗ ਚਮਕਦੀ ਹੈ।

ਇਹ ਸਿੱਖ ਜਿਨ੍ਹਾਂ ਦੇ ਸਿਰ 'ਤੇ ਗੁਰੂ ਦੀ ਦਸਤਾਰ ਸੁਸ਼ੋਭਿਤ ਹੈ, ਜਿਨ੍ਹਾਂ ਦੇ ਹੱਥ ਸੇਵਾ ਦੀ ਮਹਿਕ ਨਾਲ ਸੁਗੰਧਤ ਹਨ, ਨੇ ਇਸ ਵਿਦੇਸ਼ੀ ਧਰਤੀ ਉੱਪਰ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਸੁਨੇਹਾ ਸੁਰ ਵਿੱਚ ਗਾਇਆ ਹੈ। ਇਸ ਸ਼ਹਿਰ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਸਿੱਖ ਵਸਦੇ ਹਨ ਤੇ ਇੱਥੋਂ ਦੇ ਗੁਰਦੁਆਰੇ ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ, ਸਿੱਖ ਸੈਂਟਰ ਆਫ਼ ਨਿਊਯਾਰਕ, ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਤੇ ਸੱਚਖੰਡ ਗੁਰੂ ਨਾਨਕ ਦਰਬਾਰ ਆਦਿ ਗੁਰੂ ਦੀ ਜੋਤ ਦੇ ਸੰਗਮ ਸਥਾਨ ਹਨ, ਜਿੱਥੇ ਗੁਰੂ ਦਾ ਸ਼ਬਦ ਰਾਗ ਵਿੱਚ ਗੂੰਜਦਾ ਹੈ ਤੇ ਲੰਗਰ ਦੀ ਮਹਿਕ ਹਰ ਜਾਤ, ਹਰ ਧਰਮ ਦੇ ਲੋਕਾਂ ਨੂੰ ਇੱਕ ਪੰਗਤ ਵਿੱਚ ਬਿਠਾਉਂਦੀ ਹੈ।

> ਪੰਜਾਬੀ ਭਾਸ਼ਾ, ਜੋ ਸਿੱਖੀ ਦਾ ਰਾਗਮਈ ਸੁਰ ਹੈ, ਨਿਊਯਾਰਕ ਦੇ ਸਿੱਖ ਘਰਾਂ, ਗੁਰਦੁਆਰਿਆਂ ਤੇ ਵਿਸਾਖੀ ਦੀਆਂ ਪਰੇਡਾਂ ਵਿੱਚ ਅਜੇ ਵੀ ਗੂੰਜਦੀ ਹੈ। ਗੁਰਮੁਖੀ ਦੇ ਅੱਖਰ ਜੋ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਬਖ਼ਸ਼ੇ, ਅੱਜ ਵੀ ਇੱਥੋਂ ਦੇ ਸਿੱਖ ਬੱਚਿਆਂ ਦੀ ਜ਼ੁਬਾਨ 'ਤੇ ਚੜ੍ਹਦੇ ਹਨ, ਪਰ ਸੱਚ ਇਹ ਵੀ ਹੈ ਕਿ ਅੰਗਰੇਜ਼ੀ ਦੀ ਚਮਕ ਨੇ ਪੰਜਾਬੀ ਦੀ ਮਹਿਕ ਨੂੰ ਨਵੀਂ ਪੀੜ੍ਹੀ ਵਿੱਚ ਕੁਝ ਫਿੱਕਾ ਜ਼ਰੂਰ ਕੀਤਾ ਹੈ।

9/11 ਦੀ ਤਬਾਹੀ ਤੋਂ ਬਾਅਦ, ਜਦੋਂ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਿਆ ਗਿਆ, ਉਦੋਂ ਸਿੱਖਾਂ ਨੇ ਸਿਰਫ਼ ਦਸਤਾਰ ਦੀ ਸ਼ਾਨ ਨਹੀਂ, ਸਗੋਂ ਸੰਘਰਸ਼ ਦੀ ਗਾਥਾ ਵੀ ਲਿਖੀ। 2012 ਵਿੱਚ ਵਿਸਕਾਨਸਿਨ ਦੇ ਓਕ ਕ੍ਰੀਕ ਗੁਰਦੁਆਰੇ 'ਤੇ ਹੋਈ ਗੋਲੀਬਾਰੀ ਨੇ ਸਿੱਖਾਂ ਦੇ ਸਾਹਮਣੇ ਕਈ ਚੁਣੌਤੀਆਂ ਲਿਆਂਦੀਆਂ, ਪਰ ਸਿੱਖ ਪੰਥ ਨੇ ਗੁਰੂ ਦੀ ਕਿਰਪਾ ਨਾਲ ਨਾ ਸਿਰਫ਼ ਇਸ ਦੁੱਖ ਨੂੰ ਸਹਿਣ ਕੀਤਾ, ਸਗੋਂ ਸੇਵਾ ਦੇ ਚਾਨਣ ਨਾਲ ਅਮਰੀਕੀ ਸਮਾਜ ਦੇ ਨਸਲਵਾਦੀ ਹਨੇਰੇ ਨੂੰ ਪਛਾੜ ਕੇ ਸਰਬੱਤ ਦੇ ਭਲੇ ਦੇ ਫਲਸਫੇ 'ਤੇ ਸਿੱਖ ਪਛਾਣ ਨੂੰ ਰੋਸ਼ਨ ਕੀਤਾ। ਸਿੱਖ ਨੌਜਵਾਨ ਅੱਜ ਸਿਆਸਤ ਦੇ ਮੈਦਾਨ ਵਿੱਚ ਉਤਰ ਰਹੇ ਹਨ, ਸਿੱਖ ਕੋਲੀਸ਼ਨ ਵਰਗੇ ਸੰਗਠਨ ਸਿੱਖੀ ਦੀ ਆਵਾਜ਼ ਨੂੰ ਸਰਕਾਰੀ ਗਲਿਆਰਿਆਂ ਤੱਕ ਪਹੁੰਚਾਉਂਦੇ ਹਨ। ਇਸ ਦੇ ਨਾਲ ਹੀ ਅਮਰੀਕੀ ਸਕੂਲਾਂ ਵਿੱਚ ਸਿੱਖੀ ਦੀ ਸਿੱਖਿਆ ਦੇ ਪਾਠਕ੍ਰਮ ਨੇ ਸਤਿਗੁਰੂ ਦੇ ਸੁਨੇਹੇ ਨੂੰ ਨਵੀਂ ਪੀੜ੍ਹੀ ਦੇ ਹਿਰਦਿਆਂ ਵਿੱਚ ਬੀਜਣਾ ਸ਼ੁਰੂ ਕਰ ਦਿੱਤਾ ਹੈ।

ਪੰਜਾਬੀ ਭਾਸ਼ਾ, ਜੋ ਸਿੱਖੀ ਦਾ ਰਾਗਮਈ ਸੁਰ ਹੈ, ਨਿਊਯਾਰਕ ਦੇ ਸਿੱਖ ਘਰਾਂ, ਗੁਰਦੁਆਰਿਆਂ ਤੇ ਵਿਸਾਖੀ ਦੀਆਂ ਪਰੇਡਾਂ ਵਿੱਚ ਅਜੇ ਵੀ ਗੂੰਜਦੀ ਹੈ। ਗੁਰਮੁਖੀ ਦੇ ਅੱਖਰ ਜੋ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਬਖ਼ਸ਼ੇ, ਅੱਜ ਵੀ ਇੱਥੋਂ ਦੇ ਸਿੱਖ ਬੱਚਿਆਂ ਦੀ ਜ਼ੁਬਾਨ 'ਤੇ ਚੜ੍ਹਦੇ ਹਨ, ਪਰ ਸੱਚ ਇਹ ਵੀ ਹੈ ਕਿ ਅੰਗਰੇਜ਼ੀ ਦੀ ਚਮਕ ਨੇ ਪੰਜਾਬੀ ਦੀ ਮਹਿਕ ਨੂੰ ਨਵੀਂ ਪੀੜ੍ਹੀ ਵਿੱਚ ਕੁਝ ਫਿੱਕਾ ਜ਼ਰੂਰ ਕੀਤਾ ਹੈ। ਨੌਜਵਾਨ ਅਕਸਰ ਘਰਾਂ ਜਾਂ ਗੁਰਦੁਆਰਿਆਂ ਤੱਕ ਸੀਮਤ ਪੰਜਾਬੀ ਬੋਲਦੇ ਹਨ, ਪਰ ਸਿੱਖ ਸੰਗਠਨ ਅਤੇ ਗੁਰੂ-ਘਰਾਂ ਵਿੱਚ ਚੱਲਦੀਆਂ ਪੰਜਾਬੀ ਕਲਾਸਾਂ ਇਸ ਮਾਂ-ਬੋਲੀ ਨੂੰ ਜਿਊਂਦਾ ਰੱਖਣ ਦੀ ਜੱਦੋਜਹਿਦ ਵਿੱਚ ਲੱਗੇ ਹੋਏ ਹਨ। ਨਿਊਯਾਰਕ ਦੇ ਕੁਝ ਸਕੂਲਾਂ ਵਿੱਚ ਪੰਜਾਬੀ ਨੂੰ ਵਿਕਲਪਕ ਭਾਸ਼ਾ ਵਜੋਂ ਪੜ੍ਹਾਇਆ ਜਾ ਰਿਹਾ ਹੈ ਜੋ ਗੁਰੂ ਦੀ ਬਖ਼ਸ਼ੀ ਹੋਈ ਇਸ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਸੌਂਪਣ ਦਾ ਇੱਕ ਸੁਨੇਹਾ ਹੈ। ਸਿੱਖੀ ਦੀ ਸੇਵਾ ਦਾ ਸੂਰਜ ਨਿਊਯਾਰਕ ਦੀ ਧਰਤੀ 'ਤੇ ਸਦਾ ਚਮਕਦਾ ਰਹਿੰਦਾ ਹੈ। ਗੁਰਦੁਆਰਿਆਂ ਵਿੱਚ ਹਰ ਹਫ਼ਤੇ ਵਰਤਾਇਆ ਜਾਣ ਵਾਲਾ ਲੰਗਰ ਸਿਰਫ਼ ਭੋਜਨ ਨਹੀਂ, ਸਗੋਂ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਜੀਵੰਤ ਪ੍ਰਤੀਕ ਹੈ। ਇਸ ਲੰਗਰ ਦੀ ਪੰਗਤ ਤੇ ਹਰ ਜਾਤ, ਹਰ ਧਰਮ ਦਾ ਇਨਸਾਨ ਬੈਠਦਾ ਹੈ ਤੇ ਗੁਰੂ ਦੀ ਸੇਵਾ ਦੀ ਮਹਿਕ ਸਾਰੇ ਸੰਸਾਰ ਨੂੰ ਇੱਕ ਕਰ ਦਿੰਦੀ ਹੈ। ਯੂਨਾਈਟਿਡ ਸਿੱਖਸ ਵਰਗੇ ਸੰਗਠਨ ਬੇਘਰਾਂ, ਗ਼ਰੀਬਾਂ ਤੇ ਜ਼ਰੂਰਤਮੰਦਾਂ ਨੂੰ ਭੋਜਨ, ਕੱਪੜੇ ਤੇ ਜ਼ਰੂਰੀ ਸਾਮਾਨ ਦੀ ਸੇਵਾ ਨਾਲ ਗੁਰੂ ਦੀ ਜੋਤ ਨੂੰ ਜਗਾਉਂਦੇ ਹਨ। ਕਰੋਨਾ ਮਹਾਮਾਰੀ ਦੌਰਾਨ ਜਦੋਂ ਸੰਸਾਰ ਡਰ ਨਾਲ ਸਹਿਮਿਆ ਹੋਇਆ ਸੀ, ਸਿੱਖ ਭਾਈਚਾਰੇ ਨੇ ਲੰਗਰ ਦੀ ਮਹਿਕ ਨਾਲ ਹਜ਼ਾਰਾਂ ਜੀਆਂ ਨੂੰ ਜੀਵਨ ਦਾਨ ਦਿੱਤਾ। ਮੁਫ਼ਤ ਮਾਸਕ, ਸੈਨੇਟਾਈਜ਼ਰ, ਪੀਪੀਈ ਕਿੱਟਾਂ, ਟੈਸਟਿੰਗ ਤੇ ਵੈਕਸੀਨੇਸ਼ਨ ਮੁਹਿੰਮਾਂ ਵਿੱਚ ਸਿੱਖ ਡਾਕਟਰਾਂ ਤੇ ਸੇਵਾਦਾਰਾਂ ਨੇ ਗੁਰੂ ਦੀ ਸੇਵਾ ਦੀ ਅਜਿਹੀ ਮਿਸਾਲ ਕਾਇਮ ਕੀਤੀ, ਜਿਸ ਦੀ ਗੂੰਜ ਅਮਰੀਕਾ ਦੀ ਸਰਕਾਰ ਤੋਂ ਲੈ ਕੇ ਮੀਡੀਆ ਤੱਕ ਸੁਣਾਈ ਦਿੱਤੀ। ਤੂਫਾਨ, ਭੂਚਾਲ ਜਾਂ ਕੋਈ ਹੋਰ ਆਫ਼ਤ ਮੌਕੇ ਸਿੱਖ ਸੰਗਠਨ ਹਰ ਮੁਸੀਬਤ ਵਿੱਚ ਰਾਹਤ ਸਮੱਗਰੀ, ਮੈਡੀਕਲ ਸਹਾਇਤਾ ਤੇ ਪੁਨਰਵਾਸ ਦੀ ਸੇਵਾ ਨਾਲ ਗੁਰੂ ਦੇ ਸੁਨੇਹੇ ਨੂੰ ਜਿਊਂਦੇ ਹਨ। ਅਮਰੀਕੀ ਸਮਾਜ ਵਿੱਚ ਸਿੱਖ ਨੂੰ ਮਿਹਨਤਕਸ਼, ਸਮਰਪਿਤ ਤੇ ਸੇਵਾ ਦਾ ਪੁਜਾਰੀ ਸਮਝਿਆ ਜਾਂਦਾ ਹੈ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਸਿੱਖ ਭਾਈਚਾਰੇ ਦੀ ਸੇਵਾ ਤੇ ਸੱਭਿਆਚਾਰਕ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਿੱਖੀ ਦੇ ਸਿਧਾਂਤਾਂ ਨੂੰ ਅਮਰੀਕੀ ਜੀਵਨ ਦਾ ਅਟੁੱਟ ਅੰਗ ਦੱਸਿਆ। ਡਾ. ਅਮਰਜੀਤ ਸਿੰਘ ਮਰਵਾਹ ਜੋ ਸਿਹਤ ਸੇਵਾ ਤੇ ਸਮਾਜ ਸੇਵਾ ਦੇ ਮੋਰਚੇ 'ਤੇ ਸਿੱਖੀ ਦੀ ਜੋਤ ਜਗਾਉਂਦੇ ਹਨ, ਅਮਰਦੀਪ ਸਿੰਘ ਜੋ ਸਿੱਖ ਕੋਲੀਸ਼ਨ ਦੀ ਅਗਵਾਈ ਵਿੱਚ ਸਿੱਖ ਅਧਿਕਾਰਾਂ ਦੀ ਲੜਾਈ ਲੜਦੇ ਹਨ, ਪਰਮਜੀਤ ਸਿੰਘ ਜੋ ਸਿੱਖੀ ਦੇ ਮੁੱਲਾਂ ਨੂੰ ਅਮਰੀਕੀ ਸਮਾਜ ਵਿੱਚ ਪ੍ਰਚਾਰਦੇ ਹਨ ਅਤੇ ਅੰਜਲੀ ਕੌਰ ਜੋ ਸਿੱਖ ਅਧਿਕਾਰਾਂ ਤੇ ਸਿੱਖਿਆ

ਬਾਕੀ ਸਫ਼ਾ 8 'ਤੇ

# ਇਤਿਹਾਸ ਤੇ ਆਧੁਨਿਕਤਾ ਦਾ ਸੁਮੇਲ ਹੈਦਰਾਬਾਦ



ਕਪਿਲ ਮੋਹਨ ਅੱਗਰਵਾਲ

ਮੋਤੀਆਂ ਦੇ ਵਪਾਰ, ਨਵਾਬਾਂ ਦੀ ਸੰਸਕ੍ਰਿਤੀ ਅਤੇ ਸੁਆਦੀ ਹੈਦਰਾਬਾਦੀ ਬਿਰਿਆਨੀ ਲਈ ਹੈਦਰਾਬਾਦ ਦੁਨੀਆ ਭਰ ਵਿੱਚ ਮਸ਼ਹੂਰ ਹੈ। ਹੈਦਰਾਬਾਦ ਆਪਣੇ ਅਮੀਰ ਇਤਿਹਾਸ, ਵਿਲੱਖਣ ਸੱਭਿਆਚਾਰ, ਵਿਭਿੰਨ ਵਿਅੰਜਨਾਂ ਅਤੇ ਆਧੁਨਿਕ ਵਿਕਾਸ ਲਈ ਜਾਣਿਆ ਜਾਂਦਾ ਹੈ। ਹੈਦਰਾਬਾਦ ਨੂੰ "ਮੋਤੀਆਂ ਦਾ ਸ਼ਹਿਰ" ਵੀ ਕਿਹਾ ਜਾਂਦਾ ਹੈ ਅਤੇ ਨਵਾਬਾਂ ਦੇ ਰਾਜ ਦੌਰਾਨ ਆਪਣੀ ਸੱਭਿਆਚਾਰ ਅਤੇ ਕਲਾ ਲਈ ਮਸ਼ਹੂਰ ਸੀ। ਸ਼ਹਿਰ ਦਾ ਪੁਰਾਣਾ ਹਿੱਸਾ, ਚਾਰਮੀਨਾਰ, ਗੋਲਕੋਂਡਾ ਕਿਲ੍ਹਾ ਅਤੇ ਹੋਰ ਇਤਿਹਾਸਕ ਸਥਾਨਾਂ ਦੇ ਨਾਲ, ਇਸਦੀ ਅਮੀਰ ਵਿਰਾਸਤ ਨੂੰ ਦਰਸਾਉਂਦਾ ਹੈ। ਮੈਨੂੰ ਭੀ ਇਸ ਇਤਿਹਾਸਿਕ ਸ਼ਹਿਰ ਹੈਦਰਾਬਾਦ ਨੂੰ ਦੇਖਣ ਦਾ ਮੌਕਾ ਮਿਲਿਆ ਅਤੇ ਮੈਂ ਇਸ ਸ਼ਹਿਰ ਦੀਆਂ ਪ੍ਰਮੁੱਖ ਥਾਵਾਂ ਬਾਰੇ ਆਪਣੇ ਵਿਚਾਰ ਸਾਂਝੇ ਕਰ ਰਿਹਾ ਹਾਂ

### ਹੈਦਰਾਬਾਦ ਦਾ ਸਭ ਤੋਂ ਪੁਰਾਣਾ ਚਿਲਕੁਰ ਬਾਲਾਜੀ ਮੰਦਰ

ਚਿਲਕੁਰ ਬਾਲਾਜੀ ਮੰਦਰ, ਜਿਸਨੂੰ "ਵੀਜ਼ਾ ਬਾਲਾਜੀ ਮੰਦਰ" ਵੀ ਕਿਹਾ ਜਾਂਦਾ ਹੈ, ਰੰਗਾਰੇਡੀ ਜ਼ਿਲ੍ਹੇ ਵਿੱਚ ਓਸਮਾਨ ਸਾਗਰ ਦੇ ਕੰਢੇ 'ਤੇ ਭਗਵਾਨ ਬਾਲਾਜੀ ਦਾ ਇੱਕ ਪ੍ਰਾਚੀਨ ਹਿੰਦੂ ਮੰਦਰ ਹੈ। ਇਹ ਹੈਦਰਾਬਾਦ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ। ਸ਼ਰਧਾਲੂਆਂ ਨੂੰ ਚਿਲਕੁਰ ਬਾਲਾਜੀ ਮੰਦਰ ਵਿੱਚ 108 ਵਾਰ ਪਰਿਕਰਮਾ ਕਰਨ ਦੀ ਇਜਾਜ਼ਤ ਹੈ। ਲੋਕ ਇੱਛਾ ਕਰਦੇ ਸਮੇਂ 11 ਵਾਰ ਅਤੇ ਇੱਛਾ ਪੂਰੀ ਹੋਣ 'ਤੇ 108 ਵਾਰ ਪਰਿਕਰਮਾ ਕਰਦੇ ਹਨ। ਮਿਥਿਹਾਸਕ ਮਾਨਤਾ ਅਨੁਸਾਰ, ਭਗਵਾਨ ਵੈਂਕਟੇਸ਼ਵਰ ਦਾ ਇੱਕ ਸ਼ਰਧਾਲੂ ਸਿਹਤ ਸਮੱਸਿਆਵਾਂ ਕਾਰਨ ਦਰਸ਼ਨ ਲਈ ਤਿਰੂਪਤੀ ਦੀ ਯਾਤਰਾ ਕਰਨ ਵਿੱਚ ਅਸਮਰੱਥ ਸੀ। ਭਗਵਾਨ ਵੈਂਕਟੇਸ਼ਵਰ ਨੇ ਉਸਨੂੰ ਸੁਪਨੇ ਵਿੱਚ ਚਿਲਕੁਰ ਜਾਣ ਦਾ ਨਿਰਦੇਸ਼ ਦਿੱਤਾ ਸੀ, ਜਿੱਥੇ ਉਸਨੂੰ ਆਪਣੀ ਮੂਰਤੀ ਮਿਲੇਗੀ। ਭਗਤ ਨੇ ਤਿਲ ਦੇ ਟੀਲੇ ਹੇਠ ਮੂਰਤੀ ਲੱਭੀ ਅਤੇ ਮੰਦਰ ਦੀ ਸਥਾਪਨਾ ਕੀਤੀ।

### ਸੰਤ ਰਾਮਾਨੁਜਾਚਾਰਿਆ ਦੀ 216 ਫੁੱਟ ਉੱਚੀ ਮੂਰਤੀ "ਸਮਾਨਤਾ ਦੀ ਮੂਰਤੀ"

ਸਮਾਨਤਾ ਦੀ ਮੂਰਤੀ, ਜਿਸਨੂੰ ਰਾਮਾਨੁਜਾ ਮੂਰਤੀ ਵਜੋਂ ਜਾਣਿਆ ਜਾਂਦਾ ਹੈ, 11ਵੀਂ ਸਦੀ ਦੇ ਭਗਤੀ ਸੰਤ ਸ਼੍ਰੀ ਰਾਮਾਨੁਜਾਚਾਰਿਆ ਨੂੰ ਸਮਰਪਿਤ ਹੈ। ਸਮਾਜਿਕ ਸਮਾਨਤਾ ਅਤੇ ਭਾਈਚਾਰੇ ਬਾਰੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਹੋਏ, ਇਹ ਮੂਰਤੀ ਸਾਨੂੰ ਸਾਰਿਆਂ ਨਾਲ ਦਿਆਲੂ ਹੋਣ ਅਤੇ ਲੋਕਾਂ ਨਾਲ ਸਮਾਨਤਾ ਅਤੇ ਸਤਿਕਾਰ ਨਾਲ ਪੇਸ਼ ਆਉਣ ਦੀ ਯਾਦ ਦਿਵਾਉਂਦੀ ਹੈ।ਮੰਦਰ ਦੇ ਸੰਸਥਾਪਕ ਚਿੰਨਾ ਜੀਆਰ ਸਵਾਮੀ ਦੇ ਅਨੁਸਾਰ, ਰਾਮਾਨੁਜਾਚਾਰਿਆ ਸਵਾਮੀ 120 ਸਾਲ ਧਰਤੀ 'ਤੇ ਰਹੇ। ਇਸ ਲਈ, 120 ਕਿਲੋਗ੍ਰਾਮ ਸੋਨੇ ਦੀ ਬਣੀ ਮੂਰਤੀ ਸਥਾਪਿਤ ਕੀਤੀ ਗਈ ਹੈ। ਸਮਾਨਤਾ ਦੀ ਮੂਰਤੀ 11ਵੀਂ ਸਦੀ ਦੇ ਵੈਸ਼ਨਵ ਸੰਤ ਰਾਮਾਨੁਜਾਚਾਰਿਆ ਦੀ ਯਾਦ ਵਿੱਚ ਬਣਾਈ 216 ਫੁੱਟ ਉੱਚੀ ਮੂਰਤੀ ਹੈ । ਇਸਨੂੰ ਰਾਮਾਨੁਜਾ ਮੂਰਤੀ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਮੂਰਤੀ ਉਨ੍ਹਾਂ ਦੇ ਜਨਮ ਦੇ 1000ਵੇਂ ਸਾਲ ਦੀ ਯਾਦ ਵਿੱਚ ਬਣਾਈ ਗਈ ਹੈ ।

### ਆਂਧਰਾ ਪ੍ਰਦੇਸ਼ ਦੇ ਸ਼੍ਰੀਸ਼ੈਲਮ ਪਹਾੜ 'ਤੇ ਸਥਿਤ ਮੱਲਿਕਾਰਜੁਨ ਜਯੋਤਿਰਲਿੰਗ

ਮਲਿਕਾਰਜੁਨ ਜਯੋਤਿਰਲਿੰਗ ਆਂਧਰਾ ਪ੍ਰਦੇਸ਼ ਦੇ ਸ਼੍ਰੀਸ਼ੈਲਮ ਪਹਾੜ 'ਤੇ ਸਥਿਤ ਹੈ ਅਤੇ ਇਹ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਇਹ ਸਥਾਨ ਕ੍ਰਿਸ਼ਨਾ ਨਦੀ ਦੇ ਕੰਢੇ ਸਥਿਤ ਹੈ ਅਤੇ ਕੁਦਰਤ ਦੀ ਗੋਦ ਵਿੱਚ ਸਥਿਤ ਹੈ, ਜੋ ਸ਼ਰਧਾਲੂਆਂ ਨੂੰ ਅਧਿਆਤਮਿਕ ਅਤੇ ਮਾਨਸਿਕ ਸ਼ਾਂਤੀ ਪ੍ਰਦਾਨ ਕਰਦਾ ਹੈ। ਇਸ ਜਯੋਤਿਰਲਿੰਗ ਨਾਲ ਜੁੜੀ ਇੱਕ ਮਹੱਤਵਪੂਰਨ ਕਹਾਣੀ ਸ਼ਿਵ-ਪਾਰਵਤੀ, ਗਣੇਸ਼ ਜੀ ਅਤੇ ਕਾਰਤੀਕੇਯ ਨਾਲ ਸਬੰਧਤ ਕਹਾਣੀ ਹੈ। ਮਿਥਿਹਾਸਕ ਮਾਨਤਾਵਾਂ ਅਨੁਸਾਰ, ਭਗਵਾਨ ਸ਼ਿਵ ਇਸ ਸਥਾਨ ਤੇ ਜਯੋਤਿਰਲਿੰਗ ਦੇ ਰੂਪ ਵਿੱਚ ਪ੍ਰਗਟ ਹੋਏ, ਜਿਸ ਵਿੱਚ ਪਾਰਵਤੀ ਜੀ ਵੀ ਉਨ੍ਹਾਂ ਦੇ ਨਾਲ ਬੈਠੀ ਸਨ। ਉਦੋਂ ਤੋਂ ਇਸ ਸਥਾਨ ਨੂੰ ਮੱਲਿਕਾਰਜੁਨ ਜਯੋਤਿਰਲਿੰਗ ਵਜੋਂ ਜਾਣਿਆ ਜਾਣ ਲੱਗਾ, ਜਿੱਥੇ ਮਲਿਕਾ ਪਾਰਵਤੀ ਦਾ ਨਾਮ ਹੈ ਅਤੇ ਅਰਜੁਨ ਸ਼ਿਵ ਦਾ ਨਾਮ ਹੈ।

### ਹੀਰਿਆਂ ਦਾ ਸਭ ਤੋਂ ਵੱਡਾ ਕੇਂਦਰ ਗੋਲਕੌਂਡਾ ਕਿਲਾ

ਗੋਲਕੌਂਡਾ ਕਿਲਾ ਦੱਖਣੀ ਭਾਰਤ ਵਿੱਚ ਹੈਦਰਾਬਾਦ ਸ਼ਹਿਰ ਤੋਂ ਪੰਜ ਮੀਲ ਪੱਛਮ ਵਿੱਚ ਸਥਿਤ ਇੱਕ ਕਿਲਾ ਹੈ। ਪਹਿਲਾਂ, ਇਹ ਕੁਤਬਸ਼ਾਹੀ ਰਾਜ ਵਿੱਚ ਮਿਲੇ ਹੀਰਿਆਂ ਅਤੇ ਗਹਿਣਿਆਂ ਲਈ ਮਸ਼ਹੂਰ ਸੀ।ਇਹ ਕਿਲ੍ਹਾ 14ਵੀਂ ਸਦੀ ਵਿੱਚ ਵਾਰੰਗਲ ਦੇ ਰਾਜੇ ਦੁਆਰਾ ਬਣਾਇਆ ਗਿਆ ਸੀ। 1512 ਈਸਵੀ ਵਿੱਚ, ਇਹ ਕੁਤਬਸ਼ਾਹੀ ਰਾਜਿਆਂ ਦੇ ਕਬਜ਼ੇ ਵਿੱਚ ਆਇਆ ਅਤੇ ਫਿਰ 1687 ਈਸਵੀ ਵਿੱਚ ਔਰੰਗਜ਼ੇਬ ਦੁਆਰਾ ਇਸਨੂੰ ਜਿੱਤ ਲਿਆ ਗਿਆ। ਹੀਰਿਆਂ ਦੀਆਂ ਖਾਣਾਂ, ਖਾਸ ਕਰਕੇ ਕੋਲੂਰ ਖਾਣ ਦੇ ਕਾਰਨ, ਗੋਲਕੌਂਡਾ ਇੱਕ ਪ੍ਰਮੁੱਖ ਹੀਰਾ ਵਪਾਰ ਕੇਂਦਰ ਵਜੋਂ ਵਿਕਸਤ ਹੋਇਆ, ਜਿਸਨੂੰ ਗੋਲਕੌਂਡਾ ਹੀਰਾ ਕਿਹਾ ਜਾਂਦਾ ਹੈ। ਇਸ ਖੇਤਰ ਨੇ ਦੁਨੀਆ ਦੇ ਕੁਝ ਸਭ ਤੋਂ ਮਸ਼ਹੂਰ ਹੀਰੇ ਪੈਦਾ ਕੀਤੇ ਹਨ, ਜਿਸ ਵਿੱਚ ਰੰਗਹੀਣ ਕੋਹ-ਏ-ਨੂਰ ਹੀਰਾ ਸਭ ਤੋਂ ਮਸ਼ਹੂਰ ਹੈ।


### ਇਸਲਾਮ ਦੇ ਪਹਿਲੇ ਚਾਰ ਖਲੀਫ਼ਿਆਂ ਨੂੰ ਸਮਰਪਿਤ ਚਾਰਮੀਨਾਰ

ਚਾਰਮੀਨਾਰ ਸੁਲਤਾਨ ਮੁਹੰਮਦ ਕੁਲੀ ਕੁਤਬ ਸ਼ਾਹ ਦੁਆਰਾ 1591 ਵਿੱਚ ਬਣਾਇਆ ਗਿਆ ਸੀ। ਕਿਹਾ ਜਾਂਦਾ ਹੈ ਕਿ ਚਾਰ ਥੰਮ੍ਹਾਂ ਅਤੇ ਗੁੰਝਲਦਾਰ ਨੱਕਾਸ਼ੀ ਵਾਲਾ ਇਹ ਵਰਗਾਕਾਰ ਢਾਂਚਾ ਉਸਦੀ ਪਤਨੀ ਭਾਗਮਤੀ ਦੇ ਸਨਮਾਨ ਵਿੱਚ ਬਣਾਇਆ ਗਿਆ ਸੀ। ਚਾਰ ਥੰਮ੍ਹ ਇਸਲਾਮ ਦੇ ਪਹਿਲੇ ਚਾਰ ਖਲੀਫ਼ਿਆਂ ਨੂੰ ਸਮਰਪਿਤ ਦੱਸੇ ਜਾਂਦੇ ਹਨ। ਕੁਝ ਲੋਕ ਇਹ ਵੀ ਮੰਨਦੇ ਹਨ ਕਿ ਚਾਰਮੀਨਾਰ ਉਹ ਜਗ੍ਹਾ ਹੈ ਜਿੱਥੇ ਸੁਲਤਾਨ ਨੇ ਪਹਿਲੀ ਵਾਰ ਆਪਣੀ ਹੋਣ ਵਾਲੀ ਪਤਨੀ ਬਹਿਗਮਤੀ ਨੂੰ ਦੇਖਿਆ ਸੀ। ਉਸਾਰੀ 1589 ਵਿੱਚ ਸ਼ੁਰੂ ਹੋਈ ਸੀ ਅਤੇ 9 ਲੱਖ ਰੁਪਏ ਦੀ ਲਾਗਤ ਨਾਲ ਦੋ ਸਾਲਾਂ ਵਿੱਚ ਪੂਰੀ ਹੋਈ ਸੀ, ਕਿਹਾ ਜਾਂਦਾ ਹੈ ਕਿ ਇਸਦਾ ਭਾਰ ਲਗਭਗ 14000 ਟਨ ਸੀ ਅਤੇ ਇਸਦੀ ਨੀਂਹ ਘੱਟੋ-ਘੱਟ 30 ਫੁੱਟ ਡੂੰਘੀ ਹੈ।

### ਏਸ਼ੀਆ ਦੀ ਸਭ ਤੋਂ ਵੱਡੀ ਬਣਾਵਟੀ ਹੁਸੈਨ ਸਾਗਰ ਝੀਲ

ਹੁਸੈਨ ਸਾਗਰ ਹੈਦਰਾਬਾਦ, ਤੇਲੰਗਾਨਾ, ਭਾਰਤ ਵਿੱਚ ਇੱਕ ਬਣਾਵਟੀ ਝੀਲ ਹੈ। ਇਹ 1562 ਵਿੱਚ ਮੂਸੀ ਨਦੀ ਦੀ ਇੱਕ ਸਹਾਇਕ ਨਦੀ 'ਤੇ ਬਣਾਈ ਗਈ ਸੀ। 1992 ਵਿੱਚ ਝੀਲ ਦੇ ਵਿਚਕਾਰ ਇੱਕ ਟਾਪੂ 'ਤੇ ਗੌਤਮ ਬੁੱਧ ਦੀ ਇੱਕ ਵੱਡੀ

ਬਾਕੀ ਸਫ਼ਾ 7 'ਤੇ



GOVT. OF PUNJAB

GMADA

# ਅਫ਼ੋਰਡੇਬਲ ਹਾਊਸਿੰਗ ਅਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ

## ਪੰਜਾਬ ਸਰਕਾਰ

## ਅਧੀਨ ਕੰਮ ਕਰ ਰਹੀ

## ਗਰੇਟਰ ਮੋਹਾਲੀ ਖੇਤਰੀ ਵਿਕਾਸ ਅਥਾਰਟੀ

## ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਹੇਠ ਦਰਸਾਏ ਇਲਾਕਿਆਂ ਵਿੱਚ ਨਵੀਂ ਅਰਬਨ ਅਸਟੇਟ ਵਿਕਸਤ ਕਰੇਗੀ

**ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ**
**ਲੈਂਡ ਪੂਲਿੰਗ ਸਕੀਮ** ਅਧੀਨ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਅਤੇ
**ਵੱਡੇ ਲਾਭ ਪ੍ਰਾਪਤ** ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

| ਲੈਂਡ ਪੂਲਿੰਗ ਸਕੀਮ ਅਧੀਨ ਲਾਭ | | |
|---|---|---|
| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 8 ਕਨਾਲ | 1000 ਵਰਗ ਗਜ | 200 ਵਰਗ ਗਜ |
| 7 ਕਨਾਲ | 950 ਵਰਗ ਗਜ | 100 ਵਰਗ ਗਜ |
| 6 ਕਨਾਲ | 800 ਵਰਗ ਗਜ | 100 ਵਰਗ ਗਜ |
| 5 ਕਨਾਲ | 650 ਵਰਗ ਗਜ | 100 ਵਰਗ ਗਜ |
| 4 ਕਨਾਲ | 500 ਵਰਗ ਗਜ | 100 ਵਰਗ ਗਜ |

| ਲੈਂਡ ਪੂਲਿੰਗ ਸਕੀਮ ਅਧੀਨ ਲਾਭ | | |
|---|---|---|
| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 3 ਕਨਾਲ | 450 ਵਰਗ ਗਜ | — |
| 2 ਕਨਾਲ | 300 ਵਰਗ ਗਜ | — |
| 1 ਕਨਾਲ | 150 ਵਰਗ ਗਜ | — |
| 9.0 ਏਕੜ | ਗਰੁੱਪ ਹਾਊਸਿੰਗ ਲਈ 3.00 ਏਕੜ | |
| 50 ਏਕੜ | ਪਲਾਟਿਡ ਵਿਕਾਸ ਲਈ 30 ਏਕੜ | |

**ਲੈਂਡ ਪੂਲਿੰਗ ਨੀਤੀ ਦੇ ਤਹਿਤ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਵਾਲੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ ਤਿੰਨ ਸਾਲਾਂ ਲਈ 30,000 ਰੁਪਏ ਦਾ ਗੁਜ਼ਾਰਾ ਭੱਤਾ ਅਤੇ ਸਹੂਲਤ ਸਰਟੀਫਿਕੇਟ ਦੇ ਲਾਭ ਦਿੱਤੇ ਜਾਣਗੇ।**

## ਐਸ.ਏ.ਐਸ.ਨਗਰ ਦੇ ਪਲੈਨਿੰਗ ਏਰੀਆ ਵਿੱਚ ਐਰੋਸਿਟੀ ਅਤੇ ਆਈ.ਟੀ.ਸਿਟੀ ਦੇ ਨੇੜੇ ਏਅਰੋਟ੍ਰੋਪੋਲਿਸ ਫੇਜ਼-2 (ਪਾਕਿਟ ਈ, ਐਫ, ਜੀ, ਐਚ, ਆਈ ਅਤੇ ਜੇ) ਲਈ ਲੈਂਡ ਪੂਲਿੰਗ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਐਸ.ਏ.ਐਸ. ਨਗਰ ਦੇ ਪਲੈਨਿੰਗ ਏਰੀਆ ਵਿੱਚ ਐਰੋਸਿਟੀ ਅਤੇ ਆਈ.ਟੀ. ਸਿਟੀ ਦੇ ਨੇੜੇ ਏਅਰੋਟ੍ਰੋਪੋਲਿਸ ਫੇਜ਼-2 (ਪਾਕਿਟ ਈ, ਐਫ, ਜੀ, ਐਚ, ਆਈ ਅਤੇ ਜੇ) ਸਥਾਪਤ ਕਰਨ ਲਈ, ਹੇਠ ਲਿਖੇ ਪਿੰਡਾਂ ਦੇ ਖਸਰਾ ਨੰਬਰ ਦਰਸਾਉਂਦੀ ਜ਼ਮੀਨ ਨੂੰ ਪੂਲ ਕੀਤਾ ਜਾ ਰਿਹਾ ਹੈ:-

### ਪਾਕਿਟ-ਈ

**ਜ਼ਮੀਨ ਦਾ ਵੇਰਵਾ**

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਪਤੋਂ, ਹਦਬਸਤ ਨੰ.: 273, ਖਸਰਾ ਨੰਬਰ.** 1-931/34/1min, 1-931/34/2min, 1-931/35, 1-931/36, 1-931/37, 1-931/38, 1-931/38, 1-931/40, 1-931/41min, 1-931/42, 1-931/48min, 1-931/49min, 1-931/50min, 1-931/51min, 1-931/53min, 1-931/54min, 1-931/59min, 1-931/60min, 158/1-931/61, 159/1-931/61, 165/1-931/62/1, 166/1-931/62/2, 167/1-931/62/2, 1-931/63, 1-931/64, 1-931/65, 1-931/66, 1-931/67, 1-931/68/1, 1-931/68/2, 1-931/68/3, 1-931/69/1, 168/1-931/69/2min, 169/1-931/69/2min, 169/1-931/69/2min, 169/1-931/69/2min, 170/1-931/70, 171/1-931/70, 1-931/71, 1-931/72, 1-931/73, 1-931/73/1, 1-931/74, 1-931/75, 1-931/76, 1-931/77, 1-931/78, 1-931/79, 1-931/80, 1-931/81/1, 1-931/82, 1-931/83, 1-931/84, 1-931/85, 1-931/86 min, 1-931/87 min, 1-931/88, 1-931/89, 1-931/90 min, 1-931/91 min, 1-931/92, 1-931/93, 1-931/94/1 min, 1-931/94/2 min, 1-931/95 min, 1-931/96 min, 1-931/97, 1-931/98, 1-931/99, 1-931/100, 1-931/101, 1-931/102, 1-931/103 min, 1-931/104, 1-931/105, 1-931/106, 1-931/107, 1-931/108, 1-931/109 min, 1-931/110, 1-931/111, 1-931/112, 1-931/113, 1-931/114, 1-931/115, 1-931/116, 1-931/117, 1-931/118, 1-931/119, 1-931/120, 1-931/121, 1-931/122, 1-931/123, 1-931/124, 1-931/125, 1-931/126, 1-931/127, 1-931/128, 1-931/129, 1-931/130, 1-931/131, 1-931/132, 1-931/133/1, 1-931/133/2, 1-931/134, 1-931/135, 1-931/136, 1-931/137, 1-931/138, 1-931/139, 1-931/140, 1-931/141, 1-931/142/1, 1-931/142/2, 156/1-931/143, 157/1-931/143, 152/1-931/144, 1-931/145, 1-931/146, 1-931/147/1, 1-931/147/2, 1-931/148, 160/1-931/149, 161/1-931/149, 162/1-931/149, 163/1-931/150, 164/1-931/150, 1-931/151, 1-931/152.

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕੁਰੜੀ, ਹਦਬਸਤ ਨੰ.: 274, ਖਸਰਾ ਨੰਬਰ.** 1-1967/1, 1-1967/2, 1-1967/3, 1-1967/4, 1-1967/5, 1-1967/6, 1-1967/7, 1-1967/8, 1-1967/9, 1-1967/10, 1-1967/11, 296/1-1967/12, 297/1-1967/12, 298/1-1967/12, 1-1967/13/1, 1-1967/13/2, 1-1967/14, 1-1967/15, 1-1967/16, 1-1967/17, 1-1967/18, 1-1967/19, 1-1967/20, 1-1967/21, 1-1967/22, 1-1967/23, 1-1967/24, 1-1967/24/1 min, 1-1967/25, 1-1967/26 min, 1-1967/39 min, 1-1967/40, 1-1967/68 min, 1-1967/69 min, 1-1967/192 min, 1-1967/212 min, 1-1967/216 min, 1-1967/217 min, 1-1967/218 min, 311/1-1967/219, 312/1-1967/219, 313/1-1967/219, 1-1967/220, 1-1967/220, 1-1967/221, 1-1967/222, 1-1967/223, 1-1967/224, 314/1-1967/225, 315/1-1967/225, 1-1967/226, 1-1967/227/1, 1-1967/227/2, 1-1967/227/3, 1-1967/227/4, 1-1967/228, 1-1967/229, 1-1967/230, 1-1967/231, 1-1967/232, 1-1967/233, 1-1967/234, 1-1967/235, 1-1967/236, 1975/1-1967/237/1, 1976/1-1967/237/2, 1-1967/238, 1-1967/239, 1-1967/240, 1-1967/241, 1-1967/242, 1-1967/243, 1-1967/244, 1-1967/245, 1-1967/246, 1-1967/247 min, 1-1967/248 min, 1-1967/249 min, 1-1967/250 min, 1-1967/251 min, 1-1967/254 min, 1-1967/255 min, 1-1967/256 min 1-1967/257 min, 1-1967/259 min

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਸਿਆਊਂ, ਹਦਬਸਤ ਨੰ.: 266, ਖਸਰਾ ਨੰਬਰ.** 30//16 min, 31//20 min, 21 min, 22 min, 38//2/1 min, 2/2 min, 8/1 min, 8/2 min, 9/1 min, 9/2, 13 min 46 min

### ਪਾਕਿਟ-ਐਫ

**ਜ਼ਮੀਨ ਦਾ ਵੇਰਵਾ**

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਸਿਆਊਂ, ਹਦਬਸਤ ਨੰ.: 266, ਖਸਰਾ ਨੰਬਰ.** 12//16 min, 17 min, 18 min, 22 min, 23 min, 24, 25/1, 25/2min, 16//1/1 min, 9 min, 10/1 min, 10/2 min, 11, 12 min, 13 min, 18 min, 19/1, 19/2, 20, 21, 22/1, 22/2, 22/3, 23/1, 23/2 min, 24/1min, 17//1 min, 2, 3, 4, 5, 6, 7, 8, 9, 10, 11, 12, 13, 14, 15/1, 15/2, 16, 17/1, 17/2, 18/1, 18/2, 19, 20, 21, 22, 23/1, 23/2, 24, 25/1, 25/2, 26, 18//5 min, 6 min, 7 min,13/2 min,14 min, 15, 16, 17, 18 min, 19/1 min, 19/2 min, 21 min,22, 23, 24, 25/1, 25/2, 19//25 min, 20//4 min,5 min, 6/1, 6/2, 7 min, 8 min, 13 min, 14/1, 14/2, 15, 16, 17, 18/1, 18/2, 19, 22, 23/1, 23/2, 24, 25, 26, 21//1, 2, 3, 4, 5, 6, 7/1, 7/2, 8, 9, 10, 11/1, 11/2, 12, 13, 14, 15/1, 15/2, 15/3, 15/4, 15/5, 15/6, 15/7, 15/8, 19, 20, 21, 22, 24/1, 24/2, 25/1, 25/2, 25/3, 25/4, 22//1/1, 1/2, 2/1, 2/2, 3, 4/1, 4/2, 5, 6/1, 6/2, 7/1, 7/2, 8/1, 8/2, 8/3, 10, 11/1, 11/2, 14/1, 14/2, 15, 16, 17/1, 17/2, 17/3, 17/,4, 17/5, 17/6, 24/, 24/2, 25/1, 25/2, 25/3, 26, 23//1/1,1/2, 2, 3/1, 3/2, 4 min, 5 min, 6/1 min, 6/2 min, 7, 8/1, 8/2, 8/3, 9, 10/1, 10/2, 11, 12, 13/1, 13/2, 14/1, 14/2, 14/3, 15/1, 15/2, 16/1, 16/2, 17, 18/1, 18/2, 18/3, 19/1, 19/2, 20/1, 20/2, 21, 22/1, 22/2, 23, 24/1, 24/2, 25, 26, 27, 28, 29, 24//10 min, 11 min,19 min, 20/1 min, 20/2, 21, 22/1, 22/2 min, 27, 28, 25//1/1, 1/2, 2, 8, 9 , 10, 11, 12, 13, 18, 19, 20, 21/1, 21/2, 22, 23, 24, 26//1/1, 1/2, 2/1, 2/2, 3, 4, 5, 6, 7, 8, 9, 10, 11, 12/1, 12/2, 13, 14/1, 14/2, 15, 16, 17, 18, 19, 20/1, 20/2, 21/1, 21/2, 22, 23/1, 23/2, 24, 25, 26, 27, 28, 29, 30-31, 32, 33, 34, 35, 36, 27//1/1, 1/2, 1/3, 1/4, 5, 6/1, 6/2, 7/1, 7/2, 8, 9/1, 9/2, 9/3, 10/1, 10/2, 11/1, 11/2, 12, 13, 14/1, 14/2, 14/3, 14/4, 14/5, 14/6, 15/1, 15/2, 15/3, 15/4, 15/5, 16/1, 16/2, 17/1, 17/2, 17/3, 17/4, 18, 19, 20/1, 20/2, 21, 22/1, 22/2, 23, 24, 25, 26, 27, 28//1, 2, 3, 4/1, 4/2, 5/1, 5/2, 6/1, 6/2, 6/3, 7, 8, 9/1,9/2, 10, 11/1, 11/2, 12, 13, 14, 15/1, 15/2, 16, 17/1, 17/2, 18/1, 18/2, 19, 20, 21, 22/1, 22/2, 23, 24/1, 24/2, 25, 29//3, 4, 5, 6/1, 6/2, 7, 8, 13, 14, 15/1, 15/2, 16/1, 16/2, 17, 24/1, 24/2, 25, 30//4, 5, 6, 15, 16 min, 31//1, 2, 3, 4, 5, 6, 7 8/1, 8/2, 9, 10, 11, 12, 13, 14/1, 14/2, 15/1, 15/2, 16/1, 16/2, 17/1, 17/2, 18, 19, 20 min, 21 min, 22 min, 23/1, 23/2, 24, 25/1, 25/2, 26, 27, 32//1, 2, 3/1, 3/2, 4, 5, 6, 7, 8/1, 8/2, 9, 10/1, 10/2, 11, 12, 13, 14, 15, 16, 17, 18, 19, 20, 21/1, 21/2, 21/3, 22, 23, 24/1, 24/2, 25, 33//1, 3/1, 3/2, 4/1, 4/2 , 5, 6/1, 6/2, 7/1, 7/2, 9, 10, 11, 12, 13/1, 13/2, 14, 15, 16, 17/1, 17/2, 18, 19/1, 19/2, 20, 21/1, 21/2, 22/1, 22/2, 23/1, 23/2, 24, 25/1, 25/2, 26, 27, 28, 29, 34//1, 2, 3/1, 3/2, 4, 5, 6/1, 6/2, 7, 8, 9, 10, 11, 12, 13, 14, 15, 17, 18/1, 18/2, 19, 20, 21, 22, 23, 24/1, 24/2, 35//1/1, 1/2, 1/3, 2, 3/1, 3/2, 3/3, 4, 8, 9, 10, 36//1/1, 1/2, 2/1, 2/2, 3/1, 3/2, 4/1, 4/2, 5, 6, 7, 8/1, 8/2, 9/1, 9/2, 10/1, 10/2, 11, 12, 13/1, 13/2, 26, 37//1/1, 1/2, 2/1, 2/2, 3/1, 3/2, 4, 5/1, 5/2, 6/1, 6/2, 7/1, 7/2, 8, 9, 10, 26, 38//2/1 min, 2/2 min, 3, 4, 5, 6, 7/1, 7/2, 8/1 min, 8/2 min, 9/1 min, 13 min, 14, 46 min, 44 min, 45, 47, 48 min, 49 min, 50 min, 51, 52, 53, 54, 55, 56, 57, 58, 59, 60, 61, 62, 63, 64 , 65, 66 ,67 ,68, 69, 70, 71, 72, 73 ,74, 75, 76, 77, 78, 79, 80, 81, 85, 86, 87, 88, 89, 90, 91, 92, 93, 94, 95,

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕੁਰੜੀ, ਹਦਬਸਤ ਨੰ.: 274, ਖਸਰਾ ਨੰਬਰ.** 210 min, 211 min, 212 min, 217 min, 1-1967/247 min, 1-1967/248 min, 1-1967/249 min, 1-1967/250 min, 1-1967/251, 1-1967/252, 1979/1-1967/253, 1980/1-1967/253, 1-1967/254 min, 1-1967/255 min 1-1967/256 min, 1-1967/257 min, 1-1967/258, 1-1967/259, 1-1967/260, 1-1967/261, 1-1967/262, 1-1967/263, 1-1967/264, 1-1967/265, 284/1-1967/266, 285/1-1967/266, 1-1967/267, 1-1967/268, 1-1967/269, 290/1-1967/270 min, 1-1967/271 min, 1-1967/272 min, 1-1967/273, 1-1967/274 min , 1-1967/275, 1-1967/276, 1-1967/277, 1-1967/278, 319/1-1967/279/1, 320/1-1967/279/2

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਬੜੀ, ਹਦਬਸਤ ਨੰ.: 265, ਖਸਰਾ ਨੰਬਰ.** 16//22 min, 23 min, 23//20 min, 21 min, 24//3 min, 7 min, 8 min, 13, 14 min, 15 min, 16 min, 17, 18, 24, 25, 25//4, 25//5, 25//6, 26//1 min, 2 min, 9 min, 10

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਪਤੋਂ, ਹਦਬਸਤ ਨੰ.: 273, ਖਸਰਾ ਨੰਬਰ.** 94/2 min, 95 min, 96 min, 103 min, 109 min

### ਪਾਕਿਟ-ਜੀ

**ਜ਼ਮੀਨ ਦਾ ਵੇਰਵਾ**

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਬਾਕਰਪੁਰ, ਹਦਬਸਤ ਨੰ.: 264, ਖਸਰਾ ਨੰਬਰ.** 52//12min, 18min, 19min, 22, 23min, 24min, 64//10min, 11min, 12min, 18min, 19min, 20, 21, 22, 23min, 24min, 65//2, 3, 4min, 5min, 6min, 7, 8, 9, 13, 14, 15, 16, 17, 66//3, 4min, 5min, 6min, 7, 15, 16, 25, 67//10min, 11min, 12min, 18min, 19min, 20, 21, 22, 23min, 24min, 72//1, 2, 3, 4min, 5min, 6min, 7, 8, 9, 10, 12, 13, 14min, 17min, 18min, 19, 22min, 23min, 106min, 107min, 281min.

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਸਿਆਊਂ, ਹਦਬਸਤ ਨੰ.: 266, ਖਸਰਾ ਨੰਬਰ.** 4//23min, 24, 12//6min, 14min, 15min, 16min, 25/2min, 13//1min, 2min, 3min, 4, 6, 7, 8, 9, 10min, 11, 12, 13, 14, 15, 16, 17/1, 17/2, 18, 19, 20, 21, 22, 23/1, 23/2, 24, 25, 26, 14//11, 20, 21, 15//1, 9, 10, 11/1, 11/2, 12, 19, 20/1, 20/2, 21, 22/1, 22/2, 16//1/1min, 1/2, 2/1, 2/2, 3, 4, 5, 6, 7, 8, 9min, 10/1min, 10/2min, 12min, 13min, 14, 15, 16, 17/1, 17/2, 18 min, 23/2min, 24/1min, 24/2min, 25, 26, 23//4min, 5min, 6/1min, 6/2min, 24//1/1, 1/2, 2, 9, 10min, 11min, 12, 19min, 20/1min, 22/2min, 26, 48min, 49min, 50min.

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਬੜੀ, ਹਦਬਸਤ ਨੰ.: 265, ਖਸਰਾ ਨੰਬਰ.** 1//21, 3//1, 2, 9, 10, 11, 12, 13, 14, 16, 17, 18, 19, 20, 21, 22, 23, 24, 25, 2//21, 22, 4//5, 6, 7, 13, 14, 15, 16, 17, 18, 19, 20/1, 20/2, 21/1, 21/2, 22, 23, 24, 25, 5//25, 6//25, 7//4, 5, 6, 7, 8/1, 8/2, 9, 11, 12, 13, 14/1, 14/2, 15, 16/1, 16/2, 17, 18/1, 18/2, 19/1, 19/2, 20/1, 20/2, 21, 22, 23, 24, 25, 8//1, 2, 3, 4, 5, 6, 7, 8, 9/1, 9/2, 10, 11, 12, 13, 14, 15, 16, 17, 18, 19, 20/1, 20/2, 21/1, 21/2, 22/1, 22/2, 23, 24, 25, 26, 9//1, 2, 3, 4, 5, 6/1, 6/2, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 10//1, 2, 3, 7, 8, 9, 10, 11, 12, 13, 14/1, 14/2, 16, 17/1, 17/2, 18, 19, 20, 21, 22, 23/1, 23/2, 24, 25, 11//1, 10, 11, 19, 20, 21, 22, 12//1, 2, 3/1, 3/2, 4, 5, 6, 7,8, 9/1 ,9/2, 10, 11, 12/1, 12/2, 13, 14, 15, 16, 17, 18, 19, 20/1, 20/2, 21/1, 21/2, 22, 23, 24/1, 24/2, 25, 13//1, 2, 3, 4, 5, 6, 7, 8, 9, 10, 12, 13, 14, 15, 16, 17, 18, 23/1, 23/2, 24, 25, 26, 27, 28, 28/1, 29, 30, 14//1, 2/1, 2/2, 3/1, 3/2, 4/1, 4/2, 5, 6/1, 6/2, 7, 8, 9, 10, 11, 12, 13, 14/1, 14/2, 15, 16, 17, 18, 19, 20, 21, 22, 23, 24, 26, 27, 28, 29, 15//1, 2, 3, 4, 5, 6, 7, 8, 9, 10, 12, 13, 14, 15, 16, 17, 18, 19, 23, 24/1, 24/2, 25, 16//2, 3/1, 3/2, 3/3, 4, 5, 6, 7, 8, 9, 13, 14, 15, 16, 17, 18, 19, 22min, 23min, 24, 25, 17//1, 2, 3, 8/1, 8/2, 9, 10, 11, 12, 13/1, 13/2, 17, 18, 19, 20, 21, 22, 23, 25, 18//4, 5/1, 5/2, 6/1, 6/2, 7, 14/1, 14/2, 15, 16, 17/1, 17/2, 18, 21/1, 21/2, 22, 20, 23/1, 23/2, 24, 25, 19//1, 2, 3, 4/1, 4/2, 5, 6min, 7, 8, 9,10, 11, 12, 13, 14min, 15min, 17min, 18min, 19, 20, 21, 22min, 23min, 20//1, 2min, 10min, 21//1, 2min, 10min, 11min, 22//1, 2/1, 2/2, 3, 4, 5, 6, 7, 8, 9/1, 9/2, 10, 11/1, 11/2, 12, 13, 14, 15min, 16min, 17, 18, 19, 20, 21, 22, 23, 24/1min, 24/2min, 25/1min, 23//1, 2, 3, 4, 5/1, 5/2, 6, 7, 8, 9, 10, 11, 12/1, 12/2, 13, 14, 15/1, 15/2, 16/1, 16/2, 17, 18, 19, 20min, 21min, 22, 23, 24/1, 24/2, 25/1, 25/2, 24//3min, 4, 5, 6, 7min, 8min, 14min, 15min, 16min, 26//1min, 2min, 3/1, 3/2, 4/1, 4/2, 5, 6, 7, 8, 9min, 14, 15, 16min, 27//1, 2, 3min, 4min, 8min, 9min, 10, 11min, 12min, 20min, 31, 32, 33, 34, 35, 36, 37min, 38/1, 38/1/1, 38/1/2, 38/2/1, 38/2/2, 39/1, 39/2, 40, 41, 42, 43, 44, 45, 46, 47, 48, 49, 50, 51, 431/1/1

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਮਟਰਾਂ, ਹਦਬਸਤ ਨੰ.: 267, ਖਸਰਾ ਨੰਬਰ.** 11//24min, 11//25, 12//3/2min, 4min, 5min, 6/1, 6/2min, 7,8min, 11min, 12min, 13, 14/1, 14/2, 15, 16, 17/1, 17/2, 18, 19/1, 19/2, 20min, 23, 24, 25, 26, 27min, 28, 29, 30, 31, 32, 33, 34, 35, 36, 37, 13//9/1, 13//9/2/2, 10/1min, 10/2min, 11min, 20, 21, 14//1, 15//3/1, 3/2, 4, 5, 6, 7, 8, 13, 14, 18, 19/1, 19/2, 20, 21, 26, 27, 28, 29, 16//3min, 4min, 5, 6/1, 6/2, 6/3, 7/1, 7/2, 8, 9min, 10/3min, 11min, 12, 13, 14, 15/1, 15/2, 16/1, 16/2, 17/1, 17/2, 18/1, 18/2, 19/1, 19/2, 20, 21, 22, 23/1, 23/2, 24, 25/1, 25/2, 17//15min, 16min, 17min, 24min, 25, 19//4, 5, 6/1, 6/2, 15, 20//1, 2, 3, 8/1, 8/2, 9, 10, 11, 12, 22, 23, 24min(rasta), 25min, 26, 29, 30, 53, 56min, 57, 58, 59, 61min.

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕੁਰੜੀ, ਹਦਬਸਤ ਨੰ.: 274, ਖਸਰਾ ਨੰਬਰ.** 210 min

## ਪਾਕਿਟ-ਐਚ

### ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਬਾਕਰਪੁਰ, ਹਦਬਸਤ ਨੰ.: 264, ਖਸਰਾ ਨੰਬਰ.** 71//10Min, 11Min, 12Min, 19Min, 20, 72//6Min, 14Min, 15, 16, 17Min, 18Min, 22Min, 23Min, 24/1, 25, 74//3, 4, 107Min

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕਿਸ਼ਨਪੁਰਾ, ਹਦਬਸਤ ਨੰ.: 287, ਖਸਰਾ ਨੰਬਰ.** 1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 26, 27, 28, 29, 30Min, 34Min, 35Min, 36, 37, 38, 39, 40, 41, 42, 43, 44, 45, 46, 47, 48, 49, 50, 51, 52, 53, 54, 55, 56, 57, 58, 59, 60, 61, 62, 63, 64, 65, 66, 67, 68, 69, 70, 71, 72, 73, 74, 75, 76, 77, 78, 79, 80, 81, 82, 83, 84, 85, 86, 87, 88, 89, 90, 91, 92, 93, 94, 95, 96, 97, 98, 99, 100, 101, 102, 103, 104, 105, 106, 107, 108, 109, 110, 111, 112, 113, 114, 115, 116, 117, 118, 119, 120, 121, 122, 123, 124, 125, 126, 127, 128, 129, 130, 131, 132, 133, 134, 135, 136, 137, 138, 139, 140, 141, 142, 143, 144, 145, 146, 147, 148, 149, 150, 151, 152, 153, 154, 155, 156, 157, 158, 159, 160, 161, 162, 163, 164, 165, 166, 167, 168, 169, 170, 171, 172, 173, 174, 175, 176, 177, 178, 179, 180, 181, 182, 183, 184, 185, 186, 187, 188, 189, 190, 191, 192, 193, 194, 195, 196, 197, 198, 199, 200, 201, 202, 203, 204, 205, 206, 207, 208, 209, 210, 211, 212, 213, 214, 215, 216, 217, 218, 219, 220, 221, 222, 223, 224, 225, 226, 227, 228, 229, 230, 231, 232, 233, 234, 235, 236, 237, 238, 239, 240, 241, 242, 243, 244, 245, 246, 247, 248, 249, 250, 251, 252, 253, 254 255, 256, 257, 258, 259, 260, 261, 262, 263, 264, 265, 266, 267, 268, 269, 270, 271, 272, 273, 274, 275, 276, 278, 279, 280, 281, 282, 283, 284, 285, 286 min, 287, 288Min, 289Min, 290Min, 291 Min, 292 Min, 307 min, 308Min, 309, 310Min, 311, 312, 313, 314, 315, 316, 317, 318, 319, 320, 321, 322, 323, 324, 325, 326, 327, 328, 329, 330, 331, 332, 333, 334, 335, 336, 337, 338, 339, 340, 341, 342, 343, 344, 345, 346, 347, 348, 349, 350, 351, 352, 353, 354, 355, 356, 357, 358, 359, 360, 361, 362, 363, 364, 365, 366, 367, 368, 369, 370, 371, 372, 373, 374, 375, 376, 377, 378, 379, 380, 381, 382, 383, 384, 385, 386, 387, 388, 389, 390, 391, 392, 393, 394, 395, 396, 397, 398, 399, 400, 401, 402, 403, 404, 405, 406, 407, 408, 409, 410, 411, 412, 413, 414, 415, 416, 417, 418, 419, 420, 421, 422, 423, 424, 425, 426, 427, 428, 429, 430, 431, 432, 433, 435, 436, 437, 438, 439, 440, 441, 442, 443, 444, 445, 446, 447, 448, 449, 450, 451, 452, 453, 454, 455, 456, 457, 458, 459, 460, 461, 462, 463, 464, 465, 466, 467, 468, 469, 470, 471, 472, 473, 474, 475, 476, 477, 478, 479, 480, 481, 482, 483, 484, 485, 486, 487, 488, 489, 490, 491, 492, 493, 494, 495, 496, 497, 498, 499, 500, 501, 502, 503, 504, 505, 506, 507, 508, 509, 510, 511, 512, 513, 514, 515, 516, 517, 518, 519, 520, 521, 522, 523, 524, 525, 526, 527, 528, 529, 530, 531, 532, 533, 534, 535, 536, 537, 538, 539, 540, 541, 542, 543, 544, 545, 546, 547, 548, 549, 550, 551, 552, 553, 554, 555, 556, 557, 558, 559, 560, 561, 562, 563, 564, 565, 566, 567, 568, 569, 570, 571, 572, 573, 574, 575, 576, 577, 578, 579, 580, 581, 582, 583, 584, 585, 586, 587, 588, 589, 590, 591, 592, 593, 594, 595, 596, 597, 598, 599, 600, 601, 602Min, 603Min, 605Min, 606, 607Min, 665Min, 668Min, 669Min, 670Min, 671, 672, 673, 674, 675, 676, 677, 678, 679, 680Min, 681Min, 682Min, 683Min, 692Min, 707Min, 708Min, 709Min, 712Min, 713Min, 717Min, 720Min, 721Min, 722, 723, 724Min, 725, 726, 727, 728, 729, 730, 731, 732, 733, 734, 735, 736, 737, 738, 739, 740, 741, 742, 743, 744, 745, 746, 747, 748, 749, 750, 751, 752, 753, 754, 755, 756, 757, 758, 759, 760, 761, 762, 763, 764, 765, 766, 767, 768, 769, 770, 771, 772, 773, 774, 775, 776, 777, 778, 779, 780, 781, 782, 783, 784, 785, 786, 787, 788, 789, 790, 791, 792, 793, 794, 795, 796, 797, 798, 799, 800, 801, 802, 803, 804, 805, 806, 807, 808, 809, 810, 811, 812, 813, 814, 815, 816, 817, 818, 819, 820, 821, 822, 823, 824, 825, 826, 827, 828, 829, 830, 831, 832, 833, 834, 835, 836, 837, 838, 839, 840, 841, 842, 843, 844, 845, 846, 847, 848, 849, 850, 851, 852, 853, 854, 855, 856, 857, 858, 859, 860, 861, 862, 863, 864, 865, 866, 867, 868, 869, 870, 871, 872, 873, 874, 875, 876, 877, 878, 879, 880, 881, 882, 883, 884, 885, 886, 887, 888, 889, 890, 891, 892, 893, 894, 895, 896, 897, 898, 899, 900, 901, 902, 903, 904, 905, 906, 907, 908, 909, 910, 911, 912, 913, 914, 915, 916, 917, 918, 919, 920, 921,922, 923, 924, 925, 926, 927, 928, 929, 930, 931, 932, 933, 934, 935, 936, 937, 938, 939, 940, 941, 942, 943, 944, 945, 946, 947, 948, 949, 950, 951, 952, 953, 954, 955, 956, 957, 958, 959, 960, 961, 962, 963, 964, 965, 966, 967, 968, 969, 970, 971, 972, 973, 974, 975, 976, 977, 978, 979, 980, 981, 982, 983, 984, 985, 986, 987, 988, 989, 990, 991, 992, 993, 994, 995, 996, 997, 998,999, 1000, 1001, 1002, 1003, 1004, 1005, 1006, 1007, 1008, 1009, 1010, 1011, 1012, 1013, 1014, 1015, 1016, 1017, 1018, 1019, 1020, 1021, 1022, 1023, 1024, 1025, 1026, 1027, 1028, 1029, 1030, 1031, 1032, 1033, 1034

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਛੱਤ, ਹਦਬਸਤ ਨੰ.: 286, ਖਸਰਾ ਨੰਬਰ.** 182min, 183, 184min, 185min, 186min, 187min, 188, 189, 190, 191, 192, 193, 194, 195, 196, 197, 198, 199, 200,201, 202, 203, 204, 205, 206, 207, 208, 209, 210, 211, 212, 213, 214, 215, 216, 217, 218min, 219min, 220, 221min, 222min, 277min, 278min, 279, 280min, 281min, 282min, 284min, 285min, 286, 287, 288, 289, 290, 291, 292, 293, 294, 295, 296, 297, 298, 299, 300, 301, 302, 303, 304, 305, 306, 307, 308, 309, 310, 311, 312, 313, 314, 315, 316, 317, 318, 319, 320, 321, 322, 323, 324, 325, 326, 327, 328, 329, 330, 331, 332, 333, 334, 335, 336, 337,338, 339, 340, 341, 342, 343, 344, 345, 346, 347, 348, 349,

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਬੜੀ, ਹਦਬਸਤ ਨੰ.: 265, ਖਸਰਾ ਨੰਬਰ.** 19//6min, 14min, 15min, 16, 17min, 18min, 22min, 23min, 24, 20//2min, 3, 8, 9, 10min, 11, 12, 20, 21//2min, 3, 9, 10min, 11 min, 12, 13, 19, 20, 21/1, 21/2, 3, 9, 10 min, 11 min, 12, 13, 19, 20, 21/1, 21/2, 22, 22//15 min, 22//16 min, 24/1 min, 24/2 min, 25/1 min, 25/2, 26//16 min, 27//3, 4 min, 5, 6, 7, 8 min, 9 min, 11 min, 12 min, 13, 14, 15, 16, 17, 18, 19, 20 min, 21, 22, 23, 28//1, 2, 10, 29//2, 3, 37 min rasta

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕੁਰੜੀ, ਹਦਬਸਤ ਨੰ.: 274, ਖਸਰਾ ਨੰਬਰ.** 1-1967/156Min, 1-1967/158 Min, 1-1967/161min, 1-1967/162 min, 1-1967/163 min, 1-1967/164 min, 1-1967/208 min, 1-1967/209 min, 1-1967/210 min

## ਪਾਕਿਟ-ਆਈ

### ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕਿਸ਼ਨਪੁਰਾ, ਹਦਬਸਤ ਨੰ.: 287, ਖਸਰਾ ਨੰਬਰ.** 286 min, 288 min, 289 min, 290 min, 291 min, 293, 294, 295, 296, 297, 298, 299, 300, 301, 302, 303, 304, 305, 306, 307 min, 308 min, 310 min

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕੁਰੜੀ, ਹਦਬਸਤ ਨੰ.: 274, ਖਸਰਾ ਨੰਬਰ.** 1-1967/122 min, 1-1967/123 min, 1-1967/124, 1-1967/125 min, 1-1967/138 min, 1-1967/139, 1-1967/140, 1-1967/141, 1-1967/142, 1-1967/143, 1-1967/144, 1-1967/145, 1-1967/145/1, 1-1967/146, 1-1967/147 min, 1-1967/148, 1-1967/149, 1-1967/149/1, 1-1967/150, 1-1967/151, 1-1967/152, 1-1967/153, 1-1967/154, 1-1967/155, 1-1967/156 min, 1-1967/157, 1-1967/158 min, 1-1967/159, 1-1967/160, 1-1967/161 min, 1-1967/162 min, 1-1967/163 min, 1-1967/164 min, 1-1967/165, 1-1967/166, 1-1967/167min, 1-1967/204 min, 1-1967/205 min, 1-1967/206 min, 1-1967/207, 1-1967/208 min, 1-1967/209 min, 1-1967/210 min, 1-1967/211 min, 1-1967/212 min, 1-1967/217 min, 291/1-1967/270, 1-1967/271 min, 1-1967/272 min, 1-1967/274 min.

## ਪਾਕਿਟ-ਜੇ

### ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਕੁਰੜੀ, ਹਦਬਸਤ ਨੰ.: 274, ਖਸਰਾ ਨੰਬਰ.** 1-1967/24/1 min, 1-1967/26 min, 1-1967/27, 1-1967/28, 1-1967/29, 1-1967/30, 1-1967/31, 1-1967/32, 1-1967/33, 1-1967/34, 1-1967/35, 1-1967/36, 1-1967/37, 1-1967/38, 1-1967/39 min, 1-1967/40 min, 1-1967/41, 1-1967/42, 1-1967/43, 1-1967/44, 1-1967/45, 1-1967/46, 1-1967/47, 305/1-1967/48/1, 306/1-1967/48/2, 1-1967/49, 1-1967/50, 1-1967/51, 1-1967/52, 1-1967/53, 1-1967/54, 1-1967/55, 1-1967/56, 1-1967/57, 1-1967/58, 1-1967/59, 1-1967/60, 1-1967/61, 1-1967/62, 1-1967/63, 1-1967/64, 1-1967/65, 1-1967/66, 1-1967/67, 1-1967/68 min, 1-1967/69 min, 1-1967/70, 1-1967/71, 1-1967/72, 1-1967/73, 1-1967/74, 1-1967/75, 1-1967/76, 1-1967/77, 1-1967/78, 1-1967/79, 1-1967/80, 1-1967/81, 1-1967/82, 1-1967/83, 1-1967/84, 1-1967/85, 1-1967/86, 1-1967/87, 1-1967/88, 1-1967/89, 1-1967/90, 1-1967/91, 1-1967/92, 1-1967/93, 1-1967/94, 1-1967/95, 1-1967/96, 1-1967/97, 1-1967/98, 1-1967/99, 1-1967/100, 1-1967/101, 1-1967/102, 1-1967/103, 1-1967/104, 1-1967/105, 1-1967/106, 1-1967/107, 1-1967/108, 1-1967/109, 1-1967/110, 1-1967/111, 1-1967/112, 1-1967/113, 1-1967/114, 1-1967/115, 1-1967/116, 1-1967/117, 1-1967/118, 1-1967/119, 1-1967/120, 1-1967/121, 1-1967/122 min, 1-1967/123 min, 1-1967/126, 1-1967/127, 1-1967/128, 1-1967/129, 1-1967/130, 1-1967/131, 1-1967/132, 1-1967/133, 1-1967/134, 1-1967/135, 1-1967/136, 1-1967/137, 1-1967/138 min, 1-1967/147 min, 1-1967/167 min, 1-1967/168, 1-1967/169, 1-1967/170, 1-1967/171, 1-1967/192 min, 1-1967/193, 1-1967/194, 1-1967/195, 1-1967/196, 1-1967/197, 1-1967/198, 1-1967/199, 1-1967/200, 1-1967/201, 1-1967/202, 1-1967/203, 1-1967/204 min, 1-1967/205 min, 1-1967/206 min, 1-1967/213, 1-1967/214, 1-1967/215, 1-1967/216 min, 1-1967/217 min, 1-1967/218 min, 1-1967/212 min

**ਕੁੱਲ ਖੇਤਰ :- 3535.085 ਏਕੜ**

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਜ਼ਮੀਨ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ H-U-H1/45/2025-6HI/759 ਮਿਤੀ 04-06-2025 ਰਾਹੀਂ ਜਾਰੀ ਕੀਤੀ ਲੈਂਡ ਪੂਲਿੰਗ ਤਹਿਤ ਪੂਲ ਕੀਤੀ ਜਾਵੇਗੀ।

ਜ਼ਮੀਨ ਮਾਲਕ ਕਮਰਾ ਨੰਬਰ 5, ਗਰਾਊਂਡ ਫਲੋਰ, ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ ਵਿਖੇ ਸਹਿਮਤੀ ਅਰਜ਼ੀ ਜਮ੍ਹਾਂ ਕਰਵਾ ਸਕਦੇ ਹਨ।

ਉਹ ਖੇਤਰ ਅਤੇ ਨਕਸ਼ੇ ਜਿੱਥੇ ਅਰਬਨ ਅਸਟੇਟ ਵਿਕਸਤ ਕੀਤੀ ਜਾਵੇਗੀ ਦਾ ਵੇਰਵਾ ਦੇਖਣ ਲਈ https://gmada.gov.in 'ਤੇ ਜਾਓ

ਨੋਟ: - ਉਕਤ ਦਰਸਾਏ ਨੰਬਰ ਖਸਰਿਆਂ ਵਿੱਚ ਪਲੈਨਿੰਗ / ਐਗਜੀਕਿਊਸਨ ਕਰਨ ਸਮੇਂ ਕੋਈ ਅਪਰੂਵਡ ਸਾਈਟ ਪਲੈਨ ਮੁਤਾਬਿਕ ਤਬਦੀਲੀ ਕਰਨ ਦੀ ਲੋੜ ਪੈਂਦੀ ਹੈ ਜਾਂ ਕੋਈ ਕਲੈਰੀਕਲ ਐਰਰ ਹੁੰਦੀ ਹੈ ਜਾਂ ਅਮੈਂਡਮੈਂਟ ਦੀ ਲੋੜ ਪੈਂਦੀ ਹੈ ਤਾਂ ਸਮਰੱਥ ਲੈਵਲ ਤੇ ਪ੍ਰਵਾਨਗੀ ਲੈ ਕੇ ਸੋਧ ਕਰ ਲਈ ਜਾਵੇਗੀ।

**ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ**


## ਇਤਿਹਾਸ ਤੇ ਆਧੁਨਿਕਤਾ ਦਾ ਸੁਮੇਲ ਹੈਦਰਾਬਾਦ

ਸਫ਼ਾ 5 ਦੀ ਬਾਕੀ

ਅਖੰਡ ਮੂਰਤੀ ਸਥਾਪਤ ਕੀਤੀ ਗਈ ਸੀ। ਏਸ਼ੀਆ ਦੀ ਸਭ ਤੋਂ ਵੱਡੀ ਬਣਾਵਟੀ ਝੀਲ, ਹੁਸੈਨ ਸਾਗਰ ਝੀਲ, ਇਬਰਾਹਿਮ ਕੁਲੀ ਕੁਤਬ ਸ਼ਾਹ ਦੇ ਰਾਜ ਦੌਰਾਨ 1562 ਈਸਵੀ ਵਿੱਚ ਖੁਦਾਈ ਕੀਤੀ ਗਈ ਸੀ।ਮੂਸੀ ਨਦੀ ਦੀ ਇੱਕ ਸਹਾਇਕ ਨਦੀ 'ਤੇ ਬਣੀ, ਝੀਲ ਦਾ ਨਾਮ ਹੁਸੈਨ ਸ਼ਾਹ ਵਲੀ ਦੇ ਨਾਮ 'ਤੇ ਰੱਖਿਆ ਗਿਆ ਹੈ। ਹੁਸੈਨ ਸਾਗਰ ਝੀਲ ਨੂੰ ਸ਼ੁਰੂ 'ਚ ਸ਼ਹਿਰ ਦੀਆਂ ਸਿੰਚਾਈ ਤੇ ਹੋਰ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਣਾਇਆ ਗਿਆ ਸੀ। ਮਸ਼ਹੂਰ ਨੇਕਲੇਸ ਰੋਡ ਝੀਲ ਦੇ ਦੁਆਲੇ ਹੈ ਜੋ ਰਾਤ ਨੂੰ ਹਾਰ 'ਚ ਹੀਰੇ ਵਾਂਗ ਚਮਕਦੀ ਹੈ।

**ਭਗਵਾਨ ਵੈਂਕਟੇਸ਼ਵਰ ਨੂੰ ਸਮਰਪਿਤ ਬਿਰਲਾ ਮੰਦਰ**

ਬਿਰਲਾ ਮੰਦਰ ਤੇਲੰਗਾਨਾ ਦੇ ਹੈਦਰਾਬਾਦ ਜ਼ਿਲ੍ਹੇ ਦੀ ਸਰਕਾਰ ਦੁਆਰਾ ਬਣਾਇਆ ਗਿਆ ਸੀ ਅਤੇ ਇਸਨੂੰ ਪੂਰਾ ਹੋਣ ਵਿੱਚ ਲਗਭਗ 10 ਸਾਲ ਲੱਗੇ ਸਨ। ਮੰਦਰ ਦੀ ਉਸਾਰੀ 1976 'ਚ ਪੂਰੀ ਹੋਈ ਸੀ ।ਰਾਮਕ੍ਰਿਸ਼ਨ ਮਿਸ਼ਨ ਦੇ ਸਵਾਮੀ ਰੰਗਨਾਥਨੰਦ ਦੁਆਰਾ ਮੰਦਰ ਨੂੰ ਪਵਿੱਤਰ ਕੀਤਾ ਗਿਆ ਸੀ। ਇਹ ਮੰਦਰ ਭਗਵਾਨ ਵਿਸ਼ਨੂੰ ਦੇ ਇੱਕ ਰੂਪ, ਭਗਵਾਨ ਵੈਂਕਟੇਸ਼ਵਰ ਨੂੰ ਸਮਰਪਿਤ ਹੈ। ਇਹ ਮੰਦਰ ਦੱਖਣੀ ਭਾਰਤੀ ਦ੍ਰਾਵਿੜ ਤੇ ਰਾਜਸਥਾਨੀ ਮੰਦਰ ਡਿਜ਼ਾਈਨ ਦੀ ਆਰਕੀਟੈਕਚਰ ਸ਼ੈਲੀ ਦੀ ਪਾਲਣਾ ਕਰਦਾ ਹੈ।

ਹੈਦਰਾਬਾਦ ਜਿੱਥੇ ਇਤਹਾਸਿਕ, ਪ੍ਰਾਚੀਨ ਸੰਸਕ੍ਰਿਤੀ ਤੇ ਵਿਲੱਖਣ ਸਭਿਆਚਾਰ ਦਾ ਮਿਸ਼ਰਣ ਹਾਂ, ਉੱਥੇ ਹੀ ਹੈਦਰਾਬਾਦ ਭਾਰਤ ਦਾ ਇੱਕ ਪ੍ਰਮੁੱਖ ਆਈਟੀ ਹੱਬ ਹੈ, ਜਿੱਥੇ ਬਹੁਤ ਸਾਰੀਆਂ ਵੱਡੀਆਂ ਬਹੁ-ਰਾਸ਼ਟਰੀ ਕੰਪਨੀਆਂ ਸਥਿਤ ਹਨ। ਇਹ ਸ਼ਹਿਰ ਸੂਚਨਾ ਤਕਨਾਲੋਜੀ ਤੇ ਬਾਇਓਟੈਕਨਾਲੋਜੀ 'ਚ ਵੀ ਇੱਕ ਮਹੱਤਵਪੂਰਨ ਕੇਂਦਰ ਹੈ।

94655-96231

## ਰੋਟਰੀ ਕਲੱਬ ਨੇ ਮਨਾਇਆ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ



ਸ੍ਰੀ ਅਨੰਦਪੁਰ ਸਾਹਿਬ, 21 ਜੂਨ (ਤਰਲੋਚਨ ਸਿੰਘ): ਰੋਟਰੀ ਕਲੱਬ ਵੱਲੋਂ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਇੱਕ ਧਰਤੀ ਲਈ ਯੋਗ, ਇੱਕ ਸਿਹਤ ਥੀਮ ਦੇ ਅਧਾਰਿਤ ਸਥਾਨਕ ਪੰਜ ਪਿਆਰਾ ਪਾਰਕ ਵਿਖੇ ਕਲੱਬ ਮੈਂਬਰਾਂ ਵੱਲੋਂ ਸਵੇਰੇ 5.30 ਤੋਂ 6.30 ਵਜੇ ਤੱਕ ਯੋਗ ਕਰਕੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।

ਇਸ ਮੌਕੇ ਕਲੱਬ ਦੇ ਸੈਕਟਰੀ ਇਲੈਕਟ ਸੀਏ ਗੁਰਜਿੰਦਰ ਸਿੰਘ ਦੇ ਕਿਹਾ ਕਿ ਅੱਜ ਦੀ ਜੀਵਨ ਸ਼ੈਲੀ ਕਾਰਨ ਮਨੁੱਖ ਬਹੁਤ ਜਿਆਦਾ ਤਣਾਅ ਵਿੱਚ ਆ ਗਿਆ ਹੈ ਇਸ ਕਾਰਨ ਉਹ ਦੁਬਾਰਾ ਯੋਗ ਵੱਲ ਮੁੜ ਰਿਹਾ ਹੈ, ਇਹ ਕੇਵਲ ਭਾਰਤ ਦੇਸ਼ ਵਿੱਚ ਹੀ ਨਹੀਂ ਸਗੋਂ ਦੁਨੀਆਂ ਵਿੱਚ ਵੀ ਲੋਕ ਇਸਦਾ ਲਾਭ ਲੈ ਰਹੇ ਹਨ।ਅਤੇ ਇਸ ਤੇ ਖੋਜ ਕਾਰਜ ਵੀ ਹੋ ਰਹੇ ਹਨ ਕਸਰਤ ਅਤੇ ਸਿਹਤ ਦਾ ਰਿਸ਼ਤਾ ਸਕੇ ਭਰਾਵਾ ਵਾਂਗ ਹੈ ਸਿਹਤ ਸਾਡੇ ਸਰੀਰ ਨੂੰ ਮਜਬੂਤ ਬਣਾਉਂਦੀ ਹੈ ਤੇ ਸਾਨੂੰ ਮਾਨਸਿਕ ਤੌਰ ਤੇ ਵੀ ਤੰਦਰੁਸਤ ਰੱਖਦੀ ਹੈ ਉਹਨਾਂ ਕਿਹਾ ਕਿ ਯੋਗਾ ਕਰਨ ਦੇ ਵੱਖ ਵੱਖ ਆਸਨ ਹਨ ਜਿਵੇਂ ਕਪਾਲ ਭਾਤੀ, ਤਾੜ ਆਸਨ, ਸੁਖ ਆਸਨ, ਸਵਾਸ ਨ ਵੀਰਭਦਰ ਆਸਣ ਆਦਿ ਯੋਗ ਕਰਨ ਨਾਲ ਸਰੀਰ ਦੀ ਰੋਗ ਪ੍ਰਤੀਯੋਗਤਾ ਸ਼ਕਤੀ ਵਧਦੀ ਹੈ ਸਰੀਰ ਬਿਮਾਰੀਆਂ ਤੋਂ ਮੁਕਤ ਰਹਿੰਦਾ ਹੈ ਕਲੱਬ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਰਾਣਾ ਨੇ ਆਏ ਮੈਂਬਰਾਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਜੀ ਆਇਆ ਆਖਿਆ ਤੇ ਅਪੀਲ ਕੀਤੀ ਕਿ ਕਿ ਕਰੋ ਜੋਗ ਰਹੁ ਅਰੋਗ ਦੇਹ ਤਹਿਤ ਸਾਨੂੰ ਰੋਜਾਨਾ ਜੋ ਕਰਨਾ ਚਾਹੀਦਾ ਹੈ ਅਤੇ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਇਸ ਮੌਕੇ ਉਕਤ ਤੋਂ ਇਲਾਵਾ ਪ੍ਰਧਾਨ ਗੁਰਚਰਨ ਸਿੰਘ ਘਟੀਵਾਲ, ਡਾਕਟਰ ਪੀ ਜੇ ਐਸ ਕੰਗ, ਅਜੇ ਕੁਮਾਰ, ਕਾਕੂ ਸੋਢੀ ਸੁਖਵਿੰਦਰ ਪਾਲ ਸਿੰਘ, ਕੈਮੀ ਅਰੋੜਾ, ਗੁਰਕੀਰਤ ਸਿੰਘ ਬਾਵਾ, ਸੋਨੂ ਅਰੋੜਾ, ਪ੍ਰੈਜੀਡੈਂਟ ਇਲੈਕਟ ਬਬਲੂ ਰਾਣਾ ਅਗੰਮਪੁਰ ਆਦਿ ਮੈਂਬਰ ਹਾਜ਼ਰ ਸਨ।

## ਸਿੱਖ ਨੈਸ਼ਨਲ ਕਾਲਜ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ

ਕਾਦੀਆਂ, 21 ਜੂਨ (ਸਲਾਮ ਤਾਰੀ/ ਸਿਕੰਦਰ ਸੰਧੂ): ਸਿੱਖ ਨੈਸ਼ਨਲ ਕਾਲਜ ਤੇ ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਦੀਆ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਕਾਲਜ ਐੱਨ ਐੱਸ ਐੱਸ ਵਿਭਾਗ , ਰੈਡ ਰਿਬਨ ਕਲੱਬ, ਬਡੀ ਪ੍ਰੋਗਰਾਮ ਤੇ ਈਕੋ ਕਲੱਬ ਨਾਲ ਜੁੜੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋਫ਼ੈਸਰ ਸੁਖਪਾਲ ਕੌਰ, ਰੈਡ ਰਿਬਨ ਕਲੱਬ ਦੇ ਇੰਚਾਰਜ ਡਾ. ਸਿਮਰਤਪਾਲ ਸਿੰਘ, ਬਡੀ ਪ੍ਰੋਗਰਾਮ ਦੇ ਇੰਚਾਰਜ ਡਾ. ਗੁਰਦੀਪ ਸਿੰਘ, ਸਮੇਤ ਕਾਲਜ ਦਾ ਸਟਾਫ਼ ਅਤੇ ਵਿਦਿਆਰਥੀ, ਸਿੱਖ ਨੈਸ਼ਨਲ ਕਾਲਜੀਏਟ ਸਕੂਲ ਦੇ ਵਿਦਿਆਰਥੀ ਤੇ ਸਟਾਫ਼ ਮੈਂਬਰ ਹਾਜ਼ਰ ਸਨ। ਇਸ ਸਮਾਗਮ ਦੌਰਾਨ ਡਾ. ਗੁਰਦੀਪ ਸਿੰਘ ਵੱਲੋਂ ਵੱਖ-ਵੱਖ ਆਸਣ ਕਰਨ



ਦੇ ਨਾਲ ਸਰੀਰ ਨੂੰ ਪਹੁੰਚਦੇ ਲਾਭ ਅਤੇ ਇਸ ਨਾਲ ਰੋਗ ਮੁਕਤ ਕਿਵੇਂ ਰਿਹਾ ਜਾ ਸਕਦਾ ਹੈ ? ਬਾਰੇ ਜਾਗਰੂਕ ਕੀਤਾ। ਉਹਨਾਂ ਵੱਲੋਂ ਵੱਖ-ਵੱਖ ਆਸਣ ਕਰਨ ਦੇ ਤਰੀਕੇ ਵੀ ਦੱਸੇ ਗਏ। ਵਿਦਿਆਰਥੀਆਂ ਵੱਲੋਂ ਆਸਣ ਕੀਤੇ ਗਏ । ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਕਿਹਾ ਕਿ ਤੰਦਰੁਸਤ ਸਰੀਰ ਵਾਸਤੇ ਸਾਨੂੰ ਰੋਜ਼ਾਨਾ ਆਸਣ ਕਰਨੇ ਚਾਹੀਦੇ ਹਨ ਅਤੇ ਫਿਰ ਆਪਣਾ ਨਿੱਤ ਦਾ ਕੰਮ ਕਾਜ ਕਰਨਾ ਚਾਹੀਦਾ ਹੈ। ਯੋਗ ਨਾਲ ਚੰਗਾ ਜੀਵਨ ਜਿਊਣ ਦੀ ਵਿਧੀ ਪ੍ਰਾਪਤ ਹੁੰਦੀ ਹੈ। ਵਿਦਿਆਰਥੀ ਵਰਗ ਨੂੰ ਵੀ ਪੜ੍ਹਾਈ ਦੇ ਨਾਲ ਨਾਲ ਤੰਦਰੁਸਤ ਤਨ ਅਤੇ ਮਨ ਲਈ ਯੋਗਾ ਅਭਿਆਸ ਕਰੀਏ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਕਾਲਜ ਸਟਾਫ਼ ਵਿੱਚ ਪ੍ਰੋਗਰਾਮ ਅਫ਼ਸਰ ਪ੍ਰੋਫ਼ੈਸਰ ਸੁਖਪਾਲ ਕੌਰ, ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਗੁਰਦੀਪ ਸਿੰਘ, ਡਾ. ਸਿਮਰਤਪਾਲ ਸਿੰਘ, ਪ੍ਰੋਫ਼ੈਸਰ ਹਰਜਿੰਦਰ ਸਿੰਘ ਤੋਂ ਇਲਾਵਾ ਸਕੂਲ ਇੰਚਾਰਜ ਲੈਕਚਰਾਰ ਰਵਿੰਦਰ ਸਿੰਘ, ਲੈਕਚਰਾਰ ਮਿਤਾਲੀ, ਲੈਕਚਰਾਰ ਅਮਨਦੀਪ ਕੌਰ , ਲੈਕਚਰਾਰ ਮਿਸ ਅਨਾਮਿਕਾ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## 80 ਏਕੜ ਜ਼ਮੀਨ 'ਤੇ ਸਰਕਾਰੀ ਕਲੋਨੀ ਬਣਾਉਣ ਵਿਰੁੱਧ ਐਸਕੇਐਮ ਦਾ ਵਫ਼ਦ ਹਲਕਾ ਇੰਚਾਰਜ ਰਮਨ ਬਹਿਲ ਨੂੰ ਮਿਲਿਆ

ਗੁਰਦਾਸਪੁਰ, 21 ਜੂਨ (ਜਸਵਿੰਦਰ ਸਿੰਘ): ਸੰਯੁਕਤ ਕਿਸਾਨ ਮੋਰਚਾ ਜਿਲਾ ਗੁਰਦਾਸਪੁਰ ਦਾ ਇੱਕ ਵਫਦ ਪਿੰਡ ਘਰਾਲਾ ਦੀ 80 ਏਕੜ ਜਮੀਨ ਅਰਬਨ ਸਟੇਟ ਕਲੋਨੀ ਬਣਾਉਣ ਲਈ ਪ੍ਰਾਪਤ ਕਰਨ ਵਾਸਤੇ 6 ਜੂਨ ਦੀਆਂ ਅਖਬਾਰਾਂ 'ਚ ਹੋਏ ਨੋਟੀਫਿਕੇਸ਼ਨ ਵਿਰੁੱਧ ਹਲਕਾ ਗੁਰਦਾਸਪੁਰ ਦੇ ਆਮ ਆਦਮੀ ਪਾਰਟੀ ਦੇ ਇਨਚਾਰਜ ਰਮਨ ਬਹਿਲ ਨੂੰ ਮਿਲਿਆ। ਇਸ ਦੀ ਅਗਵਾਈ ਸਾਂਝੇ ਤੌਰ ਤੇ ਮੱਖਣ ਸਿੰਘ ਕੁਹਾੜ ਗੁਰਵਿੰਦਰ ਸਿੰਘ ਜੀਵਨ ਚੱਕ ਧਿਆਨ ਸਿੰਘ ਠਾਕੁਰ ਗੁਰਦੀਪ ਸਿੰਘ ਮੁਸਤਫਬਾਦ ਸੁਖਦੇਵ ਸਿੰਘ ਭਾਗੋਕਾਵਾਂ ਬਰਿੰਦਰ ਸਿੰਘ ਸੋਨਾ ਸ਼ਾਹ ਬਲਪ੍ਰੀਤ ਸਿੰਘ ਪ੍ਰਿੰਸ ਅਮਰਜੀਤ ਕੌਰ ਪਰਮਜੀਤ ਕੌਰ ਰਘਬੀਰ ਸਿੰਘ ਚਾਹਲ ਅਜੀਤ ਸਿੰਘ ਹੁੰਦਲ ਆਦਿ ਨੇ ਸਾਂਝੇ ਤੌਰ ਤੇ ਕੀਤੀ। ਇਸ ਸਮੇਂ 80 ਏਕੜ ਜਮੀਨ ਦੇ ਵੱਖ-ਵੱਖ ਸਾਰੇ ਕਿਸਾਨ ਮਾਲਕ ਵੀ ਹਾਜ਼ਰ ਸਨ। ਆਗੂਆਂ ਨੇ



ਕਿਸਾਨ ਮਾਲਕਾਂ ਦੇ ਦਸਤਖਤਾਂ ਹੇਠ ਇਕ ਦਰਖਾਸਤ ਰਮਨ ਬਹਿਲ ਨੂੰ ਦਿੱਤੀ ਜਿਸ 'ਚ ਅਪੀਲ ਕੀਤੀ ਗਈ ਕਿ ਪਿੰਡ ਘਰਾਲਾ ਦੇ ਜਮੀਨ ਮਾਲਕ ਇਹ ਜਮੀਨ ਅਰਬਨ ਸਟੇਟ ਕਲੋਨੀ ਉਸਾਰਨ ਲਈ ਬਿਲਕੁਲ ਨਹੀਂ ਦੇਣਾ ਚਾਹੁੰਦੇ। ਇਸ ਪਿੰਡ ਦੀ ਪਹਿਲਾਂ ਹੀ ਸਾਰੀ ਜਮੀਨ ਹਾਈਵੇ ਬਾਈਪਾਸ ਤੇ ਇੰਪਰੂਵਮੈਂਟ ਟਰਸਟ ਨਵੇਂ ਬੱਸ ਸਟੈਂਡ ਲਈ ਅਕਵਾਇਰ ਕੀਤੀ ਜਾ ਚੁੱਕੀ ਹੈ। ਆਗੂਆਂ ਸਪਸ਼ਟ ਕੀਤਾ ਕਿ ਉਹ ਕਿਸੇ ਵੀ ਕੀਮਤ ਤੇ ਇਸ ਪਿੰਡ ਨੂੰ ਉਜੜਨ ਨਹੀਂ ਦੇਣਗੇ ਤੇ ਉਸੇ ਤਰਾਂ ਸਾਂਝੀ ਲੜਾਈ ਲੜੀ ਜਾਵੇਗੀ ਜਿਸ ਤਰਾਂ ਗੋਪਾਲ ਨਗਰ ਦੇ ਪਲਾਟਾਂ ਦੀ ਮੁੜ ਪ੍ਰਾਪਤੀ ਲਈ ਲੜੀ ਗਈ ਸੀ। ਚੇਤੇ ਰਹੇ ਕਿ ਉਸ ਸਮੇਂ ਇਸ ਸੰਘਰਸ਼ 'ਚ ਰਮਨ ਬਹਲ ਵੀ ਬਕਾਇਦਾ ਸ਼ਾਮਿਲ ਸਨ। ਉਹਨਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਹੁਣ ਵੀ ਖੁਦ ਇਸ ਹੱਕੀ ਲੜਾਈ ਲਈ ਸਰਕਾਰੀ ਧੱਕੇ ਵਿਰੁੱਧ ਐਸਕੇਐਮ ਦਾ ਸਾਥ ਦੇਣ ਤੇ ਮੁੱਖ ਮੰਤਰੀ ਭਗਵੰਤ ਮਾਨ ਹੋਰਾਂ ਦੇ ਇਸ ਕਥਨ ਨੂੰ ਲਾਗੂ ਕਰਾਉਣ ਕਿ ਕਿਸਾਨ ਦੀ ਮਰਜ਼ੀ ਦੇ ਬਗੈਰ ਜਮੀਨ ਅਕਵਾਇਰ ਨਹੀਂ ਕੀਤੀ ਜਾਵੇਗੀ।

ਰਮਨ ਬਹਿਲ ਹੋਰਾਂ ਵਿਸ਼ਵਾਸ ਦਵਾਇਆ ਕਿ ਉਹ ਇਸ ਨੋਟੀਫਿਕੇਸ਼ਨ ਨੂੰ ਹਰ ਹਾਲਤ ਵਿੱਚ ਰੱਦ ਕਰਾਉਣਗੇ ਇਸ ਸਮੇਂ ਹੋਰਨਾ ਤੋਂ ਇਲਾਵਾ ਕੁਲਜੀਤ ਸਿੰਘ ਸਿੱਧਵਾਂ ਜਮੀਤ ਮਲਕੀਅਤ ਸਿੰਘ ਬੁਢਾਕੋਟ ਗੁਰਦੇਵ ਸਿੰਘ ਰੌਣਕੀ ਪਲਵਿੰਦਰ ਸਿੰਘ ਬਰਿੰਦਰ ਸਿੰਘ ਲਾਡੀ ਦਵਿੰਦਰ ਕੌਰ ਕੰਵਰਪਾਲ ਸਿੰਘ ਮੰਪੀ ਰਾਣਾ ਹੀਰਾ ਜਗੀਰ ਸਿੰਘ ਆਦਿ ਵੀ ਹਾਜ਼ਰ ਸਨ।

## ਸ਼ੈਰੀ ਕਲਸੀ ਨੇ ਰੱਖਿਆ ਗਲ਼ੀ ਦਾ ਨੀਂਹ ਪੱਥਰ

ਬਟਾਲਾ, 21 ਜੂਨ (ਬਲਵਿੰਦਰ ਸਿੰਘ/ਪੰਜਗਰਾਈਂ ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਦੇ ਚੱਲ ਰਹੇ ਵਿਕਾਸ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਵਾਰਡ ਨੰਬਰ 46 ਵਿੱਚ ਲੋਕਾਂ ਦੀ ਮੰਗ ਪੂਰੀ ਕਰਦਿਆਂ ਨਵੀਂ ਗਲੀ ਬਣਾਉਣ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਲੀ ਦੇ ਨਿਰਮਾਣ ਕਾਰਜ ਹੋਣ ਨਾਲ ਆਵਾਜਾਈ ਸੁਖਾਲੀ ਹੋਵੇਗੀ ਅਤੇ ਰਾਹਗੀਰਾਂ ਨੂੰ ਵੱਡੀ ਰਾਹਤ ਮਿਲੇਗੀ।

ਸ਼ਹਿਰ ਦੀਆਂ ਵੱਖ-ਵੱਖ ਸਖ਼ਸੀਅਤਾਂ ਦੀ ਮੌਜੂਦਗੀ ਵਿੱਚ ਵਿਕਾਸ ਕਾਰਜ ਸ਼ੁਰੂ ਕਰਵਾਉਣ



ਉਪਰੰਤ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਦੇ ਵਿਕਾਸ ਕਾਰਜ ਤੇਜ਼ਗਤੀ ਨਾਲ ਜਾਰੀ ਹਨ ਅਤੇ ਵਿਕਾਸ ਪੱਖੋਂ ਬਟਾਲਾ ਦੀ ਨੁਹਾਰ ਬਦਲੀ ਜਾ ਰਹੀ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਅੰਦਰ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ ਜਾਵੇਗੀ ਅਤੇ ਉਹ ਦਿਨ ਰਾਤ ਬਟਾਲਾ ਦੇ ਵਿਕਾਸ ਅਤੇ ਲੋਕਾਂ ਦੀ ਮੁਸ਼ਕਿਲਾਂ ਦਾ ਹੱਲ ਕਰਨ ਲਈ 24 ਘੰਟੇ ਲੋਕਾਂ ਦੀ ਕਚਹਿਰੀ ਵਿੱਚ ਹਾਜ਼ਰ ਰਹਿੰਦੇ ਹਨ।

ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜ ਵਿੱਚ ਕਿਸੇ ਪ੍ਰਾਕਰ ਦੀ ਕੋਈ ਅਣਗਹਿਲੀ ਨਾ ਵਰਤੀ ਜਾਵੇ ਅਤੇ ਵਿਕਾਸ ਕੰਮ ਗੁਣਵੱਤਾ ਭਰਪੂਰ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ। ਉਨਾਂ ਸਖ਼ਤ ਸਬਦਾਂ ਵਿੱਚ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਟੇਲ ਮੱਠ ਜਾਂ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਨਿਊਯਾਰਕ ਵਿੱਚ ਸਿੱਖ ਪੰਥ

ਸਫ਼ਾ 1 ਦੀ ਬਾਕੀ

ਦੀ ਅਗਵਾਈ ਕਰਦੀ ਹੈ, ਇਹ ਸਾਰੀਆਂ ਸਿੱਖ ਸ਼ਖ਼ਸੀਅਤਾਂ ਗੁਰੂ ਦੀ ਜੋਤ ਦੀਆਂ ਜੀਵੰਤ ਮਿਸਾਲਾਂ ਹਨ। ਅਮਰੀਕੀ ਮੀਡੀਆ ਨੇ ਸਿੱਖੀ ਦੀ ਸੇਵਾ ਨੂੰ ਸਦਾ ਸਿਰ 'ਤੇ ਚੁੱਕਿਆ ਹੈ।

'ਨਿਊਯਾਰਕ ਟਾਈਮਜ਼' ਨੇ 2020 ਵਿੱਚ ਕੋਵਿਡ ਮਹਾਮਾਰੀ ਦੌਰਾਨ ਸਿੱਖਾਂ ਦੀ ਲੰਗਰ ਦੀ ਸੇਵਾ ਨੂੰ ਸਮਾਜਿਕ ਏਕਤਾ ਦੀ ਮਿਸਾਲ ਦੱਸਿਆ। 'ਵਾਸ਼ਿੰਗਟਨ ਪੋਸਟ' ਨੇ 2012 ਦੀ ਓਕ ਕ੍ਰੀਕ ਤ੍ਰਾਸਦੀ ਤੋਂ ਬਾਅਦ ਸਿੱਖ ਸਹਿਣਸ਼ੀਲਤਾ ਤੇ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ। ਸੀਐੱਨਐੱਨ ਨੇ ਵਿਸਾਖੀ ਦੀਆਂ ਪਰੇਡਾਂ ਤੇ ਸਿੱਖ ਸੇਵਾਵਾਂ ਨੂੰ ਅਮਰੀਕੀ ਸੱਭਿਆਚਾਰ ਦਾ ਅੰਗ ਦੱਸਿਆ ਅਤੇ 'ਹਾਫਪੋਸਟ' ਨੇ ਖਾਲਸਾ ਏਡ ਦੀ ਮਨੁੱਖੀ ਸਹਾਇਤਾ ਨੂੰ ਸੇਵਾ ਦੀ ਮੂਰਤ ਦੱਸਿਆ। ਅਮਰੀਕੀ ਰਾਸ਼ਟਰਪਤੀਆਂ ਨੇ ਵੀ ਸਿੱਖੀ ਦੀ ਸੇਵਾ ਨੂੰ ਸਦਾ ਸਤਿਕਾਰਿਆ। ਬਰਾਕ ਓਬਾਮਾ ਨੇ 2015 ਵਿੱਚ ਸਿੱਖ ਸੰਗਠਨਾਂ ਦੀ ਮਨੁੱਖੀ ਸੇਵਾ ਨੂੰ ਅਮਰੀਕੀ ਸਮਾਜ ਦੀ ਸ਼ਾਨ ਦੱਸਿਆ। ਡੋਨਲਡ ਟਰੰਪ ਨੇ 2019 ਵਿੱਚ ਗੁਰਪੁਰਬ ਮੌਕੇ ਸਿੱਖ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ ਅਤੇ ਜੋਅ ਬਾਇਡਨ ਨੇ 2021 ਵਿੱਚ ਵਿਸਾਖੀ ਮੌਕੇ ਸਿੱਖ ਸੇਵਾ ਤੇ ਸਮਾਨਤਾ ਦੀ ਵਚਨਬੱਧਤਾ ਨੂੰ ਸਤਿਕਾਰਿਆ।

ਗੁਰੂ ਗ੍ਰੰਥ ਸਾਹਿਬ, ਸਿੱਖੀ ਦਾ ਸਦੀਵੀ ਗੁਰੂ, ਅਮਰੀਕੀ ਸਮਾਜ ਵਿੱਚ ਹੌਲੀ-ਹੌਲੀ, ਪਰ ਪੱਕੇ ਪੈਰੀਂ ਸਮਝਿਆ ਜਾ ਰਿਹਾ ਹੈ। ਸਿੱਖ ਸੰਗਠਨਾਂ ਨੇ ਸਕੂਲਾਂ, ਯੂਨੀਵਰਸਿਟੀਆਂ ਤੇ ਅੰਤਰਧਰਮ ਸਮਾਗਮਾਂ ਵਿੱਚ ਗੁਰੂ ਜੀ ਦੀਆਂ ਸਿੱਖਿਆਵਾਂ-ਸਮਾਨਤਾ, ਸੇਵਾ ਅਤੇ ਸੱਚ ਨੂੰ ਇੱਕ ਸੁਰੀਲੇ ਰਾਗ ਵਾਂਗ ਪਹੁੰਚਾਇਆ ਹੈ। ਅਮਰੀਕੀ ਅਕਾਦਮਿਕ ਅਦਾਰਿਆਂ ਵਿੱਚ ਸਿੱਖੀ ਦਾ ਅਧਿਐਨ ਸ਼ੁਰੂ ਹੋਇਆ ਹੈ ਅਤੇ ਅਮਰੀਕੀ ਸੰਸਥਾਵਾਂ ਨੇ ਗੁਰਪੁਰਬ ਮੌਕਿਆਂ 'ਤੇ ਗੁਰੂ ਜੀ ਦੀ ਮਹੱਤਤਾ ਨੂੰ ਸਤਿਕਾਰਿਆ ਹੈ, ਪਰ ਅਜੇ ਵੀ ਬਹੁਤ ਸਾਰੇ ਅਮਰੀਕੀ ਸਿੱਖੀ ਨੂੰ ਸਿਰਫ਼ ਇੱਕ ਧਰਮ ਦੇ ਰੂਪ ਵਿੱਚ ਜਾਣਦੇ ਹਨ ਜਦੋਂਕਿ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਿਕ ਡੂੰਘਾਈ ਨੂੰ ਸਮਝਣ ਲਈ ਅਜੇ ਸਮੇਂ ਤੇ ਸਿੱਖਿਆ ਦੀ ਲੋੜ ਹੈ।

ਸਿੱਖੀ ਦਾ ਸੁਨੇਹਾ: ਨਿਊਯਾਰਕ ਵਿੱਚ ਸਿੱਖ ਭਾਈਚਾਰਾ ਸਿਰਫ਼ ਇੱਕ ਧਰਮ ਜਾਂ ਜਾਤ ਨਹੀਂ, ਸਗੋਂ ਗੁਰੂ ਨਾਨਕ ਦੀ ਬਖ਼ਸ਼ੀ ਹੋਈ ਜੀਵਨ-ਜਾਚ ਦਾ ਜੀਵੰਤ ਪ੍ਰਤੀਕ ਹੈ। ਇਸ ਸ਼ਹਿਰ ਦੀਆਂ ਗਲੀਆਂ ਵਿੱਚ ਜਿੱਥੇ ਨਫ਼ਰਤ ਦੀਆਂ ਹਵਾਵਾਂ ਅਜੇ ਵੀ ਵਗਦੀਆਂ ਹਨ, ਸਿੱਖ ਨੇ ਸੇਵਾ, ਸਮਰਪਣ ਤੇ ਸੰਘਰਸ਼ ਨਾਲ ਗੁਰੂ ਦੀ ਜੋਤ ਨੂੰ ਜਗਾਇਆ ਹੈ। ਸਿੱਖ ਸੰਗਠਨ, ਗੁਰਦੁਆਰੇ ਤੇ ਸਿੱਖ ਨੌਜਵਾਨ ਅੱਜ ਪੰਜਾਬੀ ਸੱਭਿਆਚਾਰ, ਭਾਸ਼ਾ ਤੇ ਸਿੱਖੀ ਦੀ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹਿਰਦਿਆਂ ਵਿੱਚ ਸੰਭਾਲਣ ਦੀ ਜੱਦੋਜਹਿਦ ਵਿੱਚ ਲੱਗੇ ਹਨ। ਜਿਵੇਂ ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਸੀ, "ਸਿੱਖੀ ਕੋਈ ਬੰਨ੍ਹਿਆ-ਬਣਾਇਆ ਢਾਂਚਾ ਨਹੀਂ, ਸਗੋਂ ਇੱਕ ਜੀਵੰਤ ਰੂਹ ਹੈ ਜੋ ਸੇਵਾ ਦੀ ਮਹਿਕ, ਸ਼ਬਦ ਦੀ ਸੁਰ ਤੇ ਸੰਘਰਸ਼ ਦੀ ਤਾਕਤ ਨਾਲ ਸੰਸਾਰ ਨੂੰ ਰੋਸ਼ਨ ਕਰਦੀ ਹੈ।" ਨਿਊਯਾਰਕ ਵਿੱਚ ਸਿੱਖ ਪੰਥ ਅੱਜ ਇਸੇ ਰੂਹ ਯਾਨੀ ਗੁਰੂ ਦੀ ਜੋਤ ਨਾਲ, ਮਨੁੱਖਤਾ ਦੀ ਸੇਵਾ ਵਿੱਚ ਗੁਰੂ ਦੀ ਗਾਥਾ ਗਾਉਂਦਾ ਹੈ।

ਸੰਪਰਕ: 98157-00916

# ਵਜੂਦ ਬਚਾਓ

ਟੋਭੇ ਕੋਲ ਇੱਕ ਪਾਸੇ ਇੱਕ ਨੁੱਕਰ 'ਤੇ ਬੋਹੜ ਦਾ ਵੱਡਾ ਦਰੱਖਤ ਲੱਗਾ ਹੋਣ ਕਰਕੇ ਉੱਥੇ ਲੋਕਾਂ ਦਾ ਬੈਠਣਾ ਸੁਭਾਵਿਕ ਹੀ ਸੀ ਕਿਉਂਕਿ ਕੁਝ ਲੋਕ ਪਸ਼ੂ ਲੈ ਕੇ ਛੱਪੜ 'ਤੇ ਆ ਜਾਂਦੇ ਅਤੇ ਕੁਝ ਆਪਣਾ ਟਾਈਮ ਪਾਸ ਕਰਨ ਵਾਸਤੇ ਆਉਂਦੇ। ਇਸ ਥਾਂ 'ਤੇ ਲੋਕਾਂ ਨੇ ਇੱਕ ਥੜ੍ਹਾ ਬਣਾ ਲਿਆ ਸੀ ਤਾਂ ਕਿ ਉੱਥੇ ਸਾਰੇ ਬੈਠ ਸਕਣ। ਇੱਥੇ ਬੈਠ ਕੇ ਲੋਕ ਤਾਸ਼ ਖੇਡਦੇ ਦੁੱਖ ਸੁੱਖ ਦੀਆਂ ਗੱਲਾਂ ਕਰਦੇ।

ਇਸੇ ਤਰ੍ਹਾਂ ਇੱਕ ਦਿਨ ਮੁੰਡੇ ਅਤੇ ਅੱਧਖੜ੍ਹ ਤਾਸ਼ ਦੀ ਖੇਡ ਦਾ ਆਨੰਦ ਲੈ ਰਹੇ ਸਨ ਅਤੇ ਬਜ਼ੁਰਗ ਇੱਕ ਪਾਸੇ ਬੈਠ ਕੇ ਗੱਲਾਂ ਕਰ ਰਹੇ ਸਨ। ਬਹੁਤ ਹੀ ਖ਼ੁਸ਼ਗਵਾਰ ਮਾਹੌਲ ਸੀ। ਅਚਾਨਕ ਇੱਕ ਧਾਰਮਿਕ ਸਥਾਨ ਤੋਂ ਕੋਈ ਸੂਚਨਾ ਸੁਣੀ। ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਆਮ ਕਰਕੇ ਪਿੰਡਾਂ ਵਿੱਚ ਸੂਚਨਾਵਾਂ ਸ਼ਾਮ ਵੇਲੇ ਜਾਂ ਫਿਰ ਅੰਮ੍ਰਿਤ ਵੇਲੇ ਹੀ ਬੋਲੀਆਂ ਜਾਂਦੀਆਂ ਹਨ ਪਰ ਦੁਪਹਿਰ ਦੀ ਸੂਚਨਾ ਜ਼ਰੂਰ ਬਿਪਤਾ ਦੀ ਸੂਚਕ ਹੀ ਹੁੰਦੀ ਹੈ। ਇਸ ਲਈ ਸਭ ਨੇ ਕੰਨ ਖੋਲ੍ਹ ਕੇ ਸੂਚਨਾ ਸੁਣਨੀ ਸ਼ੁਰੂ ਕਰ ਦਿੱਤੀ।

ਸੂਚਨਾ ਦੇਣ ਵਾਲੇ ਨੇ ਸੰਬੋਧਨ ਕਰਦੇ ਹੋਏ ਕਿਹਾ, "ਨਗਰ ਨਿਵਾਸੀਓ, ਤੁਹਾਨੂੰ ਬੜੇ ਹੀ ਦੁੱਖ ਨਾਲ ਦੱਸਿਆ ਜਾਂਦਾ ਹੈ ਕਿ ਆਪਣੇ ਪਿੰਡ ਦੇ ਮੱਘਰ ਸਿੰਘ ਦਾ ਲੜਕਾ ਸਵਰਗ ਸਿਧਾਰ ਗਿਆ ਹੈ। ਕੁਝ ਚਿਰ ਬਾਅਦ ਉਸ ਦਾ ਸਸਕਾਰ ਹੋਵੇਗਾ ਸੋ ਸਭ ਨੇ ਦੁੱਖ ਦੀ ਘੜੀ ਵਿੱਚ ਪਹੁੰਚਣਾ ਹੈ ਜੀ।" ਸੂਚਨਾ ਸੁਣਦਿਆਂ ਸਾਰ ਹੀ ਤਾਸ਼ ਖੇਡਣ ਵਾਲਿਆਂ ਦੇ ਹੱਥਾਂ ਵਿੱਚ ਪੱਤੇ ਫੜੇ ਹੀ ਰਹਿ ਗਏ ਤੇ ਇਉਂ ਜਿਵੇਂ ਸੁੰਨ ਹੀ ਹੋ ਗਏ ਹੋਣ। ਇਸੇ ਭੀੜ ਵਿੱਚ ਬੈਠਾ ਸੁਰਜਨ ਸਿੰਘ ਉੱਚੀ ਉੱਚੀ ਰੋਣ ਲੱਗਾ ਤਾਂ ਵਿੱਚੋਂ ਕਿਸੇ ਨੇ ਪੁੱਛਿਆ, "ਤਾਇਆ ਕਿਉਂ ਰੋਨੈ?"

ਏਨਾ ਪੁੱਛਣ 'ਤੇ ਉਸ ਦਾ ਰੋਣ ਹੋਰ ਵੀ ਵਧ ਗਿਆ।

"ਤਾਇਆ ਕਿਉਂ ਕਮਲਾ ਹੋ ਗਿਆ ਉਹਨੇ ਤਾਂ ਮਰਨਾ ਹੀ ਸੀ। ਜਦੋਂ ਨਸ਼ੇ ਦਾ ਖਹਿੜਾ ਹੀ ਨਾ ਛੱਡਿਆ।"

"ਨਹੀਂ ਪੁੱਤ!" ਉਸ ਤੋਂ ਅੱਗੇ ਨਾ ਬੋਲਿਆ ਗਿਆ।

"ਬਾਬਾ, ਤੇਰੇ ਟੱਬਰ ਵਿੱਚ ਨਾ ਕੋਈ ਨਸ਼ਾ ਕਰਦੈ ਤੇ ਨਾ ਕੋਈ ਪਹਿਲਾਂ ਕਰਦਾ ਸੀ। ਫਿਰ ਤੂੰ ਮਨ ਕਿਉਂ ਖਰਾਬ ਕਰਦੈਂ?" ਇੱਕ ਬੋਲਿਆ।

"ਉਂਜ ਤਾਂ ਇਸ ਕੰਮ ਤੋਂ ਆਪਣਾ ਸਾਰਾ ਵਿਹੜਾ ਹੀ ਬਚਿਆ ਹੋਇਐ। ਸਾਰੇ ਜਵਾਕ ਹਾਲ ਦੀ ਘੜੀ ਸ਼ੁੱਧ ਨੇ।" ਗੁਰਮੁਖ ਸਿੰਘ ਬੋਲਿਆ।

"ਬੱਚਿਓ! ਤੁਸੀਂ ਹਾਲੇ ਨਿਆਣੇ ਹੋ। ਅੱਗ ਲੱਗੀ ਤੋਂ ਜੇ ਹਨੇਰੀ ਚੱਲ ਪਵੇ ਤਾਂ ਸਾਰੇ ਹੀ ਚਪੇਟ 'ਚ ਆ ਜਾਂਦੇ ਨੇ। ਫਿਰ ਤੁਹਾਨੂੰ ਪਤਾ ਹੀ ਹੈ ਕਿ ਬਚਦਾ ਕੀ ਹੈ? ਸਭ ਕੁਝ ਤਬਾਹ ਹੋ ਜਾਂਦਾ ਹੈ।"

"ਗੱਲ ਤਾਂ ਤਾਇਆ ਤੇਰੀ ਠੀਕ ਐ ਪਰ ਆਪਾਂ ਕਰ ਕੀ ਸਕਦੇ ਹਾਂ?"

"ਆਪਾਂ ਸਾਰੇ ਰਲ ਕੇ ਸਭ ਕੁਝ ਕਰ ਸਕਦੇ ਹਾਂ।"

"ਇਹ ਤੁਸੀਂ ਕੀ ਕਹਿ ਰਹੇ ਹੋ ਬਾਬਾ ਜੀ?" ਇੱਕ ਨੌਜਵਾਨ ਬੋਲਿਆ।

"ਹਾਂ, ਤੁਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹੋ?"

"ਕਿਵੇਂ?" ਸਭ ਉਤਸੁਕ ਹੋ ਕੇ ਪੁੱਛਣ ਲੱਗੇ।

"ਆਪਣੇ ਪਿੰਡ ਦਾ ਇਹ ਕਿੰਨਵਾਂ ਮੁੰਡੈ?"

"ਪੰਜਵਾਂ!"

"ਫਿਰ ਵੀ ਦੇਖ ਲਓ ਆਪਾਂ ਕੋਈ ਉਪਰਾਲਾ ਨਹੀਂ ਕੀਤਾ?"

"ਆਪਾਂ ਕੀ ਕਰ ਸਕਦੇ ਆਂ? ਇਹ ਤਾਂ ਪੁਲੀਸ ਦਾ ਕੰਮ ਐ।"

"ਆਪਾਂ ਕੁਝ ਨਹੀਂ ਕਰ ਸਕਦੇ?"

"ਆਪਾਂ?"

"ਆਪਾਂ ਬਹੁਤ ਕੁਝ ਕਰ ਸਕਦੇ ਹਾਂ।"

"ਕਿਵੇਂ?"

"ਦਰਅਸਲ, ਪੁਲੀਸ ਕਿਸੇ ਅਪਰਾਧ ਨੂੰ ਓਨਾ ਚਿਰ ਨਹੀਂ ਰੋਕ ਸਕਦੀ ਜਿੰਨਾ ਚਿਰ ਆਪਸੀ ਸਹਿਯੋਗ ਨਾ ਹੋਵੇ।"

"ਆਪਾਂ ਕੀ ਸਹਿਯੋਗ ਦੇ ਸਕਦੇ ਆਂ?"

"ਜਦੋਂ ਵੀ ਕੋਈ ਪਿੰਡ ਵਿੱਚ ਨਸ਼ਾ ਵੇਚਣ ਵਾਲਾ ਆਉਂਦਾ ਹੈ ਤਾਂ ਆਪਾਂ ਨੂੰ ਰੋਕਣਾ ਚਾਹੀਦਾ ਹੈ। ਇਸ ਕੰਮ ਵਾਸਤੇ ਸਾਰਿਆਂ ਨੂੰ ਇਕੱਠੇ ਹੋ ਕੇ ਚੱਲਣਾ ਚਾਹੀਦਾ ਹੈ। ਕਿਸੇ ਵੀ ਧਰਮ ਅਤੇ ਜਾਤ ਦਾ ਕੋਈ ਵੀ ਬੱਚਾ ਹੋਵੇ ਜੋ ਕੋਈ ਨਸ਼ਾ ਕਰਦਾ ਹੈ ਤਾਂ ਉਸ ਨੂੰ ਸਮਝਾ ਕੇ ਬਚਾਉਣ ਦੀ ਕੋਸ਼ਿਸ਼ ਕਰੋ ਅਤੇ ਬਚਾਓ। ਉਧਰ ਨਸ਼ਾ ਤਸਕਰਾਂ ਦਾ ਚਾਹੇ ਕੋਈ ਰਿਸ਼ਤੇਦਾਰ ਵੀ ਹੋਵੇ ਮੁਕੰਮਲ ਬਾਈਕਾਟ ਕਰੋ। ਆਪਣੇ ਅਤੇ ਦੂਜਿਆਂ ਦੇ ਬੱਚਿਆਂ 'ਤੇ ਨਜ਼ਰ ਰੱਖੋ। ਸਾਰੇ ਬੱਚੇ ਆਪਣੇ ਹੀ ਹਨ।"

"ਤਾਇਆ, ਅੱਜਕੱਲ੍ਹ ਕਿਸੇ ਨੂੰ ਕਹਿਣ ਦਾ ਵਕਤ ਨਹੀਂ। ਕਿਸੇ ਨੂੰ ਕਹਿੰਦੇ ਆਂ ਕਿ ਤੁਹਾਡਾ ਮੁੰਡਾ ਨਸ਼ਾ ਕਰਦੈ ਤਾਂ ਅਗਲਾ ਗੁੱਸਾ ਕਰਦੈ।"

"ਗੱਲ ਤਾਂ ਸ਼ੇਰਾ ਤੇਰੀ ਠੀਕ ਹੈ ਪਰ ਆਪਣਾ ਫ਼ਰਜ਼ ਪਛਾਣੋ। ਸਭ ਨੂੰ ਸੁਚੇਤ ਕਰੋ। ਗੁੱਸਾ ਛੱਡ ਕੇ ਪਿੰਡ ਦੇ ਸੁਧਾਰ ਵੱਲ ਧਿਆਨ ਦਿਓ।" ਇਹ ਕਹਿ ਕੇ ਸੁਰਜਨ ਸਿੰਘ ਦਾ ਮਨ ਫਿਰ ਭਰ ਆਇਆ।

"ਤਾਇਆ, ਰੋ ਨਾ। ਅਸੀਂ ਸਾਰੇ ਕੋਸ਼ਿਸ਼ ਕਰਾਂਗੇ," ਸਾਰਿਆਂ ਨੇ ਸੁਰਜਨ ਸਿੰਘ ਨੂੰ ਬਚਨ ਦਿੱਤਾ।

"ਓਏ ਪੁੱਤਰੋ! ਮੈਨੂੰ ਇਹ ਡਰ ਹੈ ਕਿਤੇ ਇਸੇ ਦਲਦਲ 'ਚ ਫਸ ਕੇ ਆਪਣੀ ਆਦਮ ਜਾਤ ਤਬਾਹ ਹੀ ਨਾ ਹੋ ਜਾਵੇ ਤੇ ਇਸ ਦੁਨੀਆ ਤੋਂ ਸਾਡਾ ਵਜੂਦ ਹੀ ਮਿਟ ਜਾਵੇ। ਓਏ ਆਪਣਾ ਵਜੂਦ ਬਚਾ ਲਓ।"

**ਜਤਿੰਦਰ ਮੋਹਨ**
94630-20766

# ਲਾਇਬਰੇਰੀ

ਸਫ਼ਾ 1 ਦੀ ਬਾਕੀ

ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਇਹ ਸੋਚ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਇਸ ਦੇ ਉਲਟ ਸਗੋਂ, ਪੁਸਤਕਾਂ ਪੜ੍ਹਨ ਅਤੇ ਗਿਆਨ ਹਾਸਲ ਕਰਨ ਦੀ ਪ੍ਰਵਿਰਤੀ ਬੱਚੇ ਦੇ ਮਨ ਵਿਚ ਜੀਵਨ 'ਚ ਅੱਗੇ ਵਧਣ ਲਈ ਜੋਸ਼ ਅਤੇ ਲਗਨ ਪੈਦਾ ਕਰਦੀ ਹੈ। ਸਾਰਥਿਕ ਰੁਚੀਆਂ ਪੈਦਾ ਕਰਨ ਲਈ ਸਾਹਿਤਕ ਪੁਸਤਕਾਂ ਦੀ ਭੂਮਿਕਾ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਪਿਛਲੇ ਕੁਝ ਸਾਲਾਂ ਤੋਂ ਸਰਕਾਰੀ ਸਕੂਲਾਂ ਵਿਚ ਵੀ ਕੁਝ ਹੱਦ ਤੱਕ ਲਾਇਬਰੇਰੀਆਂ ਦੀ ਸਥਾਪਨਾ ਹੋਈ ਹੈ। ਪੁਸਤਕਾਂ ਖਰੀਦਣ ਲਈ ਗਰਾਂਟਾਂ ਵੀ ਮੁਹੱਈਆ ਕਰਾਈਆਂ ਗਈਆਂ ਹਨ। ਜਿੱਥੇ ਅਧਿਆਪਕ ਰੁਚੀ ਲੈਂਦੇ ਹਨ, ਉਨ੍ਹਾਂ ਸਕੂਲਾਂ ਵਿਚ ਬਹੁਤ ਹੀ ਸ਼ਾਨਦਾਰ, ਆਕਰਸ਼ਿਕ ਅਤੇ ਪ੍ਰਭਾਵਸ਼ਾਲੀ ਲਾਇਬਰੇਰੀਆਂ ਦੇਖੀਆਂ ਜਾ ਸਕਦੀਆਂ ਹਨ। ਲਾਇਬਰੇਰੀ ਵਿਚ ਬੈਠ ਕੇ ਬੱਚੇ ਆਰਾਮ ਨਾਲ ਅਖਬਾਰਾਂ ਅਤੇ ਪੁਸਤਕਾਂ ਪੜ੍ਹਦੇ ਹਨ। ਬਹੁਤੇ ਸਕੂਲਾਂ ਵਿਚ ਲਾਰਿਬਰੇਰੀਅਨ ਦੀ ਅਸਾਮੀ ਖਾਲੀ ਹੋਣ ਕਾਰਨ ਅਧਿਆਪਕ ਹੀ ਲਾਇਬਰੇਰੀ ਦਾ ਕੰਮਕਾਜ ਦੇਖਦਾ ਹੈ। ਜੇਕਰ ਅਧਿਆਪਕ ਆਪ ਪੁਸਤਕਾਂ ਵਿਚ ਰੁਚੀ ਰੱਖਦਾ ਹੋਵੇ ਫਿਰ ਤਾਂ ਇਹ ਕੰਮ ਖ਼ੁਸ਼ੀ ਨਾਲ ਕੀਤਾ ਜਾਂਦਾ ਹੈ ਨਹੀਂ ਤਾਂ ਬਹੁਤੇ ਅਧਿਆਪਕ ਇਸ ਨੂੰ ਵਾਧੂ ਦਾ ਬੋਝ ਸਮਝ ਕੇ ਬੱਧੇ-ਰੁੱਧੇ ਹੀ ਕਰਦੇ ਹਨ। ਇਸ ਤਰ੍ਹਾਂ ਲਾਇਬਰੇਰੀ ਦੇ ਵਿਦਿਅਕ, ਸਾਹਿਤਕ ਅਤੇ ਸੂਝ ਨੂੰ ਰੌਸ਼ਨ ਕਰਨ ਦੇ ਮਹੱਤਵ ਨੂੰ ਬਿਲਕੁਲ ਹੀ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਜੇਕਰ ਬੱਚਿਆਂ ਦੇ ਹੱਥਾਂ ਵਿੱਚ ਕਿਤਾਬਾਂ ਨਹੀਂ ਜਾਂਦੀਆਂ ਤਾਂ ਉਨ੍ਹਾਂ ਨੂੰ ਸੁੰਦਰ ਅਲਮਾਰੀਆਂ ਦਾ ਸ਼ਿੰਗਾਰ ਬਣਾ ਕੇ ਕਿਸੇ ਦਾ ਲਾਭ ਨਹੀਂ ਹੈ। ਬਹੁ ਗਿਣਤੀ ਸਕੂਲਾਂ ਵਿਚ ਘੱਟੇ-ਮਿੱਟੀ ਵਿਚ ਲੱਥ-ਪੱਥ ਹੋਇਆ ਇਹ ਗਿਆਨ ਰੂਪੀ ਸਰਮਾਇਆ, ਅਲਮਾਰੀਆਂ ਵਿਚ ਕੈਦ ਹੋ ਕੇ ਹੀ ਰਹਿ ਗਿਆ ਹੈ।

ਅਜੋਕੇ ਸਮੇਂ ਵਿਚ ਬੱਚੇ ਕੰਪਿਊਟਰ ਅਤੇ ਮੋਬਾਈਲ ਆਦਿ ਤਕਨੀਕੀ ਸਾਧਨਾਂ ਵਿਚ ਉਲਝ ਕੇ ਰਹਿ ਗਏ ਹਨ। ਇਥੇ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਲਾਇਬਰੇਰੀਆਂ ਨੂੰ ਗੰਭੀਰਤਾ ਨਾਲ ਸਕੂਲੀ ਸਿੱਖਿਆ ਦਾ ਅੰਗ ਬਣਾਇਆ ਜਾਵੇ ਤਾਂ ਕਿ ਬੱਚੇ ਕਿਤਾਬਾਂ ਨਾਲ ਸਾਂਝ ਪਾ ਸਕਣ। ਗਿਆਨ ਦੇ ਭਾਵੇਂ ਜਿੰਨੇ ਵੀ ਸਾਧਨ ਆ ਜਾਣ ਪਰ ਕਿਤਾਬ ਦੀ ਮਹੱਤਤਾ ਹਮੇਸ਼ਾ ਕਾਇਮ ਰਹੇਗੀ। ਕੋਈ ਵੀ ਹੋਰ ਸਾਧਨ ਪੁਸਤਕ ਦਾ ਬਦਲ ਨਹੀਂ ਹੋ ਸਕਦਾ। ਬਹੁਤ ਜ਼ਰੂਰੀ ਹੈ ਕਿ ਸਕੂਲ ਲਾਇਬਰੇਰੀ ਨੂੰ ਸਕੂਲੀ ਪਾਠਕ੍ਰਮ ਦਾ ਹਿੱਸਾ ਬਣਾ ਕੇ ਇਸ ਦੀ ਸੁਚੱਜੀ ਤੇ ਯੋਗ ਵਰਤੋਂ ਕੀਤੀ ਜਾਵੇ ਤਾਂ ਕਿ ਸਕੂਲਾਂ ਵਿਚ ਪੜ੍ਹਦਾ ਦੇਸ਼ ਦਾ ਭਵਿੱਖ ਨਵੀਆਂ ਵੰਗਾਰਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਸਕੇ।

ਸੰਪਰਕ: 98153-56086

# ਪੇਂਡੂ ਜ਼ਿੰਦਗੀ ਦਾ ਬਦਲਦਾ ਰੂਪ



**ਸੁਖਪਾਲ ਸਿੰਘ ਬਰਨ**

ਕਿਸੇ ਸਮੇਂ ਪਿੰਡਾਂ ਨੂੰ ਸਵਰਗ ਦੀ ਨਿਆਈ ਸਮਝਿਆ ਜਾਂਦਾ ਸੀ। ਚਾਰ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਪਿੰਡਾਂ ਦੀ ਜ਼ਿੰਦਗੀ ਬੜੀ ਸ਼ਾਂਤ ਸਹਿਜ ਤੇ ਸਬਰ ਸੰਤੋਖ ਵਾਲੀ ਹੁੰਦੀ ਸੀ। ਪਿੰਡ ਦੇ ਲੋਕਾਂ ਵਿੱਚ ਮੋਹ, ਪਿਆਰ, ਅਪਣੱਤ ਅਤੇ ਦੁੱਖ ਸੁੱਖ ਦੀ ਸਾਂਝ ਉਨ੍ਹਾਂ ਦੇ ਜੀਵਨ ਵਿੱਚੋਂ ਝਲਕਦੀ ਸੀ। ਇਹ ਸਾਂਝ ਹੀ ਉਨ੍ਹਾਂ ਨੂੰ ਇੱਕ ਲੜੀ ਵਿੱਚ ਪਰੋਈ ਰੱਖਦੀ। ਭਾਵੇਂ ਲੋਕ ਬਹੁਤ ਸਾਰੀਆਂ ਥੁੜ੍ਹਾਂ ਨਾਲ ਜੂਝਦੇ ਸਨ, ਪ੍ਰੰਤੂ ਫਿਰ ਵੀ ਚਿਹਰੇ ਦੀ ਰੌਣਕ, ਖ਼ੁਸ਼ੀ ਅਤੇ ਸੰਤੁਸ਼ਟੀ ਦੇ ਭਾਵ ਸਪੱਸ਼ਟ ਨਜ਼ਰ ਆਉਂਦੇ ਸਨ। ਸਰੀਰਕ ਡੀਲ ਡੌਲ ਅਤੇ ਚਿਹਰੇ ਦਾ ਜਲੌਅ ਉਨ੍ਹਾਂ ਦੇ ਤੰਦਰੁਸਤ ਅਤੇ ਤਗੜੇ ਹੋਣ ਦਾ ਪ੍ਰਮਾਣ ਹੁੰਦਾ ਸੀ।

ਲੋਕ ਪਿੰਡ ਦੀਆਂ ਸੱਥਾਂ ਵਿੱਚ ਜੁੜ ਕੇ ਬੈਠਦੇ ਤੇ ਮਹੱਤਵਪੂਰਨ ਮਸਲਿਆਂ 'ਤੇ ਵਿਚਾਰ ਚਰਚਾ ਕਰਦੇ। ਛੋਟੇ ਮੋਟੇ ਝਗੜੇ ਪਿੰਡ ਵਿੱਚ ਹੀ ਨਿਪਟਾ ਲਏ ਜਾਂਦੇ ਸਨ। ਪੰਚਾਇਤ ਦਾ ਫ਼ੈਸਲਾ ਪਰਮੇਸ਼ਰ ਦਾ ਫ਼ੈਸਲਾ ਸਮਝਿਆ ਜਾਂਦਾ ਸੀ, ਪ੍ਰੰਤੂ ਅਜੋਕੇ ਵਿਸ਼ਵੀਕਰਨ, ਉਦਯੋਗੀਕਰਨ, ਤਕਨੀਕੀਕਰਨ, ਢਾਂਚਾਗਤ ਵਿਕਾਸ ਅਤੇ ਜੀਵਨ ਦੀਆਂ ਬਦਲਦੀਆਂ ਕੀਮਤਾਂ ਅਤੇ ਵਿਸ਼ਵਾਸਾਂ ਨੇ ਪਿੰਡਾਂ ਦੀ ਜ਼ਿੰਦਗੀ 'ਤੇ ਬਹੁਤ ਗਹਿਰਾ ਅਸਰ ਪਾਇਆ ਹੈ।

ਪਿੰਡਾਂ ਦੀ ਜ਼ਿੰਦਗੀ ਬੜੀ ਸਹਿਜ ਹੋਇਆ ਕਰਦੀ ਸੀ। ਮੁਰਗੇ ਦੀ ਬਾਂਗ ਦੇਣ ਨਾਲ ਹੀ ਜ਼ਿੰਦਗੀ ਦੀ ਹਰਕਤ ਸ਼ੁਰੂ ਹੋ ਜਾਂਦੀ ਸੀ। ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਖੇਤੀ ਦਾ ਜ਼ਿਆਦਾਤਰ ਕੰਮ ਬਲਦਾਂ ਤੇ ਊਠਾਂ ਨਾਲ ਕੀਤਾ ਜਾਂਦਾ ਸੀ।

ਕਿਸਾਨ ਤੋਂ ਇਲਾਵਾ ਹੋਰ ਕਿੱਤਿਆਂ ਵਾਲੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਕਿੱਤੇ ਨਾਲ ਜੁੜੇ ਹੁੰਦੇ ਸਨ। ਖੇਤੀ ਪੂਰੇ ਪਿੰਡ ਦੀਆਂ ਲੋੜਾਂ ਪੂਰੀਆਂ ਕਰਦੀ। ਜਿੱਥੇ ਦਾਣੇ ਕੱਢਣ ਤੋਂ ਬਾਅਦ ਕਿਸਾਨ ਦੇ ਘਰ ਫ਼ਸਲ ਆਉਂਦੀ, ਉੱਥੇ ਪਿੰਡ ਦੇ ਤਰਖਾਣ, ਮੋਚੀ, ਦਰਜੀ, ਘੁਮਿਆਰ ਆਦਿ ਨੂੰ ਵੀ ਕੰਮ ਕਰਾਉਣ ਬਦਲੇ ਦਾਣਿਆਂ ਦਾ ਕੁੱਝ ਹਿੱਸਾ ਦਿੱਤਾ ਜਾਂਦਾ ਜਿਸ ਨੂੰ ਸੇਪੀ ਕਹਿੰਦੇ ਸਨ। ਪਹੁ ਫੁਟਾਲੇ ਤੋਂ ਪਹਿਲਾਂ ਹੀ ਹਾਲੀ ਖੇਤਾਂ ਵਿੱਚ ਹਲ ਜੋੜ ਲੈਂਦੇ। ਇਸੇ ਸਮੇਂ ਸੁਆਣੀਆਂ ਰਿੜਕਣੇ ਵਿੱਚ ਮਧਾਣੀ ਪਾ ਕੇ ਦੁੱਧ ਰਿੜਕਣ ਲੱਗ ਜਾਂਦੀਆਂ। ਜਿੱਥੇ ਖੇਤਾਂ ਵਿੱਚ ਲੋਕ ਇਕੱਠੇ ਮਿਲ ਕੇ ਕੰਮ ਕਰਦੇ, ਉੱਥੇ ਔਰਤਾਂ ਵੀ ਆਪਣਾ ਕੰਮ ਨਿਪਟਾ ਕੇ ਕੱਤਣ, ਕੱਢਣ ਦਾ ਕੰਮ ਇਕੱਠੀਆਂ ਬੈਠ ਕੇ ਕਰਦੀਆਂ। ਜਦੋਂ ਕੰਮ ਦਾ ਜ਼ੋਰ ਹੁੰਦਾ ਤਾਂ ਲੋਕ ਲੋਕ ਇੱਕ ਦੂਸਰੇ ਨਾਲ ਬਿੜੀ ਕਰਕੇ ਹਾੜ੍ਹੀ ਵੱਢਦੇ, ਦਾਣਿਆਂ ਦੀ ਕਢਾਈ ਕਰਦੇ। ਗਰਮੀਆਂ ਵਿੱਚ ਸਾਰੇ ਪਿੰਡ ਦੇ ਲੋਕ ਮਿਲ ਕੇ ਹੀ ਦਰੱਖਤਾਂ ਥੱਲੇ ਦੁਪਹਿਰੇ ਕੱਟਦੇ। ਇਸ ਤਰ੍ਹਾਂ ਪਿੰਡਾਂ ਦੇ ਲੋਕਾਂ ਦੀ ਹਰ ਕਿਰਿਆ ਵਿੱਚ ਮੇਲ ਮਿਲਾਪ ਝਲਕਦਾ ਸੀ ਅਤੇ ਅੱਜ ਦੀ ਜ਼ਿੰਦਗੀ ਵਾਂਗ ਇਕੱਲੇਪਣ ਜਾਂ ਨਿਰਾਸ਼ਤਾ ਲਈ ਕੋਈ ਥਾਂ ਨਹੀਂ ਸੀ ਹੁੰਦੀ।

ਪਿੰਡ ਦੇ ਲੋਕਾਂ ਦੇ ਦੁੱਖ ਸੁੱਖ ਸਾਂਝੇ ਹੁੰਦੇ ਸਨ। ਕਿਸੇ ਇੱਕ ਦੇ ਦੁੱਖ ਨੂੰ ਸਾਰੇ ਪਿੰਡ ਦਾ ਦੁੱਖ ਸਮਝਿਆ ਜਾਂਦਾ ਸੀ। ਜੇਕਰ ਕਿਸੇ ਦੇ ਪਸ਼ੂ ਡੰਗਰ ਦਾ ਨੁਕਸਾਨ ਹੋ ਜਾਂਦਾ ਸੀ ਤਾਂ ਵੀ ਸਾਰੇ ਪਿੰਡ ਦੇ ਲੋਕ ਅਫ਼ਸੋਸ ਕਰਨ ਘਰ ਆਉਂਦੇ ਸਨ। ਜੇਕਰ ਕਿਸੇ ਘਰ ਮੌਤ ਹੁੰਦੀ ਸੀ ਤਾਂ ਸਾਰਾ ਪਿੰਡ ਅਫ਼ਸੋਸ ਕਰਨ ਲਈ ਸੱਥਰ 'ਤੇ ਬੈਠਾ ਹੁੰਦਾ। ਭੋਗ ਪੈਣ ਤੱਕ ਰਾਤ ਨੂੰ ਵੀ ਬਹੁਤ ਸਾਰੇ ਲੋਕ ਮਰਗਤ ਵਾਲੇ ਦੇ ਘਰ ਸੌਂਦੇ। ਜੇਕਰ ਇਸ ਸਮੇਂ ਕੰਮ ਦਾ ਜ਼ੋਰ ਹੁੰਦਾ ਤਾਂ ਸਾਰਾ ਪਿੰਡ ਮਿਲ ਕੇ ਉਨ੍ਹਾਂ ਦਾ ਕੰਮ ਕਰ ਦਿੰਦਾ। ਇਸੇ ਤਰ੍ਹਾਂ ਲੋਕਾਂ ਦੀਆਂ ਖ਼ੁਸ਼ੀਆਂ ਵੀ ਸਾਂਝੀਆਂ ਹੁੰਦੀਆਂ ਸਨ।

ਵਿਆਹ ਵਾਲੇ ਘਰ ਵਿਆਹ ਤੋਂ ਕਈ ਦਿਨ ਪਹਿਲਾਂ ਕੋਠੇ 'ਤੇ ਮੰਜੇ ਜੋੜ ਕੇ ਸਪੀਕਰ ਲਾ ਦਿੱਤਾ ਜਾਂਦਾ ਸੀ। ਵਿਆਹ ਵਾਲੇ ਮੁੰਡੇ ਜਾਂ ਕੁੜੀ ਦੇ ਘਰ ਆ ਕੇ ਵਿਆਹ ਤੋਂ ਕਈ ਦਿਨ ਪਹਿਲਾਂ ਪਿੰਡ ਦੀਆਂ ਔਰਤਾਂ ਮੁੰਡੇ ਦੇ ਵਿਆਹ 'ਤੇ ਸੁਹਾਗ ਤੇ ਕੁੜੀ ਦੇ ਵਿਆਹ 'ਤੇ ਘੋੜੀਆਂ ਗਾਉਂਦੀਆਂ। ਵਿਆਹ ਕਈ ਕਈ ਦਿਨ ਚੱਲਦਾ ਤੇ ਪੂਰੇ ਪਿੰਡ ਦੀ ਰੋਟੀ ਵਿਆਹ ਵਾਲੇ ਘਰ ਹੁੰਦੀ। ਵਿਆਹ ਵਾਲੇ ਘਰ ਵਿੱਚ ਰਿਸ਼ਤੇਦਾਰਾਂ ਦੇ ਸੌਣ ਦਾ ਪ੍ਰਬੰਧ ਕਰਨ ਲਈ ਪੂਰੇ ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕੀਤੇ ਜਾਂਦੇ। ਬਰਾਤਾਂ ਰਾਤਾਂ ਰਿਹਾ ਕਰਦੀਆਂ ਸਨ।

ਹੁਣ ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋਣ ਕਾਰਨ ਅੱਜ ਕੱਲ੍ਹ ਖ਼ੁਸ਼ੀ ਗ਼ਮੀ ਵਿੱਚ ਸ਼ਾਮਿਲ ਹੋਣਾ ਵੀ ਰਸਮੀ ਜਿਹਾ ਹੋ ਕੇ ਰਹਿ ਗਿਆ ਹੈ। ਕਈ ਵਾਰ ਤਾਂ ਖ਼ੁਸ਼ੀ ਦੀਆਂ ਵਧਾਈਆਂ ਤੇ ਗ਼ਮੀ ਦਾ ਅਫ਼ਸੋਸ ਸਿਰਫ਼ ਮੋਬਾਈਲ ਫੋਨਾਂ 'ਤੇ ਹੀ ਕਰ ਦਿੱਤਾ ਜਾਂਦਾ ਹੈ। ਜ਼ਿੰਦਗੀ ਦੀ ਕਾਹਲ ਕਾਰਨ ਵਿਆਹ ਮਹਿਜ਼ ਕੁੱਝ ਘੰਟਿਆਂ ਦੇ ਪ੍ਰੋਗਰਾਮ ਬਣ ਕੇ ਰਹਿ ਗਏ ਹਨ। ਅੱਜਕੱਲ੍ਹ ਪਿੰਡ ਦੇ ਲੋਕ ਰਾਜਨੀਤਿਕ ਧੜਿਆਂ ਵਿੱਚ ਵੰਡੇ ਹੋਏ ਹਨ ਅਤੇ ਮੋਹ ਅਤੇ ਅਪਣੱਤ ਦੀ ਪਹਿਲਾਂ ਵਾਲੀ ਭਾਵਨਾ ਨਜ਼ਰ ਨਹੀਂ ਆਉਂਦੀ।

ਪਹਿਲਾਂ ਵਾਲੇ ਸਮਿਆਂ ਵਿੱਚ ਮਨੋਰੰਜਨ ਦੇ ਸਾਧਨ ਵੀ ਅਜਿਹੇ ਸਨ ਕਿ ਲੋਕ ਇਕੱਠੇ ਹੋ ਕੇ ਮਨੋਰੰਜਨ ਕਰਦੇ। ਲੋਹੜੀ, ਵਿਸਾਖੀ ਅਤੇ ਹੋਰ ਮਹੱਤਵਪੂਰਨ ਦਿਨਾਂ 'ਤੇ ਲੱਗਦੇ ਮੇਲੇ ਮਨੋਰੰਜਨ ਦਾ ਮੁੱਖ ਸਾਧਨ ਹੁੰਦੇ ਸਨ। ਮੇਲਾ ਦੇਖਣ ਦਾ ਅਜੀਬ ਚਾਅ ਹੁੰਦਾ ਸੀ। ਮੇਲੇ ਤੋਂ ਕਈ ਕਈ ਦਿਨ ਪਹਿਲਾਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ, ਨਵੇਂ ਕੱਪੜੇ ਸਿਵਾਏ ਜਾਂਦੇ, ਖੇਤੀਬਾੜੀ ਨਾਲ ਸਬੰਧਿਤ ਤੇ ਹੋਰ ਘਰੇਲੂ ਕੰਮ ਧੰਦੇ ਪਹਿਲਾਂ ਹੀ ਨਿਬੇੜ ਲਏ ਜਾਂਦੇ ਸਨ। ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਬੜੇ ਚਾਅ ਨਾਲ ਟੋਲੀਆਂ ਬਣਾ ਕੇ ਮੇਲਾ ਦੇਖਣ ਜਾਂਦੀਆਂ। ਮੇਲਿਆਂ ਵਿੱਚ ਹੁੰਦੀਆਂ ਘੋਲ, ਕਬੱਡੀਆਂ ਆਕਰਸ਼ਣ ਦਾ ਮੁੱਖ ਕੇਂਦਰ ਹੋਇਆ ਕਰਦੇ ਸਨ।

ਮੇਲਿਆਂ ਤੋਂ ਇਲਾਵਾ ਪਿੰਡਾਂ ਦੇ ਅਖਾੜਿਆਂ ਵਿੱਚ ਹੁੰਦੀਆਂ ਕੁਸ਼ਤੀਆਂ, ਕਬੱਡੀ, ਮੁਗਦਰ ਚੁੱਕਣ ਦੇ ਮੁਕਾਬਲੇ ਅਤੇ ਪਿੰਡਾਂ ਵਿੱਚ ਪੈਂਦੀਆਂ ਬਾਜ਼ੀਆਂ ਵੀ ਮਨੋਰੰਜਨ ਦਾ ਅਹਿਮ ਸਾਧਨ ਹੁੰਦੇ ਸਨ। ਪਿੰਡਾਂ ਵਿੱਚ ਕਵੀਸ਼ਰੀ ਗਾਉਣ ਵਾਲੇ ਕਵੀਸ਼ਰ ਅਤੇ ਢੱਡ ਸਾਰੰਗੀ 'ਤੇ ਗਾਉਣ ਵਾਲੇ ਗਵੱਈਆਂ ਨੂੰ ਲੋਕ ਬੜੇ ਚਾਅ ਨਾਲ ਸੁਣਦੇ। ਜਿੱਥੇ ਪੁਰਾਣੇ ਸਮਿਆਂ ਵਿੱਚ ਮਨੋਰੰਜਨ ਦੇ ਸਾਧਨ ਲੋਕਾਂ ਨੂੰ ਜੋੜਦੇ ਸਨ, ਉੱਥੇ ਅਜੋਕੇ ਸਮੇਂ ਵਿੱਚ ਮਨੋਰੰਜਨ ਦੇ ਮੁੱਖ ਸਾਧਨ ਟੀਵੀ ਅਤੇ ਮੋਬਾਈਲ ਆਦਿ ਵਿਅਕਤੀ ਨੂੰ ਸਮਾਜ ਅਤੇ ਪਰਿਵਾਰ ਨਾਲੋਂ ਤੋੜਦੇ ਹਨ।

ਪੁਰਾਤਨ ਪਿੰਡ ਦੇ ਲੋਕਾਂ ਦੇ ਰਿਸ਼ਤਿਆਂ ਦੀ ਤੰਦ ਬੜੀ ਮਜ਼ਬੂਤ ਹੁੰਦੀ ਸੀ। ਰਿਸ਼ਤੇ ਨਿਭਾਏ ਜਾਂਦੇ ਸਨ ਅਤੇ ਲੰਬਾ ਸਮਾਂ ਚੱਲਦੇ ਸਨ। ਮੁੰਡੇ-ਕੁੜੀ ਦਾ ਰਿਸ਼ਤਾ ਕਰਨ ਲਈ ਅੱਜ ਵਾਂਗ ਦੇਖ ਦਿਖਾਈ ਦਾ ਰਿਵਾਜ ਨਹੀਂ ਸੀ ਹੁੰਦਾ। ਕੋਈ ਨਜ਼ਦੀਕੀ ਜਦੋਂ ਰਿਸ਼ਤਾ ਲੈ ਕੇ ਆਉਂਦਾ ਸੀ ਤਾਂ ਗੱਲਬਾਤ ਕਰਨ ਤੋਂ ਬਾਅਦ ਲਾਗੀ ਹੱਥ ਰੁਪਈਆ ਦੇ ਕੇ ਰਿਸ਼ਤਾ ਪੱਕਾ ਕਰਨ ਲਈ ਭੇਜ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਕੀਤੇ ਹੋਏ ਰਿਸ਼ਤੇ ਤਾਉਮਰ ਨਿਭ ਜਾਂਦੇ ਸਨ। ਪੁਰਾਣੇ ਸਮਿਆਂ ਦੇ ਗੀਤਾਂ, ਮੁਹਾਵਰਿਆਂ ਅਖੌਤਾਂ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਦਿਓਰ-ਭਰਜਾਈ ਦਾ ਰਿਸ਼ਤਾ ਬੜੀ ਮੋਹ ਤੇ ਅਪਣੱਤ ਵਾਲਾ ਹੁੰਦਾ ਸੀ, ਪ੍ਰੰਤੂ ਇਸ ਦੇ ਉਲਟ ਜੇਠ-ਭਰਜਾਈ ਦਾ ਰਿਸ਼ਤਾ ਬਹੁਤਾ ਸੁਖਾਵਾਂ ਨਹੀਂ ਸੀ ਹੁੰਦਾ। ਨੂੰਹ-ਸੱਸ ਦੇ ਰਿਸ਼ਤੇ ਵਿੱਚੋਂ ਸੱਸ ਨੂੰ ਤਾਕਤਵਰ ਅਤੇ ਰੋਅਬ ਜਮਾਉਣ ਵਾਲੀ ਦਰਸਾਇਆ ਗਿਆ ਹੈ। ਨਣਦ-ਭਰਜਾਈ ਦੀ ਦਿਲੀ ਸਾਂਝ ਹੁੰਦੀ ਸੀ ਅਤੇ ਉਨ੍ਹਾਂ ਦੇ ਬਹੁਤ ਸਾਰੇ ਰਾਜ਼ ਸਾਂਝੇ ਹੁੰਦੇ ਸਨ। ਵਿਆਹ ਸ਼ਾਦੀ ਦੇ ਸਮੇਂ ਰਿਸ਼ਤੇਦਾਰ ਕਈ ਕਈ ਦਿਨ ਪਹਿਲਾਂ ਕੰਮ ਕਰਵਾਉਣ ਲਈ ਆ ਜਾਂਦੇ ਸਨ। ਨਾਨਕੇ ਮੇਲ ਦੀ ਪੂਰੀ ਧਾਂਕ ਹੁੰਦੀ ਸੀ। ਨਾਨਕਿਆਂ ਵੱਲੋਂ ਜਾਗੋ ਕੱਢਣੀ ਅਤੇ ਛੱਜ ਤੋੜਨਾ ਵਿਆਹ ਦੀ ਇੱਕ ਖ਼ਾਸ ਰਸਮ ਹੁੰਦੀ ਸੀ। ਨਾਨਕਾ ਮੇਲ ਪੂਰੇ ਪਿੰਡ ਵਿੱਚ ਗੇੜਾ ਮਾਰਦਾ ਅਤੇ ਪਿੰਡ ਦੇ ਪਰਨਾਲੇ ਤੋੜੇ ਜਾਂਦੇ ਸਨ।

ਅੱਜਕੱਲ੍ਹ ਦੇ ਰਿਸ਼ਤਿਆਂ ਵਿੱਚ ਸਵਾਰਥ ਅਤੇ ਮਤਲਬਪ੍ਰਸਤੀ ਭਾਰੂ ਹੋ ਗਈ ਹੈ। ਰਿਸ਼ਤੇ ਭਾਵੇਂ ਦੇਖ ਪਰਖ ਕੇ ਅਤੇ ਲੈਣ ਦੇਣ ਮੁਕਾ ਕੇ ਕੀਤੇ ਜਾਂਦੇ ਹਨ, ਪ੍ਰੰਤੂ ਰਿਸ਼ਤਿਆਂ ਦੀ ਉਮਰ ਬਹੁਤ ਲੰਬੀ ਨਹੀਂ ਹੁੰਦੀ। ਤਲਾਕ ਦੇ ਕੇਸ ਲਗਾਤਾਰ ਵਧ ਰਹੇ ਹਨ। ਭਰਾ ਵੱਲੋਂ ਭਰਾ ਅਤੇ ਪੁੱਤਰ ਵੱਲੋਂ ਪਿਤਾ ਦੇ ਕਤਲ ਦੀਆਂ ਖ਼ਬਰਾਂ ਵੀ ਦੇਖਣ ਨੂੰ ਮਿਲ ਜਾਂਦੀਆਂ ਹਨ।

ਪੁਰਾਣੇ ਸਮਿਆਂ ਵਿੱਚ ਜ਼ਿਆਦਾਤਰ ਕੰਮ ਜ਼ੋਰ ਨਾਲ ਕੀਤਾ ਜਾਂਦਾ ਸੀ। ਇਸ ਬਾਰੇ ਇੱਕ ਕਹਾਵਤ ਮਸ਼ਹੂਰ ਸੀ ਕਿ 'ਘਰ ਦਾ ਭਾਵੇਂ ਮਾੜਾ ਹੋਵੇ, ਪਰ ਜ਼ੋਰ ਦਾ ਮਾੜਾ ਨਾ ਹੋਵੇ।' ਇਸ ਲਈ ਸਰੀਰ ਨੂੰ ਤਾਕਤਵਰ ਤੇ ਜ਼ੋਰਾਵਰ ਰੱਖਣ ਲਈ ਖ਼ੁਰਾਕ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਰੋਜ਼ਾਨਾ ਦੀ ਖ਼ੁਰਾਕ ਵਿੱਚ ਦੁੱਧ, ਲੱਸੀ, ਮੱਖਣ ਅਤੇ ਘਿਓ ਦੀ ਭਰਮਾਰ ਹੁੰਦੀ ਸੀ। ਦੁੱਧ ਵੇਚਣ ਦਾ ਰਿਵਾਜ ਨਹੀਂ ਸੀ। ਦੇਸੀ ਘਿਓ ਜੋੜਿਆ ਜਾਂਦਾ ਸੀ। ਘਰਾਂ ਵਿੱਚ ਦੇਸੀ ਘਿਓ ਨੂੰ ਘੜੇ ਜਾਂ ਪੀਪੇ ਵਿੱਚ ਭਰ ਕੇ ਰੱਖਿਆ ਜਾਂਦਾ ਸੀ।

ਸਰਦੀਆਂ ਵਿੱਚ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਸਭ ਤੋਂ ਸਵਾਦ ਪਕਵਾਨ ਮੰਨਿਆ ਜਾਂਦਾ ਸੀ। ਗਰਮੀਆਂ ਵਿੱਚ ਦਲੀਆ, ਖਿਚੜੀ, ਭੁੰਨੇ ਦਾਣਿਆਂ ਵਿੱਚ ਮਿੱਠਾ ਰਲਾ ਕੇ ਸੱਤੂ ਬਣਾ ਕੇ ਖਾਇਆ ਜਾਂਦਾ ਸੀ। ਵਿਆਹ ਸ਼ਾਦੀਆਂ 'ਤੇ ਦੇਸੀ ਘਿਓ ਦੇ ਲੱਡੂ-ਜਲੇਬੀਆਂ ਬਣਾਏ ਜਾਂਦੇ ਸਨ। ਤਿੱਥ ਤਿਉਹਾਰ 'ਤੇ ਕੜਾਹ-ਪ੍ਰਸ਼ਾਦ, ਖੀਰ, ਪੂੜੇ, ਗੁਲਗੁਲੇ, ਮੱਠੀਆਂ ਆਦਿ ਬਣਾਏ ਜਾਂਦੇ ਸਨ। ਛੋਲਿਆਂ ਦੇ ਭੁੰਨੇ ਦਾਣੇ, ਮੱਕੀ ਦੀਆਂ ਛੱਲੀਆਂ, ਖੋਏ ਦੀਆਂ ਪਿੰਨੀਆਂ, ਚੌਲਾਂ ਦੀਆਂ ਪਿੰਨੀਆਂ, ਕਣਕ ਅਤੇ ਤਿਲਾਂ ਦੇ ਮਰੂੰਡੇ ਵੀ ਸ਼ੁੱਧ ਤਰੀਕੇ ਨਾਲ ਘਰ ਤਿਆਰ ਕਰਕੇ ਖਾਏ ਜਾਂਦੇ ਸਨ। ਇਨ੍ਹਾਂ ਖਾਣਿਆਂ ਦੀ ਇਹ ਵਿਸ਼ੇਸ਼ਤਾ ਸੀ ਕਿ ਇਹ ਪੂਰੀ ਤਰ੍ਹਾਂ ਸ਼ੁੱਧ ਅਤੇ ਮਿਲਾਵਟ ਰਹਿਤ ਹੁੰਦੇ ਸਨ।

ਪੰਜਾਬੀਆਂ ਦੇ ਤਕੜੇ ਡੀਲ-ਡੌਲ ਅਤੇ ਤਾਕਤਵਰ ਜੁੱਸਿਆਂ ਦਾ ਕਾਰਨ ਉਨ੍ਹਾਂ ਦੀ ਸ਼ੁੱਧ ਖ਼ੁਰਾਕ ਹੀ ਸੀ, ਪ੍ਰੰਤੂ ਅੱਜ ਖਾਣਿਆਂ ਵਿੱਚ ਬਹੁਤ ਤਬਦੀਲੀ ਆਈ ਹੈ। ਅੱਜ ਦੀ ਨੌਜਵਾਨ ਪੀੜ੍ਹੀ ਫਾਸਟ ਫੂਡ ਅਤੇ ਬਾਜ਼ਾਰੂ ਖਾਣਿਆਂ 'ਤੇ ਨਿਰਭਰ ਹੁੰਦੀ ਜਾ ਰਹੀ ਹੈ। ਪੀਜ਼ੇ, ਬਰਗਰ, ਮੋਮੋਜ਼ ਆਦਿ ਦੇ ਸਿਹਤ 'ਤੇ ਪੈ ਰਹੇ ਮਾੜੇ ਪ੍ਰਭਾਵ ਨਜ਼ਰ ਆ ਰਹੇ ਹਨ। ਆਪਣੇ ਸ਼ੁੱਧ ਪੁਰਾਤਨ ਖਾਣਿਆਂ ਤੋਂ ਦੂਰ ਹੋਣਾ ਅਤੇ ਬਾਜ਼ਾਰੂ ਖਾਣਿਆਂ 'ਤੇ ਨਿਰਭਰ ਹੋਣ ਕਾਰਨ ਬਿਮਾਰੀਆਂ ਦਾ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਆਧੁਨਿਕ ਵਿਕਾਸ ਦੇ ਕਾਰਨ ਪਿੰਡਾਂ ਦਾ ਮੁਹਾਂਦਰਾ ਕਾਫ਼ੀ ਹੱਦ ਤੱਕ ਬਦਲ ਗਿਆ ਹੈ। ਪੁਰਾਣੇ ਪਿੰਡਾਂ ਦੀ ਪਛਾਣ ਉਸ ਦੇ ਗੁਹਾਰਿਆਂ ਤੋਂ ਹੁੰਦੀ ਸੀ। ਪਿੰਡਾਂ ਦੇ ਗੁਹਾਰਿਆਂ ਦੀ ਬਣਤਰ ਤੋਂ ਪਿੰਡਾਂ ਦੇ ਸੁਚੱਜੇਪਣ ਦਾ ਅੰਦਾਜ਼ਾ ਲਗਾ ਲਿਆ ਜਾਂਦਾ ਸੀ, ਪ੍ਰੰਤੂ ਅੱਜਕੱਲ੍ਹ ਆਧੁਨਿਕ ਵਿਕਾਸ ਦੇ ਕਾਰਨ ਕੱਚੇ ਘਰਾਂ ਦੀ ਥਾਂ ਪੱਕੀਆਂ ਕੋਠੀਆਂ ਨੇ ਲੈ ਲਈ ਹੈ। ਪੁਰਾਣੇ ਘਰਾਂ ਦੇ ਦਰਵਾਜ਼ੇ, ਬਰਾਂਡੇ, ਸਬਾਤ, ਝਲਾਨੀ ਵਰਗੇ ਸ਼ਬਦ ਅੱਜ ਦੇ ਆਧੁਨਿਕ ਘਰਾਂ ਵਿੱਚੋਂ ਗਾਇਬ ਹਨ। ਜਿਹੜੇ ਪਿੰਡ ਰਾਜ ਜਾਂ ਰਾਸ਼ਟਰੀ ਮਾਰਗ 'ਤੇ ਪੈਂਦੇ ਹਨ, ਉੱਥੇ ਵੱਡੀਆਂ ਸੜਕਾਂ, ਓਵਰ ਬਰਿੱਜ, ਅੰਡਰ ਬਰਿੱਜ, ਆਊਟਲੈੱਟ, ਫੈਕਟਰੀਆਂ ਆਦਿ ਹੋਂਦ ਵਿੱਚ ਆ ਗਏ ਹਨ। ਇਨ੍ਹਾਂ ਦੀ ਉਸਾਰੀ ਨੇ ਪਿੰਡ ਅਤੇ ਸ਼ਹਿਰ ਦਾ ਪਾੜਾ ਖ਼ਤਮ ਕਰ ਦਿੱਤਾ ਹੈ ਅਤੇ ਪਿੰਡਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਦਿੱਤਾ ਹੈ।

ਜੇਕਰ ਅਸੀਂ ਪੁਰਾਤਨ ਅਤੇ ਆਧੁਨਿਕ ਪਿੰਡਾਂ ਦੇ ਬਦਲਾਅ ਦੀ ਗੱਲ ਕਰੀਏ ਤਾਂ ਪਿਛਲੇ ਚਾਰ ਦਹਾਕਿਆਂ ਵਿੱਚ ਪਿੰਡਾਂ ਦੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਬਹੁਤ ਬਦਲਾਅ ਆਇਆ ਹੈ। ਆਧੁਨਿਕਤਾ ਦੀ ਤੇਜ਼ ਤਰਾਰ ਦੌੜ ਕਾਰਨ ਹੁਣ ਪਿੰਡਾਂ ਦੀ ਜ਼ਿੰਦਗੀ ਵਿਚਲੀ ਸਹਿਜਤਾ ਲਗਭਗ ਖ਼ਤਮ ਹੋ ਰਹੀ ਹੈ। ਸਾਡੇ ਰਹਿਣ ਸਹਿਣ, ਸੱਭਿਆਚਾਰ, ਪਹਿਰਾਵਾ, ਖਾਣ-ਪੀਣ ਅਤੇ ਰਸਮ ਰਿਵਾਜਾਂ ਵਿੱਚ ਵੱਡੀ ਪੱਧਰ 'ਤੇ ਬਦਲਾਅ ਆਇਆ ਹੈ।

ਪਿੰਡ ਦੀ ਜ਼ਿੰਦਗੀ ਵਿੱਚ ਸਹਿਜ, ਸੰਜਮ, ਸਬਰ- ਸੰਤੋਖ ਦੀ ਘਾਟ ਨਜ਼ਰ ਆਉਂਦੀ ਹੈ। ਰਿਸ਼ਤੇ ਨਾਤੇ ਪਹਿਲਾਂ ਨਾਲੋਂ ਕਮਜ਼ੋਰ ਹੋਏ ਹਨ। ਕਿਰਤ ਕਰੋ ਅਤੇ ਵੰਡ ਛਕਣ ਦੇ ਸੰਕਲਪ ਨੂੰ ਢਾਹ ਲੱਗੀ ਹੈ। ਉਪਰੋਕਤ ਕਦਰਾਂ ਕੀਮਤਾਂ ਦੇ ਘਟਣ ਕਾਰਨ ਤੇ ਅੱਜ ਦੀ ਸਵਾਰਥ ਭਰੀ ਅਤੇ ਤੇਜ਼ ਤਰਾਰ ਜ਼ਿੰਦਗੀ ਨੂੰ ਦੇਖ ਕਿ ਹੁਣ ਇਹ ਕਹਿਣਾ ਮੁਸ਼ਕਿਲ ਲੱਗਦਾ ਹੈ ਕਿ ਪਿੰਡਾਂ ਵਿੱਚ ਰੱਬ ਵਸਦਾ ਹੈ।

ਸੰਪਰਕ: 98726-59588

# ਅਵਤਾਰਜੀਤ ਦਾ ਕਾਵਿ ਸੰਗ੍ਰਹਿ 'ਮੈਂ ਆਪਣੀ ਤ੍ਰੇੜ ਲੱਭ ਰਿਹਾਂ' ਮਾਨਸਿਕ ਉਥਲ-ਪੁਥਲ ਤੇ ਸਮਾਜਿਕ ਸਰੋਕਾਰਾਂ ਦਾ ਸੁਮੇਲ

ਅਵਤਾਰਜੀਤ ਮਾਨਸਿਕ ਉਲਝਣਾ ਅਤੇ ਸਮਾਜਿਕ ਸਰੋਕਾਰਾਂ ਦਾ ਚਿਤੇਰਾ ਸਥਾਪਤ ਸ਼ਾਇਰ ਹੈ। ਉਸ ਦੇ ਪੰਜ ਮੌਲਿਕ ਕਾਵਿ ਸੰਗ੍ਰਹਿ ਅਤੇ ਇੱਕ ਸੰਪਾਦਿਤ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। 'ਮੈਂ ਆਪਣੀ ਤ੍ਰੇੜ ਲੱਭ ਰਿਹਾਂ' ਉਸਦੀ ਸੱਤਵੀਂ ਪੁਸਤਕ ਹੈ। ਇਸ ਵਿਚਲੀਆਂ ਖੁਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ। ਆਧੁਨਿਕਤਾ ਦੇ ਜ਼ਮਾਨੇ ਵਿੱਚ ਇਨਸਾਨ ਦੇ ਮਨ-ਮਸਤਕ ਵਿਚ ਅਨੇਕ ਵਿਚਾਰਾਂ ਦਾ ਪ੍ਰਵਾਹ ਲਗਾਤਰ ਉਠਦਿਆਂ, ਬੈਠਦਿਆਂ, ਤੁਰਦਿਆਂ, ਫਿਰਦਿਆਂ ਇੱਥੋਂ ਤੱਕ ਕਿ ਸੁਤਿਆਂ ਵੀ ਚਲਦਾ ਰਹਿੰਦਾ ਹੈ। ਅਵਤਾਰਜੀਤ ਅਜਿਹੀਆਂ ਪ੍ਰਸਥਿਤੀਆਂ ਦਾ ਚਿਤੇਰਾ ਸ਼ਾਇਰ ਹੈ। 'ਮੈਂ ਆਪਣੀ ਤ੍ਰੇੜ ਲੱਭ ਰਿਹਾਂ' ਕਾਵਿ ਸੰਗ੍ਰਹਿ ਵਿੱਚ ਉਸਨੇ ਆਪਣੇ ਨਿੱਜ ਦੇ ਸਾਧਨ ਰਾਹੀਂ ਫਸਟ ਪਰਸਨ ਵਿੱਚ ਸਮੁੱਚੀ ਮਾਨਵਤਾ ਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਇੱਕ ਕਿਸਮ ਨਾਲ ਲੋਕਾਈ ਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਭਾਵ ਜਨਰਲਾਈਜ਼ ਕਰ ਦਿੱਤਾ ਹੈ, ਜੋ ਉਸਦੀ ਪ੍ਰਾਪਤੀ ਹੈ। ਪੁਸਤਕ ਦਾ ਨਾਂ ਪੜ੍ਹਕੇ ਇਉਂ ਲੱਗਦਾ ਹੈ ਕਿ ਇਹ ਉਸਦੇ ਨਿੱਜ ਨਾਲ ਸੰਬੰਧਤ ਹੈ, ਪ੍ਰੰਤੂ ਇਸ ਵਿੱਚ ਭੋਰਾ ਵੀ ਸਚਾਈ ਨਹੀ ਹੈ, ਸਗੋਂ ਉਹ ਤਾਂ ਇਸ ਉਥਲ-ਪੁਥਲ ਨੂੰ ਲੋਕਾਈ ਦੀ ਪੀੜ ਵਿੱਚ ਬਦਲਣ ਵਿੱਚ ਸਫ਼ਲ ਹੋਇਆ ਹੈ। ਸ਼ਾਇਰ ਨੇ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਸਮਾਜਿਕ ਤਾਣੇ-ਬਾਣੇ ਦੀਆਂ ਤ੍ਰਾਸਦੀਆਂ ਵਿੱਚੋਂ ਲਏ ਹਨ, ਜਿਵੇਂ ਬਿਰਧ ਆਸ਼ਰਮ, ਮੁਲਾਜ਼ਮਾ ਦੀ ਪਰਿਵਾਰ ਪਾਲਣ ਦੀ ਕਠਨਾਈ, ਦਰਬਾਰੀਏ ਕਵੀ, ਮਨੁੱਖਤਾ ਵੱਲੋਂ ਨਫ਼ਰਤ ਵਿੱਚ ਜ਼ਹਿਰ, ਪੰਜਾਬ ਦੀ ਨਸਲਕੁਸ਼ੀ, ਕੁਰਬਾਨੀਆਂ, ਜਲ੍ਹਿਆਂ ਵਾਲੇ ਬਾਗ ਦੀ ਘਟਨਾ, ਰੋਟੀ ਦੀ ਭੁੱਖ, ਇਨਸਾਨ-ਇਨਸਾਨ ਦਾ ਦੁਸ਼ਮਣ, ਦਹਿਸ਼ਤਗਰਦੀ ਦੇ ਪ੍ਰਭਾਵ ਆਦਿ ਸ਼ਾਮਲ ਹਨ। ਉਹ ਕਵਿਤਾਵਾਂ ਸਿੰਬਾਲਿਕ ਢੰਗ ਨਾਲ ਲਿਖਦਾ ਹੈ। ਇਹੋ ਸ਼ਾਇਰ ਦੀ ਵਿਲੱਖਣ ਪ੍ਰਾਪਤੀ ਹੈ। ਇਸ ਕਾਵਿ ਸੰਗ੍ਰਹਿ ਵਿੱਚ 114 ਛੋਟੀਆਂ-ਵੱਡੀਆਂ ਕਵਿਤਾਵਾਂ ਹਨ। ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਦੋ ਭਾਗਾਂ ਵਿੱਚ ਹਨ। ਪਹਿਲੇ ਭਾਗ ਦੀ ਪਹਿਲੀ ਕਵਿਤਾ 'ਸੈਲਫ਼ੀ' ਤੋਂ ਪਹਿਲਾਂ ਇਹ ਚਾਰ ਸਤਰਾਂ:

ਜ਼ੁਰਤ ਕੀ ਏ ਵਕਤ ਦੀ, ਸਾਡੀ ਖੋਹ ਲਏ ਮੁਸਕਾਨ।
ਮੱਥਿਆਂ ਦੇ ਵਿੱਚ ਜਿੱਤ ਹੈ, ਸਾਡਾ ਮੁਹੱਬਤ ਚੋਣ ਨਿਸ਼ਾਨ।

ਕਵੀ ਦੀ ਮਜ਼ਬੂਤ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹੋਈਆਂ, ਮੁਹੱਬਤ ਦਾ ਸੰਦੇਸ਼ ਵੀ ਦਿੰਦੀਆਂ ਹਨ। ਭਾਵ ਮੁਹੱਬਤ ਹੀ ਸੰਸਾਰ ਵਿੱਚ ਅਜਿਹੀ ਭਾਵਨਾ ਹੈ, ਜਿਹੜੀ ਜ਼ਿੰਦਗੀ ਨੂੰ ਤਰੋ-ਤਾਜ਼ਾ ਰੱਖਦੀ ਹੋਈ ਮਹਿਕਣ ਲਗਾ ਸਕਦੀ ਹੈ। ਹਰ ਮੁਸੀਬਤ ਨੂੰ ਸਰ ਕਰ ਸਕਦੀ ਹੈ। ਇਹ ਸਤਰਾਂ ਇੱਕ ਕਿਸਮ ਨਾਲ ਇਹ ਵੀ ਸਾਬਤ ਕਰਦੀਆਂ ਹਨ ਕਿ ਲੋਕਾਈ ਇਸ ਉਥਲ-ਪੁਥਲ ਦੇ ਬਾਵਜੂਦ ਵੀ ਬੁਲੰਦੀਆਂ ਨੂੰ ਛੂਹ ਸਕਦੀ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਵੀ ਆਸ਼ਾਵਾਦੀ ਹੈ। ਇਹ ਕਾਵਿ ਸੰਗ੍ਰਹਿ ਲਾਲਸਾਵਾਂ ਤੇ ਇਛਾਵਾਂ ਵਿੱਚ ਗ੍ਰਸੀ ਮਾਨਵਤਾ ਦੀ ਬਿਖਰੀ ਤੇ ਤਿੜਕੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਦਾ ਹੈ। ਕਵੀ ਰੁੱਖਾਂ ਰਾਹੀਂ ਮਨੁੱਖਾਂ ਦੇ ਦੁੱਖਾਂ ਦੀ ਗੱਲ ਕਰਦਾ ਹੈ। ਵਿਰੋਧ ਵੀ ਤਾਕਤ ਦਿੰਦਾ ਹੈ ਤੇ ਹਾਰ ਜਿੱਤ ਦੀ ਨਿਸ਼ਾਨਦੇਹੀ ਕਰਦਾ ਹੈ। ਅਸਫ਼ਲਤਾ ਨੂੰ ਇਨਸਾਨ ਭੁਲਾ ਨਹੀਂ ਸਕਦਾ, ਸਗੋਂ ਅਸਫ਼ਲਤਾ ਉਸਦੇ ਚੇਤਿਆਂ ਵਿੱਚ ਉਸਲਵੱਟੇ ਲੈਂਦੀ ਰਹਿੰਦੀ ਹੈ। ਛਲਾਵੇ ਗੁੰਮਰਾਹ ਨਹੀਂ ਕਰ ਸਕਦੇ। ਸ਼ਹਿਰੀਕਰਨ ਨੇ ਦਿਹਾਤ ਨੂੰ ਨਿਗਲ ਲਿਆ ਹੈ, ਜਿਸ ਕਰਕੇ ਇਨਸਾਨ ਦੇ ਮਨ ਵਿੱਚ ਟਿਕਾਅ ਨਹੀਂ ਰਹਿੰਦਾ। ਸੰਸਾਰ ਦੀ ਸੋਚ ਵਿੱਚ ਬਦਲਾਅ ਆ ਰਿਹਾ ਹੈ, ਪੁੱਤਰ ਮੋਹ ਦੀ ਥਾਂ ਪੁੱਤਰੀ ਮੋਹ ਵੱਧ ਰਿਹਾ ਹੈ। ਨਸ਼ੇ ਤੇ ਪਰਵਾਸ ਚਿੰਤਾ ਦੇ ਵਿਸ਼ੇ ਹਨ। ਇਹ ਚਿੰਤਾ/ਦੁੱਖ ਮਜ਼ਬੂਤੀ ਬਖ਼ਸ਼ਦੇ ਹਨ। ਪੰਜਾਬ ਨੇ ਜ਼ਾਲਮਾ ਤੇ ਜ਼ੁਲਮ ਦੇ ਮੁਕਾਬਲੇ ਕਰਕੇ, ਜਿੱਤਾਂ ਪ੍ਰਾਪਤ ਕੀਤੀਆਂ ਹਨ, ਪ੍ਰੰਤੂ ਨਸ਼ਿਆਂ ਤੋਂ ਹਾਰ ਗਏ ਹਨ, 'ਵਿਰਸੇ 'ਚ ਪਈ ਬੰਦੂਕ ਕਿੱਥੇ ਹੈ' ਸਿਰਲੇਖ ਵਾਲੀ ਕਵਿਤਾ ਪੰਜਾਬੀਆਂ ਦੀ ਸੋਚ ਦਾ ਪ੍ਰਗਟਾਵਾ ਕਰਦੀ ਉਨ੍ਹਾਂ ਦੀ ਵਰਤਮਾਨ ਸਥਿਤੀ ਦਾ ਵਰਣਨ ਕਰਦੀ ਹੈ-

ਅਫ਼ਗਨੀ-ਅਬਦਾਲੀ ਵਰਗਿਆਂ ਤੇ ਤੈਮੂਰ, ਗਜ਼ਨਵੀ ਵਰਗਿਆਂ ਤੋਂ ਨਾ ਹਾਰ ਸਕੇ।
ਤੇ ਸਿਕੰਦਰ ਸ਼ਾਹਾਂ ਦੇ ਨੇਜ਼ੇ, ਤਲਵਾਰਾਂ, ਬਰਛੇ, ਛਵੀਆਂ, ਛੁਰੀਆਂ ਨਾ ਸਾਨੂੰ ਮਾਰ ਸਕੇ।
ਇੱਕ ਢਾਈ ਇੰਚ ਸਰਿੰਜ ਦੀ ਸੂਈ ਨੇ ਅੱਜ ਮਾਰ ਦਿੱਤਾ ਸਾਨੂੰ।


ਇਹ ਹੈ ਪੰਜਾਬ ਦੀ ਤ੍ਰਾਸਦੀ। ਪਰਵਾਸ, ਨਸ਼ਿਆਂ ਅਤੇ ਮਜ਼ਦੂਰਾਂ ਦੀ ਤ੍ਰਾਸਦੀ ਨਾਲ ਸੰਬੰਧਤ 30 ਕਵਿਤਾਵਾਂ ਹਨ। ਕਵਿਤਾਵਾਂ ਤੇ ਪੁਸਤਕਾਂ ਨੂੰ ਸ਼ਾਇਰ ਜੀਵਨ ਦਾ ਆਧਾਰ ਮੰਨਦਾ ਹੈ, ਕਿਉਂਕਿ ਉਸਨੇ ਲਗਪਗ 20 ਕਵਿਤਾਵਾਂ ਵਿੱਚ ਕਵਿਤਾ ਤੇ ਪੁਸਤਕਾਂ ਦੀ ਮਹੱਤਤਾ ਦਾ ਜ਼ਿਕਰ ਕੀਤਾ ਹੈ। ਗ਼ਰੀਬਾਂ ਦੀਆਂ ਬਸਤੀਆਂ, ਰੇਲ ਪਟੜੀਆਂ 'ਤੇ ਕੋਲਾ ਚੁਗਦੇ ਬੱਚੇ, ਪਰਵਾਸ ਦੇ ਸਬਜ਼ਬਾਗ, ਕਰਜ਼ੇ, ਮਸ਼ੀਨਰੀ ਦੀ ਪੈਦਾ ਕੀਤੀ ਬੇਰੋਜ਼ਗਾਰੀ, ਜ਼ਿੰਦਗੀ ਦੀ ਤ੍ਰਾਸਦੀ ਬਿਆਨ ਕਰਦੀਆਂ ਹਨ। ਪਿਤਾ-ਮਾਤਾ ਦਿਵਸ ਦੇ ਮਕੜਜਾਲ ਵਿੱਚ ਪੰਜਾਬੀ ਫ਼ਸ ਗਏ, ਪ੍ਰੰਤੂ ਜੇਬ ਖਾਲ੍ਹੀ ਹੈ? ਇਸ ਸੰਗ੍ਰਹਿ ਦੀਆਂ ਕਵਿਤਾਵਾਂ ਮਾਨਸਿਕ ਜਦੋਜਹਿਦ ਦੀ ਦਾਸਤਾਂ ਵੀ ਹਨ। ਦੁਬਿਧਾ ਵਿੱਚੋਂ ਬਾਹਰ ਨਿਕਲਕੇ ਜ਼ਿੰਦਗੀ ਦਾ ਆਨੰਦ ਮਾਣਿਆਂ ਜਾ ਸਕਦਾ ਹੈ। ਆਪਣੇ ਪੈਰ ਨਾ ਛੱਡੋ, ਅਖ਼ੀਰ ਪੈਰਾਂ ਨੇ ਹੀ ਸਹਾਰਾ ਦੇਣਾ ਹੈ। ਆਪਣੀ ਪਛਾਣ ਕਰੋ, ਸਾਰਾ ਕੁਝ ਤੁਹਾਡੇ ਅੰਦਰ ਹੀ ਹੈ। ਮਹਿਫ਼ਲਾਂ ਤੋਂ ਬਿਨਾ ਵੀ ਜ਼ਿੰਦਗੀ ਮਾਣੀ ਜਾ ਸਕਦੀ ਹੈ। ਬੱਚੇ ਦੇ ਜਨਮ ਤੋਂ ਲੈ ਕੇ ਅਖ਼ੀਰ ਤੱਕ ਇਨਸਾਨ ਵਹਿਮਾਂ-ਭਰਮਾ ਵਿੱਚ ਜਕੜਿਆ ਰਹਿੰਦਾ ਹੈ, ਫਿਰ ਪਛਾਣ ਪੱਤਰਾਂ ਤੇ ਜ਼ਮੀਨਾ ਜਾਇਦਾਦਾਂ ਵੀ ਵੰਡ ਵੰਡਾਈ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ, ਪ੍ਰੰਤੂ ਇਨਸਾਨ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਮਨੁੱਖ ਵੀ ਗਮਲਿਆਂ ਦੇ ਪੌਦਿਆਂ ਦੀ ਤਰ੍ਹਾਂ ਪ੍ਰਫੁਲਤ ਨਹੀਂ ਹੁੰਦਾ, ਪ੍ਰਫੁਲਤ ਹੋਣ ਲਈ ਖੁਲ੍ਹੀ ਸੋਚ ਤੇ ਹਵਾ ਦੀ ਜ਼ਰੂਰਤ ਹੁੰਦੀ ਹੈ। ਮਾਸ ਨਾਲੋਂ ਨਹੁੰ ਤੋੜਨ ਦੀ ਜਿਵੇਂ ਤਕਲੀਫ ਹੁੰਦੀ ਹੈ, ਉਸੇ ਤਰ੍ਹਾਂ ਫ਼ੁੱਲ ਨੂੰ ਪੌਦੇ ਨਾਲੋਂ ਤੋੜਨ 'ਤੇ ਹੁੰਦੀ ਹੈ। ਅਜਿਹੇ ਅਹਿਸਾਸ ਇਨਸਾਨ ਵਿੱਚ ਹੋਣੇ ਚਾਹੀਦੇ ਹਨ। ਅਹਿਸਾਸ ਤੇ ਭਾਵਨਾਵਾਂ ਅਸਮਾਨ ਦੀ ਉਡਾਰੀ ਲਗਾ ਦਿੰਦੇ ਹਨ। ਇਸੇ ਤਰ੍ਹਾਂ ਸਫ਼ਲ ਜੀਵਨ ਲਈ ਅਹਿਸਾਸਾਂ ਦਾ ਹੋਣਾ ਲਾਭਦਾਇਕ ਹੁੰਦਾ ਹੈ। ਪਾਣੀ ਜੀਵਨ ਹੈ ਤੇ ਪਿਆਸ ਜੀਵਨ ਦਾ ਮਾਰਗ ਹੈ। ਇਹ ਕਵਿਤਾਵਾਂ ਜਿਥੇ ਭਾਵਨਾਵਾਂ ਦੀ ਗੱਲ ਕਰਦੀਆਂ ਹਨ, ਉਥੇ ਸਮਾਜਿਕ ਸਰੋਕਾਰਾਂ ਨਾਲ ਵੀ ਲਬਰੇਜ, ਕਵੀ ਦੀਆਂ ਕਵਿਤਾਵਾਂ ਕਹਿੰਦੀਆਂ ਹਨ। ਪਰਵਾਸ ਵਿੱਚ ਮਿਹਨਤ ਕਰਦੇ ਹਨ, ਪ੍ਰੰਤੂ ਆਪਣੇ ਦੇਸ ਵਿੱਚ ਡਿਗਨਟੀ ਆਫ ਲੇਬਰ ਨਹੀਂ ਹੈ। ਮੰਜ਼ਲ ਦੀ ਪ੍ਰਾਪਤੀ ਲਈ ਮਿਹਨਤ ਲਾਜ਼ਮੀ ਤੇ ਫਿਰ ਆਨੰਦ ਹੀ ਆਨੰਦ ਹੈ। ਜ਼ਿੰਦਗੀ ਜਿਓਣ ਲਈ ਕਈ ਵੇਲਣ ਵੇਲਣੇ ਪੈਂਦੇ ਹਨ ਤੇ ਫਿਰ ਭਟਕਣਾ ਖ਼ਤਮ ਹੋ ਜਾਂਦੀ ਹੈ। ਖੰਡਰ ਵੀ ਸਭਿਅਤਾ ਦੀ ਅਮੀਰੀ ਦੀ ਨਿਸ਼ਾਨੀ ਹੁੰਦੇ ਹਨ। ਭੀੜਤੰਤਰ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਤੋਂ ਕੋਹਾਂ ਦੂਰ ਹੁੰਦਾ ਹੈ। ਲੁਕਵੀਂ ਹਰ ਗੱਲ ਨੁਕਸਾਨਦਾਇਕ ਹੁੰਦੀ ਹੈ, ਲੁਕਵੇਂ ਗ਼ੈਰ ਇਖ਼ਲਾਕੀ ਸੰਬੰਧ ਅਣਮਨੁਖੀ ਤੇ ਗ਼ੈਰ ਕੁਦਰਤੀ ਵੀ ਹੁੰਦੇ ਹਨ। ਬ੍ਰਾਂਡਿਡ ਵਸਤਾਂ ਨੇ ਹੱਥ ਕਰਘਾ ਸਭਿਅਤਾ ਨੂੰ ਨਿਗਲ ਲਿਆ ਹੈ। ਪੰਜਾਬੀ ਗ਼ਰੀਬੀ, ਭੁੱਖਮਰੀ, ਬੇਰੋਜ਼ਗਾਰੀ, ਪਰਵਾਸ ਅਤੇ ਭੌਂ ਮਾਫ਼ੀਏ ਦੇ ਚੁੰਗਲ ਵਿੱਚ ਫਸਕੇ ਫ਼ਸਲਾਂ ਵਾਲੀਆਂ ਜ਼ਮੀਨਾਂ ਤੋਂ ਹੱਥ ਧੋ ਬੈਠਣਗੇ। ਪਰਜਤੰਤਰ ਪ੍ਰਣਾਲੀ ਦੀਆਂ ਖ਼ਾਮੀਆਂ ਦਾ ਇਵਜ਼ਾਨਾ ਭੁਗਤ ਰਹੇ ਹਾਂ, ਆਜ਼ਾਦੀ ਦੇ ਲਾਭ ਨਹੀਂ ਮਿਲ ਰਹੇ, ਸਾਜ਼ਸਾਂ ਦਾ ਸ਼ਿਕਾਰ ਹੋ ਰਹੇ ਹਾਂ। ਭਰਿਸ਼ਟਾਚਾਰ ਦਾ ਬੋਲਬਾਲਾ ਹੈ, ਵੋਟਾਂ ਮੌਕੇ ਵੋਟਰ ਵਿਕ ਜਾਂਦੇ ਹਨ, ਫਿਰ ਭਵਿਖ ਸੁਨਹਿਰਾ ਕਿਵੇਂ ਹੋਵੇਗਾ? ਸਾਡੀ ਮਾਨਸਿਕਤਾ ਦੀ ਤਰ੍ਹਾਂ ਗ਼ਰੀਬੀ ਤੇ ਅਮੀਰੀ ਦਾ ਪਾੜਾ ਵੱਧ ਰਿਹਾ ਹੈ। ਜੰਗ ਦਾ ਇਵਜ਼ਾਨਾ ਮਾਸੂਮਾ ਨੂੰ ਭਗਤਣਾ ਪੈਂਦਾ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਕਵਿਤਾਵਾਂ ਮੰਗਦੀਆਂ ਹਨ।

ਦੂਜੇ ਭਾਗ ਵਿੱਚ ਸ਼ਾਇਰ ਲਿਖਦਾ ਹੈ ਕਿ ਆਧੁਨਿਕ ਤਕਨੀਕ ਦੇ ਕੰਪਿਊਟਰ, ਮੋਬਾਈਲ ਅਤੇ ਲੈਪਟਾਪ ਦੇ ਉਪਕਰਨਾ ਦੇ ਆਉਣ ਨਾਲ ਇਨਸਾਨ ਇਨ੍ਹਾਂ ਦਾ ਗ਼ੁਲਾਮ ਹੋ ਗਿਆ ਹੈ। ਪੁਸਤਕਾਂ ਦੇ ਛਪਾਈ 'ਤੇ ਵੀ ਅਸਰ ਹੋਇਆ ਹੈ। ਮਨੁੱਖ ਦਾ ਪੱਥਰ ਯੁੱਗ ਤੋਂ ਅਧੁਨਿਕ ਤਕਨੀਕ ਦੇ ਸਫਰ ਦੀ ਦਾਸਤਾਂ ਹੈ। ਮਨੁੱਖ ਨੇ ਅਮੀਰ ਸਭਿਅਤਾ ਤੋਂ ਮੂੰਹ ਮੋੜ ਲਿਆ ਹੈ, ਉਪਕਰਨਾ ਦਾ ਕੈਦੀ ਬਣ ਗਿਆ। ਸ਼ੋਸ਼ਲ ਮੀਡੀਆ ਝੂਠ ਦਾ ਪੁਲੰਦਾ ਹੈ, ਮਨੁੱਖ ਉਸ ਵਿੱਚ ਹੀ ਮਸਤ ਹੋ ਗਿਆ ਹੈ। ਸ਼ੀਸ਼ੇ ਦੇ ਜੰਗਲ ਵਿੱਚ ਮਨੁੱਖ ਐਸਾ ਉਲਝਿਆ ਨਾ ਤਾਂ ਉਸ ਵਿੱਚ ਰਹਿ ਸਕਦਾ ਅਤੇ ਨਾ ਹੀ ਬਾਹਰ ਆ ਸਕਦਾ। ਇਸਦੀ ਚਕਾ-ਚੌਂਧ ਤੇ ਚਮਕ-ਦਮਕ ਮਨੁੱਖ ਨੂੰ ਭੁਸਲਾ ਕੇ ਰੱਖਦੀ ਹੈ। ਇਸ ਵਿੱਚ ਹੀ ਉਲਝਿਆ ਹੋਇਆ, ਆਪਣੀ ਮਾਨਸਿਕਤਾ ਨੂੰ ਪੱਠੇ ਪਾਉਂਦਾ ਰਹਿੰਦਾ ਹੈ ਪ੍ਰੰਤੂ ਉਸ ਵਿਚੋਂ ਕੱਢਣ ਪਾਉਣ ਨੂੰ ਕੁਝ ਵੀ ਨਹੀਂ ਹੈ। ਸਵੇਰ ਤੋਂ ਸ਼ਾਮ ਤੱਕ ਸ਼ੀਸ਼ੇ ਦੇ ਜੰਗਲ ਵਿੱਚ ਸ਼ਰਮਸ਼ਾਰ ਹੋਇਆ ਘੁੰਮਣਘੇਰੀ ਵਿੱਚ ਪਿਆ ਰਹਿੰਦਾ ਹੈ। ਇਸ਼ਤਿਹਾਰਬਾਜ਼ੀ ਦਾ ਚਕਮਾ ਮਹਿੰਗੀਆਂ ਵਸਤਾਂ ਖ਼ੀਦਣ ਲਈ ਮੁਸ਼ਕਲ ਪੈਦਾ ਕਰ ਦਿੰਦਾ ਹੈ। ਨਮੋਸ਼ੀ, ਨਿਰਾਸਤਾ, ਚੁੱਪ, ਖ਼ੌਫ਼, ਖ਼ਾਮੋਸ਼ੀ ਅਤੇ ਬੇਬਸੀ ਨੇ ਘੇਰਾ ਪਾਇਆ ਹੈ, ਇਨ੍ਹਾਂ ਵਿੱਚੋਂ ਬਾਹਰ ਦਾ ਰਸਤਾ ਲੱਭਣਾ ਵੀ ਔਖਾ ਹੋ ਜਾਂਦਾ ਹੈ। ਇਹ ਚੁਣੌਤੀਆਂ ਮਿਹਨਤ ਨਾਲ ਸਰ ਹੋਣਗੀਆਂ। ਭੂਤ ਨੂੰ ਭੁੱਲਕੇ ਭਵਿਖ ਨੂੰ ਰੌਸ਼ਨ ਕਰੋ, ਦੂਜਿਆਂ ਦੇ ਨੁਕਸ ਕੱਢਣ ਦੀ ਥਾਂ ਆਪਣੇ ਵਿੱਚ ਸੁਧਾਰ ਕਰੋ, ਸੁਪਨੇ ਸਿਰਜੋ ਤਾਂ ਮੁਕੱਦਰ ਆਪ ਹੀ ਬਣ ਜਾਵੇਗਾ। ਅਵਤਾਰਜੀਤ ਤੋਂ ਭਵਿਖ ਵਿੱਚ ਹੋਰ ਬਾਕਮਾਲ ਕਵਿਤਾਵਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

207 ਪੰਨਿਆਂ, 450 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਨਵਯੁਗ ਪਬਲਿਸ਼ਰਜ਼ ਨਵੀਂ ਦਿੱਲੀ ਨੇ ਪ੍ਰਕਸ਼ਤ ਕੀਤਾ ਹੈ।

**ਸੰਪਰਕ:ਅਵਤਾਰਜੀਤ:9914203231**




**ਉਜਾਗਰ ਸਿੰਘ**

## ਸਿਰਲੇਖਵਾਰ ਇਸ਼ਤਿਹਾਰ/Classified Advertisements


(U/o 5 Rule 20 CPC)
**In the Court of Ms. Jaspreet Kaur Simak Additional Civil Judge (Senior Division), Dasuya**
CNR No.PBHOA0-000211-2024
Next Date:18.07.2025
Kasturi Lal (Deceased) Son of Kundan Lal, R/o Main Bazar, Urmur, Tehsil Dasuya and District Hoshiarpur Through His Legal Representatives Etc.
Versus
Inderjit Son of Mehanga Ram, R/o Urmur, Tehsil Dasuya, District Hoshiarpur etc.
Notice to: Inderjit Son of Mehanga Ram, R/o Urmur, Tehsil Dasuya, District Hoshiarpur 2.(A) Chaman Lal S/o Kartar Chand Through his Legal Representative Hari Paul Sethi (son), R/o House NO. 230, Mahavir Street, Ward NO. 5, Urmur, Tehsil Dasuya, District Hoshiarpur. 3. chaman Lal S/on Nanak Chand, R/o Urmur, Tehsil Dasuya, District Hoshiarpur. 5. Mehanga Ram S/o Rakha Ram, R/o Ahiyapur, Tehsil, Dasuya, District Hoshiarpur. 6. Mistri Gian Singh S/o Beant Singh R/o Village Khakn, At Present Urmur, Tehsil Dasuya, District Hoshiarpur.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **18**.07.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 02-06-2025
**Sd/- Additional Civil Judge (Senior Division), Dasuya**

(U/o 5 Rule 20 CPC)
**In the Court of Ms. Ranjeet Kaur Additional Principal JudgeFamily Court, Dasuya**
CNR No. PBHOF2-000469-2024
Next Date:-04-08-2025
CIS No.:- GW/39/2024
Balwinder Singh
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.**08.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 15-05-2025
**Sd/- Additional Principal JudgeFamily Court, Dasuya**

(U/o 5 Rule 20 CPC)
**In the Court of Ms. Ranjeet Kaur Additional Principal JudgeFamily Court, Dasuya**
CNR No. PBHOF2-000074-2025
Next Date:-23-07-2025
CIS No.:- GW/8/2025
Pardeep Kaur
Versus
Paramvir Singh Malhi
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**07.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 16-05-2025
**Sd/- Additional Principal JudgeFamily Court, Dasuya**

(U/o 5 Rule 20 CPC)
**In the Court of Ms. Balvinder Kaur Dhaliwal Additional Civil Judge (Senior Division), Jagraon**
CNR No. PBLDB0-000443-2024
Next Date: 15.07.2025
Daljit Singh
Versus
Sukhdeep Kaur
Notice to: Sukhdeep Kaur W/o Harbans Singh R/o Burhmi Tehsil Raikot Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **15.**07.2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated, this day of 19-06-2025
**Sd/- Additional Civil Judge (Senior Division), Jagraon**

(U/o 5 Rule 20 CPC)
**In the Court of Ms. Shilpi Gupta Additional Civil Judge Senior Division-1, Moga**
CNR No. PBMO02-002285-2024
Next Date: 21.07.2025
State Bank of India
Versus
Bhaiya Kaur
The Plaintiff Prays for recovery of amount of Rs. 161609.00 NP from defendant No. along with interest with effect from
Notice to: Bhaiya Kaur Spouse:- Gurnam Singh Resident of Village Sudan, Tehsil Zira, District Ferozepur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 16-06-2025
**Sd/- Additional Civil Judge Senior Division-1, Moga**

(U/o 5 Rule 20 CPC)
(Succession Case)
**In the Court of Ms. Shilpi Gupta Additional Civil Judge Senior Division-1, Moga**
CNR No. PBMO02-001091-2025
Next Date: 15.07.2025
Rakesh kumar Jaiswal
Versus
General Public
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **15.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 16-06-2025
**Sd/- Additional Civil Judge Senior Division-1, Moga**

(U/o 5 Rule 20 CPC)
**In the Court of Sh. Amar Jeet Singh Principal Judge Family Court, Moga**
CNR No. PBMO01-003172-2023
Next Date: 28.07.2025
Aman Kaur
Versus
Gurpreet Singh
Notice to: Gurpreet Singh Father:- Joginder Singh Street NO. 3, Guru Nanak Nagar, Tajpur Road, Bhampa Kalan, Teh. and Distt. Ludhiana, 2nd Address R/o Dharamkot Khai Mohalla, Distt. Moga.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**07.2025 at 10:00 A.M.
For details logon to https://highcourtchd.gov.in/?trs=district_notice&district=Moga
Dated, this day of 27-05-2025
**Sd/- Principal Judge Family Court, Moga**

**In the Court of Sh. Simran Singh Sub Divisional Judicial Magistrate Khamanon**
CNR No. PBFGB1-000152-2022
Next Date: 22.07.2025
Karnail Singh Son of Ralla Singh Son of basta Singh, R/o Vill. Jatana Ucha, Teh. Khamanon, Distt. Fatehgarh Sahib
Versus
M/s Honey Traders Commission Agent Khamanon Mandi, Teh. Khamanon, Distt. Fatehgarh Sahib
Notice to: Honey Madaan Son of Kuldip Madaan, Residence of Khamanon Mandi, Tehsil khamanon, District Fatehgarh Sahib
In above titled case the accused could not be served. It is ordered that accused should appear in person or through counsel on **22.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 18-06-2025
**Sd/- Sub Divisional Judicial Magistrate Khamanon**

**ਬਾ-ਅਦਾਲਤ ਮਾਨਯੋਗ ਸ੍ਰੀ ਗੁਰਦੇਵ ਸਿੰਘ ਧੰਮ ਪੀ.ਸੀ.ਐਸ.ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**
ਕੇਸ ਨੰਬਰ :71/ਖਾਨਗੀ
ਕੇਸ ਕਿਸਮ : ਖਾਨਗੀ ਇੰਤਕਾਲ
ਪਿੰਡ : ਮਰਦਾਹੇੜੀ
ਤਾਰੀਖ ਪੇਸ਼ੀ : 07-05-2025
ਗੁਰਮੇਲ ਸਿੰਘ ਪੁੱਤਰ ਬਚਨ ਸਿੰਘ ਪੁੱਤਰ ਗੰਗਾ ਸਿੰਘ ਵਾਸੀ ਪਿੰਡ ਮਰਦਾਹੇੜੀ ਤਹਿਸੀਲ ਵਾ ਜ਼ਿਲ੍ਹਾ ਪਟਿਆਲਾ ਦੀ ਮੌਤ ਮਿਤੀ 08.02.2023 ਤੋਂ ਬਾਅਦ ਉਸਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ: 2127 ਪਿੰਡ ਮਰਦਾਹੇੜੀ ਬਾ ਹੱਕ ਗੁਰਪ੍ਰੀਤ ਸਿੰਘ ਪੁੱਤਰ ਕੇਸਰ ਸਿੰਘ ਪੁੱਤਰ ਗੁਰਮੇਲ ਸਿੰਘ ਫੈਸਲਾ ਕਰਨ ਹਿੱਤ ਇਸ ਅਦਾਲਤ ਵਿਚ ਮਿਤੀ 07.07.2025 ਨੂੰ ਸੁਣਵਾਈ ਲਈ ਨਿਯਤ ਹੈ।
ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਮੇਲ ਸਿੰਘ ਪੁੱਤਰ ਬਚਨ ਸਿੰਘ ਪੁੱਤਰ ਗੰਗਾ ਸਿੰਘ ਮੁਤਵਫੀ ਦੀ ਖਾਨਗੀ ਵਸੀਅਤ ਦਾ ਇੰਤਕਾਲ 2127 ਪਿੰਡ ਮਰਦਾਹੇੜੀ ਬਾਹੱਕ ਗੁਰਪ੍ਰੀਤ ਸਿੰਘ ਪੁੱਤਰ ਕੇਸਰ ਸਿੰਘ ਪੁੱਤਰ ਗੁਰਮੇਲ ਸਿੰਘ ਦੇ ਹੱਕ ਵਿਚ ਮੰਨਜੂਰ ਹੋਣ ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਸਾਲਤਨ ਜਾਂ ਵਕਾਲਤਨ ਤਾਰੀਖ ਪੇਸ਼ੀ ਮਿਤੀ 07.07.2025 ਨੂੰ ਨਿਮਨਹਸਤਾਖਰ ਦੀ ਅਦਾਲਤ ਵਿਚ ਸਵੇਰੇ 10.00 ਵਜੇ ਹਾਜ਼ਰ ਹੋ ਕੇ ਆਪਣਾ ਇਤਰਾਜ਼ ਅਤੇ ਪੱਖ ਪੇਸ਼ ਕਰ ਸਕਦਾ ਹੈ। ਨਿਸਚਿਤ ਮਿਤੀ 07.07.2025 ਤੋਂ ਬਾਅਦ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 20.06.2025 ਨੂੰ ਮੇਰੇ ਹਸਤਾਖਰ ਹਿੱਤ ਅਦਾਲਤ ਮੋਹਰ ਨਾਲ ਜਾਰੀ ਕੀਤਾ ਗਿਆ।
ਨੰ.685/ ਪੇਸ਼ੀ
ਮਿਤੀ : 20.6.25
ਸਹੀ/- ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ

**ਬੇਦਖਲੀ ਸੂਚਨਾ**
ਅਸੀ ਨਨਕੂ ਪ੍ਰਸ਼ਾਦ ਪੁੱਤਰ ਮੰਗਲੀ ਰਾਮ ਅਤੇ ਉਰਮਿਲਾ ਦੇਵੀ ਪਤਨੀ ਨਨਕੂ ਪ੍ਰਸ਼ਾਦ ਵਾਸੀ ਗਲੀ ਨੰ 3,ਰਾਹੋ ਰੋਡ, ਚਰਨ ਸਿੰਘ ਨਗਰ,ਬਾਜੜਾ ਲੁਧਿਆਣਾ ਨੇ ਆਪਣੇ ਪੁੱਤਰ ਪੰਕਜ ਕੁਮਾਰ ਅਤੇ ਉਸ ਦੀ ਪਤਨੀ ਬਬੀਤਾ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ ਕਿਉਕਿ ਉਹ ਸਾਡੇ ਕਹਿਣੇ ਤੋ ਬਾਹਰ ਹਨ। ਇਹਨਾ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।[


# ਯੋਗ ਧਰਮ ਸਨਾਤਨ ਧਰਮ ਅਤੇ ਯੁੱਗਧਰਮ ਹੈ: ਸਵਾਮੀ ਰਾਮਦੇਵ

## ਮੈਕਾਲੇ ਦੀ ਸਿੱਖਿਆ ਪ੍ਰਣਾਲੀ ਤੋਂ ਆਜ਼ਾਦੀ ਜੋ ਕਿ 1835 ਤੋਂ ਭਾਰਤੀ ਸਿੱਖਿਆ ਬੋਰਡ ਦੁਆਰਾ ਪ੍ਰਚਲਿਤ ਸੀ





ਕੁਰੂਕਸ਼ੇਤਰ, 21 ਜੂਨ: (ਅੰਮ੍ਰਿਤਪਾਲ ਸਿੰਘ): ਪੂਜਯ ਸਵਾਮੀ ਰਾਮਦੇਵ ਜੀ ਮਹਾਰਾਜ ਦੇ ਮਾਰਗਦਰਸ਼ਨ ਹੇਠ, ਪਤੰਜਲੀ ਯੋਗਪੀਠ ਅਤੇ ਹਰਿਆਣਾ ਯੋਗ ਕਮਿਸ਼ਨ, ਆਯੁਸ਼ ਵਿਭਾਗ, ਹਰਿਆਣਾ ਦੇ ਸਾਂਝੇ ਸਹਿਯੋਗ ਹੇਠ ਕੁਰੂਕਸ਼ੇਤਰ ਵਿੱਚ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ, ਸਵਾਮੀ ਰਾਮਦੇਵ ਜੀ ਮਹਾਰਾਜ, ਆਚਾਰੀਆ ਬਾਲਕ੍ਰਿਸ਼ਨ ਜੀ ਮਹਾਰਾਜ ਅਤੇ ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕੁਰੂਕਸ਼ੇਤਰ ਦੇ ਬ੍ਰਹਮਸਰੋਵਰ ਦੀ ਇਤਿਹਾਸਕ ਧਰਤੀ 'ਤੇ ਯੋਗ ਅਭਿਆਸੀਆਂ ਲਈ ਯੋਗ ਅਭਿਆਸ ਕਰਵਾਇਆ। ਇਸ ਦੇ ਨਾਲ ਹੀ, ਪਤੰਜਲੀ ਯੋਗ ਸਮਿਤੀ ਰਾਹੀਂ ਦੇਸ਼ ਦੇ ਸਾਰੇ 650 ਜ਼ਿਲ੍ਹਿਆਂ ਵਿੱਚ ਸਾਂਝੇ ਯੋਗ ਪ੍ਰੋਟੋਕੋਲ ਤਹਿਤ ਮੁਫ਼ਤ ਯੋਗਾ ਸਿਖਲਾਈ ਦਿੱਤੀ ਗਈ। ਕੁਰੂਕਸ਼ੇਤਰ ਦੀ ਪਵਿੱਤਰ ਧਰਤੀ 'ਤੇ ਇਕੱਠੇ ਯੋਗਾ ਅਭਿਆਸ ਕਰਕੇ 1 ਲੱਖ ਤੋਂ ਵੱਧ ਯੋਗ ਅਭਿਆਸੀਆਂ ਨੇ ਇੱਕ ਨਵਾਂ ਰਿਕਾਰਡ ਬਣਾਇਆ। ਪ੍ਰੋਗਰਾਮ ਵਿੱਚ, ਸਤਿਕਾਰਯੋਗ ਸਵਾਮੀ ਜੀ ਮਹਾਰਾਜ ਨੇ ਮੌਜੂਦ ਯੋਗ ਅਭਿਆਸੀਆਂ ਨੂੰ ਯੋਗ ਅਤੇ ਸਵਦੇਸ਼ੀ ਦੀ ਸਹੁੰ ਚੁਕਾਈ। ਇਸ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਦਾ ਵਿਸ਼ਾ 'ਇੱਕ ਧਰਤੀ, ਇੱਕ ਸਿਹਤ' ਸੀ।

ਇਸ ਮੌਕੇ 'ਤੇ ਸਵਾਮੀ ਰਾਮਦੇਵ ਜੀ ਮਹਾਰਾਜ ਨੇ ਕਿਹਾ ਕਿ ਹੁਣ ਦੁਨੀਆ ਦੇ 200 ਕਰੋੜ ਤੋਂ ਵੱਧ ਲੋਕ ਯੋਗ ਕਰ ਰਹੇ ਹਨ, ਯੋਗ ਹੁਣ ਯੁੱਗ ਦਾ ਧਰਮ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਯੋਗ ਸਨਾਤਨ ਦਾ ਸਾਰ ਹੈ। ਯੋਗ ਇੱਕ ਬੇਮਿਸਾਲ ਗਿਆਨ ਹੈ। ਯੋਗ ਸਾਡੇ ਮੁੱਲਾਂ, ਸੱਭਿਆਚਾਰ ਅਤੇ ਕੁਦਰਤ ਵਿੱਚ ਹੈ। ਯੋਗ ਸਾਡੇ ਅੰਦਰ ਸਦੀਆਂ ਤੋਂ ਹੀ ਰਿਹਾ ਹੈ। ਯੋਗਾ ਜੀਵਨ ਦਾ ਸੱਚ ਹੈ। ਯੋਗ ਬੁੱਧੀ, ਕਰਮ, ਕੁਦਰਤ ਅਤੇ ਸੱਭਿਆਚਾਰ ਦਾ ਆਧਾਰ ਹੈ। ਯੋਗ ਸੱਭਿਆਚਾਰਕ ਖੁਸ਼ਹਾਲੀ ਦਾ ਆਧਾਰ ਹੈ। ਵਿਰਾਸਤ ਅਧਾਰਤ ਵਿਕਾਸ ਦਾ ਨਾਅਰਾ ਸਾਡੇ ਯੋਗੀ ਯੋਧੇ, ਮਾਨਯੋਗ ਪ੍ਰਧਾਨ ਮੰਤਰੀ ਮੋਦੀ ਜੀ ਨੇ ਦਿੱਤਾ ਹੈ ਸਵਾਮੀ ਜੀ ਨੇ ਕਿਹਾ ਕਿ ਯੋਗੀ ਯੋਧਾ ਮੋਦੀ ਜੀ ਨੇ ਯੋਗ ਨੂੰ ਉਤਸ਼ਾਹਿਤ ਕਰਨ ਲਈ ਹਰੇਕ ਪਿੰਡ ਦੇ ਮੁਖੀ ਨੂੰ ਇੱਕ ਪੱਤਰ ਲਿਖਿਆ ਹੈ। ਯੋਗ ਅਤੇ ਗ੍ਰਾਮ ਪ੍ਰਧਾਨ ਹੁਣ ਯੋਗ ਪੰਚ ਅਤੇ ਯੋਗ ਪ੍ਰਧਾਨ ਬਣ ਜਾਣਗੇ। ਮਾਣਯੋਗ ਪ੍ਰਧਾਨ ਮੰਤਰੀ ਜਿੱਥੇ ਵੀ ਜਾਂਦੇ ਹਨ, ਉਹ ਯੋਗ, ਭਾਰਤੀ ਸੱਭਿਆਚਾਰ ਅਤੇ ਸਨਾਤਨ ਦਾ ਪ੍ਰਤੀਕ ਸ਼੍ਰੀਮਦ ਭਾਗਵਤ ਗੀਤਾ ਭੇਟ ਕਰਦੇ ਹਨ। ਰਾਸ਼ਟਰਪਤੀ ਤੋਂ ਲੈ ਕੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਰੱਖਿਆ ਮੰਤਰੀ ਤੱਕ, ਦੇਸ਼ ਵਿੱਚ ਹਰ ਕੋਈ ਯੋਗੀ ਹੈ। ਅੱਜ ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ, ਰਾਜਪਾਲ ਅਤੇ ਮੁੱਖ ਮੰਤਰੀ ਯੋਗਾ ਕਰਦੇ ਹਨ।

ਯੋਗ ਵਿੱਚ ਦੇਸ਼ ਦੇ ਸਿਹਤ ਬਜਟ ਨੂੰ ਜ਼ੀਰੋ ਤੱਕ ਘਟਾਉਣ ਦੀ ਸ਼ਕਤੀ ਹੈ ਸਵਾਮੀ ਜੀ ਮਹਾਰਾਜ ਨੇ ਕਿਹਾ ਕਿ ਅੱਜ ਦੁਨੀਆ ਯੋਗ ਅਤੇ ਯੋਗ ਅਧਾਰਤ ਜੀਵਨ ਸ਼ੈਲੀ ਨੂੰ ਗ੍ਰਹਿਣ ਕਰਨ ਲਈ ਉਤਸੁਕ ਹੈ। ਯੋਗ ਸਾਡੇ ਪੁਰਖਿਆਂ ਦੀ ਇੱਕ ਵਿਸ਼ਾਲ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਹੈ ਜੋ ਸਦੀਆਂ ਤੋਂ ਚਲੀ ਆ ਰਹੀ ਹੈ। ਯੋਗ ਦਾ ਵਿਹਾਰਕ ਪਹਿਲੂ ਅਸ਼ਟਾਂਗਯੋਗ, ਧਿਆਨਯੋਗ, ਗਿਆਨਯੋਗ, ਭਗਤੀਯੋਗ, ਕ੍ਰਿਆਯੋਗ ਅਤੇ ਹਠਯੋਗ ਆਦਿ ਦਾ ਵਿਅਕਤੀਗਤ ਅਤੇ ਸਮੂਹਿਕ ਅਭਿਆਸ ਹੈ। ਯੋਗ ਇੱਕ ਅਧਿਆਤਮਕ ਅਤੇ ਨੈਤਿਕ ਪ੍ਰਣਾਲੀ ਹੈ ਜੋ ਸਦੀਵੀ, ਸਦੀਵੀ, ਵਿਗਿਆਨਕ ਅਤੇ ਵਿਸ਼ਵਵਿਆਪੀ ਸਿਧਾਂਤਾਂ 'ਤੇ ਅਧਾਰਤ ਹੈ ਸਵਾਮੀ ਜੀ ਨੇ ਕਿਹਾ ਕਿ ਦੇਸ਼ ਨੂੰ 1835 ਤੋਂ ਚੱਲੀ ਆ ਰਹੀ ਮੈਕਾਲੇ ਦੀ ਸਿੱਖਿਆ ਪ੍ਰਣਾਲੀ ਤੋਂ ਮੁਕਤ ਕਰਨ ਲਈ, ਪਤੰਜਲੀ ਗੁਰੂਕੁਲਮ ਅਤੇ ਆਚਾਰੀਆਕੁਲਮ ਵਰਗੀਆਂ ਸੰਸਥਾਵਾਂ, ਭਾਰਤੀ ਸਿੱਖਿਆ ਬੋਰਡ ਦੇ ਨਾਲ, ਸਭ ਤੋਂ ਵਧੀਆ ਸ਼ਖ਼ਸੀਅਤ, ਚਰਿੱਤਰ ਅਤੇ ਅਗਵਾਈ ਵਾਲੇ ਬੱਚੇ ਪੈਦਾ ਕਰ ਰਹੀਆਂ ਹਨ। ਇਸ ਤੋਂ ਇਲਾਵਾ, ਲੱਖਾਂ ਸਕੂਲਾਂ ਨੂੰ ਭਾਰਤੀ ਸਿੱਖਿਆ ਬੋਰਡ ਨਾਲ ਜੋੜ ਕੇ, ਅਸੀਂ ਇੱਕ ਨਵੇਂ ਭਾਰਤ ਦਾ ਨਿਰਮਾਣ ਕਰ ਰਹੇ ਹਾਂ। ਆਪਣੇ ਬੱਚਿਆਂ ਨੂੰ ਪਤੰਜਲੀ ਗੁਰੂਕੁਲਮ, ਆਚਾਰੀਆਕੁਲਮ, ਪਤੰਜਲੀ ਵਿਸ਼ਵਵਿਦਿਆਲਿਆ ਵਿੱਚ ਪੜ੍ਹਾਓ ਅਤੇ ਆਪਣੇ ਸਕੂਲ ਨੂੰ ਬੀਐਸਬੀ ਨਾਲ ਜੋੜ ਕੇ ਰਾਸ਼ਟਰ ਨਿਰਮਾਣ ਦੇ ਮਹਾਨ ਕਾਰਜ ਵਿੱਚ ਆਪਣੀ ਭੂਮਿਕਾ ਨਿਭਾਓ ਅੱਜ, ਦੇਸ਼ ਵਿੱਚ ਪਤੰਜਲੀ ਯੋਗਪੀਠ ਦੇ ਕਰੋੜਾਂ ਵਰਕਰ ਯੋਗ ਸੇਵਾ ਕਰ ਰਹੇ ਹਨ। ਅੱਜ, ਦੇਸ਼ ਵਿੱਚ ਪਤੰਜਲੀ ਯੋਗ ਸਮਿਤੀ ਰਾਹੀਂ 1 ਲੱਖ ਤੋਂ ਵੱਧ ਮੁਫ਼ਤ ਯੋਗਾ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਇੱਕ ਧਰਤੀ, ਇੱਕ ਸਿਹਤ ਇੱਕ ਧਰਤੀ ਅਤੇ ਇੱਕ ਸਿਹਤ ਦਾ ਸੰਕਲਪ ਸਿਰਫ਼ ਯੋਗ ਰਾਹੀਂ ਹੀ ਪੂਰਾ ਕੀਤਾ ਜਾ ਸਕਦਾ ਹੈ। ਪੂਰੀ ਦੁਨੀਆ ਨੂੰ ਸਿਹਤ ਅਤੇ ਸ਼ਾਂਤੀ ਦੇਣ ਦਾ ਕੰਮ ਯੋਗ ਰਾਹੀਂ ਹੀ ਸੰਭਵ ਹੈ।

ਸਵਾਮੀ ਜੀ ਨੇ ਕਿਹਾ ਕਿ ਯੋਗ ਧਰਮ ਹੁਣ ਯੁੱਗ ਦਾ ਧਰਮ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਯੋਗ ਅਤੇ ਸਨਾਤਨ ਧਰਮ ਦੁਨੀਆ ਦੀ ਲੋੜ ਹਨ। ਤਣਾਅ, ਬਿਮਾਰੀ, ਸਮਾਜਿਕ ਅਤੇ ਸੱਭਿਆਚਾਰਕ ਪਤਨ ਨਾਲ ਲੜਨਾ।

# ਗੁਰਦਾਸਪੁਰ ਦੀਆਂ ਡੀ.ਏ.ਵੀ. ਸੰਸਥਾਵਾਂ ਅਤੇ ਸੇਵਾ ਭਾਰਤੀ ਗੁਰਦਾਸਪੁਰ ਨੇ ਸਾਂਝੇ ਤੌਰ 'ਤੇ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਗੁਰਦਾਸਪੁਰ 21 ਜੂਨ: (ਜਸਵਿੰਦਰ ਸਿੰਘ). - ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ, ਡੀ.ਏ.ਵੀ. ਸੰਸਥਾਵਾਂ ਦੇ ਮੁਖੀ ਆਰੀਆ ਰਤਨ ਸ਼੍ਰੀ ਪੂਨਮ ਸੂਰੀ ਜੀ ਦੀ ਅਗਵਾਈ ਹੇਠ, ਗੁਰਦਾਸਪੁਰ ਦੀਆਂ ਸਾਰੀਆਂ ਡੀ.ਏ.ਵੀ. ਸੰਸਥਾਵਾਂ ਅਤੇ ਸੇਵਾ ਭਾਰਤੀ ਗੁਰਦਾਸਪੁਰ ਨੇ ਸਾਂਝੇ ਤੌਰ 'ਤੇ ਅੱਜ (21.06.25) ਨੂੰ ਡੀ.ਏ.ਵੀ. ਹਾਈ ਸਕੂਲ ਬੁਆਇਜ਼, ਗੁਰਦਾਸਪੁਰ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ। ਡਾ. ਸ਼੍ਰੀ ਰਮੇਸ਼ ਮਹਾਜਨ (ਐਮ.ਐਸ. ਈਐਨਟੀ ਪਰਲ ਹਸਪਤਾਲ ਗੁਰਦਾਸਪੁਰ) ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸ਼੍ਰੀ ਦਲਬੀਰ ਸਿੰਘ ਜੀ (ਸੇਵਾ ਭਾਰਤੀ ਕਾਰਜਕਾਰੀ ਕਮੇਟੀ), ਸ਼੍ਰੀ ਨੀਲ ਕਮਲ ਜੀ (ਸੇਵਾ ਭਾਰਤੀ ਉਪ ਪ੍ਰਧਾਨ ਪੰਜਾਬ), (ਅਜੈਪੁਰੀ ਪ੍ਰਧਾਨ ਸੇਵਾ ਭਾਰਤੀ ਗੁਰਦਾਸਪੁਰ), ਸ਼੍ਰੀ ਵਿਪਿਨ ਗੁਪਤਾ ਜੀ, ਸ਼੍ਰੀ ਮਦਨ ਗੋਪਾਲ ਜੀ, ਸ਼੍ਰੀ ਅਰੁਣ ਮਹਾਜਨ ਜੀ, ਸ਼੍ਰੀ ਹੀਰਾਲਾਲ ਜੀ, ਸ਼੍ਰੀ ਅਮਨ ਮਿੱਤਲ ਜੀ ਵੀ ਇਸ ਮੌਕੇ 'ਤੇ ਮੌਜੂਦ ਸਨ। ਵੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਾਜੀਵ ਭਾਰਤੀ, ਪ੍ਰਿੰਸੀਪਲ ਧਨਦੇਵੀ ਸ਼੍ਰੀਮਤੀ ਸ਼ਿਪਰਾ ਮਹਾਜਨ, ਪ੍ਰਿੰਸੀਪਲ ਡੀਏਵੀ ਹਾਈ ਸਕੂਲ ਲੜਕੇ ਸ਼੍ਰੀ ਦੀਪਕ ਸਰਪਾਲ, ਪ੍ਰਿੰਸੀਪਲ ਡੀਏਵੀ ਹਾਈ ਸਕੂਲ ਲੜਕੀਆਂ ਸ਼੍ਰੀਮਤੀ ਰੀਨਾ, ਸਮੁੱਚਾ ਡੀਏਵੀ ਸਟਾਫ, ਸਕੂਲੀ ਬੱਚੇ ਅਤੇ ਸ਼ਹਿਰ ਦੇ ਕਈ ਪਤਵੰਤੇ ਸੱਜਣਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਦੀਵਾ ਜਗਾਉਣ, ਡੀਏਵੀ ਗੀਤ ਅਤੇ ਭਜਨ ਗਾਇਨ ਨਾਲ ਹੋਈ। ਸੇਵਾ ਭਾਰਤੀ ਵੱਲੋਂ, ਡਾ. ਸ਼੍ਰੀ ਰਾਜੀਵ ਅਰੋੜਾ ਨੇ ਸਾਰਿਆਂ ਨੂੰ ਵੱਖ-ਵੱਖ ਯੋਗਾ ਅਭਿਆਸ ਕਰਵਾਏ। ਸਾਰਿਆਂ ਨੇ ਇਨ੍ਹਾਂ ਅਭਿਆਸਾਂ ਰਾਹੀਂ ਇੱਕ ਵਿਸ਼ੇਸ਼ ਊਰਜਾ ਦਾ ਅਨੁਭਵ ਕੀਤਾ ਇਸ ਮੌਕੇ, ਸ਼੍ਰੀ ਬਾਲ ਕ੍ਰਿਸ਼ਨ ਮਿੱਤਲ (ਸਕੱਤਰ ਡੀ.ਏ. ਕਾਲਜ ਪ੍ਰਬੰਧਕ ਕਮੇਟੀ ਨਵੀਂ ਦਿੱਲੀ) ਨੇ ਆਪਣੇ ਸੰਦੇਸ਼ ਰਾਹੀਂ ਸਾਰਿਆਂ ਨੂੰ ਇਸ ਦਿਨ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਯੋਗਾ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ ਕਿਉਂਕਿ ਯੋਗਾ ਸਾਨੂੰ ਸਿਹਤ ਅਤੇ ਲੰਬੀ ਉਮਰ ਦਿੰਦਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਯੋਗਾ ਦਿਵਸ ਮਨਾਉਣ ਦਾ ਸਿਹਰਾ ਸਾਡੇ ਭਾਰਤੀ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਸਭ ਤੋਂ ਪਹਿਲਾਂ 27 ਸਤੰਬਰ 2014 ਨੂੰ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਉਣ ਦਾ ਪ੍ਰਸਤਾਵ ਰੱਖਿਆ ਸੀ ਅਤੇ ਉਨ੍ਹਾਂ ਦੇ ਪ੍ਰਸਤਾਵ ਦਾ ਸਮਰਥਨ ਕਰਦੇ ਹੋਏ, 11 ਦਸੰਬਰ 2014 ਨੂੰ, ਸੰਯੁਕਤ ਰਾਸ਼ਟਰ ਨੇ ਅਧਿਕਾਰਤ ਤੌਰ 'ਤੇ ਹਰ ਸਾਲ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਅੱਜ,



ਨਾ ਸਿਰਫ਼ ਭਾਰਤ ਦੇ ਲੋਕ ਸਗੋਂ ਪੂਰੀ ਦੁਨੀਆ ਇਸ ਦਿਨ ਨੂੰ ਇਕੱਠੇ ਮਨਾ ਰਹੇ ਹਨ ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਾਜੀਵ ਭਾਰਤੀ ਨੇ ਸਾਰਿਆਂ ਨੂੰ ਇਸ ਦਿਨ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਯੋਗ ਇੱਕ ਪ੍ਰਾਚੀਨ ਵਿਗਿਆਨ ਹੈ।

ਇਸ ਰਾਹੀਂ ਸਾਨੂੰ ਅੰਦਰੂਨੀ ਤਾਕਤ ਮਿਲਦੀ ਹੈ। ਇਸ ਰਾਹੀਂ ਇੱਕ ਅਦਭੁਤ ਸ਼ਕਤੀ ਪੈਦਾ ਹੁੰਦੀ ਹੈ ਜੋ ਸਾਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦ ਕਰਦੀ ਹੈ। ਉਨ੍ਹਾਂ ਨੇ ਉੱਥੇ ਮੌਜੂਦ ਸਾਰੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੀ ਯੋਗਾ ਦਾ ਅਭਿਆਸ ਕਰਵਾਉਣ ਤਾਂ ਜੋ ਇੱਕ ਸਿਹਤਮੰਦ ਅਤੇ ਸਫਲ ਰਾਸ਼ਟਰ ਦਾ ਨਿਰਮਾਣ ਕੀਤਾ ਜਾ ਸਕੇ ਉਨ੍ਹਾਂ ਨੇ ਉੱਥੇ ਮੌਜੂਦ ਸਾਰੇ ਮਹਿਮਾਨਾਂ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ

ਇਸ ਪ੍ਰੋਗਰਾਮ ਵਿੱਚ, ਬਹੁਤ ਵਧੀਆ ਯੋਗਾ ਕਰਨ ਵਾਲੇ ਪੰਜ ਵਿਦਿਆਰਥੀਆਂ ਨੂੰ ਚੁਣਿਆ ਗਿਆ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਰਾਸ਼ਟਰੀ ਗੀਤ ਨਾਲ ਸਮਾਪਤ ਹੋਇਆ। ਇਸ ਮੌਕੇ ਸਾਰਿਆਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ।

# ਅਜੋਕੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਯੋਗਾ ਸਿਹਤ ਲਈ ਇੱਕ ਵਰਦਾਨ:ਬਲਬੀਰ ਸਿੰਘ ਪੰਨੂ



ਫ਼ਤਿਹਗੜ੍ਹ ਚੂੜੀਆਂ, 21 ਜੂਨ ( ਰਾਜਨ ਸ਼ਰਮਾ ) ਸਥਾਨਿਕ ਪੰਡਿਤ ਮੋਹਨ ਲਾਲ ਐਸ.ਡੀ ਕਾਲਜ (ਲੜਕੀਆਂ) ਡੇਰਾ ਰੋਡ ਫ਼ਤਿਹਗੜ੍ਹ ਚੂੜੀਆਂ ਵਿਖੇ ਮੁੱਖ ਮੰਤਰੀ ਯੋਗਸ਼ਾਲਾ ਦੇ ਬੈਨਰ ਹੇਠ ਐਸ.ਡੀ.ਐਮ ਕੁਲਦੀਪ ਚੰਦ (ਪੀ.ਸੀ.ਐਸ) ਦੀ ਅਗਵਾਈ ਵਿੱਚ 11ਵਾਂ ਅੰਤਰਰਾਸ਼ਟਰੀ ਤਹਿਸੀਲ ਪੱਧਰੀ ਯੋਗ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬਲਬੀਰ ਸਿੰਘ ਪੰਨੂ ਹਲਕਾ ਇੰਚਾਰਜ 'ਆਪ' ਫਤਿਹਗੜ੍ਹ ਚੂੜੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਪਰਮਿੰਦਰ ਸਿੰਘ ਤਹਿਸੀਲਦਾਰ, ਕਾਲਜ ਮੈਨੇਜਮੈਂਟ ਮੈਂਬਰ ਗੋਰਖ ਨਾਥ, ਵਿਨੇਸ਼ ਸ਼ੁੱਕਲਾ, ਕਾਲਜ ਪ੍ਰਿੰਸੀਪਲ ਪ੍ਰੋ. ਪ੍ਰਦੀਪ ਕੌਰ, ਯੋਗਾ ਟ ?ਰੇਨਰ ਪੰਕਜ ਅਤੇ ਸਥਾਨਿਕ ਪ੍ਰਸ਼ਾਸਨਿਕ ਅਧਿਕਾਰੀ ਵਿਸ਼ੇਸ਼ ਤੌਰ 'ਤੇ ਇਸ ਕੈਂਪ ਵਿੱਚ ਮੌਜੂਦ ਰਹੇ। ਇਸ ਮੌਕੇ ਡਾ. ਮਨਪ੍ਰੀਤ ਕੌਰ ਆਯੂਰਵੈਦਿਕ ਤੇ ਯੂਨਾਨੀ ਮੈਡੀਕਲ ਅਫ਼ਸਰ ਦੀ ਯੋਗਾ ਟੀਮ ਵੱਲੋਂ ਯੋਗ ਦੇ ਵੱਖ-ਵੱਖ ਆਸਣ ਕਰਵਾਏ ਗਏ, ਜਿਸ ਵਿੱਚ ਸਥਾਨਕ ਲੋਕਾਂ, ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਯੋਗ ਦੇ ਗੁਰ ਸਿੱਖੇ। ਕਾਲਜ ਵੱਲੋਂ ਮੁੱਖ ਮਹਿਮਾਨ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਦਾ ਸਵਾਗਤ ਕਰਕੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤਾ ਗਿਆ। ਇਸੇ ਤਰ੍ਹਾਂ ਆਯੂਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਮਨਪ੍ਰੀਤ ਕੌਰ ਨੇ ਕਾਲਜ ਪ੍ਰਿੰਸੀਪਲ ਪ੍ਰੋ. ਪ੍ਰਦੀਪ ਕੌਰ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਬੋਲਦਿਆਂ ਬਲਬੀਰ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਇਆ ਇਹ ਯੋਗ ਕੈਂਪ ਇੱਕ ਸ਼ਲਾਘਾਯੋਗ ਕਾਰਜ ਹੈ ਤੇ ਅਜੋਕੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਯੋਗਾ ਸਿਹਤ ਲਈ ਇੱਕ ਵਰਦਾਨ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਰੋਜ਼ਮਰਾ ਜ਼ਿੰਦਗੀ ਵਿੱਚ ਯੋਗ ਨਾਲ ਜ਼ਰੂਰ ਜੁੜਨਾ ਚਾਹੀਦਾ ਹੈ। ਉਨ੍ਹਾਂ ਨੇ ਇਸ ਦਿਨ ਐਸ.ਡੀ.ਐਮ, ਤਹਿਸੀਲਦਾਰ, ਕਾਲਜ ਮੈਨੇਜਮੈਂਟ, ਸਟਾਫ਼, ਸਕੂਲੀ ਅਧਿਆਪਕਾਂ, ਸਕੂਲੀ ਵਿਦਿਆਰਥੀਆਂ ਤੇ ਸ਼ਹਿਰ ਨਿਵਾਸੀਆਂ ਵੱਲੋਂ ਉਲੀਕੇ ਇਸ ਸਾਂਝੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਕਾਲਜ ਦੇ ਵਿਹੜੇ ਵਿੱਚ ਆਏ ਹੋਏ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਲਈ ਧੰਨਵਾਦ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਐੱਸ.ਡੀ.ਐੱਮ ਕੁਲਦੀਪ ਚੰਦ ਵਲੋਂ ਯੋਗ ਦੇ ਫਾਇਦਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਯੋਗ ਕਰਨ ਨਾਲ ਸਾਡਾ ਸਰੀਰ ਤਰੋ-ਤਾਜ਼ਾ ਰਹਿੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਵਿੱਚ ਜਿਲ੍ਹੇ ਵਿੱਚ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ ਹੈ। ਇਸ ਮੌਕੇ ਆਯੁਰਵੈਦਿਕ ਤੇ ਆਯੁਰਵੈਦਿਕ ਵਿਭਾਗ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਕਾਲਜ ਵਿੱਚ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਸਭ ਨੇ ਭਰਪੂਰ ਲਾਭ ਉਠਾਇਆ।

# ਐਸ.ਪੀ.ਐਨ. ਕਾਲਜ, ਮੁਕੇਰੀਆਂ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ-2025 ਉਤਸ਼ਾਹ ਨਾਲ ਮਨਾਇਆ

ਮੁਕੇਰੀਆਂ, 21 ਜੂਨ (ਧਰਮ ਚੰਦ) ਐਸ.ਪੀ.ਐਨ. ਕਾਲਜ ਮੁਕੇਰੀਆਂ ਦੇ ਪਰਿਸਰ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ 2025 ਦੇ ਮੌਕੇ 'ਤੇ ਇੱਕ ਵਿਸ਼ਾਲ ਯੋਗ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਨ.ਸੀ.ਸੀ., ਐਨ.ਐਸ.ਐਸ., ਰੈੱਡ ਰਿਬਨ ਕਲੱਬ, ਯੂਥ ਕਲੱਬ ਅਤੇ ਸ਼ਾਰੀਰਿਕ ਸਿੱਖਿਆ ਵਿਭਾਗ ਨੇ ਸਾਂਝੇ ਤੌਰ 'ਤੇ ਭਾਗ ਲਿਆ। ਇਸ ਮੌਕੇ 'ਤੇ ਕਾਲਜ ਦੇ ਸਟਾਫ ਅਤੇ ਵੱਖ-ਵੱਖ ਕਲੱਬਾਂ ਦੇ ਵਿਦਿਆਰਥੀਆਂ ਨੇ ਭਰਪੂਰ ਉਤਸ਼ਾਹ ਨਾਲ ਹਿੱਸਾ ਲਿਆ।



ਇਹ ਕਾਰਜਕ੍ਰਮ ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਆਯੋਜਿਤ ਕੀਤਾ ਗਿਆ। ਡਾ. ਸਮੀਰ ਸ਼ਰਮਾ ਨੇ ਸਫਲ ਆਯੋਜਨ ਲਈ ਸਾਰੇ ਆਯੋਜਕਾਂ ਨੂੰ ਵਧਾਈ ਦਿੱਤੀ ਅਤੇ ਯੋਗ ਦਿਵਸ ਦੇ ਮਹੱਤਵ 'ਤੇ ਰੋਸ਼ਨੀ ਪਾਂਦੇ ਹੋਏ ਕਿਹਾ ਕਿ ਯੋਗ ਸਿਰਫ਼ ਇੱਕ ਵਿਆਯਾਮ ਨਹੀਂ, ਸਗੋਂ ਭਾਰਤੀ ਸੰਸਕ੍ਰਿਤਿਕ ਵਿਰਾਸਤ ਦਾ ਅਮੂਲਕ ਹਿੱਸਾ ਹੈ, ਜੋ ਮਨੁੱਖ ਦੇ ਸਰੀਰਕ, ਮਾਨਸਿਕ ਅਤੇ ਆਤਮਿਕ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਮਦਦਗਾਰ ਹੈ।

ਯੋਗ ਸੈਸ਼ਨ ਡਾ. ਚੰਦਰ ਸ਼ੇਖਰ ,ਮੁਖੀ ਸ਼ਾਰੀਰਿਕ ਸਿੱਖਿਆ ਵਿਭਾਗ ਵੱਲੋਂ ਸੰਚਾਲਨ ਕੀਤਾ ਗਿਆ, ਜਿਨ੍ਹਾਂ ਨੇ ਹਾਜ਼ਰ ਜਨ ਸਮੂਹ ਨੂੰ ਵੱਖ-ਵੱਖ ਆਸਨ, ਪ੍ਰਾਣਾਯਾਮ ਅਤੇ ਧਿਆਨ ਤਕਨੀਕਾਂ ਦਾ ਅਭਿਆਸ ਕਰਵਾਇਆ ਅਤੇ ਯੋਗ ਦੇ ਲਾਭਾਂ ਬਾਰੇ ਵਿਵਹਾਰਕ ਢੰਗ ਨਾਲ ਸਮਝਾਇਆ। ਇਸ ਮੌਕੇ ਵਿਦਿਆਰਥੀਆਂ ਨੇ ਵਿਸ਼ਾਖਾਪਟਨਮ ਵਿੱਚ ਆਯੋਜਿਤ ਰਾਸ਼ਟਰੀ ਪੱਧਰੀ ਯੋਗ ਦਿਵਸ 2025 ਦੇ ਸਿੱਧਾ ਪ੍ਰਸਾਰਣ ਨੂੰ ਵੀ ਉਤਸ਼ਾਹ ਨਾਲ ਦੇਖਿਆ, ਜਿਸ ਰਾਹੀਂ ਉਹ ਰਾਸ਼ਟਰੀ ਯੋਗ ਅਭਿਆਨ ਨਾਲ ਜੁੜ ਸਕੇ। ਇਸ ਆਯੋਜਨ ਵਿੱਚ ਐਨ.ਸੀ.ਸੀ. ਪ੍ਰਭਾਰੀ ਲੈਫਟਨੈਂਟ ਡਾ. ਗੋਪੀ ਸ਼ਰਮਾ, ਰੈੱਡ ਰਿਬਨ ਤੇ ਯੂਥ ਕਲੱਬ ਪ੍ਰਭਾਰੀ ਪ੍ਰੋ. ਅਨੁਰਾਧਾ, ਐਨ.ਐਸ.ਐਸ. ਪ੍ਰਭਾਰੀ ਡਾ. ਅਸ਼ੋਕ ਚੌਧਰੀ ਅਤੇ ਐਸ.ਪੀ.ਐਨ. ਕਾਲਜੀਏਟ ਸਕੂਲ ਪ੍ਰਭਾਰੀ ਪ੍ਰੋ. ਮਨਦੀਪ ਨੇ ਵੀ ਆਪਣੀ ਗਰਿਮਾਮਈ ਹਾਜ਼ਰੀ ਭਰੀ। ਸਾਰਿਆਂ ਨੇ ਵਿਦਿਆਰਥੀਆਂ ਨੂੰ ਯੋਗ ਨੂੰ ਆਪਣੇ ਦਿਨਚਰਿਆ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ। ਇਸ ਸਾਂਝੇ ਉਤਸਵ ਨੇ ਇੱਕ ਪ੍ਰੇਰਕ ਅਤੇ ਉਰਜਾਵਾਨ ਮਾਹੌਲ ਦਾ ਨਿਰਮਾਣ ਕੀਤਾ, ਜਿਸ ਨੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੂਲ ਸੁਨੇਹੇ — ÷ਆਪਣੇ ਅਤੇ ਸਮਾਜ ਲਈ ਯੋਗ÷ ਨੂੰ ਯਥਾਰਥ ਰੂਪ ਵਿੱਚ ਦਰਸਾਇਆ।ਅੰਤ ਵਿੱਚ ਸਾਰੇ ਆਯੋਜਕ ਵਿਭਾਗਾਂ ਵੱਲੋਂ ਕਾਲਜ ਪ੍ਰਬੰਧਨ ਕਮੇਟੀ ਅਤੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਦਾ ਸਮੇਂ-ਸਮੇਂ ਤੇ ਦਿੱਤੇ ਗਏ ਵਿਸ਼ੇਸ਼ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਸਰਪੰਚ ਬਿੱਕਾ ਚਾਹਲ ਨੇ ਐਚ.ਓ. ਰੰਗੜ ਨੰਗਲ ਨੂੰ ਕੀਤਾ ਸਨਮਾਨਿਤ



ਬਟਾਲਾ, 21 ਜੂਨ: (ਬਲਵਿੰਦਰ ਸਿੰਘ ਪੰਜਗਰਾਈਂ, ਧੰਨਪਾਲ ਸਿੰਘ ਕਲਸੀ) ਪੰਡ ਚਾਹਲ ਕਲਾਂ ਦੇ ਸਾਬਕਾ ਸਰਪੰਚ ਅਤੇ ਇਲਾਕੇ ਦੇ ਸਿਰ ਕੱਢ ਆਗੂ ਸ. ਬਿਕਰਮਜੀਤ ਸਿੰਘ ਬਿੱਕਾ ਚਾਹਲ ਅਤੇ ਉਸਦੇ ਸਾਥੀਆਂ ਵੱਲੋਂ ਪੁਲਸ ਥਾਣਾ ਰੰਗੜ ਨੰਗਲ ਦੇ ਨਵ ਨਿਯੁਕਤ ਐੱਸ ਐੱਚ ਓ ਸ. ਹਰਮੀਕ ਸਿੰਘ ਨੂੰ, ਥਾਣੇ ਦਾ ਚਾਰਜ ਸੰਭਾਲਣ ਉਪਰੰਤ ਸਨਮਾਨਿਤ ਕੀਤਾ ਗਿਆ । ਸਰਪੰਚ ਬਿੱਕਾ ਚਾਹਲ ਅਤੇ ਨਾਲ ਆਏ ਸਾਥੀ ਆਗੂਆਂ ਨੂੰ ਜਦੋਂ ਪੱਤਰਕਾਰਾਂ ਨੇ ਨਵੇਂ ਆਏ ਐਸ ਐਚ ਓ ਨੂੰ ਸਨਮਾਨਿਤ ਕਰਨ ਦਾ ਕਾਰਨ ਪੁੱਛਿਆ ਤਾਂ ਉਹਨਾਂ ਕਿਹਾ ਕਿ ਸਨਮਾਨਿਤ ਉਸੇ ਵਿਅਕਤੀ ਵਿਸ਼ੇਸ਼ ਨੂੰ ਕੀਤਾ ਜਾਂਦਾ ਹੈ, ਜੋ ਸਨਮਾਨ ਕਰਵਾਉਣ ਦਾ ਹੱਕਦਾਰ ਹੁੰਦਾ ਹੈ, ਉਹਨਾਂ ਕਿਹਾ ਕਿ ਨਵ ਨਿਯੁਕਤ ਐਸ ਐਚ ਓ ਸ. ਹਰਮੀਕ ਸਿੰਘ ਬਹੁਤ ਹੀ ਵਧੀਆ, ਇਮਾਨਦਾਰ, ਨੇਕ ਦਿਲ ਅਤੇ ਇਨਸਾਫ ਪਸੰਦ ਅਫ਼ਸਰ ਹਨ, ਸਾਨੂੰ ਆਸ ਹੈ ਕਿ ਐੱਸ ਐੱਚ ਓ ਸਾਹਿਬ, ਪੰਜਾਬ ਸਰਕਾਰ ਵੱਲੋਂ ਆਈਆਂ ਹਦਾਇਤਾਂ ਅਤੇ ਐਸਐਸਪੀ ਸ੍ਰੀ ਸੁਹੇਲ ਮੀਰ ਕਾਸਮ ਜੀ ਵੱਲੋਂ ਦਿੱਤੀਆਂ ਸ਼ਕਤੀਆਂ ਅਨੁਸਾਰ, ਆਪਣੀ ਟੀਮ ਸਮੇਤ ਵਧੀਆ ਕੰਮ ਕਰਕੇ, ਇੱਕ ਮਿਸਾਲ ਪੈਦਾ ਕਰਨਗੇ। ਸਰਪੰਚ ਬਿੱਕਾ ਚਾਹਲ ਨੇ ਕਿਹਾ ਕਿ ਜੇ ਕੋਈ ਪ੍ਰਸ਼ਾਸਨਿਕ ਅਧਿਕਾਰੀ ਸ਼ਲਾਘਾਯੋਗ ਕਾਰਜ ਕਰਦਾ ਹੈ ਤਾਂ ਉਸ ਦੀ ਹੌਸਲਾ ਅਫ਼ਜਾਈ ਕਰਨੀ ਬਣਦੀ ਹੈ, ਇਸ ਮੌਕੇ ਐਸਐਚਓ ਹਰਮੀਕ ਸਿੰਘ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਭੈਅ ਮੁਕਤ ਅਤੇ ਸਾਫ਼ ਸੁਥਰਾ ਵਾਤਾਵਰਨ ਦੇਣਾ ਸਾਡਾ ਮੁਢਲਾ ਫ਼ਰਜ਼ ਹੈ, ਮੈਂ ਅਤੇ ਮੇਰੇ ਸਾਥੀ ਆਪਣੀ ਡਿਊਟੀ ਬਾਖ਼ੂਬੀ ਨਿਭਾਵਾਂਗੇ। ਇਸ ਮੌਕੇ ਨੰਬਰਦਾਰ ਸੁੱਖਵਿੰਦਰ ਸਿੰਘ, ਪੰਚ ਦਿਲਰਾਜ ਸਿੰਘ, ਸੁੱਖਵਿੰਦਰ ਸਿੰਘ ਚੇਅਰਮੈਨ ਰਾਇਲ ਹਾਕੀ ਅਕੈਡਮੀ, ਅਜੇਪਾਲ ਸਿੰਘ, ਕਰਨਬੀਰ ਸਿੰਘ, ਪੰਚ ਮੰਗਲ ਸਿੰਘ,ਥਾਣੇਦਾਰ ਪਲਵਿੰਦਰ ਸਿੰਘ ਸੋਹਲ, ਥਾਣੇਦਾਰ ਹਰਦੀਪ ਸਿੰਘ, ਦਲਜੀਤ ਸਿੰਘ ਮੁੱਖ ਮੁਨਸ਼ੀ, ਮੁਨਸ਼ੀ ਹਰਵਿੰਦਰਪਾਲ ਸਿੰਘ ਔਲਖ, ਅਤੇ ਇਲਾਕੇ ਦੇ ਹੋਰ ਵੀ ਮੋਹਤਬਰ ਸੱਜਣ ਮੌਜੂਦ ਸਨ ।


**ਪੰਜਾਬ ਨੈਸ਼ਨਲ ਬੈਂਕ** ...ਭਰੋਸੇ ਦਾ ਪ੍ਰਤੀਕ
ਐਸ.ਬੀ.ਐਸ ਨਗਰ ਸ਼ਾਖਾ: 7ਬੀ-ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ-141013
**ਲਾਕਰ ਤੋੜਨ ਲਈ ਜਨਤਕ ਸੂਚਨਾ**
ਇਹ ਸਾਰੀ ਜਨਤਾ ਨੂੰ ਜਾਣੂ ਕਰਵਾਇਆ ਜਾਵੇ ਕਿ ਹੇਠਾਂ ਦੱਸੇ ਗਏ ਲਾਕਰ ਧਾਰਕ ਨੇ ਬੈਂਕ ਵੱਲੋਂ ਸਮੇਂ-ਸਮੇਂ 'ਤੇ ਦਿੱਤੇ ਗਏ ਕਈ ਨੋਟਿਸਾਂ ਅਤੇ ਯਾਦ-ਪੱਤਰਾਂ ਦੇ ਬਾਵਜੂਦ ਆਪਣੇ ਬਕਾਇਆ ਲਾਕਰ ਕਿਰਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਿਹਾ ਹੈ। ਇਨ੍ਹਾਂ ਹਾਲਾਤਾਂ ਵਿੱਚ, ਬੈਂਕ ਅਜਿਹੇ ਲਾਕਰ ਨੂੰ ਤੋੜਨ ਲਈ ਮਜਬੂਰ ਹੈ ਅਤੇ ਇਸ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਸਬੰਧਤ ਲਾਕਰ ਧਾਰਕ ਲਾਕਰ ਦੇ ਬਕਾਇਆ ਕਿਰਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਬੈਂਕ ਵੱਲੋਂ ਬੈਂਕਿੰਗ ਨਿਯਮਾਂ ਅਤੇ ਨਿਯਮਾਂ ਅਨੁਸਾਰ 19.09.2025 ਨੂੰ ਜਾਂ ਉਸ ਤੋਂ ਬਾਅਦ ਲਾਕਰ ਨੂੰ ਤੋੜ ਦਿੱਤਾ ਜਾਵੇਗਾ। ਜੇਕਰ ਇਸ ਲਾਕਰ ਸੰਬੰਧੀ ਕਿਸੇ ਦਾ ਦਾਅਵਾ/ਇਤਰਾਜ਼ ਹੈ ਤਾਂ ਉਹ 19.09.2025 ਨੂੰ ਜਾਂ ਇਸ ਤੋਂ ਪਹਿਲਾਂ ਪੀਐਨਬੀ, ਬੀਓ: 7ਬੀ-ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ 141013 ਦੇ ਲਾਕਰ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ। ਖੋਲ੍ਹਣ ਵਾਲੇ ਲਾਕਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।
1. **ਹਰਜਿੰਦਰ ਸਿੰਘ ਪੁੱਤਰ ਕੇਵਲ ਸਿੰਘ**, ਬਕਾਇਆ ਕਿਰਾਇਆ 10,443/- **ਰੁਪਏ**, ਲਾਕਰ ਨੰਬਰ CC23, **ਪਤਾ**-ਮਕਾਨ ਨੰਬਰ 37, ਗਲੀ ਨੰਬਰ 2, ਤਾਜਪੁਰ ਰੋਡ ਲੁਧਿਆਣਾ 141015
2. **ਮੋਹਿਤ ਗੁਪਤਾ ਪੁੱਤਰ ਪ੍ਰਦੀਪ ਗੁਪਤਾ**, ਬਕਾਇਆ ਕਿਰਾਇਆ 14,337/- **ਰੁਪਏ**, ਲਾਕਰ ਨੰਬਰ AA47, **ਪਤਾ**-226/104 ਕਰਤਾਰ ਨਗਰ ਲੁਧਿਆਣਾ 141013
ਮਿਤੀ: **21.06.2025,** ਐਸ.ਬੀ.ਐਸ ਨਗਰ — ਪ੍ਰਬੰਧਕ

**ਯੂਕੋ ਬੈਂਕ UCO BANK**
ਨੋਰਥ ਏਰੀਆ ਬਹਿਲਾਣਾ ਸ਼ਾਖਾ: 59, ਬਹਿਲਾਣਾ ਰੋਡ, ਬਹਿਲਾਣਾ, ਚੰਡੀਗੜ੍ਹ - 160003
ਫੋਨ: 0172-2640982, ਈ-ਮੇਲ: ascbeh@ucobank.co.in
**ਮੰਗ ਸੂਚਨਾ**
**ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਲਾਗੂਕਰਨ ਦੀ ਧਾਰਾ 13(2) ਅਧੀਨ ਨੋਟਿਸ**
ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰਾਂ/ਜ਼ਾਮਨਾਂ ਨੇ ਬੈਂਕ ਤੋਂ ਪ੍ਰਾਪਤ ਕੀਤੀਆਂ ਕ੍ਰੈਡਿਟ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਅਦਾਇਗੀ ਵਿੱਚ ਡਿਫਾਲਟ ਕੀਤਾ ਹੈ ਅਤੇ ਉਕਤ ਸਹੂਲਤਾਂ 29.05.2025 ਨੂੰ ਗੈਰ-ਕਾਰਗੁਜ਼ਾਰੀ ਸੰਪਤੀਆਂ ਵਿੱਚ ਬਦਲ ਗਈਆਂ ਹਨ। ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੀ ਧਾਰਾ 13(2) ਦੇ ਤਹਿਤ ਨੋਟਿਸ ਕਰਜ਼ਦਾਰ(ਾਂ) /ਜ਼ਾਮਨ(ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੇ-ਪਛਾਣੇ ਪਤਿਆਂ 'ਤੇ ਜਾਰੀ ਕੀਤਾ ਗਿਆ ਸੀ। ਹਾਲਾਂਕਿ ਕੁਝ ਮਾਮਲਿਆਂ ਵਿੱਚ ਨੋਟਿਸ ਬਿਨਾਂ ਸੇਵਾ ਕੀਤੇ ਵਾਪਸ ਕਰ ਦਿੱਤੇ ਗਏ ਹਨ ਅਤੇ ਹੋਰ ਮਾਮਲਿਆਂ ਵਿੱਚ ਰਸੀਦ ਪ੍ਰਾਪਤ ਨਹੀਂ ਹੋਈ ਹੈ, ਇਸ ਲਈ ਉਹਨਾਂ ਨੂੰ ਜਨਤਕ ਨੋਟਿਸ ਦੁਆਰਾ ਇਸ ਬਾਰੇ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ ਅਤੇ ਜ਼ਾਮਨ ਦਾ ਨਾਮ | ਗਿਰਵੀ ਸੰਪੱਤੀ ਦਾ ਵੇਰਵਾ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਦੀ ਰਕਮ |
|---|---|---|---|---|
| ਕਰਜ਼ਦਾਰ:- (1) ਸ਼੍ਰੀ ਗੋਵਿੰਦ ਕੁਮਾਰ ਪੁੱਤਰ ਅਨਿਲ ਕੁਮਾਰ, ਮਕਾਨ ਨੰਬਰ 14, ਕੁਸ਼ਲ ਐਨਕਲੇਵ ਐਕਸਟੈਂਸ਼ਨ, ਜ਼ੀਰਕਪੁਰ - 140603 (2) ਸ਼੍ਰੀਮਤੀ ਉਰਮਿਲਾ ਪਤਨੀ ਅਨਿਲ ਕੁਮਾਰ, ਮਕਾਨ ਨੰਬਰ 14, ਕੁਸ਼ਲ ਐਨਕਲੇਵ ਐਕਸਟੈਂਸ਼ਨ, ਜ਼ੀਰਕਪੁਰ - 140603; (3) ਅਨਿਲ ਕੁਮਾਰ ਪੁੱਤਰ ਬੇਚੂ ਰਾਮ, ਮਕਾਨ ਨੰਬਰ 14, ਕੁਸ਼ਲ ਐਨਕਲੇਵ ਐਕਸਟੈਂਸ਼ਨ, ਜ਼ੀਰਕਪੁਰ - 140603 (4) ਮੈਸਰਜ਼ ਗੋਵਿੰਦਾ ਗਾਰਮੈਂਟਸ, ਪ੍ਰੋ. ਗੋਵਿੰਦ ਕੁਮਾਰ, 480 ਰਾਮਦਰਬਾਰ, ਫੇਜ਼ 2 ਚੰਡੀਗੜ੍ਹ - 160002 | ਸੂਚੀ-'ਸੀ':- ਭਾਗ-1:- (ਕਿਰਪਾ ਕਰਕੇ ਦਸਤਾਵੇਜ਼ਾਂ ਵਿੱਚ ਦਰਸਾਏ ਗਏ ਸਾਰੇ ਗਿਰਵੀ ਰੱਖੇ ਗਏ ਸੰਪਤੀਆਂ, ਜਿਵੇਂ ਕਿ ਸਟਾਕ, ਬੁੱਕ ਕਰਜ਼ੇ, ਪ੍ਰਾਪਤੀਆਂ, ਖਪਤਯੋਗ ਸਟੋਰ ਅਤੇ ਸਪੇਅਰਜ਼ ਅਤੇ ਗਿਰਵੀ ਰੱਖੇ ਗਏ ਚੱਲ ਪਲਾਂਟ ਅਤੇ ਮਸ਼ੀਨਰੀ, ਆਦਿ ਸਮੇਤ ਮੌਜੂਦਾ ਸੰਪਤੀਆਂ ਦਾ ਜ਼ਿਕਰ ਕਰੋ) - ਤਿਆਰ ਕੱਪੜੇ, ਹੌਜ਼ਰੀ ਸਮਾਨ, ਕੱਪੜਿਆਂ ਦੀਆਂ ਹੋਰ ਵਸਤੂਆਂ ਅਤੇ ਦਸਤਾਨੇ ਆਦਿ ਵਰਗੇ ਕੱਪੜੇ ਦੇ ਉਪਕਰਣਾਂ ਦਾ ਸਟਾਕ, ਭਾਗ 2 :- ਜ਼ਮੀਨ ਦੇ 20/1071 ਹਿੱਸੇ ਵਜੋਂ ਕੁੱਲ ਜ਼ਮੀਨ 5 ਕਨਾਲ 19 ਮਰਲੇ ਦੇ ਖੇਵਟ ਨੰਬਰ 738, ਖਤੌਨੀ ਨੰਬਰ 763, ਖਸਰਾ ਨੰਬਰ 47//25/2/2 (5-19), ਵਿੱਚ 2 ਮਰਲੇ 2 ਸਰਸਾਹੀ ਮਾਪ ਵਾਲੀ ਜ਼ਮੀਨ, ਪਲਾਟ ਨੰਬਰ 14, ਕੁਸ਼ਲ ਇਨਕਲੇਵ ਐਕਸਟੈਂਸ਼ਨ, ਭਬਾਤ (ਹੱਦਬਸਤ ਨੰਬਰ 234), ਜ਼ੀਰਕਪੁਰ, ਜ਼ਿਲ੍ਹਾ ਐਸਏਐਸ ਨਗਰ (ਮੋਹਾਲੀ) ਪੰਜਾਬ ਵਿਖੇ ਮਕਾਨ ਵਜੋਂ ਸ੍ਰੀਮਤੀ ਉਰਮਿਲਾ ਸੁਪਤਨੀ ਅਨਿਲ ਕੁਮਾਰ ਦੇ ਨਾਮ 'ਤੇ ਅਚੱਲ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਪੂਰਬ : ਸਾਹਮਣੇ ਸੜਕ, ਪੱਛਮ : ਸੜਕ, ਉੱਤਰ : ਪਲਾਟ 15 'ਤੇ ਮਕਾਨ, ਦੱਖਣ : ਪਲਾਟ 13 'ਤੇ ਮਕਾਨ। | 29.05.2025 | 09.06.2025 | Rs. **26,12,802.31** 31.05.2025 ਤੱਕ (31.01.2025 ਤੱਕ ਵਿਆਜ ਸਮੇਤ) ਅਤੇ ਭਵਿੱਖੀ ਵਿਆਜ ਅਤੇ ਇਤਫਾਕੀਆ ਖਰਚੇ, ਲਾਗਤਾਂ |

ਹੁਣ ਇਸ ਪ੍ਰਕਾਸ਼ਨ ਰਾਹੀਂ, ਹੇਠਾਂ ਹਸਤਾਖਰ ਕਰਨ ਵਾਲੇ ਦੁਆਰਾ, ਸਕਿਓਰਿਟਾਈਜ਼ੇਸ਼ਨ ਐਕਟ 2002 ਦੇ ਉਪਬੰਧ ਅਨੁਸਾਰ, ਸੁਰੱਖਿਅਤ ਲੈਣਦਾਰ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ ਆਪਣੀ ਹੈਸੀਅਤ ਵਿੱਚ, ਤੁਹਾਨੂੰ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ, ਭਵਿੱਖ ਦੇ ਵਿਆਜ ਅਤੇ ਲਾਗੂ ਹੋਣ ਵਾਲੇ ਖਰਚਿਆਂ/ਚਾਰਜਾਂ ਦੇ ਨਾਲ ਬਕਾਇਆ ਦੇਣਦਾਰੀ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ, ਅਜਿਹਾ ਨਾ ਕਰਨ 'ਤੇ ਸੁਰੱਖਿਅਤ ਲੈਣਦਾਰ ਧਾਰਾ 13 ਦੀ ਉਪ ਧਾਰਾ (2) ਅਤੇ ਉਕਤ ਆਰਡੀਨੈਂਸ ਦੇ ਹੋਰ ਲਾਗੂ ਉਪਬੰਧਾਂ ਦੇ ਅਧੀਨ ਦੱਸੇ ਗਏ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰੇਗਾ। ਤੁਹਾਨੂੰ ਇਹ ਵੀ ਨੋਟਿਸ ਦਿੱਤਾ ਜਾਂਦਾ ਹੈ ਕਿ ਉਕਤ ਐਕਟ ਦੀ ਧਾਰਾ 13 ਦੇ ਅਨੁਸਾਰ, ਤੁਸੀਂ ਬੈਂਕ ਦੀ ਲਿਖਤੀ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਉਕਤ ਸੁਰੱਖਿਅਤ ਸੰਪਤੀਆਂ ਨੂੰ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਟ ?ਰਾਂਸਫਰ ਨਹੀਂ ਕਰੋਗੇ।
ਇਹ ਨੋਟਿਸ ਬੈਂਕ ਦੇ ਕਾਨੂੰਨ ਦੇ ਕਿਸੇ ਵੀ ਹੋਰ ਲਾਗੂ ਉਪਬੰਧਾਂ ਦੇ ਤਹਿਤ ਜ਼ਰੂਰੀ ਸਮਝੇ ਜਾਣ ਵਾਲੇ ਅਜਿਹੇ ਹੋਰ ਕਾਰਜਾਂ ਜਾਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰਨ ਦੇ ਅਧਿਕਾਰ ਦੇ ਪੱਖਪਾਤ ਤੋਂ ਬਿਨਾਂ ਹੈ।
ਕਰਜ਼ਦਾਰ/ਜ਼ਾਮਨ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਜੋ ਕਿ ਸੁਰੱਖਿਅਤ ਸੰਪਤੀ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਹੈ।
ਮਿਤੀ: 21.06.2025 — ਸਥਾਨ: ਚੰਡੀਗੜ੍ਹ — ਅਧਿਕਾਰਤ ਅਧਿਕਾਰੀ

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
ਦੂਜੀ ਮੰਜਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017
**ਮਾਮਲਾ ਨੰ. : ਓਏ/1039/2022**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਈਐਕਸਐਚ ਨੰ. 27786**
**ਪੰਜਾਬ ਨੈਸ਼ਨਲ ਬੈਂਕ**
**ਬਨਾਮ**
**ਸੁਖਬੀਰ ਸਿੰਘ**
**ਵੱਲ (1) ਸੁਖਬੀਰ ਸਿੰਘ ਡੀ/ਡਬਲਿਯੂ/ਐਸ-ਪੁੱਤਰ ਇਕਬਾਲ ਸਿੰਘ, ਵਾਸੀ ਪਿੰਡ ਦਾਬਾਂਵਾਲ ਤਹਿਸੀਲ ਬਟਾਲਾ ਜਿਲ੍ਹਾ ਗੁਰਦਾਸਪੁਰ, ਪੰਜਾਬ**
**ਸੰਮਨ**
**ਜਿਥੇ ਕਿ, ਓ.ਏ./1039/2022, 07.04.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 29,95,929/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 10.07.2025 **ਨੂੰ ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 19.04.2025 ਨੂੰ ਜਾਰੀ।**
**ਸਹੀ/-**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**
ਨੋਟ: ਛੱਡ ਦਿਓ ਜੋ ਵੀ ਲਾਗੂ ਨਾ ਹੋਵੇ



**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਬੀਬੀ ਕੌਲਾਂ ਜੀ ਹਸਪਤਾਲ ਵਿਖੇ ਬਰੋਂਕੋਸਕੋਪੀ ਦੀ ਸਹੂਲਤ ਸ਼ੁਰੂ

ਫਤਿਹਗੜ੍ਹ ਚੂੜੀਆਂ, 21 ਜੂਨ (ਰਾਜਨ ਸ਼ਰਮਾ): ਬੀਬੀ ਕੌਲਾ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਡਾਕਟਰ ਗਗਨਦੀਪ ਕੌਰ ਫੇਫੜਿਆਂ ਦੇ ਰੋਗਾਂ ਦੇ ਮਾਹਿਰ ਬਤੌਰ ਇੰਚਾਰਜ ਛਾਤੀ ਅਤੇ ਟੀ ਬੀ ਰੋਗਾਂ ਨੇ ਬੀਬੀ ਕੌਲਾਂ ਜੀ ਵਿਖੇ ਜੁਆਇਨ ਕੀਤਾ। ਇਸ ਮੌਕੇ ਹਸਪਤਾਲ ਪ੍ਰਬੰਧਕ ਡਾ. ਅਮਰਿੰਦਰ ਸਿੰਘ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾ. ਗਗਨਦੀਪ ਕੌਰ ਨੇ ਬਤੌਰ ਪ੍ਰਮੁੱਖ ਛਾਤੀ, ਟੀ ਬੀ ਰੋਗਾਂ ਨੇ ਬੀਬੀ ਕੌਲਾਂ ਜੀ ਹਸਪਤਾਲ ਵਿਖੇ ਆਪਣੀ ਓਪੀਡੀ ਸ਼ੁਰੂ ਕਰਨ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੇ ਦੱਸਿਆ ਕਿ ਡਾ. ਗਗਨਦੀਪ ਕੌਰ ਪਹਿਲਾਂ ਪ੍ਰਮੁੱਖ ਵੱਖ-ਵੱਖ ਹਸਪਤਾਲ 'ਚ ਸੇਵਾ ਨਿਭਾ ਚੁੱਕੇ ਹਨ ਤੇ ਹੁਣ ਬੀਬੀ ਕੌਲਾ ਜੀ ਸੋਸਾਇਟੀ ਅਤੇ ਖਾਲਸਾ ਏਡ ਨਾਲ ਮਿਲ ਕੇ ਇੱਥੇ ਸੇਵਾਵਾਂ ਨਿਭਾਉਣਗੇ । ਇਸ ਮੌਕੇ ਡਾਕਟਰ ਗਗਨਦੀਪ ਕੌਰ ਨੇ ਦੱਸਿਆ ਕਿ ਪੇਂਡੂ ਖੇਤਰ 'ਚ ਟੀ ਬੀ ਫੇਫੜੇ ਦਾ ਸੁੰਗੜਨਾ, ਨਿਮੋਨੀਆ, ਫੇਫੜਿਆਂ 'ਚ ਪਾਣੀ ਭਰ ਜਾਣਾ, ਪਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਫੇਫੜਿਆਂ ਦੇ ਜ਼ਿਆਦਾ ਡਾਕਟਰ ਨਾ ਹੋਣ ਕਾਰਨ ਮਰੀਜ਼ਾਂ ਨੂੰ ਅੰਮ੍ਰਿਤਸਰ ਜਾਂ ਕਿਸੇ ਹੋਰ ਸ਼ਹਿਰ ਵਿੱਚ ਜਾਣਾ ਪੈਂਦਾ, ਸੀ। ਹੁਣ ਫੇਫੜਿਆਂ ਦੇ ਸਾਰੇ ਹੀ ਰੋਗਾਂ ਅਤੇ ਉਹਨਾਂ ਦੇ ਕੀਤੇ ਜਾਣ ਵਾਲੇ ਇਲਾਜ ਜਿਵੇਂ ਕਿ ਦੂਰਬੀਨ ਰਾਹੀਂ ਫੇਫੜਿਆਂ ਦੀ ਜਾਂਚ, ਅਤੇ ਇਲਾਜ (ਬਰੋਂਕੋ ਸਕੋਪੀ), ਛਾਤੀ ਵਿੱਚ ਟਿਊਬ ਪਾਉਣਾ, ਜੰਮਿਆ ਹੋਇਆ ਰੇਸ਼ਾ ਕੱਢਣਾ, ਸੂਈ ਰਾਹੀਂ ਗਲੇ ਦੀਆਂ ਗਿਲਟੀਆਂ ਦੀ ਜਾਂਚ, ਘਰਾੜਿਆਂ ਦੀ ਜਾਂਚ ਦਾ ਇਲਾਜ, ਆਦਿ ਸਭ ਕੁਝ ਹੁਣ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਸ਼ੁਰੂ ਕੀਤਾ ਗਿਆ ਹੈ। ਇਸ ਮੌਕੇ ਬੀਬੀ ਕੌਲਾਂ ਜੀ ਸੋਸਾਇਟੀ ਦੇ ਵੱਖ-ਵੱਖ ਮੈਂਬਰਾਂ ਨੇ ਡਾ. ਗਗਨਦੀਪ ਕੌਰ ਦਾ ਹਸਪਤਾਲ ਵਿਖੇ ਜੁਆਇਨ ਕਰਨ 'ਤੇ ਸਵਾਗਤ ਕੀਤਾ ਤੇ ਨਾਲ ਹੀ ਦੱਸਿਆ ਕਿ ਡਾਕਟਰ ਸਾਹਿਬ ਦਾ ਇੱਥੇ ਸੇਵਾਵਾਂ ਦੇਣ ਨਾਲ ਹਸਪਤਾਲ 'ਚ ਬਰੋਂਕੋਸਕੋਪੀ ਸ਼ੁਰੂ ਕੀਤੀ ਗਈ ਹੈ, ਜਿਹੜੀ ਕਿ ਸਿਰਫ ਗੁਰਦਾਸਪੁਰ ਹੀ ਨਹੀਂ ਬਾਕੀ ਨਾਲ ਲੱਗਦੇ ਹੋਏ ਸਿਰਫ ਦੇ ਇਲਾਕਿਆਂ ਤੇ ਜੰਮੂ ਕਸ਼ਮੀਰ ਤੱਕ ਵੀ ਮਰੀਜ਼ਾਂ ਨੂੰ ਲਾਭ ਪਹੁੰਚਾਵੇਗੀ, ਕਿਉਂਕਿ ਹੁਣ ਜ਼ਿਲ੍ਹੇ ਵਿੱਚ ਪਹਿਲੀ ਵਾਰ ਬੱਚਿਆਂ ਦੀ ਦੂਰਬੀਨ ਜਾਂਚ ਸ਼ੁਰੂ ਕੀਤੀ ਜਾ ਰਹੀ, ਜੋ ਕਿ ਪਹਿਲਾਂ ਚੰਡੀਗੜ੍ਹ ਜਾਂ ਲੁਧਿਆਣੇ ਹੁੰਦੀ ਸੀ। ਇਸ ਮੌਕੇ ਇਹ ਵੀ ਦੱਸਿਆ ਗਿਆ ਕਿ ਬੀਬੀ ਕੌਲਾ ਜੀ ਹਸਪਤਾਲ, ਖਾਲਸਾ ਏਡ ਨਾਲ ਮਿਲ ਕੇ 5 ਹਜਾਰ ਤੋਂ ਵੱਧ ਮੁਫਤ ਡਾਇਲਸਿਸ ਕਰ ਚੁੱਕੇ ਹਨ ਤੇ ਗੁਰਦਿਆਂ ਦੇ ਮਰੀਜ਼ ਇਸ ਸੁਵਿਧਾ ਦਾ ਭਰਪੂਰ ਲਾਭ ਉਠਾ ਰਹੇ ਹਨ। ਅਤੇ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਬਰੋਂਕੋਸਕੋਪੀ ਦੀ ਸਹੂਲਤ ਸ਼ੁਰੂ ਹੋਣ 'ਤੇ ਜ਼ਿਲੇ 'ਚ ਤੇ ਆਸ ਪਾਸ ਦੇ ਇਲਾਕੇ ਦੇ ਮਰੀਜ਼ਾਂ ਨੂੰ ਕਾਫੀ ਲਾਭ ਮਿਲੇਗਾ।



## ਹੋਮ ਗਾਰਡਜ਼, ਫਾਇਰ ਬ੍ਰਿਗੇਡ ਤੇ ਸਿਵਲ ਡਿਫੈਂਸ ਨੇ ਮਨਾਇਆ ਵਿਸ਼ਵ ਯੋਗਾ ਦਿਵਸ

ਬਟਾਲਾ/ਉਧਨਵਾਲ, 21 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਸੁਖ ਅੰਮ੍ਰਿਤ ਘੁਮਾਣ): 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ, ਪੰਜਾਬ ਹੋਮ ਗਾਰਡਜ਼, ਫਾਇਰ ਬ੍ਰਿਗੇਡ ਤੇ ਸਿਵਲ ਡਿਫੈਂਸ ਵਲੋਂ ਨੰ. 2, ਬਟਾਲੀਅਨ ਹੈਡ ਕੁਆਰਟਰ, ਪੰਜਾਬ ਹੋਮ ਗਾਰਡਜ਼ ਵਿਖੇ ਮਨਾਇਆ ਗਿਆ।,ਜਿਸ 'ਚ ਪੰਜਾਬ ਹੋਮਗਾਰਡਜ ਅਫਸਰਾਂ, ਫਾਇਰ ਅਫ਼ਸਰਾਂ, ਸੀ.ਡੀ. ਵਲੰਟੀਅਰਜ਼ ਦੇ ਨਾਲ ਸਟਾਫ ਤੇ ਗਾਰਡਜ਼ ਵੱਲੋਂ ਹਿੱਸਾ ਲਿਆ ਗਿਆ। ਇਸ ਮੌਕੇ ਤੰਦਰੁਸਤ 'ਤੇ ਸਿਹਤਮੰਦ ਰੱਖਣ ਲਈ ਯੋਗ ਦੇ ਫਾਇਦਿਆਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਸਰੀਰਕ, ਮਾਨਸਿਕ ਤੇ ਭਾਵਨਾਤਮਕ ਲਾਭ ਹੁੰਦੇ ਹਨ। ਰੋਜ਼ਾਨਾ ਅਭਿਆਸ ਜ਼ਰੂਰ ਕਰੋ। ਇਸੇ ਦੌਰਾਨ ਸਰਵਾਈਕਲ ਹੋਣ ਦੇ ਕਾਰਨ ਤੇ ਉਸੇ ਸਬੰਧੀ ਅਭਿਆਸ ਕਰਵਾਇਆ।ਇਸ ਮੌਕੇ ਫਾਇਰ ਸਟੇਸ਼ਨ ਇੰਚਾਰਜ ਨੀਰਜ ਸ਼ਰਮਾਂ, ਸਟਾਫ ਅਫ਼ਸਰ ਮਨਜੀਤ ਸਿੰਘ, ਫਾਇਰ ਅਫ਼ਸਰ ਰਾਕੇਸ਼ ਸ਼ਰਮਾਂ, ਪੋਸਟ ਵਾਰਡਨ ਹਰਬਖਸ਼ ਸਿੰਘ ਤੇ ਗੁਰਮੁੱਖ ਸਿੰਘ, ਸੈਕਟਰ ਵਾਰਡਨ ਪਰਮਜੀਤ ਸਿੰਘ ਬਮਰਾਹ, ਜਸਪਾਲ ਸਿੰਘ, ਰੂਬੀ, ਮਨੋਜ, ਹਰਪ੍ਰੀਤ ਸਿੰਘ, ਗਾਰਡਜ਼ ਤੇ ਸੀ.ਡੀ. ਵਲੰਟੀਅਰਜ਼ ਹਾਜ਼ਰ ਸਨ। ਆਖਰ 'ਚ ਸਟਾਫ ਅਫ਼ਸਰ ਵੱਲੋਂ ਹਾਜ਼ਰ ਸਾਰਿਆਂ ਨੂੰ ਫਲ ਵੰਡੇ ਗਏ।

## ਇੰਗਲੈਂਡ ਦੇ ਐਮ.ਪੀ. ਢੇਸੀ ਵੱਲੋਂ ਸੰਤ ਬਾਬਾ ਸੱਜਣ ਸਿੰਘ ਦਾ ਸਨਮਾਨ



ਚੌਂਕ ਮਹਿਤਾ, 21 ਜੂਨ (ਬਲਜਿੰਦਰ ਸਿੰਘ ਰੰਧਾਵਾ): ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਜੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਜੀ ਦਾ ਜਿੱਥੇ ਇੰਗਲੈਂਡ ਦੀ ਧਰਤੀ ਉੱਪਰ ਪੁੱਜਣ ਤੇ ਵੱਖ-ਵੱਖ ਸਿੱਖ ਅਦਾਰਿਆਂ ਅਤੇ ਸੇਵਕਾਂ ਵੱਲੋਂ ਮਾਣ ਸਨਮਾਨ ਕੀਤਾ ਜਾ ਰਿਹਾ ਹੈ। ਉਥੇ ਹੀ ਇੰਗਲੈਂਡ ਦੇ ਬਣੇ ਐਮ.ਪੀ. ਤਨਮਨਜੀਤ ਸਿੰਘ ਢੇਸੀ ਵੱਲੋਂ ਵੀ ਸੰਤ ਬਾਬਾ ਸੱਜਣ ਸਿੰਘ ਦਾ ਮਾਣ ਸਨਮਾਨ ਸਲੋਹ ਯੂ.ਕੇ. ਵਿੱਚ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਭਾਈ ਹਰਪਾਲ ਸਿੰਘ ਕੋਟ ਖਹਿਰਾ, ਗਿ. ਸੁਲੱਖਣ ਸਿੰਘ ਕੱਲਾ, ਇੰਦਰਜੀਤ ਸਿੰਘ ਮੋਹਨਪੁਰਾ ਆਦਿ ਹਾਜ਼ਰ ਸਨ।

# ਨੌਜਵਾਨ ਦੀ ਲੱਗੀ 50 ਹਜ਼ਾਰ ਦੀ ਲਾਟਰੀ



ਮੱਲਾਂ ਵਾਲਾ, 20 ਜੂਨ (ਹਰਪਾਲ ਸਿੰਘ ਖਾਲਸਾ): ਸਥਾਨਕ ਕਸਬੇ 'ਚ ਨਾਨਕੇ ਪਿੰਡ ਆਏ ਇੱਕ ਨੌਜਵਾਨ ਦੀ ਖੁਸ਼ੀ ਉਸ ਸਮੇਂ ਵਾਧਾ ਹੋਇਆ ਜਦੋਂ ਉਸਨੇ 10 ਰੁਪਏ ਵਾਲੀ ਲਾਟਰੀ ਜਿੱਤ ਕੇ 50 ਹਜ਼ਾਰ ਰੁਪਏ ਦਾ ਇਨਾਮ ਜਿੱਤਿਆ। ਇਹ ਲਾਟਰੀ ਹਲਕਾ ਪੱਟੀ ਦੇ ਪਿੰਡ ਕੋਟ ਬੁੱਢਾ ਦੇ ਰਹਿਣ ਵਾਲੇ ਨੌਜਵਾਨ ਰਣਜੀਤ ਸਿੰਘ ਦੀ ਨਿਕਲੀ ਹੈ, ਲਾਟਰੀ ਜੇਤੂ ਰਣਜੀਤ ਸਿੰਘ ਦਾ ਕਹਿਣਾ ਸੀ ਕਿ ਉਹ ਆਪਣੇ ਨਾਨਕੇ ਪਿੰਡ ਆਇਆ ਸੀ ਤਾਂ ਉਸ ਨੇ ਮੱਲਾਂ ਵਾਲਾ'ਚ ਸਥਿਤ ਗਿੱਲ ਲਾਟਰੀ ਸਟਾਲ ਤੋਂ 10 ਰੁਪਏ ਵਾਲੀ ਸਿੱਕਮ ਸਟੇਟ ਲਾਟਰੀ ਦੀ ਇੱਕ ਛੋਟੀ ਜਿਹੀ 250 ਰੁਪਏ ਵਿੱਚ ਕਾਪੀ ਖਰੀਦੀ। ਉਸਨੂੰ ਕੱਲ ਸ਼ਾਮ ਸਵਾ 4 ਵਜੇ ਦੇ ਕਰੀਬ ਲਾਟਰੀ ਵਾਲੇ ਦਾ ਫੋਨ ਆਇਆ ਕਿ 50 ਹਜ਼ਾਰ ਦਾ ਇਨਾਮ ਨਿਕਲਿਆ। ਉਸ ਨੇ ਕਿਹਾ ਕਿ ਅੱਜ ਉਸ ਨੇ ਆਪਣਾ ਇਨਾਮ ਕਲੈਕਟ ਕਰ ਲਿਆ ਹੈ । ਉਧਰ ਲਾਟਰੀ ਸੈਲਰ ਗੁਰਦੇਵ ਸਿੰਘ ਵੀ ਬੇਹਦ ਖੁਸ਼ ਹੈ, ਜਿਸ ਨੇ ਖੁਦ ਇਨਾਮ ਜੇਤੂ ਦਾ ਮਠਿਆਈ ਨਾਲ ਮੂੰਹ ਮਿੱਠਾ ਕਰਵਾਇਆ। ਉਸ ਨੇ ਕਿਹਾ ਹੈ ਕਿ ਉਹ ਐਨ.ਕੇ. ਲਾਟਰੀ ਏਜੰਸੀ ਫਿਰੋਜ਼ਪੁਰ ਨਾਲ ਜੁੜੇ ਹੋਏ ਹਨ ਜੋ ਉਹਨਾਂ ਦੇ ਸਟਾਲ ਤੋਂ ਪਹਿਲਾਂ ਵੀ ਕਈਆਂ ਲੋਕਾਂ ਦੇ ਇਨਾਮ ਨਿਕਲ ਚੁੱਕੇ ਹਨ।

# ਪੁਲਿਸ ਵੱਲੋਂ ਦੋ ਨਸ਼ਾ ਤਸਕਰ ਕਾਬੂ



ਫਤਿਹਗੜ੍ਹ ਚੂੜੀਆਂ, 21 ਜੂਨ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਪੁਲਿਸ ਨੂੰ ਮਿਲੀ ਵੱਡੀ ਕਾਮਯਾਬੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਸੁਹੇਲ ਕਾਸਿਮ ਮੀਰ ਆਈ ਪੀ ਐਸ, ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਬਟਾਲਾ ਗੁਰ ਪ੍ਰਤਾਪ ਸਿੰਘ ਸਹੋਤਾ ਪੀ ਪੀ ਐਸ, ਐਸ ਪੀ ਇਨਵੈਸਟੀਗੇਸ਼ਨ ਬਟਾਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ੇ ਵੇਚਣ ਵਾਲੇ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਲਈ ਵਚਨਬੱਧ ਹੈ। ਜਿਸ ਦੇ ਤਹਿਤ ਵਿਪਨ ਕੁਮਾਰ ਪੀ.ਪੀ.ਐਸ, ਉਪ ਕਪਤਾਨ ਪੁਲਿਸ ਫਤਿਹਗੜ੍ਹ ਚੂੜੀਆਂ ਤੇ ਇੰਸਪੈਕਟਰ ਕਿਰਨਦੀਪ ਸਿੰਘ ਮੁੱਖ ਅਫਸਰ ਥਾਣਾ ਫਤਿਹਗੜ੍ਹ ਚੂੜੀਆਂ ਦੀ ਨਿਗਰਾਨੀ ਹੇਠ 19.6.2025, ਨੂੰ ਐਸ ਆਈ ਬਲਵਿੰਦਰ ਸਿੰਘ ਥਾਣਾ ਫਤਿਹਗੜ੍ਹ ਚੂੜੀਆਂ ਨੇ ਸਮੇਤ ਸਾਥੀ ਕਰਮਚਾਰੀਆਂ ਸਪੈਸ਼ਲ ਨਾਕਾਬੰਦੀ ਦੌਰਾਨ ਟੀ ਪੁਆਇੰਟ ਫਤਿਹਗੜ੍ਹ ਚੂੜੀਆਂ , ਰਮਦਾਸ ਰੋਡ ਤੋਂ ਦੋਸ਼ੀਆਂਨ ਅੰਗਰੇਜ਼ ਸਿੰਘ ਪੁੱਤਰ ਕੁੰਨਣ ਸਿੰਘ ਵਾਸੀ ਸੰਤੂ ਨੰਗਲ , ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਅਤੇ ਪ੍ਰਭਦੀਪ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਸੰਤੂ ਨੰਗਲ, ਜਿਲਾ ਅੰਮ੍ਰਿਤਸਰ ਦਿਹਾਤੀ ਨੂੰ ਕਾਬੂ ਕਰਕੇ ਇਹਨਾਂ ਕੋਲੋਂ ਇਕ ਕਿੱਲੋ ਅਫੀਮ 2 ਹਜਾਰ ਡਰੱਗ ਮਨੀ ਅਤੇ ਇੱਕ ਮੋਟਰਸਾਈਕਲ ਪੈਸ਼ਨਪਰੋ ਰੰਗ ਕਾਲਾ ਗਰੇਅ ਬਿਨਾਂ ਨੰਬਰੀ ਬਰਾਮਦ ਕਰਕੇ ਮੁਕਦਮਾ ਨੰਬਰ 72 ਮਿਤੀ 19/6 / 2025, ਜੁਰਮ 18 ,27 (1)/61/ 85 ਐਨਡੀਪੀਐਸ ਐਕਟ ਥਾਣਾ ਫਤਿਹਗੜ੍ਹ ਚੂੜੀਆਂ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ ਹੈ। ਡੀ ਐਸ ਪੀ ਵਿਪਨ ਕੁਮਾਰ , ਅਤੇ ਐਸ ਐਚ ਓ ਕਿਰਨਦੀਪ ਸਿੰਘ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਕੋਈ ਵੀ ਨਸ਼ਾ ਤਸਕਰ ਨਸ਼ਾ ਵੇਚਦਾ ਕਾਬੂ ਆਉਂਦਾ ਹੈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਉਸ ਮੌਕੇ ਡੀ.ਐਸ.ਪੀ ਵਿਪਨ ਕੁਮਾਰ, ਥਾਣਾ ਮੁਖੀ ਕਿਰਨਦੀਪ ਸਿੰਘ, ਬੂਟਾ ਸਿੰਘ, ਬਲਵਿੰਦਰ ਸਿੰਘ, ਕੇਵਲ ਮਸੀਹ, ਲਵਪ੍ਰੀਤ ਸਿੰਘ ਹਾਜ਼ਰ ਸਨ।

## ਅਰੁਣਾ ਚੌਧਰੀ ਤੇ ਅਸ਼ੋਕ ਚੌਧਰੀ ਦੀ ਅਗਵਾਈ 'ਚ ਸੰਵਿਧਾਨ ਬਚਾਓ ਰੈਲੀ ਅੱਜ



ਦੀਨਾਨਗਰ, 21 ਜੂਨ (ਡਾ. ਰਮੇਸ਼ ਸਰੰਗਲ): ਦੀਨਾਨਗਰ ਵਿਖੇ ਹੋਣ ਵਾਲੀ ਸੰਵਿਧਾਨ ਬਚਾਓ ਰੈਲੀ ਮੁਗਰਾਲਾ ਬਾਈਪਾਸ 'ਤੇ ਤਾਜ ਹੈਰੀਟੇਜ 'ਚ ਰੱਖੀ ਗਈ ਹੈ, ਜਿਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਵਿਧਾਇਕਾ ਅਰੁਨਾ ਚੌਧਰੀ ਤੇ ਸੀਨੀਅਰ ਕਾਂਗਰਸੀ ਲੀਡਰ ਅਸ਼ੋਕ ਚੌਧਰੀ ਵੱਲੋਂ ਰੈਲੀ 'ਚ ਪਹੁੰਚਣ ਵਾਲੇ ਅਹੁਦੇਦਾਰਾਂ ਤੇ ਵਰਕਰਾਂ ਲਈ ਤਾਜ ਹੈਰੀਟੇਜ 'ਚ ਮੁਕੰਮਲ ਤੌਰ 'ਤੇ ਪ੍ਰਬੰਧ ਕੀਤੇ ਗਏ ਹਨ ਇਸ ਮਹਾ ਰੈਲੀ ਵਿੱਚ ਪੰਜਾਬ ਭਰ ਤੋ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਸ਼ਮੂਲੀਅਤ ਕਰੇਗੀ। ਇਸ ਮੌਕੇ 'ਤੇ ਵਿਧਾਇਕਾ ਅਰੁਨਾ ਚੌਧਰੀ ਤੇ ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਚੌਧਰੀ ਨੇ ਕਾਂਗਰਸ ਦੇ ਸਮੂਹ ਨੇਤਾਵਾਂ ਤੇ ਵਰਕਰਾਂ ਨੂੰ ਇਸ ਮਹਾਂ ਰੈਲੀ ਚ 10 ਵਜੇ ਪਹੁੰਚਣ ਦੀ ਅਪੀਲ ਕੀਤੀ ਹੈ।

# ਪੰਛੀਆਂ ਲਈ ਟੰਗੇ ਆਲ੍ਹਣੇ



ਬੰਗਾ, 21 ਜੂਨ (ਪ੍ਰਵੀਣ ਸਿੰਘ): ਪਿੰਡ ਬਲਾਕੀਪੁਰ ਵਿਖੇ ਸਰਪੰਚ ਮਨਜੀਤ ਸਿੰਘ ਤੇ ਸਮਾਜ ਸੇਵੀ ਕਿਰਪਾਲ ਸਿੰਘ ਬਲਾਕੀਪੁਰ ਵੱਲੋਂ ਵੱਖ ਵੱਖ ਥਾਵਾਂ ਤੇ ਪੰਛੀਆਂ ਲਈ ਆਲ੍ਹਣੇ ਅਤੇ ਉਹਨਾਂ ਦੇ ਪੀਣ ਲਈ ਪਾਣੀ ਦੇ ਡੋਂਗੇ ਰੱਖੇ ਗਏ। ਪਿੰਡ ਵਾਸੀਆਂ ਨੇ ਇਹਨਾਂ ਦੀ ਇਸ ਕੋਸ਼ਿਸ਼ ਦੀ ਭਰਪੂਰ ਸ਼ਲਾਘਾ ਕੀਤੀ ਗਈ। ਸਰਪੰਚ ਮਨਜੀਤ ਸਿੰਘ ਨੇ ਕਿਹਾ ਕਿ ਘਰਾਂ ਦੀਆਂ ਛੱਤਾਂ ਪੰਛੀਆਂ ਦੇ ਘਰ ਹੁੰਦੇ ਸਨ ... ਦਰਖਤਾਂ ਦੀ ਕਟਾਈ ਹੋਣ ਨਾਲ ਪੰਛੀਆਂ ਦੀ ਪ੍ਰਜਾਤ ਵਿਚ ਭਾਰੀ ਕਮੀ ਆਈ ਹੈ ਉਨ੍ਹਾਂ ਕਿਹਾ ਕਿ ਇਸ ਘਾਟ ਦੀ ਪੂਰਤੀ ਲਈ ਅਜਿਹੇ ਯਤਨ ਕਾਰਗਰ ਸਿੱਧ ਹੋਣਗੇ। ਸਮਾਜ ਸੇਵੀ ਕਿਰਪਾਲ ਸਿੰਘ ਬਲਾਕੀਪੁਰ ਦਾ ਕਹਿਣਾ ਸੀ ਪੰਛੀ ਜਨ ਜੀਵਨ ਦਾ ਅਹਿਮ ਹਿੱਸਾ ਹਨ ਜਿਹਨਾਂ ਦੀ ਹੋਂਦ ਨੂੰ ਖ਼ਤਰਾ ਦੇਖਦਿਆਂ ਸਮਾਜ ਸੇਵੀ ਪੱਧਰ 'ਤੇ ਅਜਿਹੇ ਉਪਰਾਲੇ ਕਰਨ ਦੀ ਲੋੜ ਹੈ। ਇਸ ਮੌਕੇ ਅਮਨਦੀਪ ਕੌਰ, ਪ੍ਰਭਜੋਤ ਕੌਰ, ਏਕਮ, ਸਹਿਬਾਜ਼ ਆਦਿ ਵੀ ਸ਼ਾਮਲ ਸਨ।

# ਬਲਾਕ ਪੱਧਰੀ ਅੰਤਰਰਾਸ਼ਟਰੀ ਯੋਗ ਦਿਵਸ ਮੌਨੀ ਮੰਦਿਰ ਵਿਖੇ ਮਨਾਇਆ



ਧਾਰੀਵਾਲ, 21 ਜੂਨ (ਅਸ਼ੋਕ ਕੁਮਾਰ): ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੀ.ਡੀ.ਪੀ.ਓ.ਧਾਰੀਵਾਲ ਕੁਲਵਿੰਦਰ ਸਿੰਘ ਚਾਹਲ ਦੇ ਪ੍ਰਬੰਧਾਂ ਹੇਠ ਡਾ. ਮੰਜੂ ਆਯੁਰਵੈਦਿਕ ਅਫਸਰ ਘੁੰਮਣ ਕਲਾਂ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਸੀ.ਐਮ.ਯੋਗਸ਼ਾਲਾ ਦੇ ਟ੍ਰੇਨਰਾਂ ਵੱਲੋਂ ਲਗਾਇਆ ਗਿਆ, ਜਿਸ ਦੌਰਾਨ ਵੱਡੀ ਗਿਣਤੀ 'ਚ ਔਰਤਾਂ ਸਮੇਤ ਨੌਜਵਾਨ, ਬੱਚੇ ਤੇ ਬਜ਼ੁਰਗਾਂ ਨੇ ਸ਼ਮੂਲੀਅਤ ਕਰਦੇ ਹੋਏ ਯੋਗ ਕੀਤਾ। ਇਸ ਮੌਕੇ ਤੇ ਯੋਗਸ਼ਾਲਾ 'ਚ ਵਿਕਰਮ ਨੇ ਯੋਗਾ ਤੇ ਉਨ੍ਹਾਂ ਦੀ ਟੀਮ ਵੱਲੋਂ ਯੋਗ ਅਭਿਆਸ ਕਰਵਾਇਆ ਗਿਆ, ਜੋ ਕਿ ਸਵੇਰੇ 6 ਵਜੇ ਤੋਂ 8 ਵਜੇ ਤੱਕ ਯੋਗ ਕਰਵਾਇਆ ਗਿਆ। 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਦੌਰਾਨ ਮੁੱਖ ਮਹਿਮਾਨ ਵੱਜੋਂ ਪਹੁੰਚੇ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦੇ ਚੇਅਰਮੈਨ ਐਡ. ਜਗਰੂਪ ਸਿੰਘ ਸੇਖਵਾਂ ਤੇ ਵਿਸ਼ੇਸ਼ ਮਹਿਮਾਨ ਵੱਜੋਂ ਪਹੁੰਚੇ ਨਗਰ ਕੌਂਸਲ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ ਵੱਲੋਂ ਸਾਂਝੇ ਤੌਰ 'ਤੇ ਜੋਤੀ ਪ੍ਰਚੰਡ ਕਰਕੇ ਯੋਗਾ ਕੈਂਪ ਦੀ ਸ਼ੁਰੂਆਤ ਕੀਤੀ ਅਤੇ ਪੂਰਾ ਸਮਾਂ ਯੋਗ ਕੀਤਾ ਗਿਆ। ਚੇਅਰਮੈਨ ਸੇਖਵਾਂ ਨੇ ਕਿਹਾ ਕਿ ਜੇਕਰ ਕਿਸੇ ਪਿੰਡ ਜਾਂ ਸ਼ਹਿਰ ਮੁਹੱਲੇ ਵਾਸੀ ਆਪਣੇ ਇਲਾਕੇ 'ਚ ਸੀ.ਐਮ. ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹਨ ਤਾਂ ਉਹ 769400500 ਉਪਰ ਮਿਸ ਕਾਲ ਕਰ ਸਕੇਦ ਹਨ । ਇਸ ਮੌਕੇ ਤੇ ਪ੍ਰਧਾਨ ਅਸ਼ਵਨੀ ਦੁੱਗਲ, ਬਲਾਕ ਪ੍ਰਧਾਨ ਬੀਬੀ ਸੁਖਵਿੰਦਰ ਕੌਰ ਬਾਜਵਾ, ਸਬ ਤਹਿਸੀਲ ਧਾਰੀਵਾਲ ਤੋਂ ਸੰਦੀਪ ਕੁਮਾਰ, ਦਿਲਸ਼ੇਰ ਸਿੰਘ ਬਾਜਵਾ, ਸਰਪੰਚ ਅਮਿੱਤਪਾਲ ਸਿੰਘ ਬੱਲ, ਸੈਕਟਰੀ ਮਨਜੀਤ ਸਿੰਘ, ਦਲਬੀਰ ਸਿੰਘ, ਕਰਤਾਰ ਚੰਦ, ਗੁਰਦੇਵ ਸਿੰਘ, ਰਕੇਸ਼ ਨੰਦਾ ਮਨਮੋਹਨਜੀਤ ਸਿੰਘ ਗਿੱਲ, ਕੁਲਬੀਰ ਸਿੰਘ ਸੰਧੂ, ਗੁਰਚਰਨ ਸਿੰਘ, ਵਿਨੋਦ ਸ਼ਰਮਾ, ਸੁੱਚਾ ਸਿੰਘ, ਅਨੁਰਾਧਾ, ਰਿੰਪੀ ਤੋਂ ਇਲਾਵਾ ਸੀ.ਐਮ.ਯੋਗਸ਼ਾਲਾ ਦੇ ਟ੍ਰੇਨਰ ਹਾਜ਼ਰ ਸਨ।

# ਸੀ.ਐਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹਾ ਪੱਧਰੀ ਯੋਗ ਦਿਵਸ ਮਨਾਇਆ



ਸ਼ਹੀਦ ਭਗਤ ਸਿੰਘ ਨਗਰ, 21 ਜੂਨ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਤਰ-ਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਸੀ.ਐਮ. ਦੀ ਯੋਗਸ਼ਾਲਾ ਤਹਿਤ ਸਥਾਨਕ ਆਰ.ਕੇ. ਆਰਿਆ ਕਾਲਜ ਵਿਖੇ ਯੋਗ ਦਿਵਸ ਮੌਕੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਨਿੱਗਰ ਤੇ ਸਿਹਤਮੰਦ ਜੀਵਨ ਲਈ ਯੋਗ ਨੂੰ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਵਿਧਾਇਕ ਡਾ. ਨਛੱਤਰ ਪਾਲ ਸਮੇਤ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਸ਼ਹਿਰ ਵਾਸੀਆਂ ਅਤੇ ਨੌਜਵਾਨਾਂ ਨੇ ਸਥਾਨਕ ਆਰ.ਕੇ.ਆਰੀਆ ਕਾਲਜ ਵਿਖੇ ਮਾਹਰਾਂ ਵੱਲੋਂ ਕਰਵਾਈਆਂ ਗਈਆਂ ਯੋਗਾ ਦੀਆਂ ਵੱਖ-ਵੱਖ ਵਿਧੀਆਂ ਬਾਖੂਬੀ ਕੀਤੀਆਂ ਤੇ ਉਤਸ਼ਾਹ ਨਾਲ ਕਰਕੇ ਯੋਗ ਦਿਵਸ ਮਨਾਇਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਹਰ ਬਲਾਕ ਵਿੱਚ 11ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਯੋਗ ਨਾਲ ਜੋੜਿਆ ਜਾ ਸਕੇ।

ਡੀ.ਸੀ. ਨੇ ਆਯੁਰਵੇਦ ਵਿਭਾਗ ਦੀ ਸਮੁੱਚੀ ਟੀਮ ਨੂੰ ਯੋਗ ਦਿਵਸ ਸੁਚੱਜੇ ਢੰਗ ਨਾਲ ਮਨਾਉਣ ਲਈ ਵਧਾਈ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਵਿਚ ਜ਼ਮੀਨੀ ਪੱਧਰ 'ਤੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀ.ਐਮ. ਦੀ ਯੋਗਸ਼ਾਲਾ ਨਾਲ ਜੁੜਦਿਆਂ ਇਸ ਸਰੀਰਕ ਪ੍ਰਕਿਰਿਆ ਦਾ ਭਰਪੂਰ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਮਾਜਿਕ, ਗੈਰ ਸਰਕਾਰੀ ਸੰਸਥਾਵਾਂ ਅਤੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਯੋਗ ਦੇ ਹਰ ਖੇਤਰ ਵਿੱਚ ਪ੍ਰਸਾਰ ਲਈ ਸਰਗਰਮ ਭੂਮਿਕਾ ਨਿਭਾਈ ਜਾਵੇ। ਯੋਗ ਦਿਵਸ ਮੌਕੇ ਲੋਕਾਂ ਨੂੰ ਹਰੇ-ਭਰੇ, ਸਾਫ-ਸੁਥਰੇ ਅਤੇ ਪ੍ਰਦੂਸ਼ਨ ਰਹਿਤ ਵਾਤਾਵਰਣ ਨੂੰ ਯਕੀਨੀ ਬਣਾਉਣ ਦਾ ਸੁਨੇਹਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਾਤਾਵਰਣ ਨੂੰ ਸਿਹਤਮੰਦ ਰੱਖਣ ਲਈ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਾ ਕੇ ਉਨ੍ਹਾਂ ਦਾ ਪਾਲਣ ਯਕੀਨੀ ਬਣਾਉਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਵਿਧਾਇਕ ਨਛੱਤਰ ਪਾਲ ਤੇ ਹੋਰਨਾਂ ਸ਼ਖਸੀਅਤਾਂ ਸਮੇਤ ਬੂਟੇ ਵੀ ਲਾਏ। ਇਸ ਮੌਕੇ ਜ਼ਿਲ੍ਹਾ ਆਯੁਰਵੇਦ ਅਫਸਰ ਸਰਬਜੀਤ ਕੌਰ, ਸੀ.ਐਮ. ਦੀ ਯੋਗਸ਼ਾਲਾ ਦੀ ਜ਼ਿਲ੍ਹਾ ਕੋਆਰਡੀਨੇਟਰ ਮਮਤਾ ਖਰੇਰਾ, ਬਾਕੀ ਟੀਮ 'ਚ ਬਰਿੰਦਰ, ਇਰਾ, ਦੀਪਿਕਾ, ਅਮਰ, ਮਨੀਸ਼ਾ, ਜਤਿੰਦਰ ਕੌਰ, ਸੰਦੀਪ ਕੌਰ, ਨਿਸ਼ਾ, ਪੂਜਾ, ਕਰਨਦੀਪ ਸਿੰਘ, ਗੁਰਮੁਖ ਸਿੰਘ ਆਦਿ ਵੀ ਮੌਜੂਦ ਸਨ।

# ਵਿਧਾਇਕ ਰੰਧਾਵਾ ਸਮੇਤ ਬੀ.ਐੱਸ.ਐੱਫ. ਦੇ ਜਵਾਨਾਂ ਤੇ ਸੈਂਕੜੇ ਯੋਗ ਪ੍ਰੇਮੀਆਂ ਨੇ ਅੰਤਰਰਾਸ਼ਟਰੀ ਯੋਗ ਦਿਵਸ 'ਚ ਲਿਆ ਹਿੱਸਾ



ਡੇਰਾ ਬਾਬਾ ਨਾਨਕ, 21 ਜੂਨ (ਹੈਪੀ ਕੋਟਲੀ): "ਸੀ ਐੱਮ ਦੀ ਯੋਗਸ਼ਾਲਾ" ਅਧੀਨ 11ਵੇਂ ਅੰਤਰ ਰਾਸ਼ਟਰੀ ਯੋਗ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੈਂਡ ਪੋਰਟ ਅਥਾਰਿਟੀ ਦੇ ਸਹਿਯੋਗ ਨਾਲ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ, ਡੇਰਾ ਬਾਬਾ ਨਾਨਕ ਵਿਖੇ ਇੱਕ ਵਿਸ਼ੇਸ਼ ਯੋਗ ਕੈਂਪ ਲਗਾਇਆ ਗਿਆ। ਇਸ ਯੋਗਾ ਕੈਂਪ ਵਿੱਚ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ ਤੋਂ ਇਲਾਵਾ ਲੈਂਡ ਪੋਰਟ ਅਥਾਰਿਟੀ ਦੇ ਅਧਿਕਾਰੀ ਮੈਨੇਜਰ ਸੰਦੀਪ ਮਹਾਜਨ, ਮਨਜੀਤ ਸਿੰਘ, ਬੀ.ਐੱਸ.ਐੱਫ ਸਹਾਇਕ ਕਮਾਂਡਰ ਰਾਹੁਲ, ਇਮੀਗਰੇਸ਼ਨ ਅਧਿਕਾਰੀ ਪਿਯੂਸ਼ ਤ੍ਰਿਪਾਠੀ ਅਤੇ ਬੀ.ਐੱਸ.ਐੱਫ. ਜਵਾਨਾਂ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਭਾਗ ਲਿਆ। ਇਸ ਯੋਗ ਕੈਂਪ ਦੌਰਾਨ ਸੀ.ਐੱਮ. ਦੀ ਯੋਗਸ਼ਾਲਾ ਦੇ ਯੋਗਾ ਮਾਹਿਰ ਟਰੇਨਰਾਂ ਵੱਲੋਂ ਯੋਗਾ ਦੇ ਵੱਖ-ਵੱਖ ਆਸਣਾਂ ਦਾ ਅਭਿਆਸ ਕਰਵਾਇਆ ਗਿਆ ਅਤੇ ਨਾਲ ਹੀ ਦੱਸਿਆ ਗਿਆ ਕਿ ਕਿਸ ਯੋਗ ਆਸਣ ਦੇ ਕੀ ਲਾਭ ਹਨ। ਇਸ ਮੌਕੇ ਗੱਲਬਾਤ ਕਰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸਾਡੇ ਰਿਸ਼ੀਆਂ ਮੁਨੀਆਂ ਨੇ ਸੈਂਕੜੇ ਸਾਲਾਂ ਦੀ ਤਪੱਸਿਆ ਤੋਂ ਬਾਅਦ ਯੋਗ ਦੀ ਸ਼ੁਰੂਆਤ ਕੀਤੀ ਅਤੇ ਅੱਜ ਪੂਰੀ ਦੁਨੀਆ ਵਿੱਚ ਯੋਗ ਨੂੰ ਮਾਨਤਾ ਹਾਸਲ ਹੋਈ ਹੈ ਅਤੇ ਇਹ ਸਾਡੇ ਲਈ ਬੜੇ ਹੀ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਜਿੱਥੇ ਕਿ ਹਰ ਇੱਕ ਵਿਅਕਤੀ ਕਿਸੇ ਨਾ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਤੋਂ ਪੀੜਤ ਹੈ ਤਾਂ ਯੋਗ ਇੱਕ-ਇੱਕ ਅਜਿਹਾ ਸਾਧਨ ਹੈ ਜਿਸ ਨਾਲ ਜੁੜ ਕੇ ਨਿੱਗਰ ਜੀਵਨ ਬਤੀਤ ਕੀਤਾ ਜਾ ਸਕਦਾ ਹੈ।

ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਯੋਗ ਲਈ ਰੋਜ਼ਾਨਾ ਕੁਝ ਸਮਾਂ ਕੱਢ ਕੇ ਅਸੀਂ ਭੱਜ ਦੌੜ ਭਰੀ ਤਣਾਅ ਭਰੀ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਤੰਦਰੁਸਤ ਜੀਵਨ ਬਤੀਤ ਕਰ ਸਕਦੇ ਹਾਂ। ਯੋਗ ਨੂੰ ਅਪਨਾ ਕੇ ਦਵਾਈਆਂ 'ਤੇ ਵੱਡੀ ਮਾਤਰਾ ਵਿੱਚ ਹੋਣ ਵਾਲੇ ਖ਼ਰਚੇ ਨੂੰ ਬਚਾਇਆ ਜਾ ਸਕਦਾ ਹੈ ਅਤੇ ਯੋਗ ਵਿੱਚ ਲਗਾਇਆ ਗਿਆ ਸਮਾਂ, ਸਾਡੇ ਸਮੁੱਚੇ ਜੀਵਨ ਨੂੰ ਖ਼ੁਸ਼ਹਾਲ ਬਣਾਉਣ ਵਿੱਚ ਵੱਡਾ ਯੋਗਦਾਨ ਪਾਉਂਦਾ ਹੈ।


ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੋਗਾ ਨੂੰ ਉਤਸ਼ਾਹਿਤ ਕਰਨ ਲਈ ਰਾਜ ਭਰ ਵਿੱਚ ਨਿਵੇਕਲੀ ਪਹਿਲਕਦਮੀ ਕਰਦਿਆਂ ਸੀ.ਐਮ ਦੀ ਯੋਗਸ਼ਾਲਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀ.ਐਮ ਦੀ ਯੋਗਸ਼ਾਲਾ ਪਿੰਡਾਂ ਅਤੇ ਮੁਹੱਲਿਆਂ ਵਿੱਚ ਮੁਫ਼ਤ ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ ਤੇ ਇਨ੍ਹਾਂ ਯੋਗਾ ਕਲਾਸਾਂ ਤੋਂ ਰੋਜ਼ਾਨਾਂ ਹਜ਼ਾਰਾਂ ਲੋਕ ਲਾਭ ਉਠਾ ਰਹੇ ਹਨ।

# 200 ਦੇ ਕਰੀਬ ਲੋਕ ਕਾਂਗਰਸ 'ਚ ਸ਼ਾਮਲ



ਰਈਆ, 21 ਜੂਨ (ਰਾਕੇਸ਼ ਸਲਵਾਨ): ਪਿੰਡ ਚੀਮਾ ਬਾਠ ਦੇ ਲੋਕਾਂ ਵੱਲੋਂ ਸੰਤੋਖ ਸਿੰਘ ਭਲਾਈਪੁਰ ਦੇ ਹੱਕ ਵਿੱਚ ਆ ਕੇ ਸੰਤੋਖ ਸਿੰਘ ਭਲਾਈਪੁਰ ਦੀ ਹੱਥ ਕੀਤੇ ਮਜਬੂਤ ਅਕਾਲੀ ਦਲ ਅਤੇ ਦੂਸਰੀਆਂ ਪਾਰਟੀਆਂ ਦੀ ਜਨਤਾ ਵੱਲੋਂ ਸਿਰੋਪੇ ਪਵਾਏ ਗਏ ਜਿਨ੍ਹਾਂ ਵਿੱਚ ਅਕਾਲੀ ਦਲ ਦੇ ਸੂਰਤਾ ਸਿੰਘ ਸਾਬਕਾ ਮੈਂਬਰ ਪੰਚਾਇਤ ਆਪਣੇ ਸਾਰੇ ਪਰਿਵਾਰ ਤੇ ਆਪਣੇ ਭਰਾਵਾਂ ਦੇ ਪਰਿਵਾਰਾਂ ਸਮੇਤ ਸੰਤੋਖ ਸਿੰਘ ਭਲਾਈਪੁਰ ਦੀ ਮੌਜੂਦਗੀ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ ਇਸ ਪਰਿਵਾਰ ਦੇ 50 60 ਜਾਣਿਆਂ ਨੂੰ ਸੰਤੋਖ ਸਿੰਘ ਭਲਾਈਪੁਰ ਨੇ ਸਰੋਪੇ ਪਾ ਕੇ ਪਾਰਟੀ ਵਿੱਚ ਸ਼ਾਮਿਲ ਕੀਤਾ ਅਤੇ ਅਕਾਲੀ ਦਲ ਦੇ ਹੀ ਬਚਿੱਤਰ ਸਿੰਘ ਮੌਜੂਦਾ ਮੈਂਬਰ ਆਪਣੇ ਸਾਥੀਆਂ ਨਾਲ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਇਆ ਅਤੇ ਦਿਲਬਾਗ ਸਿੰਘ ਲੱਡੂ ਜੋ ਕਿ ਕਾਂਗਰਸ ਪਾਰਟੀ ਨੂੰ ਕਿਸੇ ਕਾਰਨਾ ਕਰਕੇ ਛੱਡ ਕੇ ਗਏ ਸਨ ਉਹ ਵੀ ਫਿਰ ਕਾਂਗਰਸ ਪਾਰਟੀ 'ਚ ਆਪਣੇ ਸਾਰੇ ਪਰਿਵਾਰ ਸਮੇਤ ਸ਼ਾਮਲ ਹੋਏ ਲਗਭਗ 200 ਜਾਣਿਆਂ ਦੇ ਸੰਤੋਖ ਸਿੰਘ ਭਲਾਈਪੁਰ ਵੱਲੋਂ ਸਰੋਪੇ ਪਾਏ ਗਏ ਤਕਰੀਬਨ 400 500 ਜਾਣਿਆ ਦੇ ਇਕੱਠ ਨੂੰ ਭਲਾਈਪੁਰ ਨੇ ਸੰਬੋਧਨ ਕੀਤਾ ਇਨਾ ਵੱਡਾ ਇਕੱਠ ਦੇਖ ਕੇ ਭਲਾਈਪੁਰ ਸਾਹਿਬ ਬਾਗੋ ਬਾਗੋ ਹੋਏ ਲਖਵਿੰਬਦਰ ਸਿੰਘ ਲੱਖਾਂ ਸਾਬਕਾ ਮੈਂਬਰ ਅਤੇ ਨੰਬਰਦਾਰ ਮੰਗਲ ਗੁਪਲ ਸਿੰਘ ਸਾਬਕਾ ਮੈਂਬਰ ਪੰਚਾਇਤ ਕਰਮ ਸਿੰਘ ਸਾਬਕਾ ਸਰਪੰਚ ਵੱਲੋਂ ਜਿੱਥੇ ਸੰਤੋਖ ਸਿੰਘ ਭਲਾਈਪੁਰ ਦੇ ਹੱਥ ਮਜ਼ਬੂਤ ਕੀਤੇ ਉੱਥੇ ਉਹਨਾਂ ਵੱਲੋਂ ਭਲਾਈਪੁਰ ਸਾਹਿਬ ਨੂੰ ਵਿਸ਼ਵਾਸ਼ ਦਵਾਇਆ ਕਿ ਦੂਸਰੀ ਵਾਰ ਇਸ ਤੋਂ ਦੋ ਤਿੰਨ ਗੁਣਾ ਵੱਡਾ ਇਕੱਠ ਹੋਵੇਗਾ ਅਤੇ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਵੋਟਾਂ ਵਿੱਚ ਹਲਕੇ ਵਿੱਚੋਂ ਸਭ ਤੋਂ ਜ਼ਿਆਦਾ ਪਿੰਡ ਚੀਮਾ ਬਾਠ ਦੀਆ ਵੋਟਾਂ ਕਾਂਗਰਸ ਪਾਰਟੀ ਦੇ ਹੱਕ ਵਿੱਚ ਨਿਕਲਣਗੀਆਂ ਇਹ ਸਾਰੇ ਲੋਕਾਂ ਵੱਲੋਂ ਸੰਤੋਖ ਸਿੰਘ ਭਲਾਈਪੁਰ ਨੂੰ ਵਿਸ਼ਵਾਸ਼ ਦਵਾਇਆ ਗਿਆ। ਸੰਤੋਖ ਸਿੰਘ ਭਲਾਈਪੁਰ ਵੱਲੋਂ ਵੀ ਆਏ ਲੋਕਾਂ ਦਾ ਧੰਨਵਾਦ ਕੀਤਾ ਗਿਆ।

## ਟੁੱਟੀਆਂ ਲੱਤਾਂ-ਬਾਹਾਂ ਠੀਕ ਕਰਨ ਦੇ ਮਾਹਰ ਚੈਂਚਲ ਸਿੰਘ ਉੜਾਪੜ ਦੇਹਾਂਤ



ਨਵਾਂ ਸ਼ਹਿਰ/ਉੜਾਪੜ, 21 ਜੂਨ (ਸੁਖਦੇਵ ਸਿੰਘ ਉੜਾਪੜ): ਪਿੰਡ ਉੜਾਪੜ ਦੇ ਟੁੱਟੀਆਂ ਲੱਤਾਂ ਬਾਹਾਂ ਚੜ੍ਹਾਉਣ ਦੇ ਮਾਹਰ ਚੈਚਲ ਸਿੰਘ ਉੜਾਪੜ 95 ਸਾਲ ਦੀ ਉਮਰ ਵਿੱਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਅਕਾਲ ਚਲਾਣਾ ਦੀ ਖਬਰ ਸੁਣ ਕੇ ਇਲਾਕੇ ਭਰ ਵਿੱਚ ਸ਼ੋਕ ਦੀ ਲਹਿਰ ਹੈ। ਜ਼ਿਕਰਯੋਗ ਹੈ ਕਿ ਚੈਚਲ ਸਿੰਘ ਉੜਾਪੜ ਪਿਛਲੇ ਕਰੀਬ 65 ਸਾਲਾਂ ਤੋਂ ਇਲਾਕੇ ਭਰ ਦੇ ਲੋਕਾਂ ਤੇ ਪਸ਼ੂਆਂ ਦੀਆਂ ਟੁੱਟੀਆਂ ਹੱਡੀਆਂ ਨੂੰ ਠੀਕ ਕਰਨ ਦੀ ਸੇਵਾ ਬਿਨਾਂ ਕੋਈ ਪੈਸੇ ਲਿਆਂ ਉਸ ਸਮੇਂ ਕੀਤੀ ਜਦੋਂ ਕੋਈ ਵਿਰਲਾ ਟਾਵਾਂ ਹੀ ਇਹਨਾਂ ਬਿਮਾਰੀਆਂ ਦਾ ਹਸਪਤਾਲ ਇਸ ਇਲਾਕੇ ਵਿੱਚ ਹੁੰਦਾ ਸੀ। ਉਹਨਾਂ ਨੇ ਆਪਣਾ ਸੇਵਾ ਦਾ ਇਹ ਕਾਰਜ ਨਿਰੰਤਰ ਜਾਰੀ ਰੱਖਿਆ। ਆਪਣੇ ਇਹਨਾਂ ਗੁਣਾਂ ਕਰਕੇ ਉਹ ਇਲਾਕੇ ਭਰ ਵਿੱਚ ਇੱਕ ਜਾਣੀ ਪਹਿਚਾਣੀ ਸ਼ਖਸੀਅਤ ਸਨ। ਚੈਚਲ ਸਿੰਘ ਉੜਾਪੜ ਦਾ ਸਸਕਾਰ ਪਿੰਡ ਉੜਾਪੜ ਦੇ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ। ਉਨ੍ਹਾਂ ਦੀ ਅੰਤਿਮ ਯਾਤਰਾ 'ਚ ਵੱਡੀ ਗਿਣਤੀ 'ਚ ਇਲਾਕੇ ਤੇ ਪਿੰਡਾਂ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਸੇਜਲ ਅੱਖਾਂ ਨਾਲ ਉਨ੍ਹਾਂ ਨੂੰ ਵਿਦਾਈ ਦਿੱਤੀ।


# pnb ਪੰਜਾਬ ਨੈਸ਼ਨਲ ਬੈਂਕ
ਅਸੈਟਸ ਰਿਕਵਰੀ ਮੋਨਿਟਰਿੰਗ ਬਰਾਂਚ (ਏ.ਆਰ.ਐੱਮ.ਬੀ.)
ਐਸਸੀਓ 10-ਬੀ, ਬੀ-ਬਲਾਕ, ਰਣਜੀਤ ਐਵੇਨਿਊ, ਨੇੜੇ ਪਾਸਪੋਰਟ ਦਫ਼ਤਰ, ਅੰਮ੍ਰਿਤਸਰ-143001
ਈ-ਨਿਲਾਮੀ ਵਿਕਰੀ ਸੂਚਨਾ

## ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਆਮ ਜਨਤਾ ਲਈ ਈ-ਨਿਲਾਮੀ ਸੂਚਨਾ

**ਸਰਫੇਸੀ ਐਕਟ ਦੇ ਸਕਿਉਰਿਟੀ ਇੰਟਰੈਸਟ ਇਨਫੋਰਸਮੈਂਟ (ਰੂਲਜ਼ 2002) ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਂਦੇ ਨਿਯਮ 6(2) ਅਤੇ 8(6) ਦੇ ਅਧੀਨ ਆਮ ਜਨਤਾ ਲਈ ਵਿਧਾਨਿਕ 15/30 ਦਿਨਾਂ ਦਾ ਨੋਟਿਸ ਹੈ।**

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੀ ਵਿਵਸਥਾ ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ-2002 ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ। ਇਸ ਦੁਆਰਾ ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਖਾਸ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਵਰਨਣ ਅਚੱਲ ਜਾਇਦਾਦਾਂ ਸਕਿਓਰਡ ਕ੍ਰੈਡੀਟਰਜ਼ ਕੋਲ ਗਿਰਵੀ/ਚਾਰਜ ਹੇਠ ਹਨ, ਜਿਨ੍ਹਾਂ ਦਾ ਉਸਾਰੂ/ਹਕੀਕੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਫ਼ਸਰ, ਸਕਿਓਰਡ ਕ੍ਰੈਡੀਟਰ ਦੁਆਰਾ ਲਿਆ ਜਾ ਚੁੱਕਾ ਹੈ ਅਤੇ ਜਿਨ੍ਹਾਂ ਨੂੰ ਸਬੰਧਿਤ ਕਰਜ਼ਦਾਰਾਂ ਅਤੇ ਗਾਰੰਟਰਾਂ ਕੋਲੋਂ ਬੈਂਕ/ਸਕਿਓਰਡ ਕ੍ਰੈਡਿਟਰ ਵੱਲ ਬਕਾਇਆ ਰਾਸ਼ੀਆਂ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜੋ ਹੈ ਜਿਵੇਂ ਹੈ" ਅਤੇ "ਜੋ ਵੀ ਹੈ ਉੱਥੇ ਹੈ" ਦੇ ਆਧਾਰ 'ਤੇ ਵਿਕਰੀ ਹੇਠਾਂ ਦਰਸਾਈ ਸੂਚੀ ਵਿਚ ਦਰਸਾਈਆਂ ਮਿਤੀਆਂ ਨੂੰ ਵੇਚਿਆ ਜਾਵੇਗਾ। ਰਾਖਵੀਂ ਕੀਮਤ ਅਤੇ ਬਿਆਨਾ ਰਾਸ਼ੀ ਜਮ੍ਹਾਂ ਸਬੰਧਿਤ ਜਾਇਜਾਦਾਂ ਸਾਹਮਣੇ ਸੂਚੀ ਵਿਚ ਦਰਸਾਏ ਅਨੁਸਾਰ ਹੋਵੇਗੀ।

ਸਕਿਓਰਡ ਕ੍ਰੈਡਿਟਰ ਦੀ ਜਾਣਕਾਰੀ ਵਿਚ ਕੋਈ ਝੰਜਟ ਨਿਲ / ਨਾਮਾਲੂਮ

**ਮਿਤੀ 15-07-2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 04.00 ਵਜੇ ਤਕ ਵੈੱਬਸਾਈਟ https://baanknet.com 'ਤੇ ਉਪਲਬਧ ਕਰਵਾਏ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਹੋਵੇਗੀ।**

ਨਿਲਾਮੀ ਵਿਚ ਹਿੱਸਾ ਲੈਣਲਈ ਚਾਹਵਾਨ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਬਣਾਉਣਾ ਪਵੇਗਾ ਅਤੇ ਵੈੱਬਸਾਈਟ https://baanknet.com 'ਤੇ ਈ-ਵੈਲੇਟ ਵਿਚ ਘੱਟੋ-ਘੱਟ ਈਐਮਡੀ ਰਾਸ਼ੀ ਜਮ੍ਹਾਂ ਕਰਵਾਉਣੀ ਪਵੇਗੀ।

ਨਿਲਾਮੀ ਪ੍ਰਕਿਰਿਆ ਸਬੰਧੀ ਦਿਸ਼ਾ-ਨਿਰਦੇਸ਼ਾਂ, ਰਜਿਸਟਰੇਸ਼ਨ ਸਟੇਟਸ ਆਦਿ ਲਈ baanknet ਪੋਰਟਲ ਹੈਲਪ ਡੈਸਕ ਨੰ. +91-8291220220, support.baanknet@psballiance.com

ਬੈਂਕ ਅਫਸਰਾਂ ਦਾ ਸੰਪਰਕ ਵੇਰਵਾ : ਸ਼੍ਰੀ ਅਜੇ ਪਾਲ ਸਿੰਘ (ਸੀਨੀ. ਮੈਨੇਜਰ) (ਮੋ), 98033-13208, ਸ਼੍ਰੀ ਅਨਵਰ ਅਲੀ (ਚੀਫ ਮੈਨੇਜਰ) (ਮੋ) 97976-16733

### ਸੁਰੱਖਿਅਤ ਅਸਾਮਿਆਂ ਦਾ ਸ਼ਡਿਊਲ

| ਬਰਾਂਚ ਦਾ ਨਾਮ / ਪ੍ਰੋਪਰਟੀ ਆਈਡੀ ਨੰਬਰ / ਖਾਤੇ / ਕਰਜ਼ਦਾਰ / ਗਾਰੰਟਰ / ਗਿਰਵੀਕਾਰ ਦਾ ਨਾਮ ਅਤੇ ਪਤਾ | ਗਿਰਵੀ ਰੱਖੀਆਂ ਅਚੱਲ ਜਾਇਦਾਦਾਂ ਦਾ ਵੇਰਵਾ / ਮਾਲਕ ਦਾ ਨਾਮ (ਜਾਇਦਾਦ (ਜਾਇਦਾਦਾਂ) ਦੇ ਗਿਰਵੀਕਾਰ) | (ਏ) ਸਰਫੇਸੀ ਐਕਟ 2002 ਦੀ ਧਾਰਾ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ / (ਬੀ) ਬਕਾਇਆ ਰਾਸ਼ੀ / (ਸੀ) ਸਰਫੇਸੀ ਐਕਟ 2002 ਦੀ ਧਾਰਾ 13(2) ਅਧੀਨ ਕਬਜ਼ੇ ਦੀ ਮਿਤੀ / (ਡੀ) ਕਬਜ਼ੇ ਦੀ ਕਿਸਮ ਸੰਕੇਤਕ / ਭੌਤਿਕ / ਉਸਾਰੂ | ਰਾਖਵੀਂ ਕੀਮਤ / ਈਐਮਡੀ / ਬੋਲੀ ਵਾਧਾ ਰਾਸ਼ੀ |
|---|---|---|---|
| ਬਰਾਂਚ : ਅਲਗੋਂ ਕੋਠੀ (ਲੜੀ ਨੰ. 1 ਤੋਂ 3)<br>PROPERTY ID : PUNB818601353<br>(1) (i) ਸ਼੍ਰੀ ਗੁਰਦਿਆਲ ਸਿੰਘ ਪੁੱਤਰ ਸ਼੍ਰੀ ਪਾਲ ਸਿੰਘ ਵਾਸੀ ਛੰਨਾ ਸਿਰਜਾ ਮਿਰਜ਼ਾ, ਪਿੰਡ ਅਲਗੋਂ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ-143303 (ii) ਸ਼੍ਰੀਮਤੀ ਰੁਪਿੰਦਰ ਕੌਰ (ਸਵ. ਸ਼੍ਰੀ ਗੁਰਦਿਆਲ ਸਿੰਘ ਦੀ ਕਾਨੂੰਨੀ ਵਾਰਿਸ) ਮਕਾਨ ਨੰ. 273, ਛੰਨਾ ਸਰਜਾ ਮਿਰਜਾ, ਪੱਟੀ, ਤਰਨਤਾਰਨ-143303 (iii) ਸ਼੍ਰੀ ਅਨਮੋਲਪ੍ਰੀਤ ਸਿੰਘ (ਸਵ. ਸ਼੍ਰੀ ਗੁਰਦਿਆਲ ਸਿੰਘ ਦੇ ਕਾਨੂੰਨੀ ਵਾਰਸ) ਮਕਾਨ ਨੰ. 273, ਛੰਨਾ ਸਰਜਾ ਮਿਰਜਾ, ਪੱਟੀ, ਤਰਨਤਾਰਨ-143303 (iv) ਸ਼੍ਰੀ ਪਾਲ ਸਿੰਘ (ਸਵ. ਸ਼੍ਰੀ ਗੁਰਦਿਆਲ ਸਿੰਘ ਦੇ ਕਾਨੂੰਨੀ ਵਾਰਸ) ਮਕਾਨ ਨੰ. 273, ਛੰਨਾ ਸਰਜਾ ਮਿਰਜਾ, ਪੱਟੀ, ਤਰਨਤਾਰਨ-143303 (v) ਸ਼੍ਰੀ ਬਲਰਾਜ ਸਿੰਘ ਪੁੱਤਰ ਸ੍ਰੀ ਸੁਖਵਿੰਦਰ ਸਿੰਘ (ਗਾਰੰਟਰ) ਪਿੰਡ ਭੈਣੀ ਮੱਸਾ ਸਿੰਘ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ। | ਸ਼੍ਰੀ ਗੁਰਦਿਆਲ ਸਿੰਘ ਪੁੱਤਰ ਸ਼੍ਰੀ ਪਾਲ ਸਿੰਘ ਦੇ ਨਾਮ 'ਤੇ ਵਾਕਿਆ ਪਿੰਡ ਅਲਗੋਂ (2), ਹਦਬਸਤ ਨੰ. 95, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ਖੇਵਟ ਨੰ. 817, ਖਤੌਨੀ ਨੰ. 1502 ਤੋਂ 1505, ਜ਼ਮੀਨ ਅਤੇ ਇਮਾਰਤ ਜ਼ਮੀਨ ਰਕਬਾ 1 ਕਨਾਲ ਗੈਰ ਮੁਮਕਿਨ। | 25-05-2023<br>ਰ. 37,15,127/94 + ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>15-09-2023<br>ਸੰਕੇਤੱਕ ਕਬਜ਼ਾ | ਰ. 40,50,000/-<br>ਰ. 4,05,000/-<br>ਰ. 20,000/- |
| PROPERTY ID : PUNB818601355<br>(2) (i) ਸ਼੍ਰੀਮਤੀ ਦਰਸ਼ਨ ਕੌਰ ਪਤਨੀ ਗੁਲਜ਼ਾਰ ਸਿੰਘ (ਕਰਜ਼ਦਾਰ), ਮਕਾਨ ਨੰ. 132, ਪਿੰਡ ਤੇ ਡਾਕ. ਰਾਜੋਕੇ, ਅਲਗੋਂ ਕੋਠੀ, ਤਹਿਸੀਲ ਪੱਟੀ, ਜਿਲਾ. ਤਰਨਤਾਰਨ (ii) ਸ਼੍ਰੀ ਗੁਲਜ਼ਾਰ ਸਿੰਘ ਪੁੱਤਰ ਸੰਤੋਖ ਸਿੰਘ (ਸਹਿ-ਕਰਜ਼ਦਾਰ), ਮਕਾਨ ਨੰ. 132, ਪਿੰਡ ਤੇ ਡਾਕ. ਰਾਜੋਕੇ, ਅਲਗੋਂ ਕੋਠੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ (iii) ਸ਼੍ਰੀ ਦਲਜੀਤ ਸਿੰਘ ਪੁੱਤਰ ਗੁਲਜ਼ਾਰ ਸਿੰਘ (ਗਾਰੰਟਰ), ਵਾਸੀ ਡਾਕ. ਰਾਜੋਕੇ ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ (iv) ਸ਼੍ਰੀ ਰਣਜੀਤ ਸਿੰਘ ਪੁੱਤਰ ਗੁਲਜ਼ਾਰ ਸਿੰਘ (ਗਾਰੰਟਰ), ਵਾਸਸੀ ਪਿੰਡ ਰਾਜੋਕੇ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ। | ਏਰੀਆ ਗੈਰ ਮੁਮਕਿਨ ਅਬਾਦੀ ਰਾਜੋਕੇ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ਸਥਿਤ ਖੇਵਟ ਨੰ. 511, ਖਤੌਨੀ ਨੰ. 1518, ਖਸਰਾ ਨੰ. 547 (2-6) ਵਿਚ ਸ਼ਾਮਿਲ ਇੱਕ ਕੋਠੀ ਜਿਸਦਾ ਏਰੀਆ 7-1/4 ਮਰਲੇ ਭਾਵ 2 ਕਨਾਲ 6 ਮਰਲੇ ਦਾ 3/8 ਸ਼ੇਅਰ। | 25-05-2023<br>ਰ. 49,53,090/57 + ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>18-10-2023<br>ਸੰਕੇਤੱਕ ਕਬਜ਼ਾ | ਰ. 32,00,000/-<br>ਰ. 3,20,000/-<br>ਰ. 20,000/- |
| PROPERTY ID : PUNB0XBB10638006<br>(3) ਸ਼੍ਰੀਮਤੀ ਮਨਜੀਤ ਕੌਰ ਪਤਨੀ ਸ਼੍ਰੀ ਸੁਖਵਿੰਦਰ ਸਿੰਘ ਅਤੇ ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਦਰਬਾਰਾ ਸਿੰਘ (ਕਰਜ਼ਦਾਰ) ਵਾਸੀ ਮਕਾਨ ਨੰ. 67, ਪਿੰਡ ਭੈਣੀ ਮੱਸਾ ਸਿੰਘ, ਜ਼ਿਲ੍ਹਾ ਤਰਨ ਤਾਰਨ ਅਤੇ ਗਾਰੰਟਰ : ਸ਼੍ਰੀ ਗੁਰਦੇਵ ਸਿੰਘ ਪੁੱਤਰ ਸ਼੍ਰੀ ਬਲਜੀਤ ਸਿੰਘ, ਮਕਾਨ ਨੰ. 105, ਪਿੰਡ ਤੇ ਡਾਕ. ਅਲਗੋਂ ਕੋਠੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ। | ਦੋ ਮੰਜ਼ਿਲਾ ਇਮਾਰਤ ਵਾਲਾ ਇੱਕ ਮਕਾਨ ਜੋ 20 ਕਨਾਲ 19 ਮਰਲੇ ਵਿਚੋਂ ਏਰੀਆ 2 ਕਨਾਲ ਜਿਸਦਾ ਖਾਤਾ ਖਤੌਨੀ ਨੰ. 265/617, ਖਸਰਾ ਨੰ. 41//23 (8-0), 8/1 (4-0), 41//24 (7-12), 58//3/1 (5-7), ਪਿੰਡ ਅਲਗੋਂ 1, ਗੈਰ ਮੁਮਕਿਨ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ਸਥਿਤ। | 01-08-2023<br>ਰ. 39,12,845/04 + ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>21-12-2023<br>ਸੰਕੇਤੱਕ ਕਬਜ਼ਾ | ਰ. 26,00,000/-<br>ਰ. 2,60,000/-<br>ਰ. 20,000/- |
| ਬਰਾਂਚ : ਪੁਤਲੀਘਰ, ਅੰਮ੍ਰਿਤਸਰ<br>PROPERTY ID: PUNB818601307<br>(4) (i) ਮੈਸ. ਆਰ. ਏ. ਟਰੇਡਰਜ਼ (ਕਰਜ਼ਦਾਰ) ਰਾਹੀਂ ਇਸ ਦੇ ਮਾਲਕ ਸ਼੍ਰੀ ਰਾਜੇਸ਼ ਕਾਲੀਆ ਪੁੱਤਰ ਸ਼੍ਰੀ ਸਲਵਿੰਦਰਜੀਤ, ਕ੍ਰਿਸ਼ਨਾ ਮਿਲਜ਼ ਦੇ ਅੰਦਰ, ਰੇਲਵੇ ਫਾਟਕ ਨੰ. 22, ਇਸਲਾਮਾਬਾਦ, ਅੰਮ੍ਰਿਤਸਰ-143001 (ii) ਸ਼੍ਰੀ ਰਾਜੇਸ਼ ਕਾਲੀਆ ਪੁੱਤਰ ਸ਼੍ਰੀ ਸਲਵਿੰਦਰਜੀਤ (ਮਾਲਕ ਅਤੇ ਖਾਤਾ ਮੈਸ. ਆਰ. ਏ. ਟਰੇਡਰਜ਼ ਵਿੱਚ ਗਿਰਵੀਕਾਰ) ਵਾਸੀ ਮਕਾਨ ਨੰ. 812, ਗਾਂਧੀ ਗਲੀ, 12 ਮਾਕਨ, ਇਸਲਾਮਾਬਾਦ, ਅੰਮ੍ਰਿਤਸਰ-143001 | ਸ਼੍ਰੀ ਮੁਕੇਸ਼ ਕੁਮਾਰ ਸ਼੍ਰੀ ਰਾਜੇਸ਼ ਕਾਲੀਆ ਦੇ ਨਾਮ 'ਤੇ ਵਾਕਿਆ ਰਕਬਾ, ਅੰਮ੍ਰਿਤਸਰ ਅਰਬਨ ਸਰਕਲ ਨੰ. 109, ਆਬਾਦੀ ਇਸਲਾਮਾਬਾਦ, ਨੇੜੇ ਫਾਟਕ ਨੰ. 22, ਅੰਮ੍ਰਿਤਸਰ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2015-16 ਅਨੁਸਾਰ ਖਸਰਾ ਨੰ. 319//2, 321//2, 321//7, 321//11 ਸਾਰੇ ਮਿਨ, ਖੇਵਟ ਖਤੌਨੀ ਨੰ. 367/442, ਹਦਬਸਤ ਨੰ. 387 ਵਿਚ ਸ਼ਾਮਿਲ ਖਾਨਾ ਸ਼ੁਮਾਰੀ ਨੰ. 884-85/16 ਵਾਲੀ ਜ਼ਮੀਨ ਅਤੇ ਇਮਾਰਤ ਅਤੇ ਹੱਦਾਂ ਇੰਝ ਹਨ : ਉੱਤਰ : ਸੋਨੂੰ ਕਬਾੜੀਆ, ਦੱਖਣ : ਸਕਰਿਊ ਫੈਕਟਰੀ, ਪੂਰਬ : ਗਲੀ, ਪੱਛਮ : ਜੈ ਮਿੱਲਜ਼। ਨੋਟ :ਇਹ ਜਾਇਦਾਦ ਮੈਸ. ਅਭਿਨਵ ਟੈਕਸਟਾਈਲ ਦੇ ਖਾਤੇ ਵਿਚ ਵੀ ਗਿਰਵੀ ਪਈ ਹੈ। | 02-02-2023<br>ਰ. 25,26,182/- + ਮਿਤੀ 01-02-2023 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ<br>28-07-2023<br>ਸੰਕੇਤੱਕ ਕਬਜ਼ਾ | ਰ. 24,10,000/-<br>ਰ. 2,41,000/-<br>ਰ. 20,000/- |
| ਬਰਾਂਚ : ਵੇਰਕਾ, ਅੰਮ੍ਰਿਤਸਰ<br>PROPERTY ID : PUNB818601340<br>(5) (1) (i) ਮੈਸ. ਯੂਨੀਵਰਸਲ ਮਾਰਕੀਟਿੰਗ ਕੰਪ. ਦੀਪ ਇਨਕਲੇਵ, ਓਲਡ ਫਾਰਤ ਵੂਲਨ ਮਿੱਲਜ਼ ਦੇ ਅੰਦਰ ਵੱਲ, ਬਟਾਲਾ ਰੋਡ, ਅੰਮ੍ਰਿਤਸਰ। ਰਾਹੀਂ ਇਸਦੇ ਮਾਲਕ ਸ਼੍ਰੀ ਅਮਨਦੀਪ ਸਿੰਘ ਪੁੱਤਰ ਸਵ. ਸ਼੍ਰੀ ਤਰਲੋਚਨ ਸਿੰਘ (ii) ਸ਼੍ਰੀ ਅਮਨਦੀਪ ਸਿੰਘ ਪੁੱਤਰ ਸਵ. ਸ਼੍ਰੀ ਤਰਲੋਚਨ ਸਿੰਘ (ਮਾਲਕ) ਵਾਸੀ ਮਕਾਨ ਨੰ. 101, ਆਰ. ਬੀ. ਅਸਟੇਟ, ਲਹੌਰਕਾ ਰੋਡ, ਅੰਮ੍ਰਿਤਸਰ (iii) ਸ਼੍ਰੀਮਤੀ ਮੋਹਿੰਦਰ ਕੌਰ ਪਤਨੀ ਸਵ. ਸ਼੍ਰੀ ਤਰਲੋਚਨ ਸਿੰਘ (ਗਾਰੰਟਰ) ਵਾਸੀ | ਇਕ ਦੁਕਾਨ ਨੰ. ਐੱਸਐੱਫ-12, ਦੂਜੀ ਮੰਜ਼ਿਲ, ਸੈਲੀਬ੍ਰੇਸ਼ਨ ਮਾਲ, ਬਟਾਲਾ ਰੋਡ, ਅੰਮ੍ਰਿਤਸਰ, ਕੁੱਲ ਰਕਬਾ 398 ਵਰਗ ਫੁੱਟ ਦਸਤਾਵੇਜ਼ ਨੰਬਰ 4046, ਜਿਲਦ ਨੰ. 140 86, ਸਫਾ ਨੰ. 56, ਮਿਤੀ 26-08-2014, ਸ਼੍ਰੀਮਤੀ ਮੋਹਿੰਦਰ ਕੌਰ ਪਤਨੀ ਸਵਰਗਵਾਸੀ ਸ਼੍ਰੀ ਤਰਲੋਚਨ ਸਿੰਘ। | 01-07-2017<br>ਰ. 25,24,204/- ਮਿਤੀ 13-01-2017 ਨੂੰ + ਵਿਆਜ, ਹੋਰ ਖਰਚੇ ਅਤੇ ਵਸੂਲੀ ਘਟਾ ਕੇ, ਜੇਕਰ ਕੋਈ ਹੋਵੇ<br>15-04-2021<br>ਭੌਤਿਕ ਕਬਜ਼ਾ | ਰ. 19,00,000/-<br>ਰ. 1,90,000/-<br>ਰ. 20,000/- |
| ਬਰਾਂਚ : ਗੋਲਡਨ ਐਵੇਨਿਊ, ਅੰਮ੍ਰਿਤਸਰ<br>PROPERTY ID : PUNB0ABA37774962<br>(6) (i) ਸ਼੍ਰੀਮਤੀ ਰੀਤੂ ਪਤਨੀ ਸ਼੍ਰੀ ਪ੍ਰਦੀਪ ਸ਼ਰਮਾ (ਕਰਜ਼ਦਾਰ/ਗਿਰਵੀਕਾਰ) 296-ਬੀ, ਤਿਲਕ ਨਗਰ, ਅੰਮ੍ਰਿਤਸਰ-143001 (ii) ਸ਼੍ਰੀਮਤੀ ਸੰਤੋਸ਼ ਸ਼ਰਮਾ ਪਤਨੀ ਸ਼੍ਰੀ ਕੇਦਾਰ ਨਾਥ ਸ਼ਰਮਾ (ਕਰਜ਼ਦਾਰ/ਗਿਰਵੀਕਾਰ) 296-ਬੀ, ਤਿਲਕ ਨਗਰ, ਅੰਮ੍ਰਿਤਸਰ-143001 | (i) ਵਸੀਕਾ ਨੰ. 3620, ਬਹੀ ਨੰਬਰ 1, ਜਿਲਦ ਨੰਬਰ 5986, ਪੰਨਾ 7879 ਮਿਤੀ 14-07-2014 ਤਹਿਤ ਸ਼੍ਰੀਮਤੀ ਰੀਤੂ ਪਤਨੀ ਸ਼੍ਰੀ ਪ੍ਰਦੀਪ ਕੁਮਾਰ ਦੇ ਨਾਮ 'ਤੇ ਰਜਿਸਟਰਡ ਆਬਾਦੀ ਦਰਸ਼ਨ ਐਵੇਨਿਊ, ਦਸ਼ਮੇਸ਼ ਨਗਰ, ਜੌੜਾ ਫਾਟਕ, ਅੰਮ੍ਰਿਤਸਰ ਵਿਖੇ ਸਥਿਤ ਜਾਇਦਾਦ ਰਕਬਾ 125 ਵਰਗ ਗਜ਼ ਖਸਰਾ ਨੰ. 625 ਮਿਨ, ਪ੍ਰਾਈਵੇਟ ਨੰ. 45 ਅਤੇ ਹੱਦਾਂ ਇੰਝ ਹਨ : ਉੱਤਰ : ਗਲੀ 16 ਫੁੱਟ ਚੌੜੀ, ਦੱਖਣ : ਪਲਾਟ ਨੰ. 24, 25, ਪੂਰਬ : ਪਲਾਟ ਨੰ. 46, ਪੱਛਮ : ਪਲਾਟ ਨੰ. 43<br>(ii) ਵਸੀਕਾ ਨੰ. 1973, ਬਹੀ ਨੰ. 1, ਜਿਲਦ ਨੰ. 1670, ਪੰਨਾ ਨੰ. 13 ਮਿਤੀ 23-05-2003 ਤਹਿਤ ਸ਼੍ਰੀਮਤੀ ਸੰਤੋਸ਼ ਸ਼ਰਮਾ ਪਤਨੀ ਸ਼੍ਰੀ ਕੇਦਾਰ ਨਾਥ ਸ਼ਰਮਾ ਦੇ ਨਾਮ 'ਤੇ ਰਜਿਸਟਰਡ ਅਬਾਦੀ ਦਰਸ਼ਨ ਐਵੇਨਿਊ, ਦਸ਼ਮੇਸ਼ ਨਗਰ, ਜੌੜਾ ਫਾਟਕ, ਅੰਮ੍ਰਿਤਸਰ ਵਿਖੇ ਸਥਿਤ ਜਾਇਦਾਦ ਰਕਬਾ 125 ਵਰਗ ਗਜ਼ ਖਸਰਾ ਨੰ. 625 ਮਿਨ ਪ੍ਰਾਈਵੇਟ ਨੰ. 45 ਹੱਦਾਂ ਇੰਝ ਹਨ : ਉੱਤਰ : ਗਲੀ 16 ਫੁੱਟ ਚੌੜੀ, ਦੱਖਣ: ਪਲਾਟ ਨੰ. 24, 25, ਪੂਰਬ: ਪਲਾਟ ਨੰ. 46 ਮਾਲਕ ਹਰਜਿੰਦਰ ਕੌਰ, ਪੱਛਮੀ : ਪਲਾਟ ਨੰ. 43 | 05-11-2024<br>ਰ. 21,31,898/58 ਮਿਤੀ 30-09-2024 ਨੂੰ + ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>01-02-2025<br>ਸੰਕੇਤੱਕ ਕਬਜ਼ਾ | ਰ. 47,00,000/-<br>ਰ. 4,70,000/-<br>ਰ. 20,000/- |


### ਸਰਫੇਸੀ ਐਕਟ 2002 ਦੇ ਨਿਯਮ 8(6) ਅਧੀਨ 15/30 ਦਿਨਾਂ ਦਾ ਵਿਧਾਨਿਕ ਵਿਕਰੀ ਨੋਟਿਸ

**ਨਿਯਮ ਅਤੇ ਸ਼ਰਤਾਂ :** (1) ਵਿਕਰੀ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਵਿੱਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਹੇਠਾਂ ਹੋਰ ਸ਼ਰਤਾਂ ਦਾ ਵਿਸ਼ਾ ਹੋਵੇਗੀ। (2) ਜਾਇਦਾਦਾਂ 'ਜਿਵੇਂ ਹੈ ਜਿਥੇ ਹੈ', **'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ ਉੱਥੇ ਹੈ'** ਆਧਾਰ 'ਤੇ ਵੇਚੀਆਂ ਜਾਣੀਆਂ ਹਨ। (3) ਉਕਤ ਦਰਸਾਈ ਸੂਚੀ ਵਿਚ ਦਰਸਾਏ ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਬੋਤਮ ਜਾਣਕਾਰੀ ਦੇ ਅਨੁਸਾਰ ਹਨ, ਪਰੰਤੂ ਅਧਿਕਾਰਤ ਅਧਿਕਾਰ ਇਸ ਐਲਾਨਨਾਮੇ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਉਕਤਾਈ ਦੇ ਲਈ ਜਵਾਬਦੇਹ ਨਹੀਂ ਹੋਵੇਗਾ। (4) ਜਾਇਦਾਦਾਂ ਸਬੰਧੀ ਕਿਸੇ ਵੀ ਝੰਜਟ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮ ਕੀਤੀਆਂ ਜਾਣ ਵਾਲੀਆਂ ਜਾਇਦਾਦਾਂ ਦੇ ਸਬੰਧ ਵਿਚ ਕਿਸੇ ਵੀ ਚਾਰਜ, ਮੁਕੱਦਮੇ, ਝੰਜਟਾਂ ਜਾਂ ਸਰਕਾਰ ਦੇ ਕਿਸੇ ਹੋਰ ਬਕਾਇਆਂ ਜਾਂ ਕਿਸੇ ਹੋਰ ਬਕਾਏ ਦੇ ਲਈ ਜ਼ਿੰਮੇਵਾਰ ਨਹੀਂ ਹੋਣਗੇ। (5) ਚਾਹਵਾਨ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਿਧਾਨਿਕ ਦੇਣਦਾਰੀਆਂ, ਪ੍ਰਾਪਰਟੀ ਟੈਕਸ ਦੇ ਏਰੀਅਰਜ਼, ਬਿਜਲੀ ਬਕਾਇਆਂ, ਕਿਸੇ ਵਿਭਾਗ ਕੋਲੋਂ ਐਨਓਸੀ ਆਦਿ, ਸਮੇਤ ਜਾਇਦਾਦ ਉੱਪਰ ਝੰਜਟਾਂ ਦੀ ਸੁਤੰਤਰ ਪੁੱਛ-ਪੜਤਾਲ ਕਰ ਲੈਣ। ਬਕਾਇਆ ਚਾਰਜਿਜ਼ / ਬਿਜਲੀ ਦੇ ਬਿਲ, ਹਾਊਸ ਟੈਕਸ ਨੂੰ ਨਿਲਾਮੀ ਖਰੀਦਦਾਰ ਵੱਲੋਂ ਸਹਿਨ ਕਰਨਾ ਪਵੇਗਾ। (6) ਸਕਿਓਰਡ ਕ੍ਰੈਡਿਟਰ ਨੂੰ ਵੇਚੀਆਂ ਜਾਣ ਵਾਲੀਆਂ ਜਾਇਦਾਦਾਂ ਦੀ ਫਿੱਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਲਈ ਕਾਨੂੰਨੀ ਤੌਰ 'ਤੇ ਜਵਾਬਦੇਹ ਨਹੀਂ ਹੋਵੇਗਾ। (7) ਵਿਕਰੀ ਵੈੱਬਸਾਈਟ https://baanknet.com 'ਤੇ ਉਪਲਬਧ ਈ-ਨਿਲਾਮੀ ਪਲੇਟਫਾਰਮ ਦੁਆਰਾ **ਮਿਤੀ 15-07-2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 04.00 ਵਜੇ** ਨਿਮਨਹਸਤਾਖਰੀ ਦੁਆਰਾ ਕਰਵਾਈ ਜਾਵੇਗੀ। ਵਿਕਰੀ ਦੇ ਵਿਸਥਾਰਿਤ ਨਿਯਮ ਅਤੇ ਸ਼ਰਤਾਂ ਲਈ ਵੈੱਬਸਾਈਟ https://baanknet.com, https://eprocure.gov.in/epublish/app ਅਤੇ www.pnbindia.in ਦਾ ਹਵਾਲਾ ਲਓ। (8) ਰਾਖਵੀਂ ਕੀਮਤ ਤੋਂ ਉੱਤੇ ਘੱਟੋ-ਘੱਟ ਇੱਕ ਬੋਲੀ ਰਾਸ਼ੀ ਲਾਜ਼ਮੀ ਹੈ।

ਮਿਤੀ : 21-06-2025    ਸਥਾਨ : ਅੰਮ੍ਰਿਤਸਰ    ਸਹੀ/- ਅਧਿਕਾਰਤ ਅਫ਼ਸਰ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ: ਸਮੁੱਚੀ ਮਾਨਵਤਾ ਲਈ ਨਿਸ਼ਕਾਮ ਸਿਹਤ ਸੇਵਾਵਾਂ ਦਾ ਪ੍ਰਤੀਕ





ਮਨਮੋਹਨ ਸਿੰਘ
ਮੋ. 8437725172
ਉਪ ਸਕੱਤਰ ਲੋਕ ਸੰਪਰਕ ਵਿਭਾਗ (ਸੇਵਾ ਮੁਕਤ) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਨਿਸ਼ਕਾਮ ਸੇਵਾ ਸਿੱਖ ਧਰਮ ਦਾ ਇੱਕ ਮੂਲ ਸਿਧਾਂਤ ਹੈ, ਜਿਸ ਦਾ ਅਰਥ ਹੈ ਨਿਸ਼ਕਾਮ ਸੇਵਾ-ਇਹੋ ਜਿਹੀ ਸੇਵਾ ਜੋ ਕਿਸੇ ਇਨਾਮ, ਮਾਨ-ਸਨਮਾਨ ਜਾਂ ਨਿੱਜੀ ਲਾਭ ਦੀ ਉਮੀਦ ਤੋਂ ਬਿਨਾਂ ਕੀਤੀ ਜਾਂਦੀ ਹੈ । ਇਹ ਹਰ ਸਿੱਖ ਲਈ ਆਤਮਕ ਫ਼ਰਜ਼ ਮੰਨੀ ਜਾਂਦੀ ਹੈ ਅਤੇ ਸਿੱਖ ਮੁੱਲਾਂ ਅਨੁਸਾਰ ਜੀਵਨ ਜੀਉਣ ਦਾ ਕੇਂਦਰੀ ਹਿੱਸਾ ਹੈ।

ਜੇਕਰ ਨਿੱਜ ਲਾ ਕੇ ਦੇਖਿਆ ਜਾਵੇ ਤਾਂ ਮਨੁੱਖੀ ਜੀਵਨ ਨੂੰ ਜਿਉਣ ਲਈ ਰੋਟੀ, ਸਿੱਖਿਆ ਅਤੇ ਸਿਹਤ ਸਹੂਲਤਾਂ ਹੀ ਬੁਨਿਆਦੀ ਲੋੜਾਂ ਹਨ, ਇਸੇ ਉਦੇਸ਼ ਦੀ ਪੂਰਤੀ ਅਤੇ ਮਨੁੱਖਤਾ ਦੀ ਨਿਸ਼ਕਾਮ ਭਲਾਈ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਗਾਤਾਰ ਪਹਿਲ ਕਦਮੀਆਂ ਅਤੇ ਅਣਥੱਕ ਯਤਨਾਂ ਨਾਲ ਸਿਹਤ ਸੇਵਾਵਾਂ ਦਾ ਪ੍ਰਤੀਕ ਬਣ ਗਈ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਅਦੁੱਤੀ, ਅਮੁਲਕ ਅਤੇ ਪ੍ਰੇਰਨਾਦਾਇਕ ਯੋਗਦਾਨ ਨਾਲ ਇਕ ਨਵੀਂ ਉਮੀਦ, ਨਵੀਂ ਰੌਸ਼ਨੀ, ਸਮਾਜਿਕ ਭਲਾਈ ਵੱਲ ਲਗਾਤਾਰ ਉਪਰਾਲਿਆਂ ਨਾਲ ਨਾ ਸਿਰਫ ਸਿੱਖਾਂ ਦਾ ਅਕਸ ਉਚਾ ਹੋਇਆ ਸਗੋਂ ਵਿਦੇਸ਼ਾਂ ਵਿੱਚ ਵੀ ਭਾਰਤ ਦਾ ਨਾਮ ਰੌਸ਼ਨ ਹੋਇਆ ਹੈ।

ਸਮੁੱਚੀ ਮਾਨਵਤਾ ਲਈ ਨਿਸ਼ਕਾਮ ਸਿਹਤ ਸੇਵਾਵਾਂ ਦਾ ਪ੍ਰਤੀਕ ਪਿੱਛੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਦੀਪ ਸਿੰਘ ਕਾਲਕਾ ਦੀ ਨਵੀਂ ਸੋਚ ,ਉਤਸ਼ਾਹ ਅਤੇ ਪ੍ਰੇਰਨਾ ਦਾ ਸਰੋਤ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿਰਫ ਧਾਰਮਿਕ ਹੀ ਨਹੀਂ, ਸਗੋਂ ਸਮਾਜਿਕ ਅਤੇ ਸਿਹਤ ਖੇਤਰ ਵਿੱਚ ਵੀ ਆਪਣੇ ਵੱਡੇ ਯਤਨਾਂ ਰਾਹੀਂ ਨਵੀਂ ਮਿਸਾਲ ਕਾਇਮ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਹਸਪਤਾਲ, ਮੁਫ਼ਤ ਦਵਾਈਆਂ, ਲੰਗਰ ਸੇਵਾਵਾਂ, ਐਂਬੂਲੈਂਸ ਸਹੂਲਤਾਂ ਅਤੇ ਰੋਗੀਆਂ ਲਈ ਵਿਸ਼ੇਸ਼ ਸਹਾਇਤਾ ਪ੍ਰੋਗਰਾਮ-ਇਹ ਸਭ ਵੱਡੇ ਪੱਧਰ 'ਤੇ ਲੋਕਾਂ ਦੀ ਭਲਾਈ ਲਈ ਸਮਰਪਿਤ ਹਨ । ਇਹ ਯਤਨ ਨਾ ਸਿਰਫ਼ ਦਿੱਲੀ, ਸਗੋਂ ਪੂਰੇ ਦੇਸ਼ ਵਿੱਚ ਸਮਾਜਿਕ ਭਲਾਈ ਲਈ ਪ੍ਰੇਰਨਾਦਾਇਕ ਨਮੂਨਾ ਬਣ ਚੁੱਕੇ ਹਨ, ਜਿੱਥੇ ਹਰ ਵਰਗ ਦੇ ਲੋਕਾਂ ਨੂੰ ਲਾਭ ਮਿਲ ਰਿਹਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਅਦੁੱਤੀ ਸੇਵਾ, ਸਮਾਜ ਵਿੱਚ ਨਵੀਂ ਉਮੀਦ ਅਤੇ ਵਿਸ਼ਵਾਸ ਦੀ ਚਾਨਣ ਵਾਂਗ ਚਮਕ ਰਹੀ ਹੈ, ਜੋ ਸੱਚੀ ਸੇਵਾ ਅਤੇ ਮਨੁੱਖਤਾ ਦੀ ਮਿਸਾਲ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਦੇਸ਼ ਵਿੱਚ ਇੱਕ ਸੰਸਥਾ ਹੈ, ਜੋ ਦਿੱਲੀ ਸਿੱਖ ਗੁਰਦੁਆਰਾ ਐਕਟ, 1971 ਦੇ ਅਧੀਨ ਕੰਮ ਕਰ ਰਹੀ ਹੈ, ਜੋ ਕਿ ਭਾਰਤ ਦੀ ਪਾਰਲੀਮੈਂਟ ਵੱਲੋਂ ਲਾਗੂ ਕੀਤਾ ਗਿਆ ਇੱਕ ਕਾਨੂੰਨ ਹੈ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਸ਼ਹਿਰ ਵਿੱਚ ਗੁਰਦੁਆਰਿਆਂ, ਸਿੱਖ ਧਾਰਮਿਕ ਸਥਾਨਾਂ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ। ਇਹ ਦਿੱਲੀ ਵਿੱਚ ਵੱਖ-ਵੱਖ ਵਿਦਿਅਕ ਸੰਸਥਾਵਾਂ, ਹਸਪਤਾਲਾਂ, ਬਿਰਧ ਘਰਾਂ, ਲਾਇਬ੍ਰੇਰੀਆਂ ਅਤੇ ਹੋਰ ਚੈਰੀਟੇਬਲ ਸੰਸਥਾਵਾਂ ਦਾ ਪ੍ਰਬੰਧਨ ਵੀ ਕਰਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾ ਰਹੀ ਹੈ,ਇਸ ਵਿੱਚ ਵਿਸ਼ੇਸ਼ ਕਰਕੇ ਗਰੀਬ ਅਤੇ ਕਮਜ਼ੋਰ ਵਰਗਾਂ ਲਈ ਮੁਫ਼ਤ ਜਾਂ ਘੱਟ ਕੀਮਤ 'ਤੇ ਬਿਮਾਰੀਆਂ ਦੇ ਇਲਾਜ ਦੀ ਸਹੂਲਤ ਮੁਹੱਈਆ ਕਰਵਾਕੇ ਅੱਜ ਤੱਕ ਲਗਭਗ 50000 ਸੀ.ਟੀ. ਸਕੈਨ 50 ਰੁਪਏ ਪ੍ਰਤੀ ਅਤੇ 60000 ਐਮ.ਆਰ.ਆਈ 50 ਰੁਪਏ ਪ੍ਰਤੀ ਦੀ ਲਾਗਤ ਨਾਲ ਕੀਤੇ ਜਾ ਚੁੱਕੇ ਹਨ ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਨੁਸਾਰ ਕਮੇਟੀ ਵੱਲੋਂ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਨਿਸ਼ਕਾਮ ਸੇਵਾ ਦੀ ਲੜੀ ਵਿੱਚ ਹਮੇਸ਼ਾ ਅਣਥੱਕ ਯਤਨਾਂ ਕੀਤੇ ਜਾਂਦੇ ਹਨ, ਹਾਲ ਹੀ ਵਿੱਚ ਇਸੇ ਉਦਮ ਨੂੰ ਅੱਗੇ ਤੋਰਦਿਆਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਕਈ ਹੋਰ ਪਹਿਲਕਦਮੀਆਂ ਆਰੰਭੀਆਂ ਗਈਆਂ ਹਨ, ਜਿਸ ਦੇ ਸਾਰਥਕ ਨਤੀਜੇ ਭਵਿੱਖ ਵਿੱਚ ਸਾਹਮਣੇ ਆਉਣਗੇ।

**ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪੀਈਟੀ ਸਕੈਨ ਸੈਂਟਰ ਸ਼ੁਰੂ:**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਥਿਤ ਗੁਰੂ ਹਰਕ੍ਰਿਸ਼ਨ ਪੋਲੀਕਲੀਨਿਕ ਵਿੱਚ (PET SCAN ) ਪੀਈਟੀ ਸਕੈਨ ਸੈਂਟਰ ਨੂੰ ਸਮਰਪਿਤ ਕੀਤਾ । ਕੈਂਸਰ ਦੀ ਬਿਮਾਰੀ ਦੀ ਜਲਦੀ ਪਹਿਚਾਣ ਅਤੇ ਇਲਾਜ ਲਈ ਬਣਾਏ ਗਏ ਇਹ ਸਕੈਨ ਸੈਂਟਰ 6 ਜੂਨ,2025 ਨੂੰ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ।ਪੀਈਟੀ ਸਕੈਨ ਸੈਂਟਰ ਦੀ ਸ਼ੁਰੂਆਤ 21ਵੀਂ ਸਦੀ ਦੇ ਉਹਨਾਂ ਸ਼ਹੀਦਾਂ ਨੂੰ ਵੀ ਸਮਰਪਿਤ ਹੈ ਜੋ ਜ਼ੁਲਮ ਅਤੇ ਤਾਨਾਸ਼ਾਹੀ ਦੇ ਕਾਰਨ ਸ਼ਹੀਦ ਹੋਏ।

ਹਰਮੀਤ ਸਿੰਘ ਕਾਲਕਾ ਅਨੁਸਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਸਾਹਿਬਾਨਾਂ ਦੇ ਦੱਸੇ ਰਾਹ ਉੱਤੇ ਚੱਲਦੇ ਹੋਏ ਮਨੁੱਖਤਾ ਦੀ ਸੇਵਾ ਕਰ ਰਹੀ ਹੈ ਅਤੇ ਕਮੇਟੀ ਸੰਸਾਰ ਨੂੰ ਇਹ ਸਾਫ਼ ਸੁਨੇਹਾ ਦੇਣਾ ਚਾਹੁੰਦੀ ਹਾਂ ਕਿ ਸਿੱਖ ਕੌਮ ਇੱਕ ਅਮਨ ਪਸੰਦ ਅਤੇ ਧਾਰਮਿਕ ਰੂਪ ਵਿੱਚ ਨਿਰਪੱਖ ਭਾਈਚਾਰਾ ਹੈ ਜੋ ਦੁੱਖ ਸਹਿ ਕੇ ਵੀ ਮਨੁੱਖਤਾ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰ ਦਿੰਦਾ ਹੈ। ਸਰਦਾਰ ਹਰਮੀਤ ਸਿੰਘ ਕਾਲਕਾ ਅਨੁਸਾਰ ਇਸ ਪੀਈਟੀ ਸਕੈਨ ਦੀ ਕੀਮਤ ਬਹੁਤ ਘੱਟ ਰੱਖੀ ਗਈ ਹੈ, ਸਿਰਫ਼ ਟੈਸਟ ਕਰਨ ਵਿੱਚ ਆਉਣ ਵਾਲਾ ਖ਼ਰਚਾ ਹੀ ਮਰੀਜ਼ ਤੋਂ ਲਿਆ ਜਾਂਦਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਕਿਸੇ ਵੀ ਪਰਿਵਾਰ ਨੂੰ ਇਹ ਸਹੂਲਤ ਲੈਣ ਦੀ ਲੋੜ ਨਾ ਪਵੇ, ਕਿਉਂਕਿ ਕੈਂਸਰ ਦੇ ਰੋਗ ਦੀ ਪਛਾਣ ਹੋਣ 'ਤੇ ਪਰਿਵਾਰ 'ਤੇ ਦੁੱਖ ਦਾ ਪਹਾੜ ਟੁੱਟ ਪੈਂਦਾ ਹੈ। ਇਹ ਸਹੂਲਤ ਹਰ ਕਿਸੇ ਲਈ ਉਪਲਬਧ ਹੋਵੇਗੀ, ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤੀ ਨਾਲ ਸਬੰਧਤ ਹੋਵੇ ।

ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਾ ਬਚਨ ਸਿੰਘ ਅਤੇ ਬਾਬਾ ਸਤਨਾਮ ਸਿੰਘ ਕਾਰ ਸੇਵਾ ਵਾਲਿਆਂ ਦੀ ਧੰਨਵਾਦੀ ਹੈ, ਜਿਨ੍ਹਾਂ ਨੇ ਪੀਈਟੀ ਸਕੈਨ ਸੈਂਟਰ ਦੀ ਇਮਾਰਤ ਤਿਆਰ ਕੀਤੀ। ਇਸ ਸਕੈਨ ਮਸ਼ੀਨ ਦੀ ਕੀਮਤ 10 ਕਰੋੜ ਰੁਪਏ ਹੈ ਜੋ ਕਿ ਇੱਕ ਗੁਰੂ ਘਰ ਦੇ ਪ੍ਰੇਮੀ ਪਰਿਵਾਰ ਵੱਲੋਂ ਦਾਨ ਕੀਤੀ ਗਈ ਹੈ।


ਹਰਮੀਤ ਸਿੰਘ ਕਾਲਕਾ ਨੇ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਦਿੱਲੀ ਸਰਕਾਰ ਵਿੱਚ ਕੈਬਨਿਟ ਮੰਤਰੀ ਐੱਸ. ਮਨਜਿੰਦਰ ਸਿੰਘ ਸਿਰਸਾ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਦੇ ਕਾਰਜਕਾਲ ਦੌਰਾਨ ਪੋਲੀਕਲੀਨਿਕ ਵਿੱਚ ਮੁਫ਼ਤ ਡਾਇਲਿਸਿਸ, ਘੱਟ ਲਾਗਤ ਵਾਲੀ ਐਮਆਰਆਈ ਅਤੇ ਹੋਰ ਟੈਸਟਾਂ ਦੀ ਸੇਵਾ ਸ਼ੁਰੂ ਹੋਈ ਸੀ। ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਵੀ ਪੋਲੀਕਲੀਨਿਕ ਵਿੱਚ ਦਿੱਤੀ ਜਾ ਰਹੀ ਇਹ ਸਹੂਲਤ ਮਨੁੱਖਤਾ ਦੀ ਸੇਵਾ ਲਈ ਬਹੁਤ ਮਹੱਤਵਪੂਰਨ ਯੋਗਦਾਨ ਹੈ।

ਬਾਲਾ ਸਾਹਿਬ ਹਸਪਤਾਲ ਦਿੱਲੀ ਵਾਸੀਆਂ ਨੂੰ ਸਮਰਪਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 13 ਜੂਨ ਨੂੰ ਗੁਰਦੁਆਰਾ ਬਾਲਾ ਸਾਹਿਬ ਵਿਖੇ ਅਰਦਾਸ ਕਰਕੇ 50 ਬਿਸਤਰਿਆਂ ਵਾਲਾ ਗੁਰੂ ਹਰਕ੍ਰਿਸ਼ਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਨੂੰ ਲੋਕਾਂ ਨੂੰ ਸਮਰਪਿਤ ਕੀਤਾ। ਸਰਦਾਰ ਹਰਮੀਤ ਸਿੰਘ ਕਾਲਕਾ ਅਨੁਸਾਰ ਇਹ ਹਸਪਤਾਲ ਵਿੱਚ ਪਹਿਲੀ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ ਪਰ ਇਲਾਜ ਦੇ ਖਰਚ ਸਰਕਾਰੀ ਹਸਪਤਾਲਾਂ ਦੇ ਬਰਾਬਰ ਰੱਖੇ ਗਏ ਹਨ। ਇਸ ਹਸਪਤਾਲ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਹਸਪਤਾਲ ਵਿੱਚ ਓ.ਪੀ.ਡੀ. ਮੁਫ਼ਤ ਦਿੱਤੀ ਜਾਵੇਗੀ।ਇਸ ਹਸਪਤਾਲ ਵਿੱਚ ਜਿਹੜੇ ਫਿਜ਼ੀਸ਼ੀਅਨ, ਡਾਕਟਰ ਇਸ ਸੇਵਾਵਾਂ ਨਿਭਾਉਣਗੇ। ਉਨ੍ਹਾਂ ਦੀਆਂ ਫੀਸਾਂ ਕਿਸੇ ਨੂੰ ਨਹੀਂ ਦੇਣੀਆਂ, ਪਰ ਇਸ ਤੋਂ ਬਾਹਰ ਜੇਕਰ ਕੋਈ ਮੈਡੀਕਲ ਖਰਚੇ ਜਾਂ ਦਵਾਈਆਂ ਦੀ ਲੋੜ ਪੈਂਦੀਆਂ ਹਨ, ਜੋ ਕਿ ਬਹੁਤ ਹੀ ਰਿਆਇਤੀ ਕੀਮਤ 'ਤੇ ਦਿੱਤੀਆਂ ਜਾਣਗੀਆਂ, ਜੋ ਕਿ ਦਿੱਲੀ ਵਿੱਚ ਪਹਿਲਾਂ ਤੋਂ ਹੀ ਬਾਲਾ ਸਾਹਿਬ ਦਵਾਖਾਨਿਆਂ ਵਿਚ ਦਿੱਤੀਆਂ ਜਾ ਰਹੀਆਂ ਹਨ।ਇਸ ਹਸਪਤਾਲ ਵਿੱਚ ਸ਼ਾਇਦ ਹੀ ਕੋਈ ਅਜਿਹੀ ਬਿਮਾਰੀ ਹੋਵੇ ਜਿਸ ਦੇ ਡਾਕਟਰ ਅਤੇ ਸਹਾਇਕ ਨਾ ਹੋਣ । ਇਸ ਹਸਪਤਾਲ ਵਿੱਚ ਨੇਫਰੋਲੋਜੀ, ਯੂਰੋਲੋਜੀ, ਗਾਈਨੋਕੋਲੋਜੀ, ਪੀਡੀਆਟ੍ਰਿਕਸ ਆਦਿ ਵਿਭਾਗ ਹਨ। ਇਸ ਤੋਂ ਇਲਾਵਾ ਦੋ ਆਈ.ਸੀ.ਯੂ., ਇੱਕ ਪੀਡੀਆਟ੍ਰਿਕਸ ਆਈ.ਸੀ.ਯੂ., ਨਵੀਨਤਮ ਸੀ.ਟੀ. ਸਕੈਨ ਅਤੇ ਅਲਟਰਾਸਾਊਂਡ ਸਹੂਲਤਾਂ ਅਤੇ ਵੱਖ-ਵੱਖ ਵਿਭਾਗਾਂ ਲਈ ਮਾਹਰ ਡਾਕਟਰ ਉਪਲਬਧ ਹਨ ।

ਇਥੇ ਵਿਸ਼ੇਸ਼ ਤੌਰ 'ਤੇ ਦੱਸਿਆ ਜਾਂਦਾ ਹੈ ਕਿ ਸੰਨ 2019 ਵਿੱਚ ਜਦੋਂ ਮਨਜਿੰਦਰ ਸਿੰਘ ਸਿਰਸਾ ਕਮੇਟੀ ਦੇ ਪ੍ਰਧਾਨ ਸਨ ਅਤੇ ਹਰਮੀਤ ਸਿੰਘ ਕਾਲਕਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬਣੇ, ਤਾਂ ਹਸਪਤਾਲ ਦੀ ਸ਼ੁਰੂਆਤ ਲਈ ਯਤਨ ਕੀਤੇ ਗਏ।ਇੱਕ ਮੁਫ਼ਤ ਡਾਇਲਿਸਿਸ ਹਸਪਤਾਲ ਸ਼ੁਰੂ ਕੀਤਾ ਗਿਆ ਸੀ। ਕਮੇਟੀ ਦੇ ਰਿਕਾਰਡ ਅਨੁਸਾਰ ਹੁਣ ਤੱਕ 90,000 ਡਾਇਲਿਸਿਸ ਬਿਲਕੁਲ ਮੁਫ਼ਤ ਕੀਤੇ ਗਏ ਹਨ।ਹਸਪਤਾਲ ਵਿੱਚ ਕੋਈ ਬਿਲਿੰਗ ਕਾਊਂਟਰ ਨਹੀਂ ਹੈ।

ਕੋਵਿਡ-19 ਮਹਾਂਮਾਰੀ ਦੀ ਤੀਜੀ ਲਹਿਰ ਦੌਰਾਨ ਇਸ ਹਸਪਤਾਲ ਵਿੱਚ ਇੱਕ ਪੈਂਡੇਮਿਕ ਵਿੰਗ ਬਣਾਇਆ ਗਿਆ ਸੀ । ਕਮੇਟੀ ਵੱਲੋਂ ਕਾਰ ਸੇਵਾ ਵਾਲੇ ਬਾਬਾ, ਬਾਬਾ ਬਚਨ ਸਿੰਘ ਬਾਬਾ ਸਤਨਾਮ ਸਿੰਘ ਅਤੇ ਬਾਬਾ ਸੁਰਿੰਦਰ ਸਿੰਘ ਨੂੰ ਸ਼ੁਕਰਾਨਾ ਪ੍ਰਗਟਾਇਆ ਅਤੇ ਹਰਮੀਤ ਸਿੰਘ ਕਾਲਕਾ ਨੇ ਦਾਅਵਾ ਕੀਤਾ ਕਿ ਇਹ ਹਸਪਤਾਲ ਦੀ ਸੇਵਾ ਵਿਸ਼ਵ-ਪੱਧਰੀ ਹੋਵੇਗੀ, ਪਰ ਚਾਰਜ ਸਰਕਾਰੀ ਹਸਪਤਾਲਾਂ ਦੇ ਬਰਾਬਰ ਹੋਣਗੇ। ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਵਰਤਮਾਨ ਕਮੇਟੀ ਵੱਲੋਂ ਭਾਰਤ ਸਰਕਾਰ ਵੱਲੋਂ ਲਾਗੂ ਆਯੂਸ਼ਮਾਨ ਸਕੀਮ ਦੇ ਫਾਇਦੇ ਹਸਪਤਾਲ ਲਈ ਲਾਗੂ ਕਰਨ ਲਈ ਵੀ ਪ੍ਰੀਕਿਆ ਸ਼ੁਰੂ ਕੀਤੀ ਗਈ ਹੈ, ਤਾਂ ਜੋ ਹੋਰ ਵਧੇਰੇ ਲੋਕ ਇਲਾਜ ਲੈ ਸਕਣ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੀ ਮਾਨਵਤਾ ਦੀ ਭਲਾਈ ਲਈ ਨਿਸ਼ਕਾਮ ਸੇਵਾ ਦੀ ਲੜੀ ਦੀ ਪਹਿਲਕਦਮੀਆਂ ਦੀ ਸਫਲਤਾ ਬਾਰੇ ਗੱਲ ਕਰਦਿਆਂ ਹਰਮੀਤ ਸਿੰਘ ਕਾਲਕਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਅਹੁਦੇਦਾਰਾਂ, ਕਮੇਟੀ ਦੇ ਸਾਰੇ ਮੈਂਬਰਜ਼, ਹਸਪਤਾਲਾਂ ਵਿੱਚ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਸਾਰੇ ਡਾਕਟਰਾਂ, ਸਟਾਫ ਅਤੇ ਦਿੱਲੀ ਦੀ ਸੰਗਤ ਵੱਲੋਂ ਉਨ੍ਹਾਂ ਨੂੰ ਦਿੱਤੇ ਜਾਂਦੇ ਸਹਿਯੋਗ ਲਈ ਧੰਨਵਾਦੀ ਹਨ, ਜਿਨ੍ਹਾਂ ਦੇ ਸਹਿਯੋਗ ਅਤੇ ਪੂਰਨ ਵਿਸ਼ਵਾਸ ਸਦਕਾ ਹੀ ਉਹ ਸਮੁੱਚੀ ਮਾਨਵਤਾ ਦੀ ਭਲਾਈ ਲਈ ਨਿਸ਼ਕਾਮ ਸੇਵਾ ਕਰਨ ਦੇ ਸਮਰੱਥ ਹੋਏ ਹਨ । ਉਨ੍ਹਾਂ ਵਾਹਿਗੁਰੂ ਜੀ ਅੱਗੇ ਵੀ ਅਰਦਾਸ ਹੈ ਕਿ ਵਰਤਮਾਨ ਕਮੇਟੀ ਤੇ ਹਮੇਸ਼ਾ ਆਪਣਾ ਆਸ਼ੀਰਵਾਦ ਅਤੇ ਬਲ ਬਖ਼ਸ਼ਣ ਤਾਂ ਜੋ ਕਮੇਟੀ ਭਵਿੱਖ ਵਿੱਚ ਵੀ ਸਮੁੱਚੀ ਮਾਨਵਤਾ ਦੀ ਭਲਾਈ ਲਈ ਨਿਸ਼ਕਾਮ ਠੋਸ ਯਤਨ ਸਫ਼ਲ ਬਣਾਏ ਜਿਸ ਨਾਲ ਮਨੁੱਖਤਾ ਦੀ ਵੱਧ ਤੋਂ ਵੱਧ ਸੇਵਾ ਹੋ ਸਕੇ।

# ਮੱਧ ਪੂਰਬ 'ਚ ਜੰਗ ਦਾ ਜ਼ਬਰਦਸਤ ਧਮਾਕਾ: ਈਰਾਨ-ਇਜ਼ਰਾਈਲ ਯੁੱਧ ਦੂਜੇ ਹ.ਫਤੇ 'ਚ ਦਾਖਲ



ਵਿੰਕਲਜੀਤ ਸਿੰਘ ਸਰਾ
9501477889

**ਇਜ਼ਰਾਈਲ ਦਾ ਤਕਨਾਲੋਜੀ ਫਾਇਦਾ ਈਰਾਨ ਦੀ ਸੰਖਿਆਤਮਕ ਉੱਤਮਤਾ ਦਾ ਸਾਹਮਣਾ**

**ਭਾਰਤ, ਅਮਰੀਕਾ, ਚੀਨ ਅਤੇ ਸੰਯੁਕਤ ਰਾਸ਼ਟਰ ਦੀ ਭੂਮਿਕਾ ਫ਼ੋਕਸ 'ਚ**

**ਫੌਜਾਂ ਕਿਵੇਂ ਮੇਲ ਖਾਂਦੀਆਂ ਹਨ ?**

ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ 13 ਜੂਨ ਤੋਂ ਲਗਾਤਾਰ ਤੇਜ਼ੀ ਨਾਲ ਵੱਧ ਰਹੀ ਹੈ। ਇਹ ਸੰਘਰਸ਼ ਹੁਣ ਇਲਾਕਾਈ ਹੱਦਾਂ ਤੋਂ ਉਪਰ ਚੜ੍ਹ ਗਿਆ ਹੈ ਤੇ ਅੰਤਰਰਾਸ਼ਟਰੀ ਸ਼ਕਤੀਆਂ ਦੀ ਰਣਨੀਤਿਕ ਰਚਨਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਦੋਵੇਂ ਦੇਸ਼ਾਂ ਵੱਲੋਂ ਕੀਤੇ ਗਏ ਹਮਲਿਆਂ, ਮੌਤਾਂ ਅਤੇ ਫੌਜੀ ਸਾਜ਼ੋ-ਸਾਮਾਨ ਦੇ ਨੁਕਸਾਨ ਨੇ ਮੱਧ ਪੂਰਬ ਨੂੰ ਵਿਸ਼ਵ ਜੰਗ ਦੀ ਕਗਾਰ 'ਤੇ ਲਿਆ ਕੇ ਖੜਾ ਕਰ ਦਿੱਤਾ ਹੈ।

**ਤਾਜ਼ਾ ਹਮਲੇ ਅਤੇ ਵੱਡੀ ਹਾਨੀ :** 21 ਜੂਨ ਦੀ ਸਵੇਰ ਨੂੰ ਇਰਾਨ ਵੱਲੋਂ ਇਜ਼ਰਾਈਲ ਦੇ ਟੈਲ ਅਵੀਵ ਨੇੜੇ ਕੀਤੇ ਗਏ ਮਿਜ਼ਾਈਲ ਹਮਲੇ 'ਚ 3 ਇਜ਼ਰਾਈਲੀ ਜਵਾਨ ਮਾਰੇ ਗਏ ਅਤੇ 12 ਜ਼ਖ਼ਮੀ ਹੋਏ। ਇਜ਼ਰਾਈਲ ਨੇ ਜਵਾਬੀ ਹਮਲਾ ਕਰਦਿਆਂ ਈਰਾਨ ਦੇ ਇਸਫਹਾਨ, ਸ਼ੀਰਾਜ਼ ਅਤੇ ਕਾਸ਼ਾਨ ਦੇ ਇਲਾਕਿਆਂ ਵਿੱਚ ਫੌਜੀ ਅਤੇ ਤਕਨੀਕੀ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਹਮਲਿਆਂ ਦੌਰਾਨ ਇਰਾਨ ਦੀ ਰੈਵੋਲੂਸ਼ਨਰੀ ਗਾਰਡ (IRGC) ਦੇ ਦੋ ਵੱਡੇ ਕਮਾਂਡਰ ਸਈਦ ਇਜ਼ਾਦੀ ਅਤੇ ਬਨਹਾਮ ਸ਼ਰਿਆਰੀ ਮਾਰੇ ਗਏ। ਇਸਰਾਈਲ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਹਮਲਿਆਂ ਨੇ ਇਰਾਨ ਦੇ ਨਿਊਕਲੀਅਰ ਕਾਰਜਕ੍ਰਮ ਨੂੰ ਘੱਟੋ-ਘੱਟ 2 ਤੋਂ 3 ਸਾਲ ਪਿੱਛੇ ਧੱਕ ਦਿੱਤਾ ਹੈ। ਹਮਲਿਆਂ ਵਿਚ ਡਰੋਨ, ਸਟੈਲਥ ਜੈੱਟ, ਆਇਰਨ ਡੋਮ ਡਿਫੈਂਸ, ਅਤੇ ਇਲੈਕਟ੍ਰਾਨਿਕ ਵਾਰਫੇਅਰ ਦੀ ਵਰਤੋਂ ਕੀਤੀ ਗਈ ।

**ਫੌਜਾਂ ਦੀ ਤੁਲਨਾ :** ਈਰਾਨ ਕਾਗਜ਼ 'ਤੇ ਮਜ਼ਬੂਤ ਦਿਖਾਈ ਦੇ ਸਕਦਾ ਹੈ । ਇਹ 88 ਮਿਲੀਅਨ ਲੋਕਾਂ ਅਤੇ ਇੱਕ ਵਿਸ਼ਾਲ ਭੂਮੀਗਤ ਸਮੂਹ ਦੇ ਨਾਲ ਇੱਕ ਬਹੁਤ ਵੱਡਾ ਦੇਸ਼ ਹੈ। ਇਸਦੇ ਉਲਟ, ਇਜ਼ਰਾਈਲ ਕੋਲ ਸਿਰਫ 9 ਮਿਲੀਅਨ ਲੋਕ ਹਨ ਅਤੇ ਇਹ ਜ਼ਮੀਨ ਦਾ ਇੱਕ ਟੁਕੜਾ ਹੈ । ਪਰ ਫੌਜੀ ਰੂਪ ਵਿੱਚ, ਆਕਾਰ ਹੀ ਸਭ ਕੁਝ ਨਹੀਂ ਹੈ। ਈਰਾਨ ਲਗਭਗ 600,000 ਨਿਯਮਤ ਸੈਨਿਕ ਤਾਇਨਾਤ ਕਰਦਾ ਹੈ, ਜਿਸ ਵਿੱਚ ਸ਼ਕਤੀਸ਼ਾਲੀ ਰੈਵੋਲਿਊਸ਼ਨਰੀ ਗਾਰਡ ਕੋਰ ਵਿੱਚ 200,000 ਵਾਧੂ ਹਨ, ਜੋ ਮਿਜ਼ਾਈਲ ਯੂਨਿਟਾਂ, ਸਾਈਬਰ ਡਵੀਜ਼ਨਾਂ ਅਤੇ ਕੁਲੀਨ ਵਰਗ ਨੂੰ ਨਿਯੰਤਰਿਤ ਕਰਦੇ ਹਨ। ਪਰ ਈਰਾਨ ਹਿਜ਼ਬੁੱਲਾ ਅਤੇ ਹੌਥੀ ਵਰਗੇ ਖੇਤਰੀ ਪ੍ਰੌਕਸੀਆਂ 'ਤੇ ਵੀ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ - ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਇਜ਼ਰਾਈਲ ਅਤੇ ਅਮਰੀਕਾ ਤੋਂ ਗੰਭੀਰ ਹਿੱਟ ਪ੍ਰਾਪਤ ਕੀਤੇ ਹਨ। ਦੂਜੇ ਪਾਸੇ, ਇਜ਼ਰਾਈਲ ਕੋਲ ਇੱਕ ਛੋਟੀ ਪਰ ਉੱਚ ਸਿਖਲਾਈ ਪ੍ਰਾਪਤ ਅਤੇ ਤਕਨੀਕੀ-ਸਮਝਦਾਰ ਫੌਜ ਹੈ। 170,000 ਸਰਗਰਮ-ਡਿਊਟੀ ਫੌਜਾਂ ਅਤੇ ਲਗਭਗ 400,000 ਰਿਜ਼ਰਵ ਦੇ ਨਾਲ, ਇਜ਼ਰਾਈਲ ਰੱਖਿਆ ਬਲ (946) ਆਪਣੇ ਭਾਰ ਤੋਂ ਬਹੁਤ ਜ਼ਿਆਦਾ ਮੁੱਕਾ ਮਾਰਦੇ ਹਨ । ਕਈ ਮੋਰਚਿਆਂ ਤੇ ਸਾਲਾਂ ਦੀ ਲੜਾਈ ਨੇ ਉਨ੍ਹਾਂ ਨੂੰ ਦੁਨੀਆ ਦੀਆਂ ਸਭ ਤੋਂ ਵੱਧ ਜੰਗ-ਪਰਖੀਆਂ ਗਈਆਂ ਫੌਜਾਂ ਵਿੱਚੋਂ ਇੱਕ ਬਣਾ ਦਿੱਤਾ ਹੈ ।

**ਫਾਇਰਪਾਵਰ ਅਤੇ ਤਕਨੀਕੀ ਕਿਨਾਰਾ :** ਈਰਾਨ ਦਾ ਹਥਿਆਰਾਂ ਦਾ ਭੰਡਾਰ ਇੱਕ ਮਿਸ਼ਰਤ ਬੈਗ ਹੈ: ਸੋਵੀਅਤ ਯੁੱਗ ਦੇ ਗੇਅਰ, 1979 ਦੀ ਕ੍ਰਾਂਤੀ ਤੋਂ ਪਹਿਲਾਂ ਦੇ ਅਮਰੀਕੀ ਬਚੇ ਹੋਏ ਜਹਾਜ਼ਾਂ ਅਤੇ ਨਵੇਂ ਰੂਸੀ ਆਯਾਤ ਦਾ ਮਿਸ਼ਰਣ । ਇਸਦੀ ਹਵਾਈ ਸੈਨਾ ਪੁਰਾਣੀ ਹੈ, ਅੰਦਾਜ਼ਨ 350 ਪੁਰਾਣੇ ਜਹਾਜ਼ਾਂ ਦੇ ਨਾਲ। ਹਾਲਾਂਕਿ, ਜਿੱਥੇ ਈਰਾਨ ਚਮਕਦਾ ਹੈ, ਉਹ ਡਰੋਨ ਯੁੱਧ ਵਿੱਚ ਹੈ। ਇਸਦੇ ਸ਼ਾਹੇਦ ਡਰੋਨ, ਜੋ ਹੁਣ ਯੂਕਰੇਨ ਵਿੱਚ ਦੇਖੇ ਜਾਂਦੇ ਹਨ, ਸਸਤੇ, ਘਾਤਕ ਅਤੇ ਵਿਆਪਕ ਤੌਰ 'ਤੇ ਨਿਰਯਾਤ ਕੀਤੇ ਜਾਂਦੇ ਹਨ । ਇਸਦੇ ਉਲਟ, ਇਜ਼ਰਾਈਲ ਕੋਲ ਉੱਚ-ਪੱਧਰੀ ਅਮਰੀਕੀ ਅਤੇ ਯੂਰਪੀ ਤਕਨਾਲੋਜੀ ਹੈ, ਅਤੇ ਇੱਕ ਪ੍ਰਫੁੱਲਤ ਘਰੇਲੂ ਹਥਿਆਰ ਉਦਯੋਗ ਹੈ। ਇਸਦੀ ਹਵਾਈ ਸੈਨਾ ਖੇਤਰ ਵਿੱਚ ਸਭ ਤੋਂ ਉੱਨਤ ਹੈ, ਜੋ 6-35 ਅਤੇ ਸ਼ੁੱਧਤਾ-ਨਿਰਦੇਸ਼ਿਤ ਹਥਿਆਰਾਂ ਨਾਲ ਭਰੀ ਹੋਈ ਹੈ। ਇਹ ਇੱਕ ਸਾਈਬਰ ਸੁਰੱਖਿਆ ਪਾਵਰਹਾਊਸ ਵੀ ਹੈ। ਹਾਲ ਹੀ ਵਿੱਚ, ਈਰਾਨ ਨੇ ਕਈ ਵਾਰਹੈੱਡਾਂ ਨੂੰ ਲੈ ਕੇ ਜਾਣ ਵਾਲੀ ਇੱਕ ਨਵੀਂ ਮਿਜ਼ਾਈਲ ਦੀ ਵਰਤੋਂ ਕੀਤੀ ਹੈ-ਇੱਕ ਅਜਿਹਾ ਕਦਮ ਜੋ ਇਜ਼ਰਾਈਲੀ ਰੱਖਿਆ ਯੋਜਨਾਬੰਦੀ ਨੂੰ ਗੁੰਝਲਦਾਰ ਬਣਾ ਸਕਦਾ ਹੈ। ਪਰ ਮਾਹਰਾਂ ਦਾ ਕਹਿਣਾ ਹੈ ਕਿ ਇਹ ਸੰਭਾਵਤ ਤੌਰ 'ਤੇ ਇੱਕ ਕਲੱਸਟਰ-ਸ਼ੈਲੀ ਦਾ ਵਾਰਹੈੱਡ ਹੈ, ਇੱਕ ਸੱਚਾ ਮਲਟੀਪਲ ਸੁਤੰਤਰ ਰੀਐਂਟਰੀ ਵਾਹਨ (MIRV) ਨਹੀਂ, ਜੋ ਕਿ ਕਿਤੇ ਜ਼ਿਆਦਾ ਖ਼ਤਰਾ ਹੋਵੇਗਾ।

**ਪ੍ਰਮਾਣੂ ਸ਼ੈਡੋ ਗੇਮਜ਼ :** ਈਰਾਨ ਨੇ ਕਈ ਪ੍ਰਮਾਣੂ ਹਥਿਆਰ ਬਣਾਉਣ ਲਈ ਕਾਫ਼ੀ ਯੂਰੇਨੀਅਮ ਨੂੰ ਅਮੀਰ ਬਣਾਇਆ ਹੈ, ਪਰ ਮਾਹਰਾਂ ਦਾ ਮੰਨਣਾ ਹੈ ਕਿ ਇਸ ਕੋਲ ਅਜੇ ਵੀ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਦੇ ਸਾਧਨਾਂ ਦੀ ਘਾਟ ਹੈ। ਇਸ ਦੌਰਾਨ, ਇਜ਼ਰਾਈਲ ਨੂੰ ਵਿਆਪਕ ਤੌਰ 'ਤੇ ਮੱਧ ਪੂਰਬ ਦੀ ਇਕਲੌਤੀ ਪ੍ਰਮਾਣੂ ਸ਼ਕਤੀ ਮੰਨਿਆ ਜਾਂਦਾ ਹੈ, ਹਾਲਾਂਕਿ ਇਹ ਇਸ ਮੁੱਦੇ ਤੇ ਰਣਨੀਤਕ ਅਸਪੱਸ਼ਟਤਾ ਬਣਾਈ ਰੱਖਦਾ ਹੈ। ਈਰਾਨ ਦੇ ਉੱਚ ਅਧਿਕਾਰੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਗਿਆ ਹੈ। ਹਾਲ ਹੀ ਵਿੱਚ ਇਜ਼ਰਾਈਲੀ ਹਮਲਿਆਂ ਵਿੱਚ ਕਈ ਸੀਨੀਅਰ ਕਮਾਂਡਰ ਮਾਰੇ ਗਏ, ਜਿਨ੍ਹਾਂ ਵਿੱਚ ਰੈਵੋਲਿਊਸ਼ਨਰੀ ਗਾਰਡਜ਼ ਦੇ ਮੁਖੀ ਅਤੇ ਈਰਾਨ ਦੇ ਫੌਜੀ ਮੁਖੀ ਸ਼ਾਮਲ ਹਨ। ਅਤੀਤ ਵਿੱਚ ਪ੍ਰਮੁੱਖ ਪ੍ਰਮਾਣੂ ਵਿਗਿਆਨੀਆਂ ਦੀ ਵੀ ਹੱਤਿਆ ਕੀਤੀ ਗਈ ਹੈ, ਸੰਭਾਵਤ ਤੌਰ 'ਤੇ ਇਜ਼ਰਾਈਲੀ ਖੁਫੀਆ ਜਾਣਕਾਰੀ ਦੁਆਰਾ ।

**ਮਿਜ਼ਾਈਲਾਂ ਬਨਾਮ ਮਿਜ਼ਾਈਲਾਂ :** ਜੇਕਰ ਈਰਾਨ ਵੱਡੇ ਪੈਮਾਨੇ ਤੇ ਜਵਾਬੀ ਕਾਰਵਾਈ ਕਰਦਾ ਹੈ, ਤਾਂ ਇਹ ਸੈਂਕੜੇ ਬੈਲਿਸਟਿਕ ਮਿਜ਼ਾਈਲਾਂ ਛੱਡ ਸਕਦਾ ਹੈ । ਪਰ ਇਹ ਕਿੰਨਾ ਪ੍ਰਭਾਵਸ਼ਾਲੀ ਹੋਵੇਗਾ ? 2024 ਦੇ ਅਖੀਰ ਵਿੱਚ, ਈਰਾਨ ਨੇ ਬਿਲਕੁਲ ਅਜਿਹਾ ਹੀ ਕੀਤਾ ਅਤੇ ਸੀਮਤ ਨੁਕਸਾਨ ਪਹੁੰਚਾਇਆ, ਮੁੱਖ ਤੌਰ 'ਤੇ ਇਜ਼ਰਾਈਲ ਦੇ ਵਿਸ਼ਵ ਪੱਧਰੀ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਦਾ ਧੰਨਵਾਦ, ਜੋ ਕਿ ਅਮਰੀਕੀ ਸਹਾਇਤਾ ਨਾਲ ਬਣਾਈਆਂ ਗਈਆਂ ਸਨ। ਇਹ ਬਹੁ-ਪੱਧਰੀ ਪ੍ਰਣਾਲੀ-ਜਿਸ ਵਿੱਚ ਆਇਰਨ ਡੋਮ, ਡੇਵਿਡਜ਼ ਸਲਿੰਗ ਅਤੇ ਐਰੋ ਸ਼ਾਮਲ ਹਨ-ਆਉਣ ਵਾਲੇ ਖਤਰਿਆਂ ਨੂੰ ਟਰੈਕ ਅਤੇ ਗੋਲੀ ਮਾਰ ਸਕਦੀ ਹੈ, ਸਿਰਫ ਤਾਂ ਹੀ ਕਿਰਿਆਸ਼ੀਲ ਹੋ ਸਕਦੀ ਹੈ ਜੇਕਰ ਹਮਲਾ ਕਿਸੇ ਸੰਵੇਦਨਸ਼ੀਲ ਸਥਾਨ ਜਾਂ ਨਾਗਰਿਕ ਖੇਤਰ ਵੱਲ ਜਾਂਦਾ ਹੈ।

**ਅੰਤਰਰਾਸ਼ਟਰੀ ਰਣਨੀਤਿਕ ਮੰਚ 'ਤੇ ਤਗੜੀ ਗਤੀਵਿਧੀ :** ਅਮਰੀਕਾ : ਅਮਰੀਕਾ ਸਿੱਧਾ ਲੜਾਈ ਵਿੱਚ ਸ਼ਾਮਲ ਨਹੀਂ ਹੋਇਆ, ਪਰ ਉਸਨੇ ਇਜ਼ਰਾਈਲ ਦੀ ਆਤਮ-ਸੁਰੱਖਿਆ ਨੂੰ ਜਾਇਜ਼ ਦੱਸਦਿਆਂ ਖ਼ੁਫੀਆ ਜਾਣਕਾਰੀ, ਹਥਿਆਰ ਅਤੇ ਰਾਖਵਾਲੀ ਤਕਨੀਕਾਂ ਮੁਹੱਈਆ ਕਰਵਾਈਆਂ ਹਨ। ਵਾਈਟ ਹਾਊਸ ਵੱਲੋਂ ਈਰਾਨ 'ਤੇ ਨਵੀਆਂ ਆਰਥਿਕ ਪਾਬੰਦੀਆਂ ਦੀ ਯੋਜਨਾ ਬਣਾਈ ਜਾ ਰਹੀ ਹੈ। ਅਮਰੀਕਾ ਨੇ ਇਜ਼ਰਾਈਲੀ ਕਾਰਵਾਈਆਂ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ ਪਰ ਈਰਾਨੀ ਜਵਾਬੀ ਕਾਰਵਾਈ ਦਾ ਨਿਸ਼ਾਨਾ ਹੋ ਸਕਦਾ ਹੈ। ਖੇਤਰ ਵਿੱਚ ਅਮਰੀਕੀ ਸੰਪਤੀਆਂ ਵਿੱਚ ਇੱਕ ਏਅਰਕ੍ਰਾਫਟ ਕੈਰੀਅਰ ਹੈ, ਜਿਸ ਵਿੱਚ ਅਰਬ ਸਾਗਰ ਵਿੱਚ ਲਗਭਗ 60 ਲੜਾਕੂ ਜਹਾਜ਼ ਹਨ, ਨਾਲ ਹੀ ਖੇਤਰ ਭਰ ਦੇ ਠਿਕਾਣਿਆਂ 'ਤੇ ਦਰਜਨਾਂ ਹੋਰ ਜੈੱਟ-ਅਤੇ ਨਾਲ ਹੀ ਹਜ਼ਾਰਾਂ ਫੌਜਾਂ ਹਨ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਇਜ਼ਰਾਈਲ ਨੇ ਈਰਾਨ ਵਿਰੁੱਧ ਇੱਕਪਾਸੜ ਕਾਰਵਾਈ ਕੀਤੀ ਹੈ, ਈਰਾਨ ਨੂੰ ਜਵਾਬੀ ਕਾਰਵਾਈ ਵਿੱਚ ਅਮਰੀਕੀ ਫੌਜਾਂ ਨੂੰ ਨਿਸ਼ਾਨਾ ਨਾ ਬਣਾਉਣ ਦੀ ਚੇਤਾਵਨੀ ਦਿੱਤੀ ਹੈ। ਹਾਲ ਹੀ ਦੇ ਦਿਨਾਂ ਵਿੱਚ, ਅਮਰੀਕਾ ਨੇ ਇਰਾਕ ਦੀ ਰਾਜਧਾਨੀ ਤੋਂ ਕੁਝ ਡਿਪਲੋਮੈਟਾਂ ਨੂੰ ਵਾਪਸ ਬੁਲਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਵਿਸ਼ਾਲ ਮੱਧ ਪੂਰਬ ਵਿੱਚ ਅਮਰੀਕੀ ਸੈਨਿਕਾਂ ਦੇ ਪਰਿਵਾਰਾਂ ਲਈ ਸਵੈਇੱਛਤ ਨਿਕਾਸੀ ਦੀ ਪੇਸ਼ਕਸ਼ ਕੀਤੀ ਹੈ। ਇਜ਼ਰਾਈਲ ਨੇ ਪਹਿਲਾਂ ਹੀ ਈਰਾਨ ਦੀ ਲੜਾਈ ਲੜਨ ਦੀ ਸਮਰੱਥਾ ਨੂੰ ਘਟਾ ਦਿੱਤਾ ਹੈ, ਈਰਾਨੀ ਪ੍ਰੌਕਸੀ ਹਮਾਸ ਅਤੇ ਲੇਬਨਾਨ ਦੇ ਹਿਜ਼ਬੁੱਲਾ ਨੂੰ ਤਬਾਹ ਕਰ ਦਿੱਤਾ ਹੈ ਅਤੇ ਈਰਾਨ ਦੇ ਹਵਾਈ ਰੱਖਿਆ ਪ੍ਰਣਾਲੀਆਂ 'ਤੇ ਭਾਰੀ ਬੰਬਾਰੀ ਕੀਤੀ ਹੈ।

**ਭਾਰਤ :** ਭਾਰਤ ਨੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਤਤਕਾਲ ਅਪਰੇਸ਼ਨ ਸਿੰਧੂ ਸ਼ੁਰੂ ਕੀਤਾ। MEA (ਵਿਦੇਸ਼ ਮੰਤਰਾਲਾ) ਅਨੁਸਾਰ, ਹੁਣ ਤੱਕ 517 ਭਾਰਤੀ ਨਾਗਰਿਕ ਇਰਾਨ ਤੋਂ ਵਾਪਸ ਆ ਚੁੱਕੇ ਹਨ, ਜਿਨ੍ਹਾਂ ਨੂੰ ਚਾਰਟਰ ਫਲਾਈਟਾਂ ਰਾਹੀਂ Turkmenistan ਰਾਹੀਂ ਨਵੀਂ ਦਿੱਲੀ ਲਿਆਇਆ ਗਿਆ। ਭਾਰਤ ਨੇ ਨੇਪਾਲ ਅਤੇ ਸ੍ਰੀਲੰਕਾ ਦੇ ਨਾਗਰਿਕਾਂ ਨੂੰ ਵੀ ਮਦਦ ਦੀ ਪੇਸ਼ਕਸ਼ ਕੀਤੀ ਹੈ। ਵਾਪਸ ਆਏ ਵਿਦਿਆਰਥੀਆਂ ਅਤੇ ਕੰਮਕਾਜੀ ਨਾਗਰਿਕਾਂ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਮੋਦੀ ਦੇ ਨੇਤ ਦੀ ਪ੍ਰਸ਼ੰਸਾ ਕੀਤੀ।

**ਚੀਨ :** ਚੀਨ ਨੇ ਜੰਗ ਰੋਕਣ ਦੀ ਅਪੀਲ ਕੀਤੀ ਹੈ ਪਰ ਵਧੇਰੇ ਤਰਤੀਬ ਨਾਲ ਇਰਾਨ ਦੇ ਪੱਖ 'ਚ ਦਿਸ ਰਿਹਾ ਹੈ। ਉਸਨੇ ਵਿਦੇਸ਼ੀ ਮੀਡੀਆ ਨੂੰ ਦੱਸਿਆ ਕਿ ਮੱਧ ਪੂਰਬ 'ਚ ਅਮਨ ਚੀਨ ਦੀ ਮੂਲ ਰਣਨੀਤਿਕਤਾ ਹੈ, ਪਰ ਨਿਰਪੱਖ ਰੂਪ ਨਾਲ ਇਜ਼ਰਾਈਲ ਦੀ ਨਿੰਦਾ ਨਹੀਂ ਕੀਤੀ ।

**ਰੂਸ :** ਰੂਸ ਨੇ ਈਰਾਨ ਨੂੰ ਕੂਟਨੀਤਿਕ ਹਮਾਇਤ ਦਿੱਤੀ ਹੈ, ਪਰ ਹੁਣ ਤੱਕ ਕਿਸੇ ਵੀ ਸੈਨਾ ਜਾਂ ਹਥਿਆਰ ਸਹਾਇਤਾ ਦੀ ਪੁਸ਼ਟੀ ਨਹੀਂ ਕੀਤੀ। ਰੂਸ ਅੰਤਰਰਾਸ਼ਟਰੀ ਮੰਚਾਂ 'ਤੇ ਅਮਰੀਕਾ ਨੂੰ ਜੰਗ ਦੀ ਅਗਨਿਵਾਧੀ ਦੱਸ ਰਿਹਾ ਹੈ।

**ਯੂਰਪੀ ਸੰਘ :** ਜਰਮਨੀ, ਫਰਾਂਸ, ਇਟਲੀ, ਸਪੇਨ ਅਤੇ ਹੋਰ ਦੇਸ਼ਾਂ ਨੇ ਮਿਲ ਕੇ ਜਨੀਵਾ ਵਿੱਚ ਵਾਰਤਾ ਦੀ ਕੋਸ਼ਿਸ਼ ਕੀਤੀ, ਪਰ ਇਰਾਨ ਨੇ ਸ਼ਰਤਾਂ ਰੱਖ ਕੇ ਕਿਸੇ ਵੀ ਤਤਕਾਲ ਵਾਰਤਾ ਤੋਂ ਇਨਕਾਰ ਕਰ ਦਿੱਤਾ। ਇਜ਼ਰਾਈਲ ਨੇ ਵੀ ਇਹ ਕਿਹਾ ਕਿ ਉਹ ਪਹਿਲਾਂ ਹਮਲੇ ਰੋਕਣ ਦੀ ਗੱਲ ਨਹੀਂ ਕਰੇਗਾ।

**ਨਿਊਕਲੀਅਰ ਖ਼ਤਰਾ ਅਤੇ ਮਨੁੱਖੀ ਸੰਕਟ :** 9151 (ਅੰਤਰਰਾਸ਼ਟਰੀ ਐਟਮੀ ਏਜੰਸੀ) ਨੇ ਚੇਤਾਵਨੀ ਦਿੱਤੀ ਕਿ ਈਰਾਨ ਕੋਲ ਹਥਿਆਰ ਬਣਾਉਣ ਯੋਗ ਯੂਰੇਨੀਅਮ ਦੀ ਭਾਰੀ ਮਾਤਰਾ ਮੌਜੂਦ ਹੈ। ਇਜ਼ਰਾਈਲ ਨੇ ਕਿਹਾ ਹੈ ਕਿ ਉਹ ਈਰਾਨ ਦੇ ਨਿਊਕਲੀਅਰ ਢਾਂਚਿਆਂ ਨੂੰ ਘੱਟੋ-ਘੱਟ 2-3 ਸਾਲ ਪਿੱਛੇ ਧਕੇਲਣ ਵਿੱਚ ਕਾਮਯਾਬ ਹੋ ਗਿਆ ਹੈ । ਇਸ ਕਾਰਨ ਦੁਨੀਆ ਭਰ 'ਚ ਚਿੰਤਾ ਦਾ ਵਾਤਾਵਰਣ ਬਣਿਆ ਹੋਇਆ ਹੈ। ਜੰਗ ਦੇ ਚਲਦਿਆਂ ਈਰਾਨ ਵਿੱਚ ਇੰਟਰਨੈੱਟ ਪੂਰੀ ਤਰ੍ਹਾਂ ਬੰਦ ਹੈ, ਲੋਕ ਆਪਣੀ ਹਕੀਕਤ ਤੱਕ ਨਹੀਂ ਪਹੁੰਚ ਸਕਦੇ । ਹਸਪਤਾਲ, ਸਿਹਤ ਕੇਂਦਰ, ਪਾਣੀ ਤੇ ਭੋਜਨ ਸੇਵਾਵਾਂ ਬਰਬਾਦ ਹੋ ਰਹੀਆਂ ਹਨ।

**ਮਨੁੱਖੀ ਹਾਨੀ ਅਤੇ ਇੰਟਰਨੈੱਟ ਬਲੈਕਆਊਟ :** ਈਰਾਨ ਵਿੱਚ ਇੰਟਰਨੈੱਟ ਬਲੈਕਆਊਟ ਕਾਰਨ ਲੋਕਾਂ ਤੱਕ ਸੱਚੀ ਜਾਣਕਾਰੀ ਨਹੀਂ ਪਹੁੰਚ ਰਹੀ । ਹਸਪਤਾਲਾਂ, ਸਕੂਲਾਂ ਅਤੇ ਮਾਰਕੀਟਾਂ 'ਤੇ ਹੋਏ ਹਮਲਿਆਂ ਨੇ ਆਮ ਜੀਵਨ ਚੱਕਰ ਜਾਮ ਕਰ ਦਿੱਤਾ ਹੈ। ਮਰੀਜ਼ਾਂ ਲਈ ਦਵਾਈ, ਬਿਜਲੀ ਅਤੇ ਪਾਣੀ ਦੀ ਕਮੀ ਹੁਣ ਸਭ ਤੋਂ ਵੱਡੀ ਚੁਣੌਤੀ ਬਣੀ ਹੋਈ ਹੈ।

**ਉਪਸੰਹਾਰ: ਜੰਗ ਜਾਂ ਜਵਾਬਦੇਹੀ ? :** ਇਜ਼ਰਾਈਲ-ਇਰਾਨ ਜੰਗ ਹੁਣ ਕੂਟਨੀਤਿਕ ਸੰਬੰਧਾਂ, ਰਾਜਨੀਤਕ ਸਮਰਥਨਾਂ ਅਤੇ ਮਨੁੱਖੀ ਮੁੱਲਾਂ ਦਾ ਲਿਟਮਸ ਟੈਸਟ ਬਣ ਚੁੱਕੀ ਹੈ। ਅਮਰੀਕਾ-ਚੀਨ-ਭਾਰਤ ਵਰਗੇ ਦੇਸ਼ ਜਿੱਥੇ ਆਪਣੇ ਰਖਵਾਲੀ ਹਿੱਤਾਂ ਦੀ ਰਾਖੀ ਕਰ ਰਹੇ ਹਨ, ਉਥੇ ਸੰਯੁਕਤ ਰਾਸ਼ਟਰ ਦੀ ਭੂਮਿਕਾ ਵੀ ਪੱਛਮੀ ਤਾਕਤਾਂ ਵੱਲ ਝੁਕੀ ਹੋਈ ਦਿਖਾਈ ਦੇ ਰਹੀ ਹੈ।

ਸਵਾਲ ਇਹ ਹੈ — ਕੀ ਇਹ ਜੰਗ ਲੰਮੀ ਚੱਲੇਗੀ ? ਜਾਂ ਸੰਸਾਰ ਸਮੇਤ ਰਾਜਨੀਤਿਕ ਤਾਕਤਾਂ ਇਕ ਨਵਾਂ ਰਾਹ ਖੋਜਣਗੀਆਂ ? ਜਵਾਬ ਅਜੇ ਹਵਾ ਵਿੱਚ ਹਨ, ਪਰ ਸੰਭਾਵਨਾ ਨਿਊਕਲੀਅਰ ਹਥਿਆਰਾਂ ਤੋਂ ਘੱਟ ਨਹੀਂ ਰਹੀ।


## ਸਮਰ ਕੈਂਪ

ਸਮਰ ਕੈਂਪ, ਸਮਰ ਕੈਂਪ, ਸਮਰ ਕੈਂਪ ਮੇਰੇ ਸਕੂਲ ਦਾ,
ਨਹਾ ਧੋ ਕੇ ਤਿਆਰ ਹੋ ਕੇ ਮੈਂ ਬੜੇ ਨਾਲ ਚਾਵਾਂ,
ਟਲੀਆਂ ਵਜਾਉਂਦਾ ਆਪਣੇ ਸਕੂਲ ਵਿਚ ਜਾਵਾਂ
ਬਿਨਾਂ ਕੰਮ ਦੇ ਕਦੀ ਵੀ ਛੁੱਟੀ ਨਾ ਕਰਾਂ
ਕਿਓ ਕਿ ਮੈਨੂੰ ਮੇਰਾ ਸਕੂਲ ਬੜਾ ਹੀ ਪਿਆਰਾ
ਸਮਰ ਕੈਂਪ ,ਸਮਰ ਕੈਂਪ, ਸਮਰ ਕੈਂਪ ਮੇਰੇ....... ।
ਘਰ ਦਿਆਂ ਦਾ ਮੈਂ ਬਹੁਤ ਪਿਆਰਾ
ਮਾਂ ਆਪਣੀ ਦੀ ਅੱਖ ਦਾ ਤਾਰਾ
ਸਾਰੇ ਅਧਿਆਪਕਾਂ ਦਾ ਮੈਂ ਬੜਾ ਦੁਲਾਰਾ
ਮੈਨੂੰ ਵੀ ਮੇਰੇ ਅਧਿਆਪਕ ਜਾਨੋਂ ਪਿਆਰੇ ਜੀ
ਮੈਂ ਵੀ ਉਹਨਾਂ ਦੇ ਸਤਿਕਾਰ ਵਿਚ ਸੀਸ ਨਿਵਾਵਾਂ ਜੀ
ਸਮਰ ਕੈਂਪ,ਸਮਰ ਕੈਂਪ, ਸਮਰ ਕੈਂਪ ਮੇਰੇ ,,,,,, ,,,,, ,,,,,, ,,,,,,।
ਸਮਰ ਕੈਂਪ ਵਿਚ ਮੇਰੇ ਅਧਿਆਪਕਾਂ ਬੜਾ ਹੀ ਜੀਅ ਲਵਾਇਆ ਜੀ
ਖੇਡਾਂ ਕਲਾ ਤੇ ਕੁਝ ਹੋਰ ਗੱਲਾਂ ਨਾਲ ਸਿਖਾਇਆ ਜੀ
ਹਰ ਇਕ ਦੀ ਕਲਾ ਦਾ ਅਹਿਸਾਸ ਮੇਰੇ ਅਧਿਆਪਕਾਂ ਨੇ ਸੀ
ਸਾਨੂੰ ਸਾਰਿਆਂ ਨੂੰ ਕਰਵਾਇਆ ਸੀ
ਸਮਰ ਕੈਂਪ, ਸਮਰ ਕੈਂਪ, ਸਮਰ ਕੈਂਪ ਮੇਰੇ,,,,, ,,,,,, ,,,,,,,।
ਗਰਮੀਆਂ ਦੀਆਂ ਛੁੱਟੀਆਂ ਤੋਂ ਅੱਕਿਆ ਮੈਂ ਭੱਜ-ਭੱਜ ਸਕੂਲ ਨੂੰ ਜਾਵਾਂ
ਛੁੱਟੀ ਹੋਣ ਤੋਂ ਬਾਅਦ ਵੀ ਮੈਂ ਫਿਰ ਇੱਕ ਚੱਕਰ ਆਪਣੇ ਸਕੂਲ ਵਿੱਚ ਲਾਵਾਂ
ਕਿਓ ਕਿ ਮੈਨੂੰ ਮੇਰਾ ਸਕੂਲ ਬੜਾ ਹੀ ਪਿਆਰਾ
ਸਮਰ ਕੈਂਪ,ਸਮਰ ਕੈਂਪ,ਸਮਰ ਕੈਂਪ ਮੇਰੇ,,,,,,, ,,,,,,,,, ,,,,,,,,।
ਪਿਆਰਾ ਲੱਗੇ ਵੀ ਕਿਉਂ ਨਾ ਮੇਰੇ ਸਕੂਲ ਦੀ ਹਰ ਇਕ ਸ਼ੈਅ ਮੈਨੂੰ ਦੁੱਗਣਾ
ਪਿਆਰ ਲੁਟਾਵੇ ਜੀ
ਅੱਤ ਦੀ ਗਰਮੀ ਤੋਂ ਬਾਅਦ ਵਰਖਾ ਰਿਮ-ਝਿਮ ਲਾਈ ਸੀ
ਮੇਰੈ ਅਧਿਆਪਕਾਂ ਦਾ ਪਿਆਰ ਤੇ ਸਕੂਲ ਮੇਰੇ ਦਾ ਬਰੋਟਾ
ਮੈਨੂੰ ਇੰਝ ਲੱਗਣ ਜਿਵੇਂ ਬਾਹਵਾਂ ਖਿਲਾਰ ਹਾਕਾਂ ਮੈਨੂੰ ਮਾਰਨ ਜੀ
ਤਾਂਹੀ ਮੈਂ ਬਿਨ ਨਾਗੇ ਦੇ ਨਿੱਤ ਹੀ ਸਕੂਲ ਨੂੰ ਜਾਵਾਂ ਜੀ
ਸਮਰ ਕੈਂਪ,ਸਮਰ ਕੈਂਪ, ਸਮਰ ਕੈਂਪ ਮੇਰੇ,,,,,, ,,,,,, ,,,,,,,।
ਸਮਝ ਨੀ ਆਉਂਦੀ ਕਿਵੇਂ ਛੁੱਟੀਆਂ ਤੋਂ ਬਾਅਦ ਕੁਝ ਸਾਥੀ ਮੇਰੇ ਘਰ ਵਿਚ
ਹੀ ਬਹਿ ਗਏ ਨੇ
ਪਤਾ ਨਹੀਂ ਕੀ ਸੀ ਉਹਨਾਂ ਦੀ ਮਜਬੂਰੀ ਕੁਝ ਸਾਥੀ ਮੇਰੇ ਨਹੀਂ ਪਹੁੰਚੇ ਹਜੇ
ਆਜੋ ਤੁਸੀ ਵੀ ਲੁਟੋ ਲਖਵਿੰਦਰ ਵਾਂਗ ਮੌਜ ਬਹਾਰਾਂ ਜੀ
ਸਮਰ ਕੈਂਪ, ਸਮਰ ਕੈਂਪ, ਸਮਰ ਕੈਂਪ ਮੇਰੇ,,,,,, ,,,,,,,,।



ਲਖਵਿੰਦਰ ਕੌਰ
ਪਿੰਡ ਬਾਦਸ਼ਾਪੁਰ ਮੰਡੀਆਲ
ਸਰੋਦ ਰੋਡ ਮਲੇਰਕੋਟਲਾ
ਮੋ: 97799 05316

# ਵਿਕਾਸ ਕਰ ਰਿਹੈ ਵਿਨਾਸ਼



ਸੰਜੀਵ ਸਿੰਘ ਸੈਣੀ
7888966168

ਅੱਜ ਅਸੀਂ ਏ ਆਈ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ । ਅਜਿਹੀ ਤਕਨੀਕਾਂ ਆ ਰਹੀਆਂ ਹਨ ਕਿ ਮਸ਼ੀਨਾਂ ਮਨੁੱਖ ਵਾਂਗੂੰ ਕੰਮ ਕਰ ਰਹੀਆਂ ਹਨ। ਕਈ ਵੱਡੇ ਸ਼ਹਿਰਾਂ ਵਿੱਚ ਰੋਬੋਟ ਕੰਮ ਕਰ ਰਹੇ ਹਨ। ਰਾਜਸੀ ਨੇਤਾ ਪੈਸੇ ਸਦਕਾ ਸੱਤਾ ਵਿੱਚ ਆ ਜਾਂਦੇ ਹਨ ਤੇ ਹੋਰ ਤਾਕਤ ਲਗਾ ਕੇ ਪੈਸਾ ਇਕੱਠਾ ਕਰ ਰਹੇ ਹਨ। ਲਾਲਚੀ ਮਨੋਬਿਰਤੀ ਕਾਰਨ ਕਈ ਤਰ੍ਹਾਂ ਦੀ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਫੈਕਟਰੀਆਂ ਦੀ ਰਹਿੰਦ ਖੂੰਹਿਦ ਨੂੰ ਦਰਿਆਵਾਂ ਵਿੱਚ ਸੁੱਟਿਆ ਜਾ ਰਿਹਾ ਹੈ ,ਜਿਸ ਕਾਰਨ ਜੀਵ ਜੰਤੂ ਵਨਸਪਤੀ ਪ੍ਰਭਾਵਿਤ ਹੋਈ ਹੈ। ਵੱਡੇ ਵੱਡੇ ਜੰਗਲ ਤਬਾਹ ਕਰਕੇ ਏ ਕਲਾਸ ਕਲੋਨੀਆਂ ਦਾ ਨਿਰਮਾਣ ਹੋ ਰਿਹਾ ਹੈ। ਜਿਸ ਤਰ੍ਹਾਂ ਨਵੀਂ ਨਵੀਂ ਟੈਕਨੋਲੋਜੀ ਆ ਰਹੀ ਹੈ ,ਮਨੁੱਖ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ।ਵਾਤਾਵਰਣ ਨੂੰ ਪਲੀਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਪੁਰਾਣੇ ਵੇਲਿਆਂ ਵਿੱਚ ਕਿਸੇ ਦੇ ਘਰ ਆਰ ਓ (ਸਾਫ ਪਾਣੀ) ਪੀਣ ਵਾਲੇ ਨਹੀਂ ਹੁੰਦੇ ਸਨ, ਪਰ ਅੱਜ ਘਰ ਘਰ ਵਿੱਚ ਆਰ ਓ ਲੱਗੇ ਹੋਏ ਹਨ, ਤਾਂ ਵੀ ਲੋਕ ਨਾ ਮੁਰਾਦ ਬਿਮਾਰੀਆਂ ਨਾਲ ਪੀੜਤ ਹਨ। ਅੱਜ ਲੱਖਾਂ ਲੋਕ ਜ਼ਹਿਰੀਲਾ ,ਰਸਾਇਣ ਯੁਕਤ ਪਾਣੀ ਪੀਣ ਕਾਰਨ ਬਿਮਾਰੀਆਂ ਦਾ ਸੰਤਾਪ ਭੋਗ ਰਹੇ ਹਨ। ਛੋਟੀ ਛੋਟੀ ਉਮਰ ਦੇ ਬੱਚਿਆਂ ਨੂੰ ਲੀਵਰ, ਚਮੜੀ ਦਾ ਕੈਂਸਰ ,ਗੁਰਦਿਆਂ ਵਿੱਚ ਸੋਜ਼,ਕੈਂਸਰ ਵਰਗੀ ਨਾਮ ਮੁਰਾਦ ਬਿਮਾਰੀਆਂ ਨੇ ਘੇਰ ਲਿਆ ਹੈ। ਪਾਣੀ ਦੀ ਬੂੰਦ ਬੂੰਦ ਲਈ ਲੋਕ ਤਰਸ ਰਹੇ ਹਨ ।ਮਹਾਂ ਨਗਰਾਂ ਵਿੱਚ ਪੀਣ ਵਾਲਾ ਸਾਫ਼ ਪਾਣੀ ਨਹੀਂ ਮਿਲ ਰਿਹਾ ਹੈ। ਭੁੱਖਮਰੀ , ਕੁਪੋਸ਼ਣ ਵਰਗੀ ਬਿਮਾਰੀਆਂ ਨਾਲ ਲੱਖਾਂ ਔਰਤਾਂ ਤੇ ਬੱਚੇ ਸ਼ਿਕਾਰ ਹਨ। ਅੱਜ ਨਸ਼ਿਆਂ ਦਾ ਫੈਲਾਓ ਪੂਰੀ ਦੁਨੀਆ ਵਿੱਚ ਹੈ।ਨਸ਼ਾ ਮੁਕਤੀ ਕੇਂਦਰ ਵੀ ਨਸ਼ੇੜੀਆਂ ਨਾਲ ਭਰੇ ਹੋਏ ਹਨ। ਜਿਨ੍ਹਾਂ ਕੋਲ ਇਲਾਜ਼ ਲਈ ਪੈਸੇ ਨਹੀਂ ਹਨ, ਉਹਨਾਂ ਨੇ ਆਪਣੇ ਨਸ਼ੇੜੀ ਪੁੱਤਾਂ ਨੂੰ ਘਰ ਵਿੱਚ ਹੀ ਜੇਲ ਵਾਂਗੂੰ ਰੱਖਿਆ ਹੋਇਆ ਹੈ। ਨਸ਼ਿਆਂ ਦੀ ਇਸ ਹਨੇਰੀ ਵਿੱਚ ਘਰ ਦੇ ਘਰ ਤਬਾਹ ਹੋ ਚੁੱਕੇ ਹਨ। ਪੈਸੇ ਦੀ ਹੋੜ ਕਾਰਨ ਇਨਸਾਨ ਕੁੱਝ ਵੀ ਕਰਨ ਨੂੰ ਤਿਆਰ ਹੈ। ਭ੍ਰਿਸ਼ਟਾਚਾਰ ਫੈਲਦਾ ਜਾ ਰਿਹਾ ਹੈ। ਕੁਦਰਤੀ ਬਨਸਪਤੀ ਨੂੰ ਤਬਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ। ਪਿੱਛੇ ਜਿਹੇ ਤੇਲੰਗਨਾ ਵਿੱਚ ਜੋ ਇੰਨਾ ਵੱਡਾ ਜੰਗਲ ਤਬਾਹ ਕੀਤਾ ਜਾ ਰਿਹਾ ਸੀ ਉਹ ਲੋਕਾਂ ਦੀ ਆਵਾਜ਼ ਕਾਰਨ ਰੁਕ ਗਿਆ। ਹਜ਼ਾਰਾਂ ਜੰਗਲੀ ਜੀਵ ਜੰਤੂ ਪ੍ਰਭਾਵਿਤ ਹੋਏ ਸਨ ,ਕਿਉਂਕਿ ਉੱਥੋਂ ਦੀ ਮੌਜੂਦਾ ਸਰਕਾਰ ਉੱਥੇ ਵੱਡੀ ਇੰਡਸਟਰੀ ਸਥਾਪਿਤ ਕਰਨਾ ਚਾਹੁੰਦੀ ਸੀ। ਵਿਚਾਰ ਕਰਨ ਵਾਲੀ ਗੱਲ ਹੈ ਕਿ ਅੱਜ ਧਰਤੀ ਦਾ ਤਾਪਮਾਨ ਕਿੱਥੇ ਤੱਕ ਪੁੱਜ ਚੁੱਕਾ ਹੈ। ਲਾਲਚੀ ਮਨੋ ਬਿਰਤੀ ਸਾਡੇ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰ ਰਹੀ ਹੈ। ਪਹਾੜੀ ਖੇਤਰਾਂ ਵਿੱਚ ਵੀ ਨਦੀਆਂ ਨਾਲਿਆਂ ਨੂੰ ਤੰਗ ਕਰਕੇ ਵੱਡੇ ਵੱਡੇ ਹੋਟਲ ਬਣਾ ਦਿੱਤੇ ਗਏ। ਦਿਨੋ ਦਿਨ ਪਾਣੀ ਡੂੰਘਾ ਤੇ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਭਿਆਨਕ ਸਮੱਸਿਆਵਾਂ ਪੈਦਾ ਹੋਣਗੀਆਂ। ਅੱਜ ਪੌਣ, ਪਾਣੀ, ਖਾਣ ਪੀਣ ਸਭ ਕੁਝ ਪ੍ਰਦੂਸ਼ਿਤ ਹੋ ਚੁੱਕਿਆ ਹੈ। ਕਈ ਜੀਵ ਜੰਤੂਆਂ ਦੀਆਂ ਪ੍ਰਜਾਤੀਆਂ ਲੁਪਤ ਹੋ ਚੁੱਕੀਆਂ ਹਨ। ਜਿਨ੍ਹਾ ਨੂੰ ਅਸੀਂ ਸਿਰਫ਼ ਇੰਟਰਨੈਟ ਜਾਂ ਕਿਤਾਬਾਂ ਵਿੱਚ ਹੀ ਪੜ੍ਹ ਸਕਦੇ ਹਾਂ। ਸਮਾਜ ਸੇਵੀ ਸੰਸਥਾਵਾਂ ਸਾਉਣ ਦੇ ਮਹੀਨੇ ਵਿੱਚ ਰੁੱਖ ਲਗਾਉਂਦੀਆਂ ਹਨ। ਸਮਾਜ ਦੇ ਕੁੱਝ ਸੁਹਿਰਦ ਲੋਕ ਆਵਾਜ਼ ਚੁੱਕਦੇ ਹਨ। ਸਾਡੀ ਸਾਰਿਆਂ ਦੀ ਹੀ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਜੰਗਲਾਂ, ਦਰਿਆਵਾਂ ,ਜਲ ਸਰੋਤਾਂ ਨੂੰ ਬਚਾਉਣ ਲਈ ਪ੍ਰਣ ਕਰੀਏ, ਤਾਂ ਜੋ ਇਹ ਧਰਤੀ ਆਉਣ ਵਾਲੀ ਪੁਸ਼ਤਾਂ ਲਈ ਵੀ ਰਹਿਣਯੋਗ ਬਣੀ ਰਹੇ।

# ਜ਼ਿਲ੍ਹਾ ਪ੍ਰਧਾਨ ਪੂਨਮ ਸੂਰੀ, ਡਾ. ਜੋਤ ਪ੍ਰਧਾਨ ਨਿਯੁਕਤ







ਨਵਾਂਸ਼ਹਿਰ 21 ਜੂਨ (ਸੁਖਦੇਵ ਸਿੰਘ ਉੜਾਪੜ) : ਮਹਿਲਾਂ ਵਰਗ ਨੂੰ ਆਪਣੇ ਪਰਿਵਾਕ ਰੁਝੇਵਿਆਂ ਵਿੱਚੋਂ ਕੁਝ ਧਾਰਮਿਕ ਅਤੇ ਸਮਾਜ ਭਲਾਈ ਕੰਮਾਂ ਵਿੱਚ ਸ਼ਮੂਲੀਆਤ ਕਰਕੇ ਆਪਣੀ ਪਹਿਚਾਣ ਬਣਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਗੱਲ ਦਾ ਪ੍ਰਗਟਾਵਾ ਕੌਮੀ ਪ੍ਰਧਾਨ ਆਸਾ ਸਿੰਘ ਅਜ਼ਾਦ, ਕੌਮੀ ਮਹਿਲਾਂ ਪ੍ਰਧਾਨ ਪਵਨਜੀਤ ਕੌਰ ਮਾਨ, ਨੈਸ਼ਨਲ, ਬਲਜੀਤ ਕੌਰ ਚੇਅਰਪ੍ਰਸਨ ਪੰਜਾਬ, ਡਾ ਦੀਪਕ ਪਾਡੇ ਨੈਸ਼ਨਲ ਪ੍ਰਧਾਨ ਹੈਲਥ ਡਿਪਾਰਟਮੈਂਟ,ਚੇਅਰਮੈਨ ਚੇਤ ਰਾਮ ਰਤਨ ਸੀਨੀਅਰ ਕੌਂਸਲਰ ਨੇ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਭਾਰਤ ਵਲੋਂ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਤਰਲੋਚਨ ਸਿੰਘ ਵਿਰਦੀ ਜ਼ਿਲ੍ਹਾ ਪ੍ਰਧਾਨ,ਅਤੇ ਨੈਸ਼ਨਲ ਚੇਅਰਮੈਨ ਚੇਤ ਰਾਮ ਰਤਨ ਸੀਨੀਅਰ ਕੌਂਸਲਰ ਦੀ ਪ੍ਰਧਾਨਗੀ ਹੇਠ ਸਿਲਵਰ ਲੀਫ ਰੈਸਟੋਰੈਂਟ ਨਵਾਂਸ਼ਹਿਰ ਵਿੱਚ ਆਲ ਇੰਡੀਆ ਹਿਊਮਨ ਰਾਇਟਸ ਕੌਂਸਲ ਭਾਰਤ ਦੀ ਜ਼ਿਲ੍ਹਾ ਪ੍ਰਧਾਨ ਮੈਡਮ ਪੂਨਮ ਸੂਰੀ ਦੇ ਜ਼ਿਲ੍ਹਾ ਪ੍ਰਧਾਨ ਦੀ ਨਿਯੁਕਤੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਡਾ. ਤਜਿੰਦਰ ਸਿੰਘ ਜੋਤ ਬਲਾਚੌਰ ਤਹਿਸੀਲ ਹੈਲਥ ਡਿਪਾਰਟਮੈਂਟ ਪ੍ਰਧਾਨ ਅਤੇ ਮਹਿਲਾ ਪ੍ਰਧਾਨ ਜਸਵਿੰਦਰ ਕੌਰ ਬਲਾਚੌਰ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਕੌਮੀ ਪ੍ਰਧਾਨ ਅਜ਼ਾਦ ਨੇ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਦੀ ਲਿਸਟ ਵੀ ਦਿੱਤੀ ਪਰ ਕੋਈ ਕਾਰਵਾਈ ਕੋਈ ਨਹੀਂ ਹੋਈ।ਨਸ਼ਾ ਖਤਮ ਨਹੀਂ ਹੋਇਆ ਸਗੋਂ ਮਹਿੰਗਾ ਹੋਇਆ ਹੈ। ਛੋਟੇ ਤਸਕਰਾਂ 'ਤੇ ਚੱਲਿਆ ਪੀਲਾ ਪੰਜਾ ਵੱਡਿਆਂ 'ਤੇ ਨਹੀਂ ਚਲਿਆ ਇਹ ਪੰਜਾ। ਨੈਸ਼ਨਲ ਚੇਅਰਮੈਨ ਰਤਨ ਸੀਨੀਅਰ ਕੌਂਸਲਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੋਂ ਬਾਅਦ ਯੁੱਧ ਟਿੱਪਰ ਸਪੀਡ ਕੰਟਰੋਲ ਮੁਹਿੰਮ ਦੀ ਮੰਗ ਕੀਤੀ। ਉਨ੍ਹਾਂ ਕਿਹਾ ਟਿੱਪਰਾਂ ਨਾਲ ਦਿਨ ਰਾਤ ਹਾਦਸਿਆਂ ਨਾਲ ਲੋਕਾਂ ਦੇ ਘਰਾਂ ਵਿੱਚ ਉਜਾੜਾ ਪੈ ਰਹੇ ਹਨ।

ਇਸ ਮੌਕੇ ਨੀਟੂ ਸ਼ਟਰਾਂਵਾਲਾ ਪੰਜਾਬ ਪ੍ਰਚਾਰਕ, ਡਾ. ਭਾਨੂੰ ਯਾਦਵ ਪ੍ਰਧਾਨ ਉਤਰ ਪ੍ਰਦੇਸ, ਮਨਜਿੰਦਰ ਸਿੰਘ ਬੁਲਾਰਾ ਪੰਜਾਬ, ਖੁਸ਼ਵਿੰਦ ਕੌਰ ਵਾਈਸ ਚੇਅਰਪ੍ਰਸਨ ਪੰਜਾਬ, ਸੰਜੀਵ ਕੁਮਾਰ ਸੂਰੀ ਜ਼ਿਲ੍ਹਾ ਸੈਕਟਰੀ ਸ਼ਹੀਦ ਭਗਤ ਸਿੰਘ ਨਗਰ, ਸੰਜੀਵ ਕੈਂਥ ਸ਼ਹਿਰੀ ਪ੍ਰਧਾਨ ਨਵਾਂਸ਼ਹਿਰ, ਦਵੰਸ ਸੂਰੀ, ਇਆਨ ਸੂਰੀ,ਹਰਦੀਕ ਸ਼ਰਮਾ ਲੁਧਿਆਣਾ, ਕਰੀਸ ਲੁਧਿਆਣਾ ਤੋਂ ਇਲਾਵਾ ਆਦਿ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

# ਸਮਾਧਾਨ ਕੈਂਪ ਲਗਾ ਕੇ ਪੈਂਡਿੰਗ ਪਈਆਂ 24 ਦਰਖ਼ਾਸਤਾਂ ਦਾ ਕੀਤਾ ਨਿਪਟਾਰਾ



ਸ੍ਰੀ ਕੀਰਤਪੁਰ ਸਾਹਿਬ, 21 ਜੂਨ (ਬੀ ਐਸ ਰਾਣਾ) : ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਡਾ. ਗੁਲਨੀਤ ਸਿੰਘ ਖੁਰਾਣਾ ਆਈਪੀਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੁਲਿਸ ਸਟੇਸ਼ਨ ਸ੍ਰੀ ਕੀਰਤਪੁਰ ਸਾਹਿਬ ਵਿਖੇ ਐਸਐਚਓ ਇੰਸਪੈਕਟਰ ਜਤਿਨ ਕਪੂਰ ਦੀ ਯੋਗ ਅਗਵਾਈ ਹੇਠ ਪੈਂਡਿੰਗ ਪਈਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ। ਜਿਸ ਵਿੱਚ ਪੈਂਡਿੰਗ ਪਈਆਂ 24 ਦੇ ਕਰੀਬ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹੋਏ ਇਹਨਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐਸਐਚਓ ਇੰਸਪੈਕਟਰ ਜਤਿਨ ਕਪੂਰ ਨੇ ਦੱਸਿਆ ਕਿ ਸਮੇਂ ਸਮੇਂ 'ਤੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਪੈਂਡਿੰਗ ਪਈਆਂ ਦਰਖਾਸਤਾਂ ਦਾ ਨਿਪਟਾਰਾ ਕਰਨ ਲਈ ਪੁਲਿਸ ਥਾਣੇ ਵਿੱਚ ਸਮਾਧਾਨ ਕੈਂਪ ਲਗਾਇਆ ਜਾਂਦਾ ਹੈ। ਜਿੱਥੇ ਵੱਖ ਵੱਖ ਕੇਸਾਂ ਦੇ ਜਾਂਚ ਅਧਿਕਾਰੀ ਆਪਣੇ ਪਾਸ ਪੈਂਡਿੰਗ ਪਈਆਂ ਦਰਖਾਸਤਾਂ ਦੇ ਸ਼ਿਕਾਇਤ ਕਰਤਾ ਅਤੇ ਦੂਸਰੀ ਧਿਰ ਨੂੰ ਬੁਲਾ ਕੇ ਉਹਨਾਂ ਦੀ ਸਹਿਮਤੀ ਨਾਲ ਉਹਨਾਂ ਦਾ ਆਪਸੀ ਰਾਜ਼ੀਨਾਮਾ ਕਰਵਾ ਕੇ ਦਰਖਾਸਤ ਨੂੰ ਬੰਦ ਕਰ ਦਿੰਦੇ ਹਨ ਜਾਂ ਸ਼ਿਕਾਇਤ ਕਰਤਾ ਦੇ ਬਿਆਨਾਂ ਦੇ ਆਧਾਰ ਉੱਪਰ ਕਾਨੂੰਨੀ ਕਾਰਵਾਈ ਕਰ ਦਿੱਤੀ ਜਾਂਦੀ ਹੈ। ਉਹਨਾਂ ਦੱਸਿਆ ਕਿ ਅੱਜ ਵੀ ਸਮਾਧਾਨ ਕੈਂਪ ਵਿੱਚ 24 ਦੇ ਕਰੀਬ ਪੈਂਡਿੰਗ ਪਈਆਂ ਦਰਖਾਸਤਾਂ ਦਾ ਨਿਪਟਾਰਾ ਕਰਦੇ ਹੋਏ ਇਹਨਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਅਜਿਹੇ ਕੈਂਪ ਭਵਿੱਖ ਵਿੱਚ ਵੀ ਲਗਾਏ ਜਾਣਗੇ।

# ਸੀਨੀਅਰ ਸੈਕੰਡਰੀ ਸਕੂਲ ਵਿਖੇ ਯੋਗ ਦਿਵਸ ਮਨਾਇਆ




ਬਟਾਲਾ 21 ਜੂਨ (ਬਲਵਿੰਦਰ ਸਿੰਘ ਪੰਜਗਰਾਈਂ, ਧਨਪਾਲ ਸਿੰਘ ਕਲਸੀ) : ਜਲੰਧਰ ਰੋਡ ਉੱਪਰ ਸਥਿਤ ਦਾ ਮਿਲੇਨੀਅਮ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਯੋਗਾ ਕਰਨ ਮੌਕੇ ਸਕੂਲ ਦੇ ਵਿਦਿਆਰਥੀ, ਉਹਨਾਂ ਦੇ ਮਾਤਾ ਪਿਤਾ ਅਤੇ ਸਮੁੱਚਾ ਸਕੂਲ ਦਾ ਸਟਾਫ ਵੱਖ ਵੱਖ ਆਸਨ ਕਰਦਿਆਂ ਯੋਗਾ ਕਰਨ ਵਿਚ ਮਸ਼ਰੂਫ ਨਜ਼ਰ ਆਇਆ। ਇਸ ਮੌਕੇ ਪ੍ਰਿੰਸੀਪਲ ਸਰਦਾਰ ਗੁਰਮੀਤ ਸਿੰਘ ਨੇ ਕਿਹਾ, ਕਿ ਯੋਗਾ ਸਿਰਫ ਸਾਡੀ ਸਿਹਤ ਲਈ ਹੀ ਵਰਦਾਨ ਨਹੀਂ, ਇਹ ਸਾਡੇ ਮਨ ਅਤੇ ਆਤਮਾ ਨੂੰ ਵੀ ਬਲਵਾਨ ਬਣਾਉਂਦਾ ਹੈ, ਸਕੂਨ ਦਿੰਦਾ ਹੈ ਅਤੇ ਸ਼ਾਂਤੀ ਪ੍ਰਦਾਨ ਕਰਦਾ ਹੈ। ਉਹਨਾਂ ਕਿਹਾ ਕਿ ਜਿਵੇਂ ਅਸੀਂ ਅੱਜ ਵੱਖ ਵੱਖ ਤਰ੍ਹਾਂ ਦੇ ਆਸਨ ਕਰਵਾਏ ਗਏ ਹਨ, ਇਸੇ ਤਰ੍ਹਾਂ ਛੋਟੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਯੋਗਾ ਬਾਰੇ ਵਿਸਥਾਰ ਨਾਲ ਦੱਸਣ ਅਤੇ ਯੋਗਾ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਇਸ ਮੌਕੇ ਚੇਅਰਮੈਨ ਸ਼੍ਰੀ ਵਰਣ ਖੋਸਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਯੋਗਾ ਜਿੱਥੇ ਸਾਨੂੰ ਰੂਹਾਨੀਅਤ ਨਾਲ ਜੋੜਦਾ ਹੈ, ਉੱਥੇ ਬੱਚਿਆਂ ਵਿੱਚ ਅਨੁਸ਼ਾਸਨ, ਜਾਗਰੂਕਤਾ ਅਤੇ ਜੀਵਨ ਸ਼ੈਲੀ ਵਿੱਚ ਬਦਲਾਅ ਲਿਆ ਕੇ ਜੀਵਨ ਵਿੱਚ ਸੰਤੁਲਨ ਪੈਦਾ ਕਰਦਾ ਹੈ। ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਟਰਾਫੀਆਂ ਦੇ ਨਾਲ ਸਨਮਾਨਿਤ ਵੀ ਕੀਤਾ ਗਿਆ।

## ਪੰਜਾਬ ਨੈਸ਼ਨਲ ਬੈਂਕ ਨੇ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ




ਪਠਾਨਕੋਟ, 21 ਜੂਨ, (ਚ.ਨ.ਸ.) : ਦੇਸ਼ ਦੇ ਪ੍ਰਮੁੱਖ ਜਨਤਕ ਖੇਤਰ ਦੇ ਬੈਂਕ, ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨੇ ਇਸ ਸਾਲ ਦੇ ਗਲੋਬਲ ਥੀਮ - ਇੱਕ ਧਰਤੀ ਲਈ ਯੋਗ, ਇੱਕ ਸਿਹਤ ਦੇ ਅਨੁਸਾਰ, ਆਪਣੇ ਮੁੱਖ ਦਫਤਰ, ਜ਼ੋਨਾਂ ਅਤੇ ਸਰਕਲ ਦਫਤਰਾਂ ਵਿੱਚ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ।

ਇਸ ਪਹਿਲਕਦਮੀ ਨੇ ਕਰਮਚਾਰੀਆਂ ਵਿੱਚ ਸੰਪੂਰਨ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਿਕ ਸਦਭਾਵਨਾ ਵਿੱਚ ਯੋਗਦਾਨ ਪਾਉਣ ਲਈ ਬੈਂਕ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।ਪੀ.ਐਨ.ਬੀ. ਪਰਿਵਾਰ ਨੇ ਸਵੇਰੇ-ਸਵੇਰੇ ਇੰਟਰਐਕਟਿਵ ਯੋਗਾ ਸੈਸ਼ਨਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਜਿਸ ਵਿੱਚ ਤਣਾਅ ਪ੍ਰਬੰਧਨ, ਆਰਾਮ ਤਕਨੀਕਾਂ ਅਤੇ ਸਾਹ ਲੈਣ ਦੀਆਂ ਕਸਰਤਾਂ ਤੇ ਜ਼ੋਰ ਦਿੱਤਾ ਗਿਆ। ਇਹਨਾਂ ਸੈਸ਼ਨਾਂ ਦਾ ਉਦੇਸ਼ ਸਰੀਰਕ ਤੰਦਰੁਸਤੀ, ਮਾਨਸਿਕ ਸਪੱਸ਼ਟਤਾ ਅਤੇ ਭਾਵਨਾਤਮਕ ਲਚਕੀਲੇਪਣ ਨੂੰ ਵਧਾਉਣਾ, ਸੰਗਠਨ ਦੇ ਅੰਦਰ ਇੱਕ ਸਕਾਰਾਤਮਕ ਅਤੇ ਸਿਹਤਮੰਦ ਕਾਰਜ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸੀ।

ਪਠਾਨਕੋਟ ਸਰਕਲ ਦਫਤਰ ਵਿਖੇ, ਇਸ ਸਮਾਗਮ ਵਿੱਚ ਸਰਕਲ ਮੁਖੀ ਸ਼੍ਰੀ ਸੰਜੀਤ ਕੁਮਾਰ ਕੌਂਡਲ, ਮੁੱਖ ਪ੍ਰਬੰਧਕ ਸ਼੍ਰੀ ਸ਼ਸ਼ਾਂਕ ਸ਼ੁਕਲਾ ਅਤੇ ਹੋਰ ਸਟਾਫ ਮੈਂਬਰਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ। : ਯੋਗਾ ਸਿਰਫ਼ ਸਰੀਰਕ ਕਸਰਤਾਂ ਦਾ ਸਮੂਹ ਨਹੀਂ ਹੈ; ਇਹ ਇੱਕ ਡੂੰਘਾ ਅਨੁਸ਼ਾਸਨ ਹੈ ਜੋ ਮਨ, ਸਰੀਰ ਅਤੇ ਆਤਮਾ ਨੂੰ ਜੋੜਦਾ ਹੈ। ਇਹ ਅੰਦਰੂਨੀ ਸ਼ਾਂਤੀ ਅਤੇ ਭਾਵਨਾਤਮਕ ਸੰਤੁਲਨ ਨੂੰ ਉਤਸ਼ਾਹਿਤ ਕਰਦਾ ਹੈ, ਇੱਕ ਵਧੇਰੇ ਹਮਦਰਦ ਅਤੇ ਜੁੜੇ ਸਮਾਜ ਵਿੱਚ ਯੋਗਦਾਨ ਪਾਉਂਦਾ ਹੈ। ਇੱਕ ਸਿਹਤਮੰਦ ਕਰਮਚਾਰੀ ਇੱਕ ਉਤਪਾਦਕ ਕਰਮਚਾਰੀ ਹੁੰਦਾ ਹੈ, ਅਤੇ ਉਨ੍ਹਾਂ ਦੀ ਤੰਦਰੁਸਤੀ ਸਿੱਧੇ ਤੌਰ ਤੇ ਸੰਗਠਨ ਦੀ ਵਿਕਾਸ ਯਾਤਰਾ ਨੂੰ ਮਜ਼ਬੂਤ ਕਰਦੀ ਹੈ।

ਇਸ ਸਮਾਗਮ ਨੇ ਯੋਗਾ ਵਰਗੇ ਤੰਦਰੁਸਤੀ ਅਭਿਆਸਾਂ ਨੂੰ ਰੋਜ਼ਾਨਾ ਰੁਟੀਨ ਵਿੱਚ ਜੋੜਨ ਦੀ ਮਹੱਤਤਾ ਨੂੰ ਉਜਾਗਰ ਕੀਤਾ, ਜਿਸ ਨਾਲ ਪੀਐਨਬੀ ਦੇ ਨਿੱਜੀ ਸਿਹਤ ਅਤੇ ਵਾਤਾਵਰਣ ਅਤੇ ਭਾਈਚਾਰੇ ਪ੍ਰਤੀ ਸਮੂਹਿਕ ਜ਼ਿੰਮੇਵਾਰੀ ਵਿਚਕਾਰ ਇੱਕ ਸੁਮੇਲ ਸੰਤੁਲਨ ਨੂੰ ਪਾਲਣ ਵਿੱਚ ਵਿਸ਼ਵਾਸ ਨੂੰ ਉਜਾਗਰ ਕੀਤਾ ਗਿਆ।

# ਵਿਸ਼ਵ ਪੰਜਾਬੀ ਸਭਾ ਵੱਲੋਂ ਟੋਰਾਂਟੋ ਵਿੱਚ ਪੰਜਾਬੀ ਕਾਨਫ਼ਰੰਸ ਆਰੰਭ

### ਡਾ. ਵਰਿਆਮ ਸਿੰਘ ਸੰਧੂ ਨੇ ਪ੍ਰਧਾਨਗੀ ਕਰਦਿਆਂ ਮਾਂ ਬੋਲੀ ਵਿਕਾਸ ਆਪੋ-ਆਪਣੇ ਘਰੋਂ ਸ਼ੁਰੂ ਕਰਨ ਦਾ ਪ੍ਰਣ ਕਰਵਾਇਆ





ਟੋਰਾਂਟੋ, 21 ਜੂਨ, (ਚ.ਨ.ਸ.) : ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਾਂਝ ਨੂੰ ਹੋਰ ਮਜ਼ਬੂਤ ਕਰਨ, ਨਿਖਾਰਨ ਅਤੇ ਤਰਾਸ਼ਣ ਦੇ ਮਨੋਰਥ ਨਾਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਡਾ. ਦਲਬੀਰ ਸਿੰਘ ਕਥੂਰੀਆ ਕੈਨੇਡਾ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਅਗਵਾਈ ਹੇਠ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕੈਨੇਡਾ ਦੇ ਸ਼ਹਿਰ ਬਰੈਂਪਟਨ (ਟੋਰੰਟੋ) ਦੇ ਵਿਸ਼ਵ ਪੰਜਾਬੀ ਭਵਨ ਵਿਖੇ ਅੱਜ ਬੜੇ ਉਤਸ਼ਾਹ ਨਾਲ ਸ਼ੁਰੂ ਹੋ ਗਈ ਹੈ। ਕਾਨਫਰੰਸ ਦਾ ਆਰੰਭ ਸਿੱਖ ਰਹੁ-ਰੀਤਾਂ ਨਾਲ ਸ੍ਰ. ਸੁਬੇਗ ਸਿੰਘ ਕਥੂਰੀਆ ਵੱਲੋਂ ਰਸਭਿੰਨੇ ਸ਼ਬਦ ਗਾਇਨ ਨਾਲ ਕੀਤੀ ਗਈ।ਇਸ ਉਪਰੰਤ ਸ੍ਰੀ ਰਿੰਟੂ ਭਾਟੀਆ ਵੱਲੋਂ ਸ਼ਬਦ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਉਪਰੰਤ ਡਾ. ਦਲਬੀਰ ਸਿੰਘ ਕਥੂਰੀਆ, ਸ਼੍ਰੋਮਣੀ ਪੰਜਾਬੀ ਲੇਖਕ ਡਾ.ਵਰਿਆਮ ਸਿੰਘ ਸੰਧੂ, ਪੰਜਾਬ ਯੂਨੀਵਰਸਿਟੀ ਦੇ ਸਾਬਕਾ ਡੀਨ ਡਾ. ਜਸਪਾਲ ਕੌਰ ਕਾਂਗ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਚਾਂਸਲਰ ਡਾ. ਗੁਰਲਾਭ ਸਿੰਘ, ਡਾ. ਪਰਗਟ ਸਿੰਘ ਬੱਗਾ, ਸ੍ਰ. ਇੰਦਰਜੀਤ ਸਿੰਘ ਬੱਲ, ਡਾ. ਬਲਵਿੰਦਰ ਸਿੰਘ ਧਾਲੀਵਾਲ, ਢਾ.ਅਮਰਜੀਤ ਕੋਂਕੇ, ਰੂਪ ਕਾਹਲੋਂ ਅਤੇ ਉਚੇਚੇ ਤੌਰ ’ਤੇ ਪਹੁੰਚੇ ਚੜ੍ਹਦੀਕਲਾ ਟਾਈਮ ਟੀਵੀ ਦਿੱਲੀ ਦ ਡਾਇਰੈਕਟਰ ਸ੍ਰ. ਅੰਮ੍ਰਿਤਪਾਲ ਸਿੰਘ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਸਮਾਰੋਹ ਦਾ ਉਦਘਾਟਨ ਕੀਤਾ ਗਿਆ। ਸਮਾਰੋਹ ਦਾ ਸਵਾਗਤੀ ਭਾਸ਼ਨ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਸ੍ਰ. ਇੰਦਰਜੀਤ ਸਿੰਘ ਬੱਲ ਵੱਲੋਂ ਪੜ੍ਹਿਆ ਗਿਆ। ਇਸ ਉਪਰੰਤ ਗੁਰਲਾਭ ਸਿੰਘ ਵੱਲੋਂ ਉਦਘਾਟਨੀ ਸ਼ਬਦ ਬੋਲੇ ਗਏ। ਕੁੰਜੀਵਤ ਭਾਸ਼ਣ ਡਾ. ਜਸਪਾਲ ਕੌਰ ਕਾਂਗ ਵੱਲੋਂ ਦਿੱਤਾ ਗਿਆ ਜਿਸ ਵਿੱਚ ਉਨ੍ਹਾਂ ਗੁਰੂ ਆਸ਼ੇ ਅਨੁਸਾਰੀ ਸਮਾਜ ਸਿਰਜਣ ਦੀ ਲੋੜ ਤੇ ਜ਼ੋਰ ਦਿੱਤਾ।ਪ੍ਰਧਾਨਗੀ ਭਾਸ਼ਨ ਦੇਂਦਿਆਂ ਸ਼੍ਰੋਮਣੀ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਵੱਲੋਂ ਇਹ ਕਾਨਫਰੰਸ ਕਰਕੇ ਪੂਰੇ ਵਿਸ਼ਵ ਨੂੰ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਸੁਚੇਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਫ਼ਰ ਸਾਨੂੰ ਆਪੋ ਆਪਣੇ ਘਰੋਂ ਸ਼ੁਰੂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਵਿਸਾਰਨ ਕਰਕੇ ਹੀ ਅਸੀਂ ਬਹੁਤੇ ਕਸ਼ਟ ਸਹਾਰ ਰਹੇ ਹਾਂ।ਅੰਤ ਵਿੱਚ ਡਾ. ਪ੍ਰਗਟ ਸਿੰਘ ਬੱਗਾ ਵੱਲੋਂ ਧੰਨਵਾਦ ਦੇ ਸ਼ਬਦ ਕਹੇ। ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਗੁਰਪ੍ਰੀਤ ਕੌਰ ਅਤੇ ਡਾ. ਅਮਰਦੀਪ ਬਿੰਦਰਾ ਵੱਲੋਂ ਮੰਚ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਈ ਗਈ। ਕਾਨਫਰੰਸ ਵਿੱਚ ਉੱਘੇ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਾਬਕਾ ਵਿਧਾਇਕ ਤੇ ਪ੍ਰਸਿੱਧ ਪੱਤਰਕਾਰ ਕੰਵਰ ਸੰਧੂ, ਬਿੱਟੂ ਸੰਧੂ,ਜਸਵਿੰਦਰ ਸਿੰਘ ਰੁਪਾਲ,ਪੂਰਨ ਸਿੰਘ ਪਾਂਧੀ, ਰਜਵੰਤ ਕੌਰ ਸੰਧੂ, ਡਾ. ਜਾਗੀਰ ਸਿੰਘ ਨੂਰ, ਸੁਰਿੰਦਰ ਪ੍ਰੀਤ ਘਣੀਆ, ਕੰਵਲਜੀਤ ਸਿੰਘ ਲੱਕੀ,ਦਲਬੀਰ ਸਿੰਘ ਰਿਆੜ, ਪਾਕਿਸਤਾਨੀ ਲੇਖਕਾਂ ਤਾਹਿਰਾ ਸਰਾ, ਲੋਕ ਗਾਇਕ ਹਸਨੈਨ ਅਕਬਰ, ਕਵਿੱਤਰੀ ਸੁਰਜੀਤ ਕੌਰ, ਪ੍ਰੋ. ਕੁਲਜੀਤ ਕੌਰ,ਡਾ. ਨਵਜੋਤ ਕੌਰ ਤੇ ਸ੍ਰ. ਜਸਵਿੰਦਰ ਸਿੰਘ ਬਿੱਟਾ ਪ੍ਰਾਈਮ ਏਸ਼ੀਆ ਦੇ ਸੀਨੀਅਰ ਜਰਨਲਿਸਟ ਕਈ ਹੋਰ ਲੇਖਕ ਹਾਜ਼ਰ ਸਨ। ਇੱਥੇ ਦੱਸਣਯੋਗ ਹੈ ਕਿ ਕਾਨਫਰੰਸ ਦਾ ਸਮਾਪਤੀ ਸਮਾਰੋਹ 22 ਜੂਨ ਨੂੰ ਹੋਵੇਗਾ। ਇਸ ਸਬੰਧੀ ਡਾ. ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਸਿਰਫ ਇੱਕ ਭਾਸ਼ਾ ਹੀ ਨਹੀਂ ਬਲਕਿ ਇਹ ਮੁਹੱਬਤ, ਭਾਈਚਾਰਕ ਸਾਂਝ ਅਤੇ ਦੁਨੀਆਂ ਨੂੰ ਰਿਸ਼ਤਿਆਂ ਨਾਲ ਜੋੜ ਕੇ ਰੱਖਣ ਵਾਲੀ ਭਾਸ਼ਾ ਹੈ। ਇਸ ਦੀਆਂ ਜੜ੍ਹਾਂ ਵਿੱਚ, ਇਸ ਦੀਆਂ ਰਗਾਂ ਵਿੱਚ, ਇਸਦੇ ਸੀਨੇ ਵਿੱਚ, ਇਸ ਦੀ ਧੜਕਣ ਵਿੱਚ ਰੂਹਾਨੀਅਤ ਦੇ ਬੀਜ ਹਨ ਅਤੇ ਅੱਜ ਜਦੋਂ ਦੁਨੀਆਂ ਦੇ ਬਹੁਤ ਸਾਰੇ ਮੁਲਕ ਆਪਸੀ ਖਿਚੋਤਾਣ ਵਿੱਚ ਅਤੇ ਆਪਣੀ ਚੌਧਰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਹਨ,ਇਸ ਸਮੇਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਭੂਮਿਕਾ ਅਤੇ ਯੋਗਦਾਨ ਹੋਰ ਵੀ ਵੱਧ ਜਾਂਦਾ ਹੈ।

# ਯੋਗ ਭਾਰਤ ਦੀ ਨਰਮ ਸ਼ਕਤੀ ਅਤੇ ਸਾਰੀ ਮਨੁੱਖਤਾ ਦੀ ਸਾਂਝੀ ਵਿਰਾਸਤ ਦੀ ਇੱਕ ਮਹਾਨ ਉਦਾਹਰਣ: ਮੁਰਮੂ



ਦੇਹਰਾਦੂਨ, 21 ਜੂਨ, (ਚ.ਨ.ਸ.): ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਸ਼ਨੀਵਾਰ ਨੂੰ ਯੋਗ ਨੂੰ ਭਾਰਤ ਦੀ ਨਰਮ ਸ਼ਕਤੀ ਦੀ ਇੱਕ ਮਹਾਨ ਉਦਾਹਰਣ ਦੱਸਿਆ ਅਤੇ ਕਿਹਾ ਕਿ ਯੋਗ ਹੁਣ ਸਾਰੀ ਮਨੁੱਖਤਾ ਦੀ ਸਾਂਝੀ ਵਿਰਾਸਤ ਬਣ ਗਿਆ ਹੈ।ਯੋਗ ਦਿਵਸ ਦੇ ਮੌਕੇ ’ਤੇ ਇੱਥੇ ਪੁਲਿਸ ਲਾਈਨ ਵਿਖੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਤੋਂ ਸੰਯੁਕਤ ਰਾਸ਼ਟਰ ਨੇ 2015 ਵਿੱਚ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਮਨਾਉਣ ਦੇ ਭਾਰਤ ਦੇ ਪ੍ਰਸਤਾਵ ਨੂੰ ਅਪਣਾਇਆ ਹੈ, ਦੁਨੀਆ ਭਰ ਦੇ ਜ਼ਿਆਦਾਤਰ ਦੇਸ਼ਾਂ ਨੇ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਇਆ ਹੈ ਅਤੇ ਇਸ ਤੋਂ ਲਾਭ ਉਠਾ ਰਹੇ ਹਨ।ਉਨ੍ਹਾਂ ਕਿਹਾ, ਇਹ ਹੁਣ ਸਾਰੀ ਮਨੁੱਖਤਾ ਦੀ ਸਾਂਝੀ ਵਿਰਾਸਤ ਬਣ ਗਿਆ ਹੈ।ਯੋਗ ਦੀ ਵਧਦੀ ਅੰਤਰਰਾਸ਼ਟਰੀ ਪ੍ਰਸਿੱਧੀ ਦੀ ਉਦਾਹਰਣ ਦਿੰਦੇ ਹੋਏ, ਉਨ੍ਹਾਂ ਨੇ ਕੁਵੈਤੀ ਯੋਗ ਅਭਿਆਸੀ ਸ਼ੇਖਾ ਸ਼ੇਖਾ ਅਲੀ ਅਲ-ਜਾਬਰ ਅਲ ਸਬਾਹ ਦਾ ਜ਼ਿਕਰ ਕੀਤਾ, ਜਿਨ੍ਹਾਂ ਨੂੰ ਭਾਰਤ ਸਰਕਾਰ ਦੁਆਰਾ ਯੋਗ ਨੂੰ ਉਤਸ਼ਾਹਿਤ ਕਰਨ ਅਤੇ ਇਸ ਰਾਹੀਂ ਸੱਭਿਆਚਾਰਾਂ ਨੂੰ ਜੋੜਨ ਲਈ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ।ਰਾਸ਼ਟਰਪਤੀ ਨੇ ਕਿਹਾ, ਯੋਗ ਕਿਸੇ ਧਰਮ, ਸੰਪਰਦਾ ਜਾਂ ਭਾਈਚਾਰੇ ਨਾਲ ਜੁੜਿਆ ਨਹੀਂ ਹੈ। ਇਹ ਸਿਹਤਮੰਦ ਜੀਵਨ ਸ਼ੈਲੀ ਦੀ ਇੱਕ ਕਲਾ ਹੈ।ਉਨ੍ਹਾਂ ਸਾਰਿਆਂ ਨੂੰ ਮਾਨਸਿਕ ਅਤੇ ਸਰੀਰਕ ਸਿਹਤ ਲਈ ਇਸਨੂੰ ਰੋਜ਼ਾਨਾ ਅਭਿਆਸ ਵਜੋਂ ਅਪਣਾਉਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਯੋਗਾ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਨੂੰ ਰੋਕਣ, ਪ੍ਰਤੀਰੋਧਕ ਸ਼ਕਤੀ ਵਧਾਉਣ ਅਤੇ ਮਨ, ਸਰੀਰ ਅਤੇ ਆਤਮਾ ਨੂੰ ਜੋੜਨ ਵਿੱਚ ਪ੍ਰਭਾਵਸ਼ਾਲੀ ਹੈ।ਮੁਰਮੂ ਨੇ ਸ਼ਨੀਵਾਰ ਨੂੰ ਉਤਰਾਖੰਡ ਦੀ ਆਪਣੀ ਤਿੰਨ ਦਿਨਾਂ ਫੇਰੀ ਦੀ ਸਮਾਪਤੀ ਕੀਤੀ। ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਨੇ ਵੀ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ।ਰਾਜਪਾਲ ਨੇ ਕਿਹਾ ਕਿ ਯੋਗਾ ਭਾਰਤ ਦੁਆਰਾ ਦੁਨੀਆ ਨੂੰ ਦਿੱਤਾ ਗਿਆ ਇੱਕ ਅਨਮੋਲ ਤੋਹਫ਼ਾ ਹੈ। ਉਨ੍ਹਾਂ ਕਿਹਾ, ਭਾਰਤ ਪਹਿਲਾਂ ਹੀ ਯੋਗ ਦੇ ਖੇਤਰ ਵਿੱਚ ਵਿਸ਼ਵ ਗੁਰੂ ਵਜੋਂ ਆਪਣੀ ਭੂਮਿਕਾ ਨਿਭਾ ਰਿਹਾ ਹੈ।ਰਾਜ ਦੇ ਕੈਬਨਿਟ ਮੰਤਰੀ ਸੁਬੋਧ ਉਨਿਆਲ ਵੀ ਇਸ ਸਮਾਗਮ ਵਿੱਚ ਮੌਜੂਦ ਸਨ, ਜਿੱਥੇ ਵੱਡੀ ਗਿਣਤੀ ਵਿੱਚ ਵੱਖ-ਵੱਖ ਖੇਤਰਾਂ ਦੇ ਲੋਕਾਂ ਨੇ ਯੋਗ ਆਸਣ ਕੀਤੇ।

## ਯੂਕੋ ਬੈਂਕ ਨੇ ਯੋਗ ਦਿਵਸ ਮਨਾਇਆ




ਚੰਡੀਗੜ੍ਹ, 21 ਜੂਨ, (ਚ.ਨ.ਸ.) : ਅੰਤਰਰਾਸ਼ਟਰੀ ਯੋਗ ਦਿਵਸ ਤੇ, 21 ਜੂਨ 2025 ਨੂੰ, ਯੂਕੋ ਬੈਂਕ ਦੇ ਸਟਾਫ ਮੈਂਬਰਾਂ ਨੇ ਸੈਕਟਰ 17, ਚੰਡੀਗੜ੍ਹ ਦੇ ਸ਼ਾਖਾ ਕੰਪਲੈਕਸ ਵਿੱਚ ਜ਼ੋਨਲ ਦਫਤਰ ਅਤੇ ਸਿਖਲਾਈ ਕਾਲਜ ਦੇ ਸਹਿਯੋਗ ਨਾਲ ਆਯੋਜਿਤ ਯੋਗ ਕੈਂਪ ਵਿੱਚ ਯੋਗਾ ਦਾ ਅਭਿਆਸ ਕੀਤਾ। ਜ਼ੋਨਲ ਹੈੱਡ ਮਿਲਨ ਦੂਬੇ ਦੀ ਅਗਵਾਈ ਹੇਠ ਇਸ ਯੋਗਾ ਅਭਿਆਸ ਵਿੱਚ ਵੱਡੀ ਗਿਣਤੀ ਵਿੱਚ ਸਟਾਫ ਮੈਂਬਰਾਂ ਦੇ ਨਾਲ-ਨਾਲ ਕਾਰਜਕਾਰੀ ਅਧਿਕਾਰੀਆਂ ਨੇ ਹਿੱਸਾ ਲਿਆ।ਯੋਗਾ ਸਿਰਫ਼ ਇੱਕ ਕਸਰਤ ਨਹੀਂ ਹੈ, ਸਗੋਂ ਇੱਕ ਜੀਵਨ ਸ਼ੈਲੀ ਹੈ ਜੋ ਸਾਨੂੰ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਤੌਰ ਤੇ ਅਮੀਰ ਬਣਾਉਂਦੀ ਹੈ। ਇਸਦਾ ਨਿਯਮਤ ਅਭਿਆਸ ਜੀਵਨ ਵਿੱਚ ਸਥਿਰਤਾ, ਸਿਹਤ ਅਤੇ ਖੁਸ਼ੀ ਲਿਆਉਂਦਾ ਹੈ। ਇਸੇ ਕ੍ਰਮ ਵਿੱਚ, ਬੈਂਕ ਵਿੱਚ ਆਯੋਜਿਤ ਤਣਾਅ ਪ੍ਰਬੰਧਨ ਤੇ ਇੱਕ ਵਿਸ਼ੇਸ਼ ਭਾਸ਼ਣ ਵਿੱਚ, ਸਟਾਫ ਮੈਂਬਰਾਂ ਨੂੰ ਕੰਮ ਵਾਲੀ ਥਾਂ ਅਤੇ ਰੋਜ਼ਾਨਾ ਜੀਵਨ ਵਿੱਚ ਤਣਾਅ ਘਟਾਉਣ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਯੋਗਾ ਸਰੀਰ ਅਤੇ ਮਾਨਸਿਕ ਸਿਹਤ ਨੂੰ ਵੀ ਮਜ਼ਬੂਤੀ ਦਿੰਦਾ ਹੈ।ਜ਼ੋਨਲ ਹੈੱਡ ਨੇ ਸਾਰਿਆਂ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸ਼ਹਿਰ ਦੇ ਸਭ ਤੋਂ ਵਿਅਸਤ ਸੈਕਟਰ ਵਿੱਚ, ਬੈਂਕ ਕਰਮਚਾਰੀਆਂ ਨੇ ਬੈਂਕ ਗਾਹਕਾਂ ਅਤੇ ਆਮ ਲੋਕਾਂ ਨੂੰ ਸਿਹਤ ਅਤੇ ਯੋਗਾ ਦੇ ਲਾਭਾਂ ਬਾਰੇ ਦੱਸਿਆ।

## ਸੈਂਟਰਲ ਬੈਂਕ ਆਫ਼ ਇੰਡੀਆ ਨੇ ਯੋਗ ਦਿਵਸ ਮਨਾਇਆ



ਲੁਧਿਆਣਾ, 21 ਜੂਨ, (ਚ.ਨ.ਸ.) : ਜਨਤਕ ਖੇਤਰ ਦੇ ਮੋਹਰੀ ਬੈਂਕ, ਸੈਂਟਰਲ ਬੈਂਕ ਆਫ਼ ਇੰਡੀਆ ਦੇ ਖੇਤਰੀ ਦਫ਼ਤਰ ਨੇ ਬੈਂਕ ਦੇ ਖੇਤਰੀ ਮੁਖੀ ਅਸ਼ੋਕ ਸ਼ਰਮਾ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ ਤੇ ਇੱਕ ਯੋਗਾ ਵਰਕਸ਼ਾਪ ਦਾ ਆਯੋਜਨ ਕੀਤਾ, ਜਿਸ ਵਿੱਚ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਵੱਖ-ਵੱਖ ਸ਼ੈਲੀਆਂ ਵਿੱਚ ਯੋਗਾ ਆਸਣ ਕੀਤੇ। ਖੇਤਰੀ ਮੁਖੀ ਅਸ਼ੋਕ ਸ਼ਰਮਾ ਨੇ ਸਾਰਿਆਂ ਨੂੰ ਇਸਨੂੰ ਨਿਯਮਤ ਤੌਰ ’ਤੇ ਅਪਣਾਉਣ ਲਈ ਉਤਸ਼ਾਹਿਤ ਕੀਤਾ।

## ਸਟੇਟ ਬੈਂਕ ਆਫ਼ ਇੰਡੀਆ ਦੇ ਪ੍ਰਸ਼ਾਸਕੀ ਦਫ਼ਤਰ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਲੁਧਿਆਣਾ, 21 ਜੂਨ, (ਚ.ਨ.ਸ.) : ਦੇਸ਼ ਦੇ ਵੱਡੇ ਬੈਂਕ, ਸਟੇਟ ਬੈਂਕ ਆਫ਼ ਇੰਡੀਆ ਦੇ ਪ੍ਰਸ਼ਾਸਕੀ ਦਫ਼ਤਰ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਨੂੰ ਮਨਾਉਣ ਲਈ, ਕੈਂਪਸ ਵਿੱਚ ਇੱਕ ਵਿਸ਼ੇਸ਼ ਯੋਗਾ ਸੈਸ਼ਨ ਦਾ ਆਯੋਜਨ ਕੀਤਾ ਗਿਆ ਜਿੱਥੇ ਕਰਮਚਾਰੀ ਸਿਹਤ, ਧਿਆਨ ਅਤੇ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ। ਪ੍ਰੋਗਰਾਮ ਵਿੱਚ, ਖੇਤਰੀ ਮੈਨੇਜਰ ਆਰਬੀਓ-2 ਰਾਕੇਸ਼ ਚੌਧਰੀ ਅਤੇ ਖੇਤਰੀ ਮੈਨੇਜਰ ਆਰਬੀਓ-1 ਮੁਨੀਸ਼ ਕੁਮਾਰ ਗੁਪਤਾ ਨੇ ਲੋਕਾਂ ਨੂੰ ਬਿਹਤਰ ਸਿਹਤ, ਤਣਾਅ ਪ੍ਰਬੰਧਨ ਅਤੇ ਬਿਹਤਰ ਉਤਪਾਦਕਤਾ ਲਈ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਬੈਂਕ ਕਰਮਚਾਰੀਆਂ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਲ ਯੋਗਾ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਅੰਤ ਵਿੱਚ ਸਾਰਿਆਂ ਨੇ ਯੋਗ ਨੂੰ ਇੱਕ ਨਿਯਮਤ ਅਭਿਆਸ ਵਜੋਂ ਅਪਣਾਉਣ ਅਤੇ ਭਾਈਚਾਰੇ ਵਿੱਚ ਇਸਦੇ ਲਾਭ ਫੈਲਾਉਣ ਦਾ ਪ੍ਰਣ ਲਿਆ।

## ਐਨ.ਸੀ.ਸੀ. ਗਰੁੱਪ ਨੇ ਯੋਗ ਦਿਵਸ ਮਨਾਇਆ



ਚੰਡੀਗੜ੍ਹ, 21 ਜੂਨ, (ਚ.ਨ.ਸ.) : ਐਨ.ਸੀ.ਸੀ. ਗਰੁੱਪ ਚੰਡੀਗੜ੍ਹ ਨੇ ਕੇਂਦਰੀ ਸੰਚਾਰ ਬਿਊਰੋ (ਸੀ.ਬੀ.ਸੀ.), ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਸਹਿਯੋਗ ਨਾਲ, ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਸੈਕਟਰ-11, ਚੰਡੀਗੜ੍ਹ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇੱਕ ਧਰਤੀ, ਇੱਕ ਸਿਹਤ ਲਈ ਯੋਗ ਥੀਮ ਵਾਲੇ ਇਸ ਸਮਾਗਮ ਵਿੱਚ ਸੈਂਕੜੇ ਐਨ.ਸੀ.ਸੀ. ਕੈਡਿਟਾਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਵਿਸ਼ੇਸ਼ ਯੋਗ ਸੈਸ਼ਨ ਵਿੱਚ 1 ਚੰਡੀਗੜ੍ਹ ਗਰਲਜ਼ ਬਟਾਲੀਅਨ ਐਨ.ਸੀ.ਸੀ., 2 ਚੰਡੀਗੜ੍ਹ ਬਟਾਲੀਅਨ ਐਨ.ਸੀ.ਸੀ. ਅਤੇ 1 ਚੰਡੀਗੜ੍ਹ ਏਅਰ ਫੋਰਸ ਐਨ.ਸੀ.ਸੀ. ਯੂਨਿਟ ਦੇ ਸੈਂਕੜੇ ਐਨ.ਸੀ.ਸੀ. ਕੈਡਿਟਾਂ, ਸਰਕਾਰੀ ਕਾਲਜ ਸਟਾਫ਼ ਅਤੇ ਸੀ.ਬੀ.ਸੀ. ਅਧਿਕਾਰੀ ਸ਼ਾਮਿਲ ਹੋਏ।

## ਜਨਮ ਦਿਨ ਮੁਬਾਰਕ



ਮਨਜੋਤ ਸਿੰਘ




# ਸੀ.ਐਮ. ਦੀ ਯੋਗਸ਼ਾਲਾ ਤਹਿਤ ਮਨਾਇਆ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ

### ☛ਜ਼ਿਲ੍ਹਾ ਪੱਧਰੀ ਸਮਾਗਮ ਵਿੱਚ 500 ਤੋਂ ਵੱਧ ਜ਼ਿਲ੍ਹਾ ਵਾਸੀਆਂ ਨੇ ਕੀਤੀ ਸ਼ਮੂਲੀਅਤ

### ☛ਐਮ.ਐਲ.ਏ. ਫ਼ੌਜਾ ਸਿੰਘ ਸਰਾਰੀ, ਡੀ.ਸੀ. ਦੀਪਸ਼ਿਖਾ ਸ਼ਰਮਾ ਨੇ ਵੀ ਅੰਤਰਰਾਸ਼ਟਰੀ ਯੋਗ ਦਿਵਸ 'ਤੇ ਕੀਤਾ ਯੋਗ



ਫਿਰੋਜ਼ਪੁਰ, 21 ਜੂਨ (ਤਿਵਾੜੀ) : 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਅੱਜ ਸੀ.ਐਮ. ਦੀ ਯੋਗਸ਼ਾਲਾ ਤਹਿਤ ਫ਼ਿਰੋਜ਼ਪੁਰ ਛਾਉਣੀ ਸਥਿਤ ਕੰਟੋਨਮੈਂਟ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਯੋਗ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਸਾਲ ਦੇ ਯੋਗ ਦਿਵਸ ਦਾ ਥੀਮ 'ਯੋਗ ਫਾਰ ਵਨ ਅਰਥ, ਵਨ ਹੈਲਥ ਭਾਵ ਇਕ ਪ੍ਰਿਥਵੀ 'ਤੇ ਇਕ ਸਿਹਤ ਲਈ ਯੋਗ' ਸੀ। ਇਸ ਯੋਗ ਦਿਵਸ ਮੌਕੇ ਵਿਧਾਇਕ ਹਲਕਾ ਗੁਰੂਹਰਸਹਾਏ ਸ. ਫੌਜਾ ਸਿੰਘ ਸਰਾਰੀ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਡਾ. ਅਮਨਦੀਪ ਕੌਰ ਗੋਸਲ ਧਰਮਪਤਨੀ ਵਿਧਾਇਕ ਰਣਬੀਰ ਸਿੰਘ ਭੁੱਲਰ (ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫਿਰੋਜ਼ਪੁਰ ਸ਼ਹਿਰੀ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਕੇ ਜ਼ਿਲ੍ਹਾ ਵਾਸੀਆਂ ਨਾਲ ਯੋਗ ਅਭਿਆਸ ਕੀਤਾ। ਇਸ ਮੌਕੇ ਵਿਧਾਇਕ ਗੁਰੂਹਰਸਹਾਏ ਸ. ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਇਨਸਾਨ ਮਾਨਸਿਕ ਤਣਾਅ ਸਮੇਤ ਕਈ ਤਰ੍ਹਾਂ ਦੀਆਂ ਹੋਰ ਸਰੀਰਕ ਬਿਮਾਰੀਆਂ ਦੀ ਗ੍ਰਿਫਤ ਵਿੱਚ ਆ ਜਾਂਦਾ ਹੈ। ਇਸ ਦੌੜ ਭਰੀ ਜ਼ਿੰਦਗੀ 'ਚ ਜਦੋਂ ਤੱਕ ਉਸ ਨੂੰ ਇਸ ਸਭ ਦੀ ਸਮਝ ਆਉਂਦੀ ਹੈ ਤਾਂ ਸਮਾਂ ਉਸ ਦੇ ਹੱਥ 'ਚੋਂ ਨਿਕਲ ਚੁੱਕਾ ਹੁੰਦਾ ਹੈ। ਅਜਿਹੇ 'ਚ ਹਰ ਇਨਸਾਨ ਨੂੰ ਆਪਣੇ ਕੰਮਾਂ-ਕਾਰਾਂ 'ਚੋਂ ਕੁੱਝ ਸਮਾਂ ਆਪਣੀ ਸਿਹਤ ਲਈ ਵੀ ਕੱਢਣਾ ਚਾਹੀਦਾ ਹੈ ਤੇ ਯੋਗ ਤੇ ਕਸਰਤ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਨਾਉਣਾ ਚਾਹੀਦਾ ਹੈ ਤਾਂ ਕਿ ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਖਿਆ ਜਾ ਸਕੇ। ਯੋਗ ਨਾਲ ਨਾ ਕੇਵਲ ਇਨਸਾਨ ਸਰੀਰਕ ਤੌਰ 'ਤੇ ਹੀ ਰਿਸ਼ਟ-ਪੁਸ਼ਟ ਰਹਿੰਦਾ ਹੈ, ਬਲਕਿ ਮਾਨਸਿਕ ਤੌਰ 'ਤੇ ਵੀ ਉਹ ਮਜ਼ਬੂਤ ਬਣਦਾ ਹੈ। ਇਨਸਾਨੀ ਜ਼ਿੰਦਗੀ 'ਚ ਯੋਗ ਦੀ ਇਸੇ ਮਹੱਤਤਾ ਨੂੰ ਦੇਖਦੇ ਹੋਏ ਅੰਤਰਰਾਸ਼ਟਰੀ ਪੱਧਰ 'ਤੇ 21 ਜੂਨ ਨੂੰ ਅੰਤਰ ਰਾਸ਼ਟਰੀ ਯੋਗ ਦਿਵਸ ਵਜੋਂ ਮਨਾਇਆ ਜਾਣ ਲੱਗਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ 'ਸੀ.ਐਮ. ਦੀ ਯੋਗਸ਼ਾਲਾ' ਤਹਿਤ ਤੰਦਰੁਸਤ, ਹੱਸਦੇ ਵੱਸਦੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਰਾਜ ਦੇ ਨਾਗਰਿਕਾਂ ਲਈ ਹਰੇਕ ਜ਼ਿਲ੍ਹੇ ਵਿੱਚ ਮੁਫ਼ਤ ਯੋਗ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਈ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਤੋਂ ਬਚਣ ਲਈ ਇਨਸਾਨ ਨੂੰ ਜਿੱਥੇ ਆਪਣੀਆਂ ਖਾਣ-ਪੀਣ ਸਬੰਧੀ ਆਦਤਾਂ ਨੂੰ ਸੁਧਾਰਨ ਦੀ ਲੋੜ ਹੈ, ਉੱਥੇ ਨਾਲ ਹੀ ਯੋਗ ਨੂੰ ਵੀ ਅਪਨਾਉਣਾ ਚਾਹੀਦਾ ਹੈ। ਯੋਗ ਕਰਨ ਵਾਲਾ ਵਿਅਕਤੀ ਦੂਸਰੇ ਵਿਅਕਤੀਆਂ ਤੋਂ ਵਧੇਰੇ ਰਿਸ਼ਟ-ਪੁਸ਼ਟ ਤੇ ਚੁਸਤ ਹੁੰਦਾ ਹੈ ਤੇ ਉਹ ਸਾਰਾ ਦਿਨ ਖੁਦ ਨੂੰ ਤਰੋ-ਤਾਜ਼ਾ ਮਹਿਸੂਸ ਕਰਦਾ ਹੈ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਯੋਗ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੋਗ ਕਰਨ ਵਾਲਾ ਇਨਸਾਨ ਇਕ ਤੰਦਰੁਸਤ ਸਰੀਰ ਤੇ ਦਿਮਾਗ ਦਾ ਮਾਲਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅੱਜਕਲ ਦੇ ਤੇਜ਼ ਤਰਾਰ ਮਸ਼ੀਨੀ ਯੁੱਗ ਵਿੱਚ ਯੋਗ ਕਈ ਤਰ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਸਹਾਈ ਸਿੱਧ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਮਨ ਸ਼ਾਂਤ ਤੇ ਇਕਾਗਰਚਿਤ ਰਹਿੰਦਾ ਹੈ। ਇਸ ਵਾਰ ਦੇ ਯੋਗ ਦਿਵਸ ਦਾ ਥੀਮ ਬਹੁਤ ਹੀ ਖਾਸ ਹੈ ਤੇ ਇਸ ਨੂੰ ਧਰਤੀ ਤੇ ਵਾਤਾਵਰਨ ਨਾਲ ਜੋੜਿਆ ਗਿਆ ਹੈ। ਇਸ ਵਾਰ ਦਾ ਥੀਮ ਯੋਗ ਫਾਰ ਵਨ ਅਰਥ, ਵਨ ਹੈਲਥ ਭਾਵ ਇਕ ਪ੍ਰਿਥਵੀ ਤੇ ਇਕ ਸਿਹਤ ਲਈ ਯੋਗ ਚੁਣਿਆ ਗਿਆ ਹੈ, ਜਿਸ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਯੋਗ ਨਾਲ ਜੁੜਨ ਦਾ ਸੰਦੇਸ਼ ਦਿੱਤਾ ਗਿਆ ਹੈ। ਇਸ ਸਮਾਗਮ ਵਿੱਚ 500 ਦੇ ਕਰੀਬ ਲੋਕਾਂ ਨੇ ਬੜੇ ਉਤਸ਼ਾਹ ਨਾਲ ਆਪਣੀ ਭਾਗੀਦਾਰੀ ਦਰਜ ਕਰਵਾਈ। ਆਏ ਹੋਏ ਮੁੱਖ ਮਹਿਮਾਨਾਂ ਨੂੰ ਬੂਟੇ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ ਅਤੇ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੁਨੇਹਾ ਵੀ ਦਿੱਤਾ ਗਿਆ। ਇਸ ਦੌਰਾਨ ਯੋਗਾਚਾਰਿਆ ਪ੍ਰਮੋਦ ਮੋਗਾ ਨੇ ਯੋਗ ਦੇ ਵੱਖ-ਵੱਖ ਆਸਨਾਂ ਦੀ ਵਿਆਖਿਆ ਕੀਤੀ ਅਤੇ ਦੱਸਿਆ ਕਿ ਕਿਸ ਤਰ੍ਹਾਂ ਇਹ ਆਸਨ ਪ੍ਰਾਣਾਯਾਮ ਅਤੇ ਧਿਆਨ ਨਾਲ ਮਿਲ ਕੇ ਵਿਅਕਤੀ ਨੂੰ ਸਰੀਰਕ, ਮਾਨਸਿਕ ਤੌਰ 'ਤੇ ਤੰਦਰੁਸਤ ਅਤੇ ਅਧਿਆਤਮਿਕ ਤੌਰ 'ਤੇ ਜਾਗਦੇ ਰਹਿਣ ਵਿਚ ਮਦਦ ਕਰਦੇ ਹਨ। ਇਸ ਮੌਕੇ ਐਸ. ਐਸ. ਪੀ. ਫ਼ਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ, ਮਿਸ ਲਿੰਧਿਯਾ ਆਈ.ਏ.ਐਸ. (ਅੰਡਰ ਟ੍ਰੇਨਿੰਗ), ਐਸ.ਡੀ.ਐਮ. ਫਿਰੋਜ਼ਪੁਰ ਗੁਰਮੀਤ ਸਿੰਘ ਮਾਨ, ਸਹਾਇਕ ਕਮਿਸ਼ਨਰ ਹਰਜੋਤ ਕੌਰ, ਐਸਪੀ ਨਵੀਨ ਕੁਮਾਰ, ਚੇਅਰਮੈਨ ਮਾਰਕੀਟ ਕਮੇਟੀ ਫਿਰੋਜ਼ਪੁਰ ਸ਼ਹਿਰ ਬਲਰਾਜ ਸਿੰਘ ਕਟੋਰਾ, ਡਿਪਟੀ ਡੀ.ਈ.ਓ. ਡਾ. ਸਤਿੰਦਰ ਸਿੰਘ, ਜ਼ਿਲ੍ਹਾ ਆਯੂਰਵੇਦਿਕ ਤੇ ਯੂਨਾਨੀ ਅਫ਼ਸਰ ਡਾ. ਰੁਪਿੰਦਰ ਦੀਪ ਸਿੰਘ, ਡਾ. ਗੁਰਮੇਜ ਰਾਮ ਗੁਰਾਇਆ, ਜ਼ਿਲ੍ਹਾ ਕੁਆਰਡੀਨੇਟਰ ਸੀਐਮ ਦੀ ਯੋਗਸ਼ਾਲਾ ਅਮਨਪ੍ਰੀਤ ਕੌਰ, ਯੋਗਾ ਟਰੇਨਰ ਨਵਨੀਸ਼ ਕੰਬੋਜ, ਪਰਵਿੰਦਰ ਸਿੰਘ, ਪੂਰਨ ਸਿੰਘ ਤੇ ਬਲਜਿੰਦਰ ਸਿੰਘ ਤੋਂ ਇਲਾਵਾ ਜ਼ਿਲ੍ਹੇ ਭਰ ਤੋਂ ਵੱਡੀ ਗਿਣਤੀ 'ਚ ਲੋਕਾਂ ਵੱਲੋਂ ਯੋਗ ਸਮਾਗਮਾਂ 'ਚ ਸ਼ਿਰਕਤ ਕੀਤੀ।

# ਕਮਲ ਕੌਰ ਦੇ ਕਾਤਲਾਂ ਦੀ ਹਮਾਇਤ ਕਰਨ ਵਾਲੇ 106 ਆਨਲਾਈਨ ਅਕਾਊਂਟ ਬੰਦ

ਚੰਡੀਗੜ੍ਹ, 21 ਜੂਨ (ਚ.ਨ.ਸ.): ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਡਵੀਜ਼ਨ ਨੇ ਕਮਲ ਕੌਰ ਭਾਬੀ ਦੇ ਕਤਲ ਅਤੇ ਕਾਤਲਾਂ ਵੱਲੋਂ ਇਸ ਕਾਰੇ ਨੂੰ ਜਾਇਜ਼ ਠਹਿਰਾਉਣ ਦੀ ਹਮਾਇਤ ਕਰਨ ਵਾਲੇ 106 ਸੋਸ਼ਲ ਮੀਡੀਆ ਖ਼ਾਤਿਆਂ ਨੂੰ ਬੰਦ ਕਰ ਦਿੱਤਾ ਹੈ। ਪੁਲਿਸ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਖ਼ਾਤਿਆਂ 'ਤੇ ਪਾਈਆਂ ਜਾ ਰਹੀਆਂ ਪੋਸਟਾਂ ਨਾਲ ਅਮਨ-ਕਾਨੂੰਨ ਦੀ ਹਾਲਤ ਵਿਗੜਨ ਅਤੇ ਫਿਰਕੂ ਤਣਾਅ ਫੈਲਣ ਦੀ ਸੰਭਾਵਨਾ ਸੀ। 'ਭਾਬੀ' ਦੀ ਹੱਤਿਆ ਮਗਰੋਂ ਆਨਲਾਈਨ ਸਰਗਰਮੀਆਂ 'ਤੇ ਨਜ਼ਰ ਰੱਖ ਰਹੀਆਂ ਜ਼ਿਲ੍ਹਾ ਪੁਲਿਸ ਇਕਾਈਆਂ ਵੱਲੋਂ ਦਿੱਤੀ ਰਿਪੋਰਟ ਮਗਰੋਂ ਇਹ ਕਾਰਵਾਈ ਹੋਈ ਹੈ। ਆਨਲਾਈਨ ਨਾਮ 'ਕਮਲ ਕੌਰ ਭਾਬੀ' ਵਜੋਂ ਮਸ਼ਹੂਰ ਕਮਲ ਦਾ 11 ਜੂਨ ਨੂੰ ਬਠਿੰਡਾ ਦੀ ਆਦੇਸ਼ ਯੂਨੀਵਰਸਿਟੀ ਨੇੜੇ ਕਾਰ ਪਾਰਕਿੰਗ 'ਚ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਜਾਂਚ ਤੋਂ ਭੇਤ ਖੁੱਲ੍ਹਿਆ ਕਿ ਉਸ ਨੂੰ ਇਕ ਪ੍ਰਚਾਰ ਸਬੰਧੀ ਪ੍ਰੋਗਰਾਮ ਦੇ ਬਹਾਨੇ ਲੁਧਿਆਣਾ ਤੋਂ ਲਿਆ ਕੇ ਕਥਿਤ ਤੌਰ 'ਤੇ 'ਅਸ਼ਲੀਲ' ਸਮੱਗਰੀ ਪੋਸਟ ਕਰਨ ਲਈ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਕਮਲ ਕੌਰ ਦੀ ਹੱਤਿਆ ਦੇ ਕੁਝ ਘੰਟਿਆਂ ਮਗਰੋਂ ਹੀ ਮੁੱਖ ਮੁਲਜ਼ਮ ਅਤੇ ਕੱਟੜਵਾਦੀ ਜਥੇਬੰਦੀ 'ਕੌਮ ਦੇ ਰਾਖੇ' ਦਾ ਮੁਖੀ ਅੰਮ੍ਰਿਤਪਾਲ ਸਿੰਘ ਮਹਿਰੋਂ ਯੂਏਈ ਭੱਜ ਗਿਆ ਸੀ। ਉਸ ਦੇ ਦੋ ਸਾਥੀਆਂ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੋਗਾ ਜ਼ਿਲ੍ਹੇ ਦਾ ਵਸਨੀਕ ਮਹਿਰੋਂ ਆਨਲਾਈਨ ਸਰਗਰਮ ਰਹਿੰਦਾ ਸੀ। ਇਸ ਤੋਂ ਪਹਿਲਾਂ 2021 'ਚ ਗੀਤ ਦੇ ਅਸ਼ਲੀਲ ਬੋਲਾਂ ਲਈ ਸੰਗੀਤ ਪ੍ਰੋਡਿਊਸਰ ਨੂੰ ਧਮਕੀ ਦੇਣ ਅਤੇ 2020 'ਚ ਹਰਿਮੰਦਰ ਸਾਹਿਬ ਨੇੜੇ ਪੰਜਾਬੀ ਲੋਕ ਨਾਚ ਕਲਾਕਾਰਾਂ ਦੇ ਬੁੱਤਾਂ ਦੀ ਭੰਨ-ਤੋੜ ਦੇ ਮਾਮਲੇ 'ਚ ਉਸ ਖ਼ਿਲਾਫ਼ ਕੇਸ ਦਰਜ ਕੀਤੇ ਗਏ ਸਨ। ਪੁਲਿਸ ਮੁਤਾਬਕ ਕਮਲ ਕੌਰ ਦੀ ਹੱਤਿਆ ਸਮੇਂ ਮਹਿਰੋਂ ਵੀ ਉਥੇ ਮੌਜੂਦ ਸੀ ਅਤੇ ਉਸ ਨੇ ਗਲਾ ਘੁੱਟਣ ਤੋਂ ਪਹਿਲਾਂ ਉਸ ਤੋਂ ਕਥਿਤ ਤੌਰ 'ਤੇ ਫੋਨ ਦਾ ਪਾਸਵਰਡ ਵੀ ਹਾਸਲ ਕੀਤਾ ਸੀ। ਹੱਤਿਆ ਦੇ ਕੁਝ ਘੰਟਿਆਂ ਮਗਰੋਂ ਉਹ 10 ਜੂਨ ਨੂੰ ਅੰਮ੍ਰਿਤਸਰ ਤੋਂ ਉਡਾਣ ਫੜ ਕੇ ਯੂਏਈ ਚਲਾ ਗਿਆ ਸੀ। ਉਸ ਖ਼ਿਲਾਫ਼ ਲੁੱਕਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ ਅਤੇ ਪੰਜਾਬ ਪੁਲਿਸ ਉਸ ਦੀ ਹਵਾਲਗੀ ਦੀ ਅਪੀਲ ਦਾਖ਼ਲ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਹੱਤਿਆ ਮਗਰੋਂ ਪੰਜਾਬ ਦੇ ਆਨਲਾਈਨ ਇਨਫਲੂਐਂਸਰਾਂ ਵਿਚਕਾਰ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ ਕਿਉਂਕਿ ਗਰਮਖ਼ਿਆਲੀ ਅਨਸਰਾਂ ਤੋਂ ਇਨਫਲੂਐਂਸਰਾਂ ਦੀਪਿਕਾ ਲੂਥਰਾ, ਸਿਮਰਜੀਤ ਕੌਰ ਉਰਫ਼ ਪ੍ਰੀਤ ਜੱਟੀ ਅਤੇ ਚੰਦ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ । ਬੱਬਰ ਖਾਲਸਾ ਇੰਟਰਨੈਸ਼ਨਲ ਤੋਂ ਧਮਕੀ ਮਿਲਣ ਮਗਰੋਂ ਲੂਥਰਾ ਨੇ ਆਪਣਾ ਇੰਸਟਾਗ੍ਰਾਮ ਖ਼ਾਤਾ ਹਟਾ ਦਿੱਤਾ ਅਤੇ ਉਸ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। 'ਜੱਟ ਬਾਬੇ ਬਾਂਦਰਾ ਤੋਂ' ਦੇ ਨਾਮ ਤੋਂ ਮਸ਼ਹੂਰ ਚੰਦ ਸਿੰਘ ਨਾਲ ਹੁਣ ਸੁਰੱਖਿਆ ਕਰਮੀ ਹੁੰਦੇ ਹਨ ਅਤੇ ਉਸ ਨੇ ਪਹਿਲਾਂ ਪਾਈ ਸਮੱਗਰੀ ਲਈ ਜਨਤਕ ਤੌਰ 'ਤੇ ਮੁਆਫ਼ੀ ਵੀ ਮੰਗ ਲਈ ਹੈ। ਪੰਜਾਬ ਪੁਲਿਸ ਨੇ ਸੋਸ਼ਲ ਮੀਡੀਆ 'ਤੇ ਧਮਕੀਆਂ ਨੂੰ ਅੰਦਰੂਨੀ ਸੁਰੱਖਿਆ ਦਾ ਮਾਮਲਾ ਮੰਨਦਿਆਂ ਕਾਰਵਾਈ ਕੀਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਖ਼ੁਫ਼ੀਆ ਰਿਪੋਰਟਾਂ ਅਤੇ ਰਸਮੀ ਸ਼ਿਕਾਇਤਾਂ ਮਿਲਣ ਮਗਰੋਂ ਸੂਚਨਾ ਤਕਨਾਲੋਜੀ ਐਕਟ ਦੀਆਂ ਧਾਰਾਵਾਂ ਤਹਿਤ ਕਾਨੂੰਨੀ ਕਾਰਵਾਈ ਕੀਤੀ ਗਈ ਹੈ।

# ਪੰਜਾਬ ਗਰੁੱਪ ਆਫ਼ ਕਾਲਜਿਜ਼ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ




ਫਤਿਹਗੜ੍ਹ ਸਾਹਿਬ, 21 ਜੂਨ (ਹਰਪ੍ਰੀਤ ਕੌਰ ਟਿਵਾਣਾ) : ਪੰਜਾਬ ਗਰੁੱਪ ਆਫ਼ ਕਾਲਜਿਜ਼ ਵਿਖੇ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਯੋਗਾ ਸੈਸ਼ਨ ਸਵੇਰੇ 9 ਵਜੇ ਸ਼ੁਰੂ ਹੋਇਆ, ਜਿਸ ਦੀ ਅਗਵਾਈ ਕਾਲਜ ਦੇ ਚੇਅਰਮੈਨ ਸਰਦਾਰ ਨਿਰਮਲ ਸਿੰਘ, ਪੰਜਾਬ ਗਰੁੱਪ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਸੁਮਨਦੀਪ ਕੌਰ ਅਤੇ ਐਚ.ਓ.ਡੀ.ਡਾ. ਗੀਤਾ ਰਾਣੀ ਨੇ ਕੀਤੀ। ਇਸ ਮੌਕੇ ਸਾਰਾ ਸਟਾਫ਼ ਅਤੇ ਵਿਦਿਆਰਥੀ ਵੀ ਮੌਜੂਦ ਸਨ। ਵਿਦਿਆਰਥੀਆਂ ਨੇ ਵੱਖ-ਵੱਖ ਆਸਣ, ਪ੍ਰਾਣਾਯਾਮ ਅਤੇ ਧਿਆਨ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ ਅਤੇ ਉਨ੍ਹਾਂ ਦੇ ਫਾਇਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ 15 ਪੁਰਸ਼ ਤੇ 37 ਔਰਤਾਂ ਵਲੰਟੀਅਰਜ਼ ਨੇ ਭਾਗ ਲਿਆ। ਇਸ ਮੌਕੇ ਸੂਰਯ ਨਮਸਕਾਰ ਆਸਨ, ਪੱਛਮ ਨਮਸਕਾਰ ਆਸਨ, ਤਾੜ ਆਸਨ, ਬਿਛ ਆਸਨ ਕਰਵਾਇਆ ਗਿਆ। ਯੋਗਾ ਸੈਸ਼ਨ ਦੌਰਾਨ, ਵਿਦਿਆਰਥੀਆਂ ਨੇ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦੀ ਮਹੱਤਤਾ ਨੂੰ ਸਮਝਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ, ਕਾਲਜ ਦੇ ਚੇਅਰਪਰਸਨ ਸਰਦਾਰ ਨਿਰਮਲ ਸਿੰਘ ਨੇ ਕਿਹਾ ਅੱਜ ਦੇ ਯੁੱਗ ਵਿੱਚ, ਯੋਗਾ ਸਿਰਫ਼ ਇੱਕ ਕਸਰਤ ਨਹੀਂ ਹੈ, ਸਗੋਂ ਜੀਵਨ ਦਾ ਇੱਕ ਵਿਗਿਆਨਕ ਤਰੀਕਾ ਹੈ ਜੋ ਮਨ, ਸਰੀਰ ਅਤੇ ਆਤਮਾ ਨੂੰ ਸੰਤੁਲਨ ਵਿੱਚ ਲਿਆਉਂਦਾ ਹੈ। ਇਹ ਸਮਾਗਮ ਸਿਰਫ਼ ਯੋਗ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਨਹੀਂ ਸੀ, ਸਗੋਂ ਇੱਕ ਸੰਦੇਸ਼ ਸੀ ਕਿ ਸਿਹਤਮੰਦ ਜੀਵਨ ਲਈ ਰੋਜ਼ਾਨਾ ਯੋਗਾ ਦਾ ਅਭਿਆਸ ਕਰਨਾ ਚਾਹੀਦਾ ਹੈ।

# ਦੇਸ਼ ਭਗਤ ਯੂਨੀਵਰਸਿਟੀ ਤੇ ਗਲੋਬਲ ਸਕੂਲ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ





ਮੰਡੀ ਗੋਬਿੰਦਗੜ੍ਹ, 21 ਜੂਨ (ਅੰਮ੍ਰਿਤਪਾਲ ਸਿੰਘ/ਸੂਦ)-ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਬਹੁਤ ਹੀ ਉਤਸ਼ਾਹ ਅਤੇ ਸੰਪੂਰਨ ਤੰਦਰੁਸਤੀ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਮਨਾਇਆ ਗਿਆ। 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਥੀਮ ਵਾਲਾ ਇਹ ਪ੍ਰੋਗਰਾਮ ਏਕਤਾ, ਸਥਿਰਤਾ ਅਤੇ ਸਾਰਿਆਂ ਲਈ ਸਿਹਤ ਦੇ ਵਿਸ਼ਵਵਿਆਪੀ ਸੰਦੇਸ਼ ਨਾਲ ਗੂੰਜਦਾ ਰਿਹਾ। ਇਹ ਜਸ਼ਨ ਯੂਨੀਵਰਸਿਟੀ ਦੇ ਵਿਦਿਆਰਥੀ ਕੇਂਦਰ ਵਿਖੇ ਸਵੇਰੇ 6:00 ਵਜੇ ਸ਼ੁਰੂ ਹੋਇਆ, ਜਿਸ ਵਿੱਚ ਵਿਦਿਆਰਥੀ, ਫੈਕਲਟੀ, ਗੈਰ-ਅਧਿਆਪਨ ਸਟਾਫ਼ ਅਤੇ ਵਿਸ਼ੇਸ਼ ਮਹਿਮਾਨਾਂ ਸਮੇਤ ਲਗਭਗ 500 ਵਿਅਕਤੀਆਂ ਦੀ ਜੋਸ਼ੀਲੀ ਭਾਗੀਦਾਰੀ ਦੇਖਣ ਨੂੰ ਮਿਲੀ। ਇਹ ਦਿਨ ਸ਼ਾਂਤੀ ਅਤੇ ਊਰਜਾ ਨਾਲ ਭਰੇ ਮਾਹੌਲ ਵਿੱਚ ਸ਼ੁਰੂ ਹੋਇਆ, ਜਿਸਨੇ ਇੱਕ ਪੁਨਰਜੀਵਨ ਸ਼ੁਰੂਆਤ ਲਈ ਸੁਰ ਸਥਾਪਤ ਕੀਤੀ। ਇਸ ਸਮਾਗਮ ਦਾ ਉਦਘਾਟਨ ਸਟੇਜ ਪ੍ਰਬੰਧਕ ਅਤੇ ਸਵਾਸਥਵ੍ਰਿਤ ਵਿਭਾਗ ਦੇ ਪ੍ਰੋਫੈਸਰ ਡਾ. ਅਨਿਲ ਜੋਸ਼ੀ ਦੇ ਸਵਾਗਤੀ ਭਾਸ਼ਣ ਨਾਲ ਕੀਤਾ ਗਿਆ। ਸਵੇਰੇ 7:00 ਵਜੇ, ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ, ਜੋ ਇਸ ਮੌਕੇ ਦੀ ਰਾਸ਼ਟਰੀ ਮਹੱਤਤਾ ਨੂੰ ਦਰਸਾਉਂਦਾ ਹੈ। ਯੋਗਾ ਸੈਸ਼ਨ ਤੋਂ ਪਹਿਲਾਂ ਇੱਕ ਰੂਹਾਨੀ ਪ੍ਰਾਰਥਨਾ ਕੀਤੀ ਗਈ, ਜਿਸਦੀ ਅਗਵਾਈ ਸੀਐਮ ਦੀ ਯੋਗਸ਼ਾਲਾ ਦੇ ਇੱਕ ਮਾਹਰ ਨੇ ਕੀਤੀ, ਜਿਨ੍ਹਾਂ ਨੇ ਭਾਗੀਦਾਰਾਂ ਨੂੰ ਯੋਗਿਕ ਆਸਣਾਂ ਅਤੇ ਸਾਹ ਲੈਣ ਦੀਆਂ ਤਕਨੀਕਾਂ ਦੇ ਕ੍ਰਮ ਦੁਆਰਾ ਮਾਰਗਦਰਸ਼ਨ ਕੀਤਾ। ਇਹ ਸਮਾਗਮ ਇੱਕ ਵਿਦਾਇਗੀ ਸੈਸ਼ਨ, ਰਾਸ਼ਟਰੀ ਗੀਤ ਗਾਇਨ ਅਤੇ ਰੁੱਖ ਲਗਾਉਣ ਸਮਾਰੋਹ ਨਾਲ ਸਮਾਪਤ ਹੋਏ, ਜੋ ਕਿ ਯੂਨੀਵਰਸਿਟੀ ਦੇ ਟਿਕਾਊ ਜੀਵਨ ਪ੍ਰਤੀ ਸਮਰਪਣ ਨੂੰ ਹੋਰ ਮਜ਼ਬੂਤ ਕਰਦਾ ਹੈ। ਯੂਨੀਵਰਸਿਟੀ ਦੇ ਪਤਵੰਤਿਆਂ ਦੀ ਮੌਜੂਦਗੀ ਨੇ ਸਮਾਗਮ ਦੀ ਗੰਭੀਰਤਾ ਨੂੰ ਹੋਰ ਵਧਾ ਦਿੱਤਾ, ਜਿਨ੍ਹਾਂ ਵਿੱਚ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ, ਮਾਨਯੋਗ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਪ੍ਰੋ-ਵਾਈਸ ਚਾਂਸਲਰ ਡਾ. ਅਮਰਜੀਤ ਸਿੰਘ, ਰਜਿਸਟਰਾਰ ਸੁਰਿੰਦਰ ਕਪੂਰ, ਅਤੇ ਕਈ ਹੋਰ ਸਤਿਕਾਰਯੋਗ ਅਧਿਕਾਰੀ ਅਤੇ ਫੈਕਲਟੀ ਮੈਂਬਰ ਸ਼ਾਮਲ ਸਨ। ਚੇਤਨ ਬੰਗਰ (ਐਸਡੀਐਮ, ਅਮਲੋਹ), ਹਰਪਾਲ ਸਿੰਘ (ਨਾਇਬ ਤਹਿਸੀਲਦਾਰ), ਅਤੇ ਹੋਰ ਪ੍ਰਸ਼ਾਸਨਿਕ ਆਗੂਆਂ ਵਰਗੇ ਬਾਹਰੀ ਪਤਵੰਤਿਆਂ ਨੇ ਵੀ ਸਮਾਗਮ ਦੀ ਸ਼ੋਭਾ ਵਧਾਈ। ਚਾਂਸਲਰ ਡਾ. ਜ਼ੋਰਾ ਸਿੰਘ ਨੂੰ ਨਾਇਬ ਤਹਿਸੀਲਦਾਰ ਹਰਪਾਲ ਸਿੰਘ ਨੇ ਪ੍ਰਸ਼ਾਸਨ ਵੱਲੋਂ ਸਨਮਾਨਿਤ ਕੀਤਾ। ਇਸ ਦੌਰਾਨ ਦੇਸ਼ ਭਗਤ ਗਲੋਬਲ ਸਕੂਲ ਨੇ ਵੀ ਇਸ ਦਿਨ ਨੂੰ ਬਰਾਬਰ ਉਤਸ਼ਾਹ ਨਾਲ ਮਨਾਇਆ। ਪ੍ਰਿੰਸੀਪਲ ਸ਼੍ਰੀਮਤੀ ਇੰਦੂ ਸ਼ਰਮਾ ਦੀ ਅਗਵਾਈ ਹੇਠ, ਵਿਦਿਆਰਥੀਆਂ ਨੇ ਸਿਖਲਾਈ ਪ੍ਰਾਪਤ ਇੰਸਟਰਕਟਰਾਂ ਦੀ ਅਗਵਾਈ ਹੇਠ ਸਮੂਹਿਕ ਯੋਗਾ ਸੈਸ਼ਨਾਂ ਵਿੱਚ ਵਰਚੁਅਲ ਤੌਰ 'ਤੇ ਹਿੱਸਾ ਲਿਆ।

# ਹਰ ਪਲ ਸੇਵਾ 'ਚ ਸਮਰਪਿਤ ਲਾਇਨ ਕਲੱਬ ਜੈਤੋ ਗੰਗਸਰ : ਕੁਲਭੂਸ਼ਨ ਮਹੇਸ਼ਵਰੀ




ਜੈਤੋ, 21 ਜੂਨ (ਸੰਜੀਵ ਗੋਇਲ/ਵਿਪਨ ਗੋਇਲ) : ਪ੍ਰਸਿੱਧ ਸਮਾਜਸੇਵੀ ਸੰਸਥਾ ਲਾਇਨ ਕਲੱਬ ਜੈਤੋ ਗੰਗਸਰ ਵੱਲੋਂ ਲਾਇਨ ਆਈ ਕੇਅਰ ਸੈਂਟਰ ਵਿਖੇ ਮੁਫ਼ਤ ਫਿਜ਼ੀਓਥਰੈਪੀ ਕੈਂਪ ਲਗਾਇਆ। ਇਸ ਕੈਂਪ ਦਾ ਉਦਘਾਟਨ ਲਾਇਨ ਆਈ ਕੇਅਰ ਸੈਂਟਰ ਜੈਤੋ ਦੇ ਚੇਅਰਮੈਨ ਲਾਇਨ ਰਾਕੇਸ਼ ਰੋਮਾਣਾ ਜੀ ਨੇ ਕੀਤਾ। ਪ੍ਰਧਾਨ ਲਾਇਨ ਕੁਲਭੂਸ਼ਨ ਮਹੇਸ਼ਵਰੀ, ਕੈਂਪ ਚੇਅਰਮੈਨ ਲਾਇਨ ਨਰੇਸ਼ ਮਿਤਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਫਿਜ਼ੀਓਥਰੈਪੀ ਮਾਹਿਰ ਡਾਕਟਰ ਖੁਸ਼ੀ ਮਿੱਤਲ ਨੇ 38 ਮਰੀਜ਼ਾਂ ਦੇ ਜੋੜਾਂ ਦਾ ਦਰਦ, ਮਾਸ ਪੇਸ਼ੀਆਂ ਦਾ ਦਰਦ, ਗਠੀਆ, ਘੁਟਨਿਆਂ ਦਾ ਦਰਦ, ਰੀੜ ਦੀ ਹੱਡੀ ਦਾ ਮਣਕਾ ਦਰਦ ਤੋਂ ਇਲਾਵਾ ਅਨੇਕਾਂ ਬਿਮਾਰੀਆਂ ਦਾ ਸਫ਼ਲਤਾ ਪੂਰਵਕ ਇਲਾਜ ਕੀਤਾ। ਨਵਨਿਯੁਕਤ ਸਕੱਤਰ ਲਾਇਨ ਮੰਨੂ ਗੋਇਲ ਅਤੇ ਨਵਨਿਯੁਕਤ ਕੈਸ਼ੀਅਰ ਲਾਇਨ ਆਸ਼ੂ ਮਿਤਲ ਨੇ ਦੱਸਿਆ ਕਿ ਸਾਡੀ ਸੰਸਥਾ ਇਸੇ ਤਰ੍ਹਾਂ ਗਰੀਬ ਲੋਕਾਂ ਦੀ ਮਦਦ ਕਰਦੀ ਰਹੇਗੀ।

# ਪਤਨੀ ਦੀ ਹੱਤਿਆ ਕਰਕੇ 10 ਫੁੱਟ ਡੂੰਘੇ ਟੋਏ 'ਚ ਦੱਬੀ ਲਾਸ਼

ਫਰੀਦਾਬਾਦ, 21 ਜੂਨ (ਚ.ਨ.ਸ.): ਫਰੀਦਾਬਾਦ ਦੇ ਪੱਲਾ ਥਾਣੇ ਦੇ ਇਲਾਕੇ 'ਚ ਸ਼ੁੱਕਰਵਾਰ ਸਵੇਰੇ ਰੌਸ਼ਨ ਨਗਰ ਦੀ ਗਲੀ ਨੰਬਰ 1 ਵਿਚ ਪੁਲਿਸ ਨੇ ਜੇ. ਸੀ. ਬੀ. ਦੀ ਮਦਦ ਨਾਲ ਖੋਦ ਕੇ ਇਕ ਔਰਤ ਦੀ ਲਾਸ਼ ਬ੍ਰਾਮਦ ਕੀਤੀ। ਸਹੁਰਿਆਂ ਨੇ ਨੂੰਹ ਦੀ ਹੱਤਿਆ ਕਰ ਕੇ ਲਗਭਗ 2 ਮਹੀਨੇ ਪਹਿਲਾਂ ਉਸਦੀ ਲਾਸ਼ ਨੂੰ ਗਲੀ ਵਿਚ ਖੱਡਾ ਖੋਦ ਕੇ ਦੱਬ ਦਿੱਤਾ ਸੀ। ਮ੍ਰਿਤਕਾਂ ਦੇ ਪੇਕਿਆਂ ਨੇ ਸ਼ੱਕ ਨੂੰ ਦੂਰ ਕਰਨ ਲਈ ਗਲੀ ਦੀ ਖੋਦਾਈ ਕੀਤੀ ਤਾਂ ਮਾਮਲੇ ਦਾ ਖੁਲਾਸਾ ਹੋ ਗਿਆ। ਮੂਲ ਰੂਪ ਤੌਰ 'ਤੇ ਪੀਤੇ ਕਾ ਨੰਗਲਾ, ਮੈਨਪੁਰੀ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਭੂਪ ਸਿੰਘ ਪਰਿਵਾਰ ਸਮੇਤ ਰੌਸ਼ਨ ਨਗਰ ਗਲੀ ਨੰਬਰ 1 'ਚ ਕਈ ਸਾਲਾਂ ਤੋਂ ਰਹਿ ਰਹੇ ਹਨ ਅਤੇ ਨਵੀਨ ਨਗਰ 'ਚ ਕੱਪੜੇ ਦੀ ਵਰਕਸ਼ਾਪ ਚਲਾਉਂਦੇ ਹਨ। ਪਰਿਵਾਰ 'ਚ ਇਨ੍ਹਾਂ ਦਾ ਇਕ ਲੜਕਾ ਅਰੁਣ ਸਿੰਘ, ਪਤਨੀ ਸੋਨੀਆ ਅਤੇ ਧੀ ਕਾਜਲ ਹਨ। ਅਰੁਣ ਸਿੰਘ ਦਾ ਵਿਆਹ 2 ਸਾਲ ਪਹਿਲਾਂ ਮੁਹੱਲਾ ਖੇੜਾ, ਸ਼ਿਕੋਹਾਬਾਦ, ਫਿਰੋਜ਼ਾਬਾਦ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਕੀਮ ਦੀ ਧੀ ਤਨੂੰ ਕੁਮਾਰ ਨਾਲ ਹੋਇਆ ਸੀ। ਹਕੀਮ ਨੇ ਦੱਸਿਆ ਕਿ ਧੀ ਨੂੰ ਉਸਦੇ ਸਹੁਰੇ ਪਰਿਵਾਰ ਵੱਲੋਂ ਬੜਾ ਤੰਗ ਕੀਤਾ ਜਾਂਦਾ ਸੀ ਅਤੇ ਉਸ ਤੋਂ ਦਾਜ ਦੀ ਮੰਗ ਕੀਤੀ ਜਾਂਦੀ ਸੀ। ਨੇੜੇ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਅਰੁਣ ਸਿੰਘ ਅਤੇ ਉਸਦੇ ਪਿਤਾ ਨੇ 23 ਅਪ੍ਰੈਲ ਦੀ ਸ਼ਾਮ ਨੂੰ ਜੇ. ਸੀ. ਬੀ. ਦੀ ਮਦਦ ਨਾਲ ਘਰ ਦੇ ਸਾਹਮਣੇ ਗਲੀ ਵਿਚ 10 ਫੁੱਟ ਡੂੰਘਾ ਖੱਡਾ ਪੁੱਟਵਾਇਆ ਅਤੇ ਦੇਰ ਰਾਤ ਤੰਨੂ ਦੀ ਹੱਤਿਆ ਕਰ ਕੇ ਉਸਦੀ ਲਾਸ਼ ਖੱਡੇ ਵਿਚ ਸੁੱਟਣ ਤੋਂ ਬਾਅਦ ਉਪਰੋਂ ਉਸਨੂੰ ਇੱਟਾਂ ਅਤੇ ਮਿੱਟੀ ਨਾਲ ਭਰ ਦਿੱਤਾ। ਪੁਲਿਸ ਨੇ 4 ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ।

# ਜੁਡੀਸ਼ੀਅਲ ਕੋਰਟ ਕੰਪਲੈਕਸ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਫਾਜ਼ਿਲਕਾ, 21 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸਏਐਸ ਨਗਰ ਦੇ ਨਿਰਦੇਸ਼ਾਂ 'ਤੇ ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਦੀ ਅਗਵਾਈ ਹੇਠ, ਰੁਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਾਜ਼ਿਲਕਾ ਦੀ ਦੇਖ ਰੇਖ 'ਚ ਤੇ ਅਜੀਤ ਪਾਲ ਸਿੰਘ, ਮਾਣਯੋਗ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਫਾਜ਼ਿਲਕਾ ਤੇ ਕਰਮਵਿੰਦਰ ਕੌਰ, ਮਾਣਯੋਗ ਸਿਵਲ ਜੱਜ (ਜੇ.ਡੀ.), ਫ਼ਾਜ਼ਿਲਕਾ ਦੀ ਮੌਜੂਦਗੀ ਵਿੱਚ ਜੁਡੀਸ਼ੀਅਲ ਕੋਰਟ ਕੰਪਲੈਕਸ, ਫਾਜ਼ਿਲਕਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਬਹੁਤ ਉਤਸ਼ਾਹ ਤੇ ਏਕਤਾ ਨਾਲ ਮਨਾਇਆ ਗਿਆ, ਵਿਸ਼ੇਸ਼ ਤੌਰ 'ਤੇ ਬਾਰ ਕੌਂਸਿਲ ਫ਼ਾਜ਼ਿਲਕਾ ਦੇ ਪ੍ਰਧਾਨ ਸਵਤੰਤਰਜੋਤ ਸਿੰਘ ਗਿੱਲ ਅਤੇ ਬਾਰ ਦੇ ਵਕੀਲ ਸਾਹਿਬਾਨ, ਲੀਗਲ ਐਡ ਡਿਫੈਂਸ ਕੌਂਸਲ ਦੇ ਚੀਫ਼ ਬਲਤੇਜ ਸਿੰਘ ਬਰਾੜ ਤੇ ਡਿਪਟੀ ਹਰਦੀਪ ਸਿੰਘ ਧਾਲੀਵਾਲ ਤੇ ਅਦਾਲਤੀ ਸਟਾਫ਼ ਨੇ ਤੰਦਰੁਸਤੀ ਅਤੇ ਸੰਪੂਰਨ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਯੋਗਾ ਸੈਸ਼ਨ 'ਚ ਸਰਗਰਮੀ ਨਾਲ ਹਿੱਸਾ ਲਿਆ। ਇਹ ਯੋਗ ਕੈਂਪ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੁਆਰਾ ਸੀਐਮ ਕੀ ਯੋਗਸ਼ਾਲਾ ਦੇ ਇੰਸਟਰਕਟਰ ਰਾਜ ਸਿੰਘ, ਸੀਮਾ ਰਾਣੀ ਤੇ ਅਨੀਤਾ ਦੇ ਤਾਲਮੇਲ 'ਚ ਕਰਵਾਇਆ ਗਿਆ।

ਇਹ ਸਮਾਗਮ 2025 ਦੇ ਥੀਮ ਇੱਕ ਧਰਤੀ, ਇੱਕ ਸਿਹਤ ਲਈ ਯੋਗ ਦੀ ਜਾਣ-ਪਛਾਣ ਨਾਲ ਸ਼ੁਰੂ ਹੋਇਆ ਜੋ ਮਨੁੱਖੀ ਸਿਹਤ ਅਤੇ ਸਾਡੇ ਗ੍ਰਹਿ ਦੀ ਤੰਦਰੁਸਤੀ ਦੇ ਆਪਸੀ ਸਬੰਧਾਂ 'ਤੇ ਜ਼ੋਰ ਦਿੰਦਾ ਹੈ। ਭਾਗੀਦਾਰਾਂ ਨੂੰ ਯੋਗ ਆਸਣਾਂ, ਸਾਹ ਲੈਣ ਦੀਆਂ ਕਸਰਤਾਂ (ਪ੍ਰਾਣਾਯਾਮ) ਤੇ ਧਿਆਨ ਤਕਨੀਕਾਂ ਦੀ ਇੱਕ ਲੜੀ ਰਾਹੀਂ ਮਾਰਗਦਰਸ਼ਨ ਕੀਤਾ ਗਿਆ ਜਿਸਦਾ ਉਦੇਸ਼ ਸਰੀਰਕ ਤੇ ਮਾਨਸਿਕ ਤੰਦਰੁਸਤੀ ਨੂੰ ਵਧਾਉਣਾ ਸੀ।

ਇਸ ਮੌਕੇ ਬੋਲਦੇ ਹੋਏ ਅਜੀਤ ਪਾਲ ਸਿੰਘ, ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ, ਫਾਜ਼ਿਲਕਾ ਨੇ ਰੋਜ਼ਾਨਾ ਜੀਵਨ ਵਿੱਚ ਯੋਗ ਦੇ ਬੇਅੰਤ ਲਾਭਾਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਯੋਗਾ ਦਾ ਅਭਿਆਸ ਏਕਤਾ, ਸ਼ਾਂਤੀ ਅਤੇ ਵਾਤਾਵਰਣ ਚੇਤਨਾ ਦੇ ਵਿਸ਼ਵਵਿਆਪੀ ਸੱਦੇ ਦੇ ਨਾਲ ਮੇਲ ਖਾਂਦਾ ਹੈ। ਇਸ ਸਮਾਗਮ ਦਾ ਅੰਤ ਸਾਰੇ ਹਾਜ਼ਰੀਨ ਦੁਆਰਾ ਯੋਗਾ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨ ਤੇ ਭਾਈਚਾਰੇ ਤੇ ਇਸ ਤੋਂ ਬਾਹਰ ਇਸਦੇ ਲਾਭਾਂ ਬਾਰੇ ਜਾਗਰੂਕਤਾ ਫੈਲਾਉਣ ਦੇ ਸਮੂਹਿਕ ਵਾਅਦੇ ਨਾਲ ਹੋਇਆ।

# ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੇ ਪੁਤਲੇ ਸਾੜਨ ਦਾ ਐਲਾਨ



ਮੁਕੇਰੀਆਂ, 21 ਜੂਨ (ਧਰਮ ਚੰਦ): ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਦੀਪ ਬਾਸੀ ਅਤੇ ਸੂਬਾ ਜਨਰਲ ਸਕੱਤਰ ਵਿਪਨ ਕੁਮਾਰ ਗੋਇਲ ਹੋਰਾਂ ਨੇ ਪ੍ਰੈਸ ਨੋਟ ਰਾਹੀਂ ਪਸ਼ੂ ਪਾਲਣ ਵਿਭਾਗ ਦੇ ਕਾਰਜਕਾਰੀ ਡਾਇਰੈਕਟਰ ਵੱਲੋਂ ਸ਼ੀਪ ਫਾਰਮ 'ਤੇ ਤਾਇਨਾਤ ਵੈਟਰਨਰੀ ਇੰਸਪੈਕਟਰ ਅਰੁਣ ਕੁਮਾਰ ਨੂੰ ਬਿਨਾਂ ਵਜ੍ਹਾ ਮੁਅੱਤਲੀ ਉਪਰ ਚਾਰਜਸ਼ੀਟ ਕਰਨ ਦੀ ਸਖਤ ਨਿਖੇਧੀ ਕਰਦਿਆਂ ਦੋਸ਼ ਲਾਇਆ ਕਿ ਸ਼ੀਪ ਫਾਰਮ ਮੱਤੇਵਾੜਾ ਦਾ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੀ ਉਚ ਅਫਸਰਸ਼ਾਹੀ ਨੂੰ ਗੁੰਮਰਾਹ ਕਰ ਰਿਹਾ ਹੈ। ਐਸੋਸੀਏਸ਼ਨ ਆਗੂਆਂ ਨੇ ਦੋਸ਼ ਲਾਇਆ ਕਿ ਮੱਤੇਵਾੜਾ ਵਿਖੇ ਸਥਿਤ ਮੱਝਾਂ ਦੇ ਨਸਲ ਸੁਧਾਰ, ਬੱਕਰੀ ਫਾਰਮ ਅਤੇ ਭੇਡਾਂ ਦੇ ਫਾਰਮ 'ਤੇ ਤਿੰਨ ਪੋਸਟਾਂ 'ਤੇ ਇਕ ਵੈਟਰਨਰੀ ਇੰਸਪੈਕਟਰ ਤਾਇਨਾਤ ਹੈ ਅਤੇ ਦੋ ਅਸਾਮੀਆਂ ਖਾਲੀ ਹਨ । ਤਿੰਨ ਖਾਲੀ ਅਸਾਮੀਆਂ ਦਾ ਭਾਰ ਇਕ ਵੈਟਰਨਰੀ ਇੰਸਪੈਕਟਰ ਕੋਲ ਹੈ। ਉਸ ਵੈਟਰਨਰੀ ਇੰਸਪੈਕਟਰ ਨੂੰ ਅਚਾਨਕ ਮਾੜੀ ਸਿਹਤ ਹਾਲਤਾਂ ਕਾਰਨ ਮੈਡੀਕਲ ਛੁੱਟੀ 'ਤੇ ਜਾਣਾ ਪਿਆ। ਇਸ ਫਾਰਮ 'ਤੇ ਤਾਇਨਾਤ ਡਿਪਟੀ ਡਾਇਰੈਕਟਰ ਜੋ ਕਿ ਆਪਣੇ ਸੁਬਾਰਡੀਨੇਟ ਸਟਾਫ ਨਾਲ ਦੁਰਵਿਵਹਾਰ ਕਰਨ ਦਾ ਆਦੀ ਹੈ, ਨੇ ਮੈਡੀਕਲ ਛੁੱਟੀ 'ਤੇ ਗਏ ਵੈਟਰਨਰੀ ਇੰਸਪੈਕਟਰ ਸਬੰਧੀ ਪਸ਼ੂ ਪਾਲਣ ਵਿਭਾਗ ਦੀ ਉਚ ਅਫਸਰਸ਼ਾਹੀ ਨੂੰ ਗੁੰਮਰਾਹ ਕੀਤਾ ਹੈ। ਇਸ ਗੈਰ ਮਨੁੱਖੀ ਵਰਤਾਰੇ ਖਿਲਾਫ ਆਵਾਜ਼ ਬੁਲੰਦ ਕਰਦਿਆਂ ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਨੇ ਮੈਡੀਕਲ ਗਰਾਊਂਡ 'ਤੇ ਗਏ ਮੁਲਾਜ਼ਮ ਦੀ ਮੁਅੱਤਲੀ ਦੇ ਖਿਲਾਫ ਝੰਡਾ ਬੁਲੰਦ ਕਰਦਿਆਂ ਮਿਤੀ 25 ਜੂਨ ਦਿਨ ਬੁੱਧਵਾਰ ਨੂੰ ਪੰਜਾਬ ਦੇ ਸਮੂਹ ਡਿਪਟੀ ਡਾਇਰੈਕਟਰ ਦਫਤਰਾਂ ਦੇ ਅੱਗੇ ਰੋਸ ਮੁਜ਼ਾਹਰਾ ਕਰਦਿਆਂ ਪਸ਼ੂ ਪਾਲਣ ਵਿਭਾਗ ਦੇ ਕਾਰਜਕਾਰੀ ਡਾਇਰੈਕਟਰ ਦੇ ਪੁਤਲੇ ਸਾੜਨ ਦਾ ਐਲਾਨ ਕੀਤਾ ਹੈ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਛੰਨਾ, ਸੂਬਾ ਸਲਾਹਕਾਰ ਦਲਜੀਤ ਸਿੰਘ ਚਾਹਲ, ਸੂਬਾ ਸਕੱਤਰ ਪਰਮਜੀਤ ਸਿੰਘ ਸੋਹੀ, ਸੂਬਾ ਵਿੱਤ ਸਕੱਤਰ ਰਾਜੀਵ ਕੁਮਾਰ ਮਲਹੋਤਰਾ, ਸੂਬਾ ਪਰੈਸ ਸਕੱਤਰ ਗੁਰਜੀਤ ਸਿੰਘ ਹੁਸ਼ਿਆਰਪੁਰ, ਸੂਬਾ ਆਡਿਟ ਸਕੱਤਰ ਹਰਦੀਪ ਸਿੰਘ ਗਿਆਨਾ, ਸਤਿਨਾਮ ਸਿੰਘ ਨੰਗਲੀ, ਦਮਨਦੀਪ ਸਿੰਘ ਗਿੱਲ, ਧਰਮਵੀਰ ਸਿੰਘ ਸਰਾਂ ਫਿਰੋਜਪੁਰ, ਜਗਜੀਤ ਸਿੰਘ ਦੁੱਲਟ ਸੰਗਰੂਰ, ਅਮ੍ਰਿਤਪਾਲ ਸਿੰਘ ਮਲੇਰਕੋਟਲਾ, ਵਿਜੇ ਕੁਮਾਰ ਕੰਬੋਜ ਫਾਜ਼ਿਲਕਾ, ਰਾਕੇਸ਼ ਸੈਣੀ ਪਠਾਨਕੋਟ, ਰਜਿੰਦਰ ਕੰਬੋਜ, ਹਰਦੀਪ ਸਿੰਘ ਮੋਗਾ, ਸੁਖਜਿੰਦਰ ਸਿੰਘ ਫਰੀਦਕੋਟ, ਗੁਰਮੀਤ ਸਿੰਘ ਮਹਿਤਾ, ਜ਼ਿਲ੍ਹਾ ਪ੍ਰਧਾਨ ਮੁਖਤਿਆਰ ਸਿੰਘ ਬੇਰ ਕਲਾਂ, ਸੰਦੀਪ ਚੌਧਰੀ, ਜਸਕਰਨ ਸਿੰਘ ਮੁਲਤਾਨੀ, ਗੁਰਿੰਦਰਪਾਲ ਸਿੰਘ ਨਵਾਂ ਸ਼ਹਿਰ, ਬਲਜਿੰਦਰ ਸਿੰਘ ਤਰਨਤਾਰਨ, ਹਰਪ੍ਰੀਤ ਸਿੰਘ ਰੋਪੜ, ਅਸ਼ੋਕ ਕੁਮਾਰ ਜਲੰਧਰ, ਸੰਦੀਪ ਮਹਾਜਨ ਪਠਾਨਕੋਟ ਸਮੇਤ ਸਮੂਹ ਅਹੁਦੇਦਾਰ ਹਾਜ਼ਰ ਸਨ।

# ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਪੀਏਯੂ ਦਾ ਦੌਰਾ




ਫਤਿਹਗੜ੍ਹ ਸਾਹਿਬ, 21 ਜੂਨ (ਹਰਪ੍ਰੀਤ ਕੌਰ ਟਿਵਾਣਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ ਬੀ.ਟੈਕ. ਫੂਡ ਪ੍ਰੋਸੈਸਿੰਗ ਤਕਨਾਲੋਜੀ ਅਤੇ ਐਮ.ਐਸ. ਸੀ. ਫੂਡ ਪ੍ਰੋਸੈਸਿੰਗ ਤਕਨਾਲੋਜੀ ਦੇ ਵਿਦਿਆਰਥੀਆਂ ਨੇ ਫੂਡ ਸੇਫਟੀ ਸਿਖਲਾਈ ਅਤੇ ਪ੍ਰਮਾਣੀਕਰਣ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ), ਲੁਧਿਆਣਾ ਦਾ ਦੌਰਾ ਕੀਤਾ। ਇਹ ਸਿਖਲਾਈ ਵਿਦਿਆਰਥੀਆਂ ਨੂੰ ਭੋਜਨ ਸੁਰੱਖਿਆ ਮਿਆਰਾਂ, ਸਫਾਈ ਅਭਿਆਸਾਂ ਅਤੇ ਭੋਜਨ ਉਦਯੋਗ ਵਿੱਚ ਜ਼ਰੂਰੀ ਰੈਗੂਲੇਟਰੀ ਪਾਲਣਾ ਦੀ ਸਮਝ ਨੂੰ ਵਧਾਉਣ ਲਈ ਆਯੋਜਿਤ ਕੀਤੀ ਗਈ ਸੀ। ਇਸ ਫੇਰੀ ਦਾ ਤਾਲਮੇਲ ਫੂਡ ਪ੍ਰੋਸੈਸਿੰਗ ਤਕਨਾਲੋਜੀ ਵਿਭਾਗ ਦੇ ਮੁਖੀ ਡਾ. ਰੁਪਿੰਦਰ ਪਾਲ ਸਿੰਘ ਦੀ ਯੋਗ ਅਗਵਾਈ ਹੇਠ ਕੀਤਾ ਗਿਆ ਸੀ। ਸਹਾਇਕ ਪ੍ਰੋਫੈਸਰ ਪ੍ਰਭਜੀਤ ਕੌਰ ਅਤੇ ਹਰਮਨਦੀਪ ਕੌਰ ਨੇ ਵਿਦਿਆਰਥੀਆਂ ਦੀ ਅਗਵਾਈ ਕੀਤੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. (ਡਾ.) ਪਰਿਤਪਾਲ ਸਿੰਘ ਨੇ ਅਕਾਦਮਿਕ ਸਿਖਲਾਈ ਅਤੇ ਉਦਯੋਗ ਦੀਆਂ ਜ਼ਰੂਰਤਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਸਾਂਝਾ ਕੀਤਾ ਕਿ ਅਜਿਹੇ ਉਦਯੋਗਿਕ ਸਿਖਲਾਈ ਪ੍ਰੋਗਰਾਮ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਨਾਲ ਲੈਸ ਕਰਨ ਅਤੇ ਭੋਜਨ ਖੇਤਰ ਵਿੱਚ ਉਨ੍ਹਾਂ ਦੀ ਰੁਜ਼ਗਾਰਯੋਗਤਾ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਮਾਰਕੀਟ ਕਮੇਟੀ ਦੇ ਦਫ਼ਤਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਫਾਜ਼ਿਲਕਾ, 21 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਮਾਰਕੀਟ ਕਮੇਟੀ ਦਫਤਰ ਵਿਖੇ ਜਨਤਾ ਦਰਬਾਰ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਅਧਿਕਾਰੀਆਂ ਨੂੰ ਸਮੱਸਿਆਵਾਂ ਦੇ ਹੱਲ ਲਈ ਲੋੜੀਂਦੇ ਆਦੇਸ਼ ਦਿੱਤੇ। ਇਸ ਮੌਕੇ ਵਿਧਾਇਕ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲਈ ਲੋਕ ਮੁੱਖ ਤਰਜੀਹ ਹਨ ਤੇ ਲੋਕਾਂ ਨੂੰ ਕੋਈ ਵੀ ਖੱਜਲ ਖੁਆਰੀ ਨਾ ਹੋਵੇ, ਇਸ ਵਚਨਬੱਧਤਾ ਨਾਲ ਪੰਜਾਬ ਸਰਕਾਰ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਬਣਦਾ ਲਾਹਾ ਦੇਣ ਲਈ ਅਸੀਂ ਪੂਰੀ ਤਰ੍ਹਾਂ ਪਾਬੰਦ ਹਾਂ ਤੇ ਇਸ ਨੂੰ ਪੂਰਾ ਵੀ ਕੀਤਾ ਜਾ ਰਿਹਾ ਹੈ।

ਨਰਿੰਦਰ ਪਾਲ ਸਿੰਘ ਸਵਨਾ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਦੇਣ ਤੋਂ ਵਾਂਝਾ ਨਾ ਰੱਖਿਆ ਜਾਵੇ ਤੇ ਲੋਕਾਂ ਦੀ ਖੱਜਲ ਖੁਆਰੀ ਕਿਸੇ ਕੀਮਤ 'ਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਤੇ ਸਕੀਮਾਂ ਦਾ ਲਾਭ ਦੇਣ ਲਈ ਅਧਿਕਾਰੀ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਣ।

# ਬੁੱਢਾ ਦਲ ਆਉਣ ਵਾਲੀਆਂ ਸ਼ਤਾਬਦੀਆਂ ਨੂੰ ਸਮਰਪਿਤ ਵਿਸ਼ੇਸ਼ ਧਰਮ ਪ੍ਰਚਾਰ ਲਹਿਰ ਦੇਸ਼-ਵਿਦੇਸ਼ 'ਚ ਪ੍ਰਚੰਡ ਕਰੇਗਾ : ਬਾਬਾ ਬਲਬੀਰ ਸਿੰਘ



ਸ੍ਰੀ ਅਨੰਦਪੁਰ ਸਾਹਿਬ, 21 ਜੂਨ (ਤਰਲੋਚਨ ਸਿੰਘ): ਬੁੱਢਾ ਦਲ ਸਿੱਖ ਧਰਮ ਦੀ ਚੜ੍ਹਦੀਕਲਾ ਲਈ ਦੇਸ਼ ਵਿਦੇਸ਼ ਵਿੱਚ ਗੁਰਮਤਿ ਪ੍ਰਚਾਰ ਲਹਿਰ ਪ੍ਰਚੰਡ ਕਰੇਗਾ। ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ 'ਚ ਪੰਜਾਬ, ਹਰਿਆਣਾ, ਦਿੱਲੀ, ਮੁੰਬਈ, ਮਹਾਰਾਸ਼ਟਰਾ, ਮੱਧ ਪ੍ਰਦੇਸ਼, ਉਤਰਪ੍ਰਦੇਸ਼, ਉਤਰਾਖੰਡ 'ਚ ਸਿੱਖ ਧਰਮ ਦੇ ਦਸ ਗੁਰੂ ਸਾਹਿਬ ਦੇ ਇਲਾਹੀ ਸੰਦੇਸ਼ ਨੂੰ ਘਰ-ਘਰ ਤੀਕ ਪਹੁੰਚਾਉਣ ਲਈ ਚੱਕ੍ਰਵਰਤੀ ਪ੍ਰੋਗਰਾਮ ਉਲੀਕਿਆ ਗਿਆ ਹੈ। ਵੱਖ-ਵੱਖ ਸੂਬਿਆਂ ਦੀਆਂ ਸੰਗਤਾਂ ਨੇ ਬੁੱਢਾ ਦਲ ਨਾਲ ਸੰਪਰਕ ਵੀ ਸਾਧਿਆ ਹੋਇਆ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਪ੍ਰੋਗਰਾਮ ਸਬੰਧੀ ਜਾਣਕਾਰੀ ਦੇਂਦਿਆਂ ਦੱਸਿਆ ਕਿ ਪਿਛਲੇ ਸਾਲ ਵੀ ਮੱਧ ਪ੍ਰਦੇਸ਼, ਮਹਾਰਾਸ਼ਟਰਾ ਵਿੱਚ ਸਿੰਘ ਸਾਹਿਬ ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਵਿਸ਼ਾਲ ਪੱਧਰ 'ਤੇ ਗੁਰਮਤਿ ਪ੍ਰਚਾਰ ਲਹਿਰ ਬੁੱਢਾ ਦਲ ਵੱਲੋਂ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਦੀ ਦੂਸਰੀ ਸ਼ਤਾਬਦੀ ਨੂੰ ਸਮਰਪਿਤ ਕੀਤੀ ਗਈ ਸੀ।


ਬੇਦੀ ਨੇ ਦੱਸਿਆ ਕਿ ਅਮਰੀਕਾ ਦੇ ਪਲੇਨਫੀਲਡ ਇੰਡੀਆਨਾ ਸ਼ਹਿਰ ਵਿੱਚ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਦੇ ਨਾਮਪੁਰ ਗੁਰਦੁਆਰਾ ਸਾਹਿਬ ਅਤੇ ਵਿਸ਼ਾਲ ਨਿਹੰਗ ਸਿੰਘਾਂ ਦੀ ਛਾਉਣੀ ਸਥਾਪਤ ਕੀਤੀ ਗਈ ਜਿਥੇ ਹੁਣ ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ ਅਮਰੀਕਾ ਇਕਾਈ ਬੁੱਢਾ ਦਲ ਦੀ ਅਗਵਾਈ ਵਿੱਚ ਹਰ ਸ਼ਨੀਵਾਰ, ਐਤਵਾਰ ਗੁਰਮਤਿ ਸਮਾਗਮ ਵਿਸ਼ੇਸ਼ ਤੌਰ 'ਤੇ ਸਜਦੇ ਹਨ। ਕਨੇਡਾ, ਇੰਗਲੈਂਡ, ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਗੁਰਮਤਿ ਸਮਾਗਮ ਹੋਏ। ਸਾਰੇ ਗੁਰਦੁਆਰਿਆਂ ਵਿੱਚ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸੰਗਤਾਂ ਨਾਲ ਗੁਰਮਤਿ ਗਿਆਨ ਸਾਂਝਾ ਕੀਤਾ। ਹੁਣ ਵੀ ਬੁੱਢਾ ਦਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਨਾਮਵਰ ਸਿੱਖ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ 350 ਸਾਲਾ ਗੁਰਿਆਈ ਦਿਵਸ ਦੀਆਂ ਸ਼ਤਾਬਦੀਆਂ ਮਨਾਈ ਜਾਣੀਆਂ ਹਨ ਤੇ ਥੋੜੇ ਸਮੇਂ ਬਾਅਦ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਸਿਫਤੀ ਦਾ ਘਰ ਦਾ 450 ਸਾਲਾ ਸਥਾਪਨਾ ਦਿਵਸ ਦੀ ਸ਼ਤਾਬਦੀ ਦੀਆਂ ਤਿਆਰੀ ਹੁਣ ਤੋਂ ਵਿਉਂਤੀਆਂ ਜਾ ਰਹੀਆਂ ਹਨ ਇਸ ਸਬੰਧੀ ਬੁੱਢਾ ਦਲ ਵੱਲੋਂ ਵੱਖ-ਵੱਖ ਥਾਈ ਸੈਮੀਨਾਰ ਹੋਣਗੇ, ਨਿਹੰਗ ਸਿੰਘ ਸੰਦੇਸ਼ ਮੈਗਜ਼ੀਨ ਦੇ ਵਿਸ਼ੇਸ਼ ਅੰਕ ਸੋਵੀਨਰ ਰੂਪ ਵਿੱਚ ਪ੍ਰਕਾਸ਼ਤ ਹੋਣਗੇ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਫਿਰੋਜ਼ਪੁਰ, 21 ਜੂਨ (ਤਿਵਾੜੀ): ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ, ਦਿੱਲੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਮਾਨਯੋਗ ਜ਼ਿਲ੍ਹਾ ਤੇ ਸ਼ੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਯੂਨਾਨੀ ਤੇ ਆਯੁਰਵੇਦ ਵਿਭਾਗ ਫਿਰੋਜ਼ਪੁਰ ਦੇ ਸਹਿਯੋਗ ਨਾਲ ਜ਼ਿਲ੍ਹਾ ਕੋਰਟ ਕੰਪਲੈਕਸ, ਫਿਰੋਜ਼ਪੁਰ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਉਕਤ ਪ੍ਰੋਗਰਾਮ 'ਚ ਲਖਵਿੰਦਰ ਕੌਰ ਦੁੱਗਲ, ਮਾਨਯੋਗ, ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਤੇ ਨੇਹਾ ਗੋਇਲ, ਮਾਨਯੋਗ ਸਿਵਲ ਜੱਜ (ਸੀਨੀਅਰ ਡਵੀਜ਼ਨ) ਫਿਰੋਜ਼ਪੁਰ ਵੱਲੋਂ ਭਾਗ ਲਿਆ ਗਿਆ। ਪ੍ਰਿਅੰਕਾ ਯੋਗਾ ਟ੍ਰੇਨਰ ਸੀ.ਐਮ. ਦੀ ਯੋਗਸ਼ਾਲਾ, ਫਿਰੋਜ਼ਪੁਰ ਵੱਲੋਂ ਪ੍ਰੋਗਰਾਮ ਵਿੱਚ ਆਏ ਸਾਰੇ ਭਾਗੀਦਾਰਾਂ ਨੂੰ ਮਨੁੱਖੀ ਜੀਵਨ 'ਚ ਯੋਗਾ ਕਰਨ ਦੇ ਮਹੱਤਵ ਬਾਰੇ ਦੱਸਿਆ ਗਿਆ ਤੇ ਉਨ੍ਹਾਂ ਨੂੰ ਯੋਗਾ ਵੀ ਕਰਵਾਇਆ ਗਿਆ।

ਇਸ ਮੌਕੇ 'ਤੇ ਸੁਖਪ੍ਰੀਤ ਉਪਵੈਦ ਆਯੁਰਵੇਦ ਵਿਭਾਗ, ਫਿਰੋਜ਼ਪੁਰ ਵੀ ਮੌਜੂਦ ਸਨ। ਇਸ ਤੋਂ ਇਲਾਵਾ, ਉਪਮੰਡਲ ਜ਼ੀਰਾ ਤੇ ਗੁਰੂਹਰਸਹਾਏ ਦੇ ਕੋਰਟ ਕੰਪਲੈਕਸ ਵਿੱਚ ਵੀ ਯੋਗ ਦਿਵਸ ਮਨਾਇਆ ਗਿਆ।



# ਮਾਝਾ-ਦੁਆਬਾ

ਆਸ ਪਾਸ



## ਯੂ.ਕੇ.ਅਧਾਰਤ ਧਰਮਾ ਸੰਧੂ ਦੀ ਅਗਵਾਈ ਵਾਲੇ ਬੀ.ਕੇ.ਆਈ. ਟੈਰਰ ਮਾਡਿਊਲ ਦਾ ਪਰਦਾਫਾਸ਼; ਅਤਿ-ਆਧੁਨਿਕ ਪਿਸਤੌਲਾਂ ਸਮੇਤ ਇੱਕ ਗ੍ਰਿਫ਼ਤਾਰ



ਅੰਮ੍ਰਿਤਸਰ, 21 ਜੂਨ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਯੂਕੇ-ਅਧਾਰਤ ਹੈਂਡਲਰ ਧਰਮ ਸਿੰਘ ਉਰਫ਼ ਧਰਮਾ ਸੰਧੂ ਵੱਲੋਂ ਚਲਾਏ ਜਾ ਰਹੇ ਪਾਕਿਸਤਾਨ-ਸਮਰਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਟੈਰਰ ਮਾਡਿਊਲ ਦੇ ਇੱਕ ਸਥਾਨਕ ਕਾਰਕੁੰਨ ਨੂੰ ਛੇ ਅਤਿ-ਆਧੁਨਿਕ ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ, ਇਸ ਮਾਡਿਊਲ ਨੂੰ ਨੇਸਤ-ਏ-ਨਾਬੂਤ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਓਂਕਾਰ ਸਿੰਘ ਉਰਫ਼ ਨਵਾਬ ਵਜੋਂ ਹੋਈ ਹੈ, ਜੋ ਅੰਮ੍ਰਿਤਸਰ ਦੇ ਪਿੰਡ ਜਲਾਲਉਸਮਾ ਦਾ ਰਹਿਣ ਵਾਲਾ ਹੈ। ਉਕਤ ਮੁਲਜ਼ਮ ਕੋਲੋਂ ਭਾਰਤ-ਪਾਕਿਸਤਾਨ ਸਰਹੱਦ ਪਾਰੋਂ ਡਰੋਨ ਰਾਹੀਂ ਤਸਕਰੀ ਕੀਤੇ ਗਏ, ਚਾਰ 9 ਐਮਐਮ ਗਲੌਕ ਪਿਸਤੌਲ ਅਤੇ ਦੋ .30 ਬੋਰ ਪੀਐਕਸ5 ਪਿਸਤੌਲ ਬਰਾਮਦ ਕੀਤੀ ਗਏ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਉਕਤ ਮਾਡਿਊਲ ਚਲਾ ਰਿਹਾ ਵਿਦੇਸ਼ੀ ਹੈਂਡਲਰ ਧਰਮ ਸਿੰਘ ਉਰਫ਼ ਧਰਮਾ ਸੰਧੂ, ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਸਿੰਘ ਉਰਫ਼ ਰਿੰਦਾ ਦਾ ਨਜ਼ਦੀਕੀ ਸਾਥੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਅਤੇ ਇਸ ਵੱਡੇ ਨੈੱਟਵਰਕ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪੁਖ਼ਤਾ ਇਤਲਾਹ ਅਤੇ ਪੂਰਨ ਤਾਲਮੇਲ ਤੋਂ ਬਾਅਦ ਇਹ ਗ੍ਰਿਫ਼ਤਾਰੀ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ, "ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਕਿ ਹਥਿਆਰ ਡਰੋਨ ਰਾਹੀਂ ਪਹੁੰਚਾਏ ਗਏ ਸਨ ਅਤੇ ਦਹਿਸ਼ਤੀ ਗਤੀਵਿਧੀਆਂ ਅੰਜਾਮ ਦੇਣ ਵਰਤੇ ਜਾਣੇ ਸਨ"।

ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਕਾਬੂ ਕੀਤਾ ਮੁਲਜ਼ਮ ਓਂਕਾਰ, ਵਿਦੇਸ਼ੀ ਹੈਂਡਲਰਾਂ ਵੱਲੋਂ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਸਰਗਰਮ ਕੀਤੇ ਗਏ ਸਲੀਪਰ ਸੈੱਲ ਦਾ ਹਿੱਸਾ ਸੀ। ਕਮਿਸ਼ਨਰ ਨੇ ਕਿਹਾ, "ਇਹ ਹਥਿਆਰ ਸੂਬੇ ਵਿੱਚ ਮਿੱਥ ਕੇ ਕੀਤੇ ਜਾਣ ਵਾਲੇ ਕਤਲਾਂ ਅਤੇ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਸਥਾਨਕ ਕਾਰਕੁੰਨਾਂ ਵਿੱਚ ਵੰਡੇ ਜਾਣੇ ਸਨ। ਅਸੀਂ ਪੂਰੇ ਨੈੱਟਵਰਕ ਅਤੇ ਇਸ ਨਾਲ ਜੁੜੀਆਂ ਅੰਤਰਰਾਸ਼ਟਰੀ ਕੜੀਆਂ ਦਾ ਪਰਦਾਫਾਸ਼ ਕਰਨ ਲਈ ਯਤਨਸ਼ੀਲ ਹਾਂ"। ਇਸ ਸਬੰਧੀ ਹੋਰ ਸਾਥੀਆਂ ਅਤੇ ਹੈਂਡਲਰਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।

ਇਸ ਸਬੰਧੀ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਮਕਬੂਲਪੁਰਾ ਵਿਖੇ ਅਸਲਾ ਐਕਟ ਦੀ ਧਾਰਾ 25 ਦੇ ਤਹਿਤ ਐਫਆਈਆਰ ਨੰਬਰ 121 ਮਿਤੀ 21-06-2025 ਅਧੀਨ ਕੇਸ ਦਰਜ ਕੀਤਾ ਗਿਆ ਹੈ।

## ਐਨ.ਸੀ.ਸੀ. ਗਰੁੱਪ ਹੈੱਡਕੁਆਰਟਰ ਵਿਖੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ



ਅੰਮ੍ਰਿਤਸਰ, 21 ਜੂਨ, (ਬਬਲੂ ਮਹਾਜਨ) :ਐਨ.ਸੀ.ਸੀ. ਗਰੁੱਪ ਹੈੱਡਕੁਆਰਟਰ, ਅੰਮ੍ਰਿਤਸਰ ਵੱਲੋਂ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਫਰੰਟ ਲਾਨ ਵਿੱਚ ਜੋਸ਼ ਭਰੇ ਢੰਗ ਨਾਲ ਮਨਾਇਆ ਗਿਆ। ਇਸ ਸ਼ਾਨਦਾਰ ਸਮਾਗਮ ਵਿੱਚ ਅੰਮ੍ਰਿਤਸਰ ਗਰੁੱਪ ਦੀਆਂ ਵੱਖ-ਵੱਖ ਯੂਨਿਟਾਂ ਤੋਂ 1000 ਤੋਂ ਵੱਧ ਐਨ.ਸੀ.ਸੀ. ਕੈਡਟਾਂ ਨੇ ਭਾਗ ਲਿਆ, ਜੋ ਕਿ ਇਸ ਦਿਨ ਨੂੰ ਵਿਸ਼ੇਸ਼ ਬਣਾਉਂਦਾ ਹੈ। ਸਭ ਤੋਂ ਪਹਿਲਾਂ ਕੈਡਟਾਂ ਨੇ ਵੱਡੀ ਐਲਈਡੀ ਸਕਰੀਨ ਰਾਹੀਂ ਮਾਨਯੋਗ ਪ੍ਰਧਾਨ ਮੰਤਰੀ ਜੀ ਦੇ ਸਿੱਧੇ ਸੰਬੋਧਨ ਨੂੰ ਦੇਖਿਆ। ਇਸ ਤੋਂ ਬਾਅਦ, ਸਮਾਗਮ ਦੌਰਾਨ ਕੈਡਟਾਂ ਨੇ ਯੋਗ ਦੇ ਵੱਖ-ਵੱਖ ਆਸਨਾਂ ਅਤੇ ਤਕਨੀਕਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੀ ਪ੍ਰਸਤੁਤੀ ਨੇ ਫਿਟਨੈੱਸ ਅਤੇ ਹੋਲਿਸਟਿਕ ਤੰਦਰੁਸਤੀ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਇਆ, ਜੋ ਕਿ ਯੋਗ ਦੇ ਸਿਧਾਂਤਾਂ — ਸਰੀਰਕ ਸਿਹਤ ਅਤੇ ਮਾਨਸਿਕ ਸ਼ਾਂਤੀ — ਨਾਲ ਸਾਂਝ ਰੱਖਦੀ ਹੈ ਅਤੇ ਇਹ ਐਨ.ਸੀ.ਸੀ. ਦੇ ਆਦਰਸ਼ਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣਾ ਇਹ ਸਿਰਫ ਸਰੀਰਕ ਯੋਗਤਾ ਦਾ ਪ੍ਰਦਰਸ਼ਨ ਨਹੀਂ ਸੀ, ਸਗੋਂ ਇਹ ਕੈਡਟਾਂ ਵਿੱਚ ਭਾਈਚਾਰਾ ਅਤੇ ਅਨੁਸ਼ਾਸਨ ਦੀ ਭਾਵਨਾ ਨੂੰ ਦੇਣ ਵਾਲਾ ਮੰਚ ਵੀ ਸੀ। ਕੈਡਟਾਂ ਵੱਲੋਂ ਵਿਖਾਈ ਗਈ ਉਤਸ਼ਾਹਤਾ ਅਤੇ ਸਮਰਪਣ ਦੀ ਭਾਵਨਾ ਸਾਫ਼ ਨਜ਼ਰ ਆਈ, ਜੋ ਕਿ ਉਨ੍ਹਾਂ ਵੱਲੋਂ ਯੋਗ ਨੂੰ ਜੀਵਨ ਸ਼ੈਲੀ ਵਜੋਂ ਅਪਣਾਉਣ ਦੀ ਪੁਸ਼ਟੀ ਦਿੰਦੀ ਹੈ। ਅੰਮ੍ਰਿਤਸਰ ਦੇ ਅਧਿਕਾਰੀ ਗਰੁੱਪ ਕਮਾਂਡਰ ਕਰਨਲ ਹਰਪ੍ਰੀਤ ਸਿੰਘ ਨੇ ਯੋਗ ਦੇ ਅਨੁਸ਼ਾਸਨ, ਏਕਾਗ੍ਰਤਾ ਅਤੇ ਲਚਕੀਲੇਪਨ ਨੂੰ ਵਿਕਸਤ ਕਰਨ ਵਿੱਚ ਭੂਮਿਕਾ ਬਾਰੇ ਜ਼ੋਰ ਦਿੱਤਾ—ਜੋ ਭਵਿੱਖ ਦੇ ਨੇਤਾਵਾਂ ਲਈ ਅਹਮ ਗੁਣ ਹਨ। ਉਨ੍ਹਾਂ ਦੇ ਬਚਨਾਂ ਨੇ ਇਸ ਗੱਲ ਨੂੰ ਮਜ਼ਬੂਤੀ ਨਾਲ ਉਭਾਰਿਆ ਕਿ ਯੋਗ ਸਿਰਫ ਸਰੀਰਕ ਕਸਰਤ ਨਹੀਂ, ਸਗੋਂ ਮਨ ਅਤੇ ਸਰੀਰ ਦੋਹਾਂ ਦੀ ਸੰਭਾਲ ਕਰਨ ਵਾਲੀ ਵਿਹੰਗਮ ਪ੍ਰਕਿਰਿਆ ਹੈ।

## ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਅਤੇ ਵਿਧਾਇਕ ਨੇ ਸੜਕਾਂ ਦੇ ਨਿਰਮਾਣ ਦਾ ਉਦਘਾਟਨ ਕੀਤਾ



ਅੰਮ੍ਰਿਤਸਰ, 21 ਜੂਨ, (ਬਬਲੂ ਮਹਾਜਨ) : ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਅਤੇ ਪੂਰਬੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਜੀਵਨਜੋਤ ਕੌਰ ਨੇ ਭਾਈ ਗੁਰਦਾਸ ਜੀ ਨਗਰ, ਨਿਊ ਅੰਮ੍ਰਿਤਸਰ ਇਲਾਕੇ ਵਿੱਚ 35 ਸਾਲ ਪੁਰਾਣੇ ਨਾਜਾਇਜ਼ ਕਬਜ਼ੇ ਹਟਾ ਕੇ ਪ੍ਰੀਮਿਕਸ ਨਾਲ ਸੜਕਾਂ ਦੇ ਨਿਰਮਾਣ ਦਾ ਉਦਘਾਟਨ ਕੀਤਾ। ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਲੋਕਾਂ ਨੇ ਇੰਪਰੂਵਮੈਂਟ ਟਰੱਸਟ ਦੀ ਇਸ ਯੋਜਨਾ ਤੇ ਨਾਜਾਇਜ਼ ਕਬਜ਼ੇ ਕੀਤੇ ਸਨ। ਜਿਸ ਕਾਰਨ ਇਹ ਯੋਜਨਾ ਪ੍ਰਫੁੱਲਤ ਨਹੀਂ ਹੋ ਰਹੀ ਸੀ। ਉਨ੍ਹਾਂ ਕਿਹਾ ਕਿ ਪਹਿਲਾਂ ਟਰੱਸਟ ਵੱਲੋਂ ਸਾਰੇ ਕਬਜ਼ੇ ਹਟਾਏ ਗਏ ਸਨ। ਹੁਣ ਇਸ ਯੋਜਨਾ ਤਹਿਤ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸੜਕਾਂ ਦੀ ਉਸਾਰੀ ਪੂਰੀ ਹੋਣ ਤੋਂ ਬਾਅਦ ਭਾਈ ਗੁਰਦਾਸ ਜੀ ਨਗਰ ਦੇ ਆਲੇ-ਦੁਆਲੇ ਦੀਆਂ ਬਸਤੀਆਂ ਨੂੰ ਇਸਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇੰਪਰੂਵਮੈਂਟ ਟਰੱਸਟ ਆਪਣੀਆਂ ਵੱਖ-ਵੱਖ ਯੋਜਨਾਵਾਂ ਨੂੰ ਪ੍ਰਫੁੱਲਤ ਕਰਕੇ ਲੋਕਾਂ ਨੂੰ ਲਾਭ ਪਹੁੰਚਾ ਰਿਹਾ ਹੈ। ਇਸ ਮੌਕੇ ਵਿਧਾਇਕ ਜੀਵਨਜੋਤ ਕੌਰ ਨੇ ਕਿਹਾ ਕਿ ਪੂਰਬੀ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਦੀ ਨਵੀਂ ਅੰਮ੍ਰਿਤਸਰ ਯੋਜਨਾ ਪੂਰੀ ਤਰ੍ਹਾਂ ਪ੍ਰਫੁੱਲਤ ਹੋ ਰਹੀ ਹੈ। ਇਸ ਮੌਕੇ ਕੌਂਸਲਰ ਅਮਰਜੀਤ ਕੌਰ ਮਾਨ, ਗੁਰੂ ਕਮਲ ਸਿੰਘ ਮਾਨ, ਕੌਂਸਲਰ ਸੁੱਖ ਹੁੰਦਲ, ਕੌਂਸਲਰ ਸਤਨਾਮ ਸਿੰਘ, ਕੌਂਸਲਰ ਗੁਰਦਿਆਲ ਸਿੰਘ, ਬਲਕਾਰ ਸਿੰਘ ਸੋਹਲ, ਅਜੇ ਸੂਰੀ, ਓਸ਼ਦੀਪ ਗਿੱਲ, ਸਾਬਕਾ ਸਾਬਕਾ ਅਧਿਕਾਰੀ ਐਸਐਸ ਮੱਲੀ, ਐਸਕੇ ਧੀਰ ਅਤੇ ਇਲਾਕੇ ਦੇ ਲੋਕ ਮੌਜੂਦ ਸਨ।

## ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਸੰਸਥਾਵਾਂ ਨੇ ਯੋਗ ਦਿਵਸ ਮਨਾਇਆ



ਅੰਮ੍ਰਿਤਸਰ, 21 ਜੂਨ, (ਗੁਰਦਿਆਲ ਸਿੰਘ) : ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਵਿੱਦਿਅਕ ਅਦਾਰੇ ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਅਤੇ ਖ਼ਾਲਸਾ ਕਾਲਜ ਆਫ਼ ਫਿਜੀਕਲ ਐਜੂਕੇਸ਼ਨ ਵਿਖੇ ਸਰੀਰ ਨੂੰ ਤੰਦਰੁਸਤ ਰੱਖਣ, ਜ਼ਿੰਦਗੀ 'ਚ ਖੁਸ਼ਹਾਲੀ ਅਤੇ ਸਫਲਤਾ ਨੂੰ ਹਾਸਲ ਕਰਨ ਦੇ ਮਕਸਦ ਤਹਿਤ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਮੌਕੇ ਵਿਦਿਆਰਥੀਆਂ ਨੂੰ ਯੋਗ ਦੇ ਗੁਣਾਂ ਤੋਂ ਜਾਣੂ ਕਰਵਾਇਆ ਗਿਆ। ਇੰਜ਼ੀਨੀਅਰਿੰਗ ਕਾਲਜ ਵਿਖੇ ਡਾਇਰੈਕਟਰ ਮੰਜੂ ਬਾਲਾ ਅਤੇ ਫ਼ਿਜੀਕਲ ਐਜੂਕੇਸ਼ਨ ਕਾਲਜ ਵਿਖੇ ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਦੀ ਰਹਿਨੁਮਾਈ ਹੇਠ ਆਯੋਜਿਤ ਇਸ ਪ੍ਰੋਗਰਾਮ 'ਚ ਵਿਦਿਆਰਥੀਆਂ ਦੇ ਯੋਗ ਦੇ ਵੱਖ-ਵੱਖ ਆਸਣ ਕਰਵਾਏ ਗਏ।

ਇਸ ਸਬੰਧੀ ਡਾ. ਮੰਜੂ ਬਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 24 ਪੰਜਾਬ ਬਟਾਲੀਅਨ ਐੱਨ. ਸੀ. ਸੀ., ਅੰਮ੍ਰਿਤਸਰ ਦੇ ਸਹਿਯੋਗ ਨਾਲ 2 ਰੋਜ਼ਾ ਯੋਗ ਸੰਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਮੰਜੂ ਬਾਲਾ ਅਤੇ ਡਾ. ਕੰਵਲਜੀਤ ਸਿੰਘ ਨੇ ਕਿਹਾ ਕਿ ਯੋਗਾ ਸਿਰਫ਼ ਇਕ ਸਰੀਰਿਕ ਗਤੀਵਿਧੀ ਨਹੀਂ ਹੈ, ਸਗੋਂ ਜੀਵਨ ਦਾ ਇਕ ਪੂਰਾ ਦਰਸ਼ਨ ਹੈ। ਉਨ੍ਹਾਂ ਕਿਹਾ ਕਿ ਇਹ ਸਰੀਰ ਨੂੰ ਮਜ਼ਬੂਤ ਕਰਨ, ਮਨ ਨੂੰ ਮਜ਼ਬੂਤ ਕਰਨ ਅਤੇ ਆਤਮਾ ਨੂੰ ਸ਼ਾਂਤ ਕਰਨ ਦਾ ਵਿਗਿਆਨ ਹੈ। ਉਨ੍ਹਾਂ ਵਿਦਿਆਰਥੀਆਂ ਅਤੇ ਕੈਡਿਟਾਂ ਵੱਲੋਂ ਇਮਾਨਦਾਰੀ ਅਤੇ ਅਨੁਸ਼ਾਸਨ ਨਾਲ ਯੋਗ ਅਭਿਆਸ ਕਰਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੋਗ ਸਮਾਗਮ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ, ਸੁਚੇਤ ਅਤੇ ਉਦੇਸ਼ਪੂਰਨ ਜੀਵਨ ਜੀਉਣ ਲਈ ਪ੍ਰੇਰਿਤ ਕਰਨ ਲਈ ਜ਼ਰੂਰੀ ਹਨ।

ਇਸ ਮੌਕੇ ਡਾ. ਮੰਜੂ ਬਾਲਾ ਅਤੇ ਪ੍ਰਿੰ: ਡਾ. ਕੰਵਲਜੀਤ ਸਿੰਘ ਨੇ ਕਿਹਾ ਕਿ ਯੋਗਾ ਸੈਸ਼ਨ ਆਯੂਸ਼ ਮੰਤਰਾਲੇ ਦੁਆਰਾ ਨਿਰਧਾਰਤ ਸਾਂਝੇ ਯੋਗਾ ਪ੍ਰੋਟੋਕੋਲ ਦੌਰਾਨ ਵਿਦਿਆਰਥੀਆਂ ਦੁਆਰਾ ਤਾੜਾਸਨ, ਪਛਿਮੋਤਾਸਨ, ਉਤਾਨਪਾਦਾਸਨ, ਭੁਜੰਗਾਸਨ ਅਤੇ ਨੌਕਾਸਨ ਸਮੇਤ ਕਈ ਆਸਣ ਕੀਤੇ ਗਏ। ਉਨ੍ਹਾਂ ਕਿਹਾ ਕਿ ਹਰੇਕ ਸੈਸ਼ਨ ਆਸਣ ਸੁਧਾਰ, ਸਾਹ ਨਿਯਮਨ ਅਤੇ ਅੰਦਰੂਨੀ ਸ਼ਾਂਤੀ 'ਤੇ ਕੇਂਦ੍ਰਿਤ ਸੀ।

## ਸੀ.ਐਚ.ਸੀ. ਸਿੰਘੋਵਾਲ ਵਿਖੇ ਮਨਾਇਆ ਅੰਤਰ-ਰਾਸ਼ਟਰੀ ਯੋਗ ਦਿਵਸ



ਦੀਨਾਨਗਰ, 21 ਜੂਨ, (ਡਾ.ਰਮੇਸ਼ ਸਰੰਗਲ) : ਅੱਜ 21 ਜੂਨ ਨੂੰ ਕਮਿਊਨਿਟੀ ਸਿਹਤ ਕੇਂਦਰ ਸਿੰਘੋਵਾਲ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਵਰਿੰਦਰ ਮੋਹਨ ਜੀ ਅਗਵਾਈ ਵਿੱਚ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੜੇ ਉਤਸਾਹ ਨਾਲ ਮਨਾਇਆ ਗਿਆ, ਜਿਸ ਵਿੱਚ ਹੋਮਿਓਪੈਥੀ ਮੈਡੀਕਲ ਅਫਸਰ ਡਾਕਟਰ ਇੰਦਰਜੀਤ ਸਿੰਘ ਰਾਣਾ ਨੇ ਸਿਹਤ ਕੇਂਦਰ ਦੇ ਸਮੂਹ ਸਟਾਫ ਅਤੇ ਇਲਾਕਾ ਨਿਵਾਸੀਆਂ ਨੂੰ ਕਾਮਨ ਯੋਗ ਪ੍ਰੋਟੋਕਾਲ ਦੇ ਅਨੁਸਾਰ ਯੋਗ ਅਭਿਆਸ ਕਰਵਾਇਆ। ਇਸ ਵਾਰ ਅੰਤਰਰਾਸ਼ਟਰੀ ਯੋਗ ਦਿਵਸ ਦੇ ਥੀਮ 'ਇੱਕ ਧਰਤੀ ਇੱਕ ਸਿਹਤ' ਲਈ ਯੋਗ 'ਤੇ ਸਮੂਹ ਯੋਗ ਪ੍ਰੇਮੀਆਂ ਨੂੰ ਜਾਣਕਾਰੀ ਦਿੰਦਿਆਂ ਡਾ. ਰਾਣਾ ਨੇ ਦੱਸਿਆ ਕਿ ਯੋਗ ਦੇ ਰਸਤੇ ਕਿਸ ਤਰ੍ਹਾਂ ਪੂਰੇ ਸੰਸਾਰ ਨੂੰ ਤੰਦਰੁਸਤ ਰੱਖਿਆ ਜਾ ਸਕੇ ਇਹ ਵਿਸ਼ਾ ਧਾਰਮਿਕ, ਭੂਗੋਲਿਕ ਅਤੇ ਹੋਰ ਭਿੰਨਤਾਵਾਂ ਨੂੰ ਇੱਕ ਕਰਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਯੋਗ ਦੇ ਰਸਤੇ ਧਰਤੀ ਤੇ ਮਨੁੱਖ ਦੇ ਨਾਲ ਨਾਲ ਹੋਰ ਜੀਵਾ ਅਤੇ ਪੇੜ- ਪੌਦਿਆਂ ਦੀ ਸਿਹਤ ਵੀ ਬਰਾਬਰ ਮਹੱਤਵ ਰੱਖਦੀ ਹੈ ਅਤੇ ਇਸ ਦੇ ਨਾਲ ਹੀ ਸੰਪੂਰਨ ਤੰਦਰੁਸਤੀ ਦਾ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ। ਸਰਕਾਰ ਵੱਲੋਂ ਯੋਗ ਚਿਕਿਤਸਾ ਪ੍ਰਣਾਲੀ ਨੂੰ ਲੈ ਕੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਆਮ ਜਨਤਾ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਯੋਗ ਨੂੰ ਆਪਣੀ ਰੋਜਾਨਾ ਜੀਵਨ ਸ਼ੈਲੀ ਦਾ ਹਿੱਸਾ ਬਣਾ ਰਹੇ ਹਨ। ਸਮੂਹ ਆਏ ਹੋਏ ਯੋਗ ਅਭਿਆਸੀਆਂ ਨੂੰ ਯੋਗ ਕਰਾਉਣ ਦੇ ਨਾਲ ਨਾਲ ਉਹਨਾਂ ਨੂੰ ਵੱਖ-ਵੱਖ ਆਸਨ, ਪ੍ਰਾਣਾਯਾਮ, ਕਿਰਿਆਵਾਂ ਅਤੇ ਧਿਆਨ ਦੇ ਲਾਭ ਵੀ ਦੱਸੇ ਗਏ ਅਤੇ ਇਹ ਵੀ ਸੁਚੇਤ ਕੀਤਾ ਗਿਆ ਕਿ ਕਿਨਾਂ ਲੋਕਾਂ ਨੂੰ ਕਿਨਾ ਪਰਿਸਥਿਤੀਆਂ ਵਿੱਚ ਯੋਗ ਦਾ ਅਭਿਆਸ ਨਹੀਂ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਡਾਕਟਰ ਸੰਗੀਤਾ ਪਾਲ ਨੇ ਗਰਭਵਤੀ ਮਹਿਲਾਵਾਂ ਨੂੰ ਕਿਸ ਤਰ੍ਹਾਂ ਦੇ ਆਸਣ ਕਰਨੇ ਚਾਹੀਦੇ ਹਨ ਬਾਰੇ ਜਾਣਕਾਰੀ ਦਿੱਤੀ। ਡਾਕਟਰ ਸੁਖਵਿੰਦਰ ਸੁਖੀ, ਨਰਸਿੰਗ ਸਿਸਟਰ ਲਖਵਿੰਦਰ ਕੌਰ, ਹੋਮਿਓਪੈਥੀ ਡਿਸਪੈਂਸਰ ਭਾਰਤ ਭੂਸ਼ਣ, ਲੈਬ ਟੈਕਨੀਸ਼ੀਅਨ ਭੂਪੇਸ਼ ਚੰਦਰ, ਅਨੀਤਾ, ਸਟਾਫ ਨਰਸ ਏਕਤਾ, ਨਵਜੀਤ ਕੌਰ, ਵਰਿੰਦਰ ਕੌਰ, ਸਪਨਾ, ਓਟ ਤੋਂ ਮਨਿੰਦਰ ਸਿੰਘ, ਦਾਨਿਸ਼ ਆਦਿ ਤੋਂ ਇਲਾਵਾ ਸਿਹਤ ਕੇਂਦਰ ਦਾ ਸਮੂਹ ਸਟਾਫ ਅਤੇ ਇਲਾਕਾ ਨਿਵਾਸੀਆਂ ਹਾਜ਼ਰ ਸਨ।

## ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਜੰਡਿਆਲਾ ਗੁਰੂ, 21 ਜੂਨ, (ਰਾਮ ਸ਼ਰਨਜੀਤ ਸਿੰਘ) : ਅੰਤਰਰਾਸ਼ਟਰੀ ਯੋਗ ਦਿਵਸ ਭਾਰਤ ਵਿੱਚ ਮਨਾਇਆ ਜਾਣ ਵਾਲਾ ਇੱਕ ਅਹਿਮ ਪ੍ਰੋਗਰਾਮ ਬਣ ਗਿਆ ਹੈ, ਜਿਸ ਨੇ ਮਨੁੱਖ ਨੂੰ ਮਾਨਸਿਕ ਤੇ ਬੋਧਿਕ ਵਿਕਾਸ ਦੇ ਨਾਲ ਨਾਲ ਸਰੀਰਕ ਵਿਕਾਸ ਵੱਲ ਵੀ ਦੁਨੀਆਂ ਦਾ ਧਿਆਨ ਖਿੱਚਿਆ ਹੈ। ਯੋਗਸ਼ਾਲਾ ਵਿੱਚ ਨਿਤਾ ਪ੍ਰਤੀ ਸਵੇਰੇ ਸੂਰਜ ਦੀਆਂ ਕਿਰਨਾਂ ਨਿਕਲਣ ਤੋਂ ਪਹਿਲਾਂ ਇਕਾਗਰਤਾ ਨਾਲ ਯੋਗ ਕਰਨ ਨਾਲ ਸਾਡਾ ਮਾਨਸਿਕ ਵਿਕਾਸ ਹੁੰਦਾ ਹੈ। ਉਥੇ ਹੀ ਸਮਾਜ ਵਿੱਚ ਪਸਰ ਰਹੀਆਂ ਬਿਮਾਰੀਆਂ ਪ੍ਰਤੀ ਜਿਵੇਂ ਮੋਟਾਪਾ, ਸ਼ੂਗਰ, ਜੋੜਾਂ ਦਾ ਦਰਦ, ਸਰਵਾਈਕਲ, ਦਿਲ ਦੀਆਂ ਬਿਮਾਰੀਆਂ ਆਦਿ ਨੂੰ ਸਹਿਜੇ ਹੀ ਕੰਟਰੋਲ ਕੀਤਾ ਜਾ ਸਕਦਾ ਹੈ, ਲੋੜ ਹੈ ਜਾਗਰੂਕ ਹੋਣ ਦੀ ਅਗਰ ਨੌਜਵਾਨ ਵਰਗ ਇਹ ਗੱਲ ਸਮਝ ਲਵੇ ਤਾਂ ਇਹ ਸੰਪੂਰਨ ਤੇ ਸਹਿਜ ਜੀਵਨ ਜਿਉਣ ਦਾ ਆਨੰਦ ਮਾਨਿਆ ਜਾ ਸਕਦਾ ਹੈ । ਅੱਜ ਸੇਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਸਕੂਲ ਦੇ ਸਟਾਫ ਅਤੇ ਸ਼ਹਿਰ ਵਾਸੀਆਂ ਨੇ ਯੋਗ ਦਿਵਸ ਮਨਾਇਆ। ਇਕ ਘੰਟਾ 15 ਮਿੰਟ ਦੀ ਇਸ ਸ਼ਿਵਰ ਵਿੱਚ ਜਿੱਥੇ ਯੋਗ ਅਭਿਆਸ ਕਰਵਾਏ ਗਏ ਉੱਥੇ ਇਹਨਾ ਦੀ ਮਹਾਨਤਾ ਵੀ ਦਰਸਾਈ ਗਈ। ਇਸ ਸ਼ਿਵਰ ਵਿੱਚ ਲਗਭਗ 55 ਯੋਗ ਪ੍ਰਣਾਈਆ ਨੇ ਭਾਗ ਲਿਆ, ਜੋ ਕਰਵਾਉਣ ਦਾ ਕੰਮ ਡਾਕਟਰ ਮੰਗਲ ਸਿੰਘ ਕਿਸ਼ਮਪੁਰੀ, ਰਕੇਸ਼ ਗੁਪਤਾ ਅਤੇ ਰੇਨੂ ਮੈਡਮ ਨੇ ਕਰਵਾਇਆ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਨੇ ਸਭ ਨੂੰ ਯੋਗ ਕਰਨ ਅਤੇ ਤੰਦਰੁਸਤ ਰਹਿਣ ਦੀ ਸਲਾਹ ਦਿੱਤੀ।

## ਲਵਪ੍ਰੀਤ ਸਿੰਘ ਢਿੱਲੋਂ ਨੂੰ ਰਾਜਨੀਤਿਕ, ਧਾਰਮਿਕ ਅਤੇ ਪੰਥਕ ਸ਼ਖਸ਼ੀਅਤਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ



ਭਿੱਖੀਵਿੰਡ, 21 ਜੂਨ, (ਸਵਿੰਦਰ ਬਲੇਹਰ): ਜ਼ਿਲ੍ਹਾ ਤਰਨਤਾਰਨ ਹਲਕਾ ਖੇਮਕਰਨ ਬਲਾਕ ਭਿੱਖੀਵਿੰਡ ਦੇ ਅਧੀਨ ਪੈਂਦੇ ਪਿੰਡ ਬਲੇਹਰ ਦੇ ਨੌਜਵਾਨ ਲਵਪ੍ਰੀਤ ਸਿੰਘ ਢਿੱਲੋਂ ਜਿਨ੍ਹਾਂ ਦੀ ਬੀਤੇ ਕੁੱਝ ਦਿਨ ਪਹਿਲਾਂ ਬੇਵਕਤੀ ਮੌਤ ਹੋ ਗਈ ਸੀ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਰਾਗੀ ਜੱਥੇ ਵੱਲੋਂ ਵੈਰਾਗਮਈ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ ਗਿਆ । ਇਸ ਅੰਤਿਮ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਰਾਜਨੀਤਿਕ, ਧਾਰਮਿਕ, ਸਮਾਜਿਕ, ਪੰਥਕ ਅਤੇ ਪੱਤਰਕਾਰ ਭਾਈਚਾਰੇ ਨੇ ਹਾਜ਼ਰੀ ਭਰੀ ਅਤੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ । ਅੰਤਿਮ ਅਰਦਾਸ ਸਮਾਗਮ ਵਿੱਚ ਪੁੱਜੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸਿਤਾਰਾ ਸਿੰਘ ਡਲੀਰੀ, ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਗੌਰਵਦੀਪ ਸਿੰਘ ਵਲਟੋਹਾ, ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਆਮ ਆਦਮੀ ਪਾਰਟੀ, ਸਾਬਕਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਭੁੱਲਰ, ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਪੱਟੀ, ਸੁਖਵਿੰਦਰ ਸਿੰਘ ਸਿੱਧੂ ਪੱਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੂਬਾ ਸਕੱਤਰ ਜਥੇਦਾਰ ਹਰਪਾਲ ਸਿੰਘ ਬਲੇਹਰ, ਚੇਅਰਮੈਨ ਰਾਜ ਸਿੰਘ ਸੰਧੂ ਪਹੂਵਿੰਡ, ਕਾਂਗਰਸੀ ਆਗੂ ਕਿਰਨਜੀਤ ਸਿੰਘ ਮਿੱਠਾ ਮਾੜੀਮੇਘਾ, ਅਕਾਲੀ ਆਗੂ ਹਰਭਜਨ ਸਿੰਘ ਕਾਲੇ, ਰਾਣਾ ਕਾਲੇ, ਸਾਬਕਾ ਸਰਪੰਚ ਕੁਲਤਾਰ ਸਿੰਘ ਟੀਟੂ ਕਾਲੇ, ਦਿਲਬਾਗ ਸਿੰਘ ਸਰਪੰਚ ਸਿੱਧਵਾਂ, ਸਰਪੰਚ ਬੋਹੜ ਸਿੰਘ ਬਲੇਰ, ਦਲਬੀਰ ਸਿੰਘ ਅਲਗੋ ਬੀਜੇਪੀ ਆਗੂ, ਸਰਪੰਚ ਗੁਰਪ੍ਰੀਤ ਸਿੰਘ ਸੇਰਾ ਬਲੇਹਰ, ਸਰਪੰਚ ਚਮਕੌਰ ਸਿੰਘ ਬਲੇਹਰ, ਕਰਤਾਰ ਸਿੰਘ ਨੰਬਰਦਾਰ, ਸਾਬਕਾ ਸਰਪੰਚ ਪ੍ਰਤਾਪ ਸਿੰਘ ਬਲੇਹਰ, ਗੁਰਬਾਜ ਸਿੰਘ ਮਾੜੀਮੇਘਾ, ਹੀਰਾ ਰਾੜੀਆ ਪੱਟੀ, ਡਾਕਟਰ ਬਲਵਿੰਦਰ ਸਿੰਘ ਭਗਵਾਨਪੁਰਾ, ਸਾਬਕਾ ਸਰਪੰਚ ਹਰਜੀਤ ਸਿੰਘ ਚੂੰਗ, ਸਾਬਕਾ ਗੁਰਮੁੱਖ ਸਿੰਘ ਸਾਡਪੁਰਾ, ਸਾਬਕਾ ਸਰਪੰਚ ਇਕਬਾਲ ਸਿੰਘ ਦਿਆਲਪੁਰਾ, ਸਾਬਕਾ ਸਰਪੰਚ ਅੰਮ੍ਰਿਤਪਾਲ ਸਿੰਘ ਦਿਆਲਪੁਰਾ, ਡਾਕਟਰ ਕੁਲਵਿੰਦਰ ਸਿੰਘ ਮਰਗਿੰਦਪੁਰਾ, ਅੰਗਰੇਜ਼ ਸਿੰਘ ਮੱਖੀ, ਡਾਕਟਰ ਭੁਪਿੰਦਰ ਸਿੰਘ ਮੱਖੀ, ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਧਾਨ ਜਸਬੀਰ ਸਿੰਘ ਪੱਟੀ, ਸੁਖਪਾਲ ਸਿੰਘ ਗਾਬੜੀਆ, ਠਾਕੁਰ ਪ੍ਰਸ਼ਾਦ ਖਾਲੜਾ, ਸਾਬਕਾ ਸਰਪੰਚ ਅਮਰਜੀਤ ਸਿੰਘ ਪਹੂਵਿੰਡ, ਸਾਬਕਾ ਸਰਪੰਚ ਗੁਰਸੇਵਕ ਸਿੰਘ ਬੱਬੂ ਮਾੜੀ ਮੇਘਾ, ਚੈਅਰਮੈਨ ਵਰਿੰਦਰਬੀਰ ਸਿੰਘ ਵਿੰਦਾ ਕਾਜੀ ਚੱਕ, ਗੋਲਡੀ ਸੰਧੂ ਟਰਾਂਸਪੋਰਟਰ ਡਲੀਰੀ ਵਾਲੇ ਅਤੇ ਸਮੂਹ ਪੱਤਰਕਾਰ ਭਾਈਚਾਰਾ ਜਿਸ ਵਿੱਚ ਸੰਦੀਪ ਉੱਪਲ, ਸਰਬਜੀਤ ਸਿੰਘ ਛੀਨਾ, ਚਾਨਣ ਸਿੰਘ ਮਾੜੀਮੇਘਾ, ਗੁਰਪ੍ਰੀਤ ਸਿੰਘ ਸੈਡੀ, ਹੈਪੀ ਸਭਰਾ, ਮਨਜੀਤ ਸਿੰਘ ਝਬਾਲ, ਹੈਪੀ ਦਿੱਲੀ ਵਾਲੇ, ਜਗਜੀਤ ਸਿੰਘ ਡੱਲ, ਸੁਰਿੰਦਰ ਕੁਮਾਰ ਨੀਟੂ ਅਰੋੜਾ, ਜਗਤਾਰ ਸਿੰਘ, ਰਾਜਨ ਚੌਪੜਾ, ਬੌਬੀ ਭਿੱਖੀਵਿੰਡ, ਅਮਨ ਸੰਧੂ ,ਸੁਖਚੈਨ ਭੁੱਲਰ ,ਰਣਜੀਤ ਬੱਬੂ ਭਿੱਖੀਵਿੰਡ, ਅਮਨ ਪੱਪੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਇਸ ਅੰਤਿਮ ਅਰਦਾਸ ਵਿੱਚ ਪੁੱਜੀਆਂ। ਪਿਤਾ ਕੁਲਵੰਤ ਸਿੰਘ, ਚਾਚਾ ਸਵਿੰਦਰ ਸਿੰਘ ਬਲੇਹਰ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਸੰਗਤਾਂ ਦਾ ਧੰਨਵਾਦ ਕੀਤਾ।

## ਪੀ.ਐਚ.ਡੀ.ਸੀ.ਸੀ.ਆਈ. ਅੰਮ੍ਰਿਤਸਰ ਜ਼ੋਨ ਨੇ ਅਟਾਰੀ-ਵਾਹਗਾ ਸਰਹੱਦ 'ਤੇ ਯੋਗ ਦਿਵਸ ਮਨਾਇਆ



ਅੰਮ੍ਰਿਤਸਰ, 21 ਜੂਨ, (ਗੁਰਦਿਆਲ ਸਿੰਘ) : ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਪੰਜਾਬ ਚੈਪਟਰ ਦੇ ਅੰਮ੍ਰਿਤਸਰ ਜ਼ੋਨ ਨੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਮਨਾਉਣ ਲਈ ਸੀਮਾ ਸੁਰੱਖਿਆ ਬਲ ਦੇ ਸਹਿਯੋਗ ਨਾਲ ਇਤਿਹਾਸਕ ਸਾਂਝੀ ਚੈੱਕ ਪੋਸਟ ਅਟਾਰੀ ਸਰਹੱਦ 'ਤੇ ਯੋਗਾ ਸੈਸ਼ਨ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਬੀਐਸਐਫ ਦੇ ਜਵਾਨਾਂ, ਨਾਗਰਿਕਾਂ ਅਤੇ ਪਤਵੰਤਿਆਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ, ਜਿਸ ਨੇ ਸਮੁੱਚੀ ਭਲਾਈ ਅਤੇ ਰਾਸ਼ਟਰੀ ਭਾਵਨਾ ਲਈ ਇੱਕ ਏਕੀਕ੍ਰਿਤ ਸ਼ਕਤੀ ਵਜੋਂ ਯੋਗ ਦੀ ਭੂਮਿਕਾ ਦੀ ਪੁਸ਼ਟੀ ਕੀਤੀ।

ਇਸ ਮੌਕੇ 'ਤੇ, ਪੀ.ਐਚ.ਡੀ.ਸੀ.ਸੀ.ਆਈ. ਨੇ ਬੀਐਸਐਫ ਨੂੰ ਉਨ੍ਹਾਂ ਦੀ ਅਣਥੱਕ ਸੇਵਾ ਲਈ ਆਪਣੀ ਪ੍ਰਸ਼ੰਸਾ ਪ੍ਰਗਟ ਕੀਤੀ ਅਤੇ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਸ਼ਮੂਲੀਅਤ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਜਸ਼ਨ ਮਨਾਇਆ। ਪੀ.ਐਚ.ਡੀ.ਸੀ.ਸੀ.ਆਈ. ਨੇ ਡਾ. ਅਤੁਲ ਫੁਲਜ਼ੇਲੇ, ਆਈਪੀਐਸ, ਇੰਸਪੈਕਟਰ ਜਨਰਲ, ਬੀਐਸਐਫ ਪੰਜਾਬ, ਐਸਐਸ ਚੰਦੇਲ, ਡਿਪਟੀ ਇੰਸਪੈਕਟਰ ਜਨਰਲ, ਐਸਐਚਕਿਊ ਅੰਮ੍ਰਿਤਸਰ ਅਤੇ ਹੋਰ ਸੀਨੀਅਰ ਬੀਐਸਐਫ ਅਧਿਕਾਰੀਆਂ ਨੂੰ ਉਨ੍ਹਾਂ ਦੀ ਅਗਵਾਈ ਅਤੇ ਵਚਨਬੱਧਤਾ ਲਈ ਸਨਮਾਨਿਤ ਕੀਤਾ।

ਸਨਮਾਨ ਸਮਾਰੋਹ ਰੀਜਨਲ ਫੈਸ਼ਨ ਟੈਕਸ ਟੈਕ ਫੋਰਮ, ਪੀ.ਐਚ.ਡੀ.ਸੀ.ਸੀ.ਆਈ. ਦੀ ਪ੍ਰਧਾਨ ਸ਼੍ਰੀਮਤੀ ਹਿਮਾਨੀ ਅਰੋੜਾ, ਸੀਏ ਜੈਦੀਪ ਸਿੰਘ, ਕਨਵੀਨਰ ਅੰਮ੍ਰਿਤਸਰ ਜ਼ੋਨ, ਪੰਜਾਬ ਚੈਪਟਰ, ਅਤੇ ਨਿਪੁਣ ਅਗਰਵਾਲ, ਸਹਿ-ਕਨਵੀਨਰ ਅੰਮ੍ਰਿਤਸਰ ਜ਼ੋਨ ਵੱਲੋਂ ਕੀਤਾ ਗਿਆ। ਡਾ. ਅਤੁਲ ਫੁਲਜ਼ੇਲੇ, ਆਈਪੀਐਸ, ਇੰਸਪੈਕਟਰ ਜਨਰਲ, ਬੀਐਸਐਫ ਪੰਜਾਬ ਨੇ ਪੀ.ਐਚ.ਡੀ.ਸੀ.ਸੀ.ਆਈ. ਦੀ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਸ਼ਲਾਘਾ ਕੀਤੀ ਅਤੇ ਸੀਮਾ ਸੁਰੱਖਿਆ ਬਲ ਵੱਲੋਂ ਪੀ.ਐਚ.ਡੀ.ਸੀ.ਸੀ.ਆਈ. ਟੀਮ ਨੂੰ ਸਨਮਾਨਿਤ ਕੀਤਾ ਗਿਆ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

ਜਲੰਧਰ, 21 ਜੂਨ, (ਸੰਦੀਪ ਕੌਲ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨਿਰਭਉ ਸਿੰਘ ਗਿੱਲ ਅਤੇ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਰਾਹੁਲ ਕੁਮਾਰ ਦੀ ਯੋਗ ਰਹਿਨੁਮਾਈ ਹੇਠ ਅੱਜ ਅੰਤਰਰਾਸ਼ਟਰੀ ਯੋਗ ਦਿਵਸ-2025 ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਸਮਾਗਮ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਕਰਵਾਇਆ ਗਿਆ, ਜਿਸ ਵਿੱਚ ਕਾਨੂੰਨੀ ਪੇਸ਼ੇਵਰਾਂ, ਕਰਮਚਾਰੀਆਂ, ਲੀਗਲ ਏਡ ਡਿਫੈਂਸ ਕੌਂਸਲ, ਪੈਰਾ ਲੀਗਲ ਵਲੰਟੀਅਰਾਂ ਤੋਂ ਇਲਾਵਾ ਆਮ ਲੋਕਾਂ ਨੇ ਸਰਗਰਮੀ ਨਾਲ ਭਾਗ ਲਿਆ।

ਯੋਗ ਇੰਸਟ੍ਰਕਟਰ ਸਮਿਤਾ ਕਪੂਰ, ਕੁਸਮ ਗੁਪਤਾ ਅਤੇ ਪੂਨਮ ਰਾਜਪੂਤ ਨੇ ਭਾਗੀਦਾਰਾਂ ਨੂੰ ਕਈ ਆਸਣ (ਮੁਦਰਾਵਾਂ), ਪ੍ਰਾਣਾਯਾਮ (ਸਾਹ ਲੈਣ ਦੇ ਅਭਿਆਸ) ਅਤੇ ਧਿਆਨ ਤਕਨੀਕਾਂ ਦਾ ਅਭਿਆਸ ਕਰਵਾਇਆ। ਇਸ ਮੌਕੇ ਹਰਨੇਕ ਸਿੰਘ, ਵਿਮਲ ਸਚਦੇਵਾ, ਯੁਵਰਾਜ ਸਿੰਘ ਅਤੇ ਜਗਨ ਨਾਥ ਨੇ ਕਿਹਾ ਕਿ ਕਾਨੂੰਨੀ ਜਾਗਰੂਕਤਾ ਵਾਂਗ ਯੋਗ ਵੀ ਵਿਅਕਤੀਆਂ ਨੂੰ ਸਸ਼ਕਤ ਬਣਾਉਂਦਾ ਹੈ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ, ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਤਹਿਤ ਕੰਮ ਕਰਦੀ ਹੈ, ਜਿਸਦਾ ਮੁੱਖ ਉਦੇਸ਼ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮੁਫ਼ਤ ਅਤੇ ਯੋਗ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨਾ, ਆਪਸੀ ਵਿਵਾਦਾਂ ਦੇ ਨਿਪਟਾਰੇ ਲਈ ਲੋਕ ਅਦਾਲਤਾਂ ਲਗਾਉਣਾ ਅਤੇ ਲੋਕਾਂ ਵਿੱਚ ਕਾਨੂੰਨੀ ਸਾਖ਼ਰਤਾ ਅਤੇ ਜਾਗਰੂਕਤਾ ਫੈਲਾਉਣਾ ਹੈ। ਇਸ ਦੌਰਾਨ ਟੋਲ ਫ੍ਰੀ ਨੰਬਰ 15100 ਬਾਰੇ ਵੀ ਜਾਣਕਾਰੀ ਦਿੱਤੀ ਗਈ।

## ਸਿਹਤਮੰਦ ਅਤੇ ਖੁਸ਼ਹਾਲ ਰਹਿਣ ਲਈ ਰੋਜ਼ਾਨਾ ਯੋਗ ਕਰੋ : ਸਿਹਤ ਮੰਤਰੀ



ਅੰਮ੍ਰਿਤਸਰ, 21 ਜੂਨ, (ਬਬਲੂ ਮਹਾਜਨ) : ਸੀ ਐਮ ਦੀ ਯੋਗਸ਼ਲਾ ਤਹਿਤ ਜਿਲ੍ਹਾ ਪ੍ਰਸ਼ਾਸ਼ਨ ਅੰਮ੍ਰਿਤਸਰ ਦੀ ਅਗਵਾਈ ਹੇਠ ਜ਼ਿਲ੍ਹਾ ਆਯੂਰਵੈਦਿਕ ਵਿਭਾਗ ਵੱਲੋਂ ਗੁਰੂ ਨਾਨਕ ਸਟੇਡਿਅਮ ਵਿਖੇ ਜ਼ਿਲਾ ਪੱਧਰੀ ਗਿਆਰਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ।

ਇਸ ਯੋਗ ਦਿਵਸ ਵਿਚ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ, ਵਿਧਾਇਕ ਡਾ: ਅਜੇ ਗੁਪਤਾ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਸਰੀਨ, ਜ਼ਿਲਾ ਆਯੂਰਵੈਦਿਕ ਅਫਸਰ ਡਾ: ਦਿਨੇਸ਼ ਕੁਮਾਰ, ਸਿਵਲ ਸਰਜਨ ਡਾਕਟਰ ਕਿਰਨਦੀਪ ਕੋਰ, ਸੈਮਸਨ ਮਸੀਹ, ਅਰਵਿੰਦਰ ਭੱਟੀ ਤੋ ਇਲਾਵਾ 1500 ਤੋਂ ਵੱਧ ਦੇ ਕਰੀਬ ਸ਼ਹਿਰੀਆਂ ਨੇ ਇਕੱਠੇ ਯੋਗ ਅਭਿਆਸ ਕੀਤਾ। ਇਸ ਸੈਸ਼ਨ ਵਿੱਚ ਸਰੀਰ ਨੂੰ ਚੁਸਤ ਅਤੇ ਤੰਦਰੁਸਤ ਰੱਖਣ ਲਈ ਕਈ ਆਸਨ ਜਿਵੇਂ ਤਾੜ ਆਸਨ, ਵਰਿਕਸ਼ ਆਸਨ, ਅਰਧ ਚੱਕਰ ਆਸਨ, ਵਕਰ ਆਸਨ, ਵਜਰ ਆਸਨ, ਊਸ਼ਟਰ ਆਸਨ, ਪਵਨ ਮੁਕਤ ਆਸਨ ਆਦਿ ਕਈ ਆਸਨ ਕਰਵਾਉਣ ਉਪਰੰਤ ਪ੍ਰਾਣਾਯਾਮ ਅਤੇ ਧਿਆਨ ਕਰਵਾਇਆ ਗਿਆ।

ਯੋਗਾ ਦਿਵਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਕਿਹਾ ਹੈ ਕਿ ਸਾਨੂੰ ਆਪਣੀ ਜ਼ਿੰਦਗੀ ਨੂੰ ਸਿਹਤਮੰਦ ਅਤੇ ਖੁਸ਼ਹਾਲ ਬਣਾਉਣ ਲਈ ਰੋਜ਼ਾਨਾ ਯੋਗ ਅਭਿਆਸ ਕਰਨੇ ਚਾਹੀਦੇ ਹਨ ਤਾਂ ਜੋ ਤੰਦਰੁਸਤ ਸਰੀਰ ਅਤੇ ਮਨ ਨਾਲ ਜੀਵਨ ਬਤੀਤ ਕੀਤਾ ਜਾ ਸਕੇ। ਉਨਾਂ ਕਿਹਾ ਕਿ ਯੋਗ ਨਾਲ ਅਸੀਂ ਕਈ ਬੀਮਾਰੀਆਂ ਤੋਂ ਦੂਰ ਰਹਿ ਸਕਦੇ ਹਾਂ। ਉਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵਲੋਂ ਸੀ ਐਮ ਯੋਗਸ਼ਾਲਾ ਦੀ ਸ਼ੁਰੂਆਤ ਵੀ ਇਸੇ ਮਕਸਦ ਨਾਲ ਕੀਤੀ ਗਈ ਹੈ।

ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ਼ ਕਰਦਿਆ ਕਿਹਾ ਕਿ ਉਹ ਜੰਕ ਫੂਡ ਤੋ ਪਰਹੇਜ਼ ਕਰਨ ਤਾਂ ਹੀ ਅਪਣੀ ਸਿਹਤ ਨੂੰ ਠੀਕ ਰਖ ਸਕਦੇ ਹਨ।

ਇਸ ਮੌਕੇ ਵਿਧਾਇਕ ਡਾ: ਅਜੇ ਗੁਪਤਾ ਨੇ ਕਿਹਾ ਕਿ ਯੋਗਾ ਸਾਡੀ ਵਿਰਾਸਤ ਦਾ ਹਿੱਸਾ ਹੈ ਅਤੇ ਅਜੋਕੇ ਜੀਵਨ ਜਾਂਚ ਦੌਰਾਨ ਜਦੋਂਕਿ ਸਰੀਰਿਕ ਕੰਮ ਘੱਟ ਗਏ ਹਨ ਇਸ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਡਾ: ਗੁਪਤਾ ਨੇ ਕਿਹਾ ਕਿ ਯੋਗਾ ਇਕ ਸੰਪੂਰਨ ਕਸਰਤ ਹੈ ਜੋ ਕਿ ਸਰੀਰ ਅਤੇ ਆਤਮਾ ਦੇ ਸੰਤੁਲਨ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਯੋਗ ਨੂੰ ਰੋਜ਼ਾਨਾ ਆਪਣੀ ਜਿੰਦਗੀ ਦਾ ਹਿੱਸਾ ਬਣਾਓ ਤਾਂ ਜੋ ਆਪਣੇ ਸ਼ਰੀਰ ਨੂੰ ਤੰਦਰੁਸਤ ਰੱਖਿਆ ਜਾ ਸਕੇ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਲੋਕਾਂ ਨੂੰ ਕਿਹਾ ਕਿ ਯੋਗਾ ਨਾਲ ਜੁੜਣ ਲਈ ਜ਼ਿਲ੍ਹਾ ਵਾਸੀ ਸੀ ਐਮ ਯੋਗਸਾਲਾ ਦੀ ਮਦਦ ਲੈਣ। ਉਨ੍ਹਾਂ ਦਸਿਆ ਕਿ ਲੋਕਾਂ ਨੂੰ ਯੋਗਾ ਸਿਖਾਉਣ ਲਈ 25 ਯੋਗ ਟਰੇਨਰ ਅਤੇ 44 ਡਿਪਲੋਮਾ ਵਿਦਿਆਰਥੀ ਨਿਯੁਕਤ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀਐਮ ਯੋਗਸ਼ਾਲਾ ਤਹਿਤ 250 ਜਨਤਕ ਥਾਵਾਂ 'ਤੇ ਮੁਫ਼ਤ ਵਿੱਚ ਯੋਗਾ ਦੀ ਸਿਖਲਾਈ ਮਾਹਿਰਾਂ ਵਲੋਂ ਦਿੱਤੀ ਜਾ ਰਹੀ ਹੈ, ਜਿਥੇ ਲਗਭਗ 5000 ਤੋ ਵੱਧ ਲੋਕ ਹਿੱਸਾ ਲੈ ਰਹੇ ਹਨ। ਉਨ੍ਹਾ ਕਿਹਾ ਕਿ ਲੋਕ ਯੋਗ ਦੀਆਂ ਕਲਾਸਾਂ ਲਈ ਲੋਕ 76694-00500 ਨੰਬਰ ਤੇ ਮਿਸਡ ਕਾਲ ਕਰਕੇ ਸੀ ਐਮ ਯੋਗਸ਼ਾਲਾ ਨਾਲ ਜੁੜ ਸਕਦੇ ਹਨ।

ਇਸ ਯੋਗ ਦਿਵਸ ਵਿਚ ਸਕੂਲੀ ਬੱਚਿਆਂ ਤੋ ਇਲਾਵਾ ਭਾਰਤੀ ਯੋਗ ਸੰਸਥਾਨ ਦੇ ਪ੍ਰਤੀਨਿਧੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਅੰਤਰਰਾਸ਼ਟਰੀ ਯੋਗਾ ਦਿਵਸ ਅੰਮ੍ਰਿਤਸਰ ਦੇ ਬਲਾਕ ਰਾਜਾ ਸਾਂਸੀ, ਜੰਡਿਆਲਾ ਗੁਰੂ, ਅਟਾਰੀ, ਅਜਨਾਲਾ, ਮਜੀਠਾ ਅਤੇ ਬਲਾਕ ਵੇਰਕਾ ਵਿਖੇ ਵੀ ਮਨਾਇਆ ਗਿਆ, ਜਿੱਥੇ ਲੋਕਾਂ ਨੇ ਯੋਗ ਅਭਿਆਸ ਕੀਤਾ।

ਇਸ ਮੌਕੇ ਯੋਗ ਕੁਆਰਡੀਨੇਟਰ ਸ਼੍ਰੀ ਸੰਜੇ ਸਿੰਘ ਵੀ ਹਾਜ਼ਰ ਸਨ।

## ਸ:ਸੀ:ਸੈ: ਸਕੂਲ ਜਗਦੇਵ ਕਲਾਂ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਅਜਨਾਲਾ, 21 ਜੂਨ, (ਸੁਖਦੇਵ ਸਿੰਘ ਖਾਲਸਾ) : ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਰਜਿੰਦਰ ਕੌਰ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਦੇਵ ਕਲਾਂ ਵਿੱਚ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ । ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਰੀਤੂ ਸ਼ਰਮਾ ਲੈਕਚਰਾਰ ਸਰੀਰਕ ਸਿੱਖਿਆ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਯੋਗਾ ਦੇ ਕਈ ਤਰ੍ਹਾਂ ਦੇ ਆਸਣ ਕਰਵਾਏ ਅਤੇ ਉਨਾਂ ਦੇ ਲਾਭ ਵੀ ਦੱਸੇ। ਅੰਗਰੇਜ਼ੀ ਲੈਕਚਰਾਰ ਸ਼੍ਰੀਮਤੀ ਜਸਪ੍ਰੀਤ ਕੌਰ ਨੇ ਅੰਤਰਰਾਸ਼ਟਰੀ ਯੋਗਾ ਦਿਵਸ ਦੀ ਮਹੱਤਤਾ ਤੋ ਜਾਣੂ ਕਰਵਾਇਆ। ਇਸ ਮੌਕੇ ਚੰਦਰ ਮੋਹਨ ਗੁਪਤਾ, ਗੁਰਵਿੰਦਰ ਸਿੰਘ, ਸੁਖਰਾਜ ਸਿੰਘ, ਬਲਤੇਜ ਸਿੰਘ, ਗੁਰਿੰਦਰਜੀਤ ਸਿੰਘ, ਨਿਰਮਲ ਸਿੰਘ, ਬਲਵਿੰਦਰ ਕੁਮਾਰ, ਵਿਸ਼ਾਲ ਮਸੀਹ, ਸ਼੍ਰੀਮਤੀ ਹਰਜੀਤ ਕੌਰ, ਅਮਨਦੀਪ ਕੌਰ, ਮਨਵੀਤ ਕੌਰ, ਮਲਕੀਅਤ ਸਿੰਘ, ਕੁਲਵਿੰਦਰ ਕੌਰ, ਸੁਰਿੰਦਰ ਸਿੰਘ, ਰਿੰਪਲ ਚੌਧਰੀ, ਸੁਖਜਿੰਦਰ ਕੌਰ ਹਾਜ਼ਰ ਸਨ।

## ਯੋਗਾ ਨਾਲ ਮਨੁੱਖ ਦਾ ਮਨ ਇਕਾਗਰ ਰਹਿੰਦੈ ਤੇ ਮਨੋਬਲ ਵੱਧਦੈ : ਪ੍ਰਿੰਸੀਪਲ



ਲੋਹੀਆਂ ਖਾਸ, 21 ਜੂਨ, (ਸਬਪ੍ਰੀਤ ਸਿੰਘ) : ਇਲਾਕੇ ਵਿੱਚ ਆਪਣੀ ਵਿਲੱਖਣ ਪਹਿਚਾਣ ਰੱਖਣ ਵਾਲੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਸੁਲਤਾਨਪੁਰ ਲੋਧੀ ਵਿਖੇ ਵਿਸ਼ਵ ਯੋਗ ਦਿਵਸ ਮੌਕੇ ਸਕੂਲ ਦੇ ਵਿੱਦਿਆਰਥੀਆਂ ਨੇ ਯੋਗਾ ਕਰਕੇ ਯੋਗ ਦਿਵਸ ਮਨਾਇਆ। ਸਕੂਲ ਦੇ ਪ੍ਰਿੰਸੀਪਲ ਮੈਡਮ ਰਾਜਬੀਰ ਕੌਰ ਸੈਣੀ ਨੇ ਵਿਦਿਆਰਥੀਆਂ ਨੂੰ ਯੋਗ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਸਾਡੇ ਸਰੀਰ ਦੀ ਤੰਦਰੁਸਤੀ ਲਈ ਯੋਗ ਆਸਣਾਂ ਦਾ ਵਿਸ਼ੇਸ਼ ਯੋਗਦਾਨ ਹੈ, ਕਿਉਂਕਿ ਯੋਗਾ ਕਰਨ ਨਾਲ ਮਨੁੱਖ ਦਾ ਮਨ ਇਕਾਗਰ ਰਹਿੰਦਾ ਹੈ, ਮਨੋਬਲ ਵੱਧਦਾ ਹੈ। ਇਸ ਮੌਕੇ ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਯੋਗ ਸਬੰਧੀ ਇਕੱਲੇ-ਇਕੱਲੇ ਆਸਣ ਦਾ ਅਰਥ ਵਿਸਥਾਰ ਰੂਪ 'ਚ ਦੱਸਦਿਆਂ ਕਿਹਾ ਕਿ ਹਰ ਰੋਜ਼ ਯੋਗਾ ਕਰਨ ਨਾਲ ਜਿੱਥੇ ਸਰੀਰ ਨਿਰੋਗ ਰਹਿੰਦਾ ਹੈ ਉਥੇ ਹੀ ਮਨੁੱਖ ਨਸ਼ਿਆਂ ਦੀ ਲਪੇਟ 'ਚ ਆਉਣ ਤੋਂ ਵੀ ਬਚ ਜਾਂਦਾ ਹੈ,ਜਦਕਿ ਇਸ ਮੌਕੇ ਤੇ ਸਕੂਲ ਦੇ ਐੱਮ.ਡੀ ਮੈਡਮ ਕਮਲਪ੍ਰੀਤ ਕੌਰ ਜੀ ਨੇ ਕਿਹਾ ਕਿ ਅੱਜ ਦੇ ਤਣਾਓਪੂਰਨ ਮਾਹੌਲ ਵਿਚ ਯੋਗ ਆਸਣ ਅਤਿ ਮਹੱਤਵਪੂਰਨ ਹਨ, ਕਿਉਂਕਿ ਜਿਸ ਤਰ੍ਹਾਂ ਆਮ ਤੌਰ 'ਤੇ ਅਸੀ ਬੋਲਦੇ ਹਾਂ ਕਿ 'ਜਾਨ ਹੈ, ਤਾਂ ਜਹਾਨ ਹੈ'। ਇਸ ਲਈ ਸਾਡੇ ਸਭ ਲਈ ਆਪਣੇ ਆਪ ਨੂੰ ਤੰਦਰੁਸਤ ਰੱਖਣ ਅਤੇ ਸਰੀਰਕ ਸਮੱਰਥਾ ਨੂੰ ਬਣਾਈ ਰੱਖਣ ਲਈ ਯੋਗ ਨੂੰ ਆਪਣੇ ਜੀਵਨ ਦਾ ਇਕ ਹਿੱਸਾ ਬਣਾਉਣਾ ਚਾਹੀਦਾ ਹੈ।

## ਵਿੱਤ ਮੰਤਰੀ ਨੇ ਲੁਧਿਆਣਾ 'ਚ ਭਾਰਤ ਨਿਰਮਾਣ ਅਤੇ ਨਿਰਯਾਤ ਸੰਮੇਲਨ ਨੂੰ ਸੰਬੋਧਨ ਕੀਤਾ



ਲੁਧਿਆਣਾ, 21 ਜੂਨ (ਵਿਸ਼ਾਲ ਸ਼ਰਮਾ) : ਐਮਐਸਐਮਈ ਸੰਪਰਕ ਦੁਆਰਾ ਆਯੋਜਿਤ ਭਾਰਤ ਨਿਰਮਾਣ ਅਤੇ ਨਿਰਯਾਤ ਸੰਮੇਲਨ 2025, ਭਾਰਤ ਦੇ ਉਦਯੋਗਿਕ ਦ੍ਰਿਸ਼ ਦੇ ਇੱਕ ਅਧਾਰ ਵਜੋਂ ਸ਼ਹਿਰ ਦੀ ਭੂਮਿਕਾ ਨੂੰ ਮਜ਼ਬੂਤ ਕਰਦੇ ਹੋਏ ਸਫਲਤਾਪੂਰਵਕ ਸਮਾਪਤ ਹੋਇਆ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਸੰਮੇਲਨ ਨੇ ਸਰਕਾਰੀ ਅਧਿਕਾਰੀਆਂ ਉਦਯੋਗ ਦੇ ਆਗੂਆਂ ਉੱਦਮੀਆਂ ਅਤੇ ਨਵੀਨਤਾਕਾਰਾਂ ਨੂੰ ਭਾਰਤ ਦੇ ਨਿਰਮਾਣ ਅਤੇ ਨਿਰਯਾਤ ਸਮਰੱਥਾਵਾਂ ਨੂੰ ਵਧਾਉਣ 'ਤੇ ਵਿਚਾਰ-ਵਟਾਂਦਰਾ ਕਰਨ ਲਈ ਵੀ ਬੁਲਾਇਆ, ਜਿਸ ਵਿੱਚ ਸੂਖਮ ਛੋਟੇ ਅਤੇ ਦਰਮਿਆਨੇ ਉੱਦਮਾਂ (ਐਮਐਸਐਮਈ) ਈਕੋਸਿਸਟਮ 'ਤੇ ਰੌਸ਼ਨੀ ਪਾਈ ਗਈ। ਵਿੱਤ ਮੰਤਰੀ ਹਰਪਾਲ ਚੀਮਾ ਨੇ ਫਾਸਟ-ਟਰੈਕ ਸਿੰਗਲ ਵਿੰਡੋ ਸਿਸਟਮ ਅਤੇ ਇਨਵੈਸਟ ਪੰਜਾਬ ਪੋਰਟਲ ਵਰਗੀਆਂ ਪਹਿਲਕਦਮੀਆਂ ਰਾਹੀਂ ਇੱਕ ਮਜ਼ਬੂਤ ਉਦਯੋਗਿਕ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਜੋ ਕਿ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਅਤੇ ਐਮਐਸਐਮਈ ਵਿਕਾਸ ਨੂੰ ਹੁਲਾਰਾ ਦੇਣ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਨੇ ਕਾਰੋਬਾਰ ਕਰਨ ਦੀ ਸੌਖ ਨੂੰ ਵਧਾਉਣ ਲਈ ਰਾਜ ਦੇ ਸਰਗਰਮ ਉਪਾਵਾਂ 'ਤੇ ਜ਼ੋਰ ਦਿੱਤਾ, ਜਿਸ ਵਿੱਚ ਵਿੱਤੀ ਪ੍ਰੋਤਸਾਹਨ ਬੁਨਿਆਦੀ ਢਾਂਚੇ ਦੇ ਅੱਪਗ੍ਰੇਡ ਅਤੇ ਟਿਕਾਊ ਉਦਯੋਗਿਕ ਅਭਿਆਸਾਂ ਦਾ ਸਮਰਥਨ ਕਰਨ ਵਾਲੀਆਂ ਨੀਤੀਆਂ ਸ਼ਾਮਲ ਹਨ। ਪੰਜਾਬ ਨਵੀਨਤਾਕਾਰੀ ਨੀਤੀਆਂ ਅਤੇ ਸਰੋਤਾਂ ਤੱਕ ਨਿਰਵਿਘਨ ਪਹੁੰਚ ਨਾਲ MSMEs ਨੂੰ ਸਸ਼ਕਤ ਬਣਾ ਕੇ ਭਾਰਤ ਦੇ ਉਦਯੋਗਿਕ ਪਰਿਵਰਤਨ ਦੀ ਅਗਵਾਈ ਕਰਨ ਲਈ ਤਿਆਰ ਹੈ ਚੀਮਾ ਨੇ ਹਾਜ਼ਰੀਨ ਨਾਲ ਗੂੰਜਦੇ ਹੋਏ ਅਤੇ ਆਰਥਿਕ ਤਰੱਕੀ ਪ੍ਰਤੀ ਰਾਜ ਦੇ ਸਮਰਪਣ ਨੂੰ ਮਜ਼ਬੂਤ ਕਰਦੇ ਹੋਏ ਕਿਹਾ। ਦਿਨ ਭਰ ਚੱਲਣ ਵਾਲੇ ਸੰਮੇਲਨ ਵਿੱਚ ਉਦਯੋਗਿਕ ਨੀਤੀ,ਪਾਲਣਾ ,ਵਿੱਤ, ਡਿਜੀਟਲ ਪਰਿਵਰਤਨ ਸਥਿਰਤਾ ਅਤੇ ਵਿਸ਼ਵ ਵਪਾਰ ਤਿਆਰੀ ਵਰਗੇ ਮਹੱਤਵਪੂਰਨ ਵਿਸ਼ਿਆਂ ਨੂੰ ਸ਼ਾਮਲ ਕਰਦੇ ਹੋਏ 13 ਗਤੀਸ਼ੀਲ ਸੈਸ਼ਨ ਸ਼ਾਮਲ ਸਨ। ਭਾਰਤ ਸਰਕਾਰ ਦੇ MSME ਮੰਤਰਾਲੇ ਦੇ ਡਿਪਟੀ ਡਾਇਰੈਕਟਰ IES ਇਸ਼ਿਤਾ ਥਮਨ ਚੇਅਰਮੈਨ ICAI ਲੁਧਿਆਣਾ CA ਮੋਹਿਤ ਵਾਸਨ ਡਾਇਰੈਕਟਰ ਏਸ਼ੀਆ ਰਿਸਰਚ ਪਾਰਟਨਰਜ਼ ਵਿਨੇ ਕੇ ਮੇਅਰ ਅਤੇ ਸ਼ੁਭਮ ਸ਼ਰਮਾ ਸਮੇਤ ਹੋਰ ਪ੍ਰਮੁੱਖ ਬੁਲਾਰਿਆਂ ਨੇ ਦਿਲਚਸਪ ਵਿਚਾਰ ਵਟਾਂਦਰੇ ਅਤੇ ਲਾਈਵ ਪ੍ਰਸ਼ਨ ਅਤੇ ਉੱਤਰ ਸੈਸ਼ਨਾਂ ਰਾਹੀਂ ਕਾਰਜਸ਼ੀਲ ਸੂਝ ਪ੍ਰਦਾਨ ਕੀਤੀ।

## ਈ.ਟੀ.ਓ. ਦੇ ਨਾਕੇ ਦੌਰਾਨ ਫੜੇ ਗਏ ਟਰੱਕ 'ਚੋਂ 10 ਤੋਂ ਵੱਧ ਬਲਦ ਬਰਾਮਦ



ਲੁਧਿਆਣਾ, 21 ਜੂਨ (ਵਿਸ਼ਾਲ ਸ਼ਰਮਾ) : ਈ.ਟੀ.ਓ ਲੁਧਿਆਣਾ ਰੁਪਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਲੁਧਿਆਣਾ ਖੰਨਾ ਰੋਡ ਉੱਪਰ ਇੱਕ ਵਿਸ਼ੇਸ਼ ਨਾਕੇ ਦੌਰਾਨ ਰਾਤ ਕਰੀਬ 1 ਵਜੇ ਇੱਕ ਟਰੱਕ ਜਿਸ ਦਾ ਨੰਬਰ ਯੂ ਕੇ 17 ਸੀ ਏ 0766 ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਇਸ ਦੌਰਾਨ ਟਰੱਕ ਡਰਾਈਵਰ ਨੇ ਨਾਕਾ ਤੋੜਦਿਆਂ ਟਰੱਕ ਭਜਾ ਲਿਆ। ਸ਼ੱਕ ਦੇ ਆਧਾਰ 'ਤੇ ਜਦੋਂ ਏ.ਟੀ.ਓ ਰੁਪਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਉਸ ਦਾ ਪਿੱਛਾ ਕੀਤਾ ਤਾਂ ਟਰੱਕ ਸਮਰਾਲਾ ਰੋਡ ਰੇਲਵੇ ਪੁੱਲ ਖੰਨਾ 'ਤੇ ਰੋਕ ਲਿਆ ਗਿਆ। ਟਰੱਕ ਦੀ ਜਾਂਚ ਦੇ ਦੌਰਾਨ ਉਸ ਵਿੱਚੋਂ 10 ਤੋਂ ਵੱਧ ਬਲਦ ਸਨ।ਉਹਨਾਂ ਨੂੰ ਬਹੁਤ ਬੁਰੀ ਤਰੀਕੇ ਨਾਲ ਅੰਦਰ ਬੰਨ੍ਹਿਆ ਹੋਇਆ ਸੀ ਅਤੇ ਉਹਨਾਂ ਉੱਪਰ ਗੱਦੇ ਰੱਖ ਕੇ ਉਹਨਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਬਲਦਾਂ ਦੀ ਹਾਲਤ ਤੋਂ ਲੱਗਦਾ ਸੀ ਕਿ ਉਹ ਬਹੁਤ ਦੇਰ ਤੋਂ ਭੁੱਖੇ ਪਿਆਸੇ ਲੱਗ ਰਹੇ ਸਨ। ਡਰਾਈਵਰ ਜਿਸ ਦਾ ਨਾਮ ਮੁਜਾਮਿਲ ਪਿੰਡ ਦੌਲਤ ਖੇੜੀ ਡਾਕਖਾਨਾ ਫੰਦਪੁਰੀ ਜ਼ਿਲ੍ਹਾ ਸਹਾਰਨਪੁਰ ਹੈ।

ਡਰਾਈਵਰ ਨੂੰ ਫੜਨ ਦੌਰਾਨ ਉਸਨੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਹੋਰਨਾਂ ਡਰਾਈਵਰਾਂ ਨੂੰ ਲੁਕਾਉਣ ਦੀ ਗੁਜਾਰਿਸ਼ ਵੀ ਕੀਤੀ ਡਰਾਈਵਰ ਨੇ ਪੁੱਛ ਗਿੱਛ ਦੌਰਾਨ ਦੱਸਿਆ ਕਿ ਉਹ ਯੂਪੀ ਤੋਂ ਇਹਨਾਂ ਬਲਦਾਂ ਨੂੰ ਜੰਮੂ ਕਸ਼ਮੀਰ ਲੈ ਕੇ ਜਾ ਰਿਹਾ ਹੈ। ਜਿਸ ਤੋਂ ਇਹ ਸਾਫ ਹੋ ਗਿਆ ਕਿ ਇਹ ਇਹ ਬਲਦਾਂ ਨੂੰ ਕੱਟਿਆ ਜਾਣਾ ਸੀ ਏ.ਟੀ.ਓ ਰੁਪਿੰਦਰ ਸਿੰਘ ਨੇ ਤੁਰੰਤ 112 ਤੇ ਇਸ ਦੀ ਸੂਚਨਾ ਪੰਜਾਬ ਪੁਲਿਸ ਨੂੰ ਦਿੱਤੀ ਅਤੇ ਮੌਕੇ 'ਤੇ ਪਹੁੰਚ ਕੇ ਪੁਲਿਸ ਮੁਲਾਜ਼ਮਾਂ ਨੇ ਡਰਾਈਵਰ ਨੂੰ ਗ੍ਰਿਫਤਾਰ ਕਰਕੇ ਟਰੱਕ ਥਾਣੇ ਵਿੱਚ ਬੰਦ ਕਰ ਦਿੱਤਾ ਅਤੇ ਮੁਲਜਮ ਡਰਾਈਵਰ ਮੁਜਾਮਿਲ ਉੱਪਰ ਮਾਮਲਾ ਐਨੀਮਲ ਤਸੱਦਦ ਦੇ ਤਹਿਤ ਐਫਆਈਆਰ ਦਰਜ ਕਰ ਦਿੱਤੀ, ਖੰਨਾ ਪੁਲਿਸ ਵੱਲੋਂ ਬਲਦਾਂ ਨੂੰ ਨੇੜੇ ਦੀ ਗਊਸ਼ਾਲਾ ਵਿੱਚ ਭੇਜ ਦਿੱਤਾ ਗਿਆ।

## ਸਪਰਿੰਗ ਡੇਲ ਸਕੂਲ ਵਿਖੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ



ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ) : ਸਵੱਛ ਤਨ ਸਵੱਛ ਮਨ ਦੇ ਨਾਅਰੇ ਨੂੰ ਸਫਲ ਬਣਾਉਂਦਿਆਂ ਹੋਇਆਂ ਸਪਰਿੰਗ ਡੇਲ ਪਬਲਿਕ ਸਕੂਲ ਵਿਖੇ ਅੰਤਰਰਾਸਟਰੀ ਯੋਗ ਦਿਵਸ ਨੂੰ ਬੜੇ ਹੀ ਸੁਚਾਰੂ ਰੂਪ ਵਿੱਚ ਨੇਪਰੇ ਚਾੜ੍ਹਿਆ ਗਿਆ। ਇਸ ਦੌਰਾਨ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਨੇ ਵੱਖ-ਵੱਖ ਯੋਗ ਆਸਣਾਂ ਰਾਹੀਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਆਪਣੇ ਆਪ ਨੂੰ ਤੰਦਰੁਸਤ ਰੱਖਣ ਦਾ ਸੰਦੇਸ ਦਿੱਤਾ। ਸਕੂਲ ਦੇ ਬੱਚਿਆਂ ਨੇ ਵੱਖ-ਵੱਖ ਯੋਗ ਗਤੀਵਿਧੀਆਂ ਅਤੇ ਯੋਗ ਮੁਦਰਾਵਾਂ ਨੂੰ ਕਰਕੇ ਆਪਣੇ ਸਰੀਰਕ ਅਤੇ ਮਾਨਸਿਕ ਬਲ ਦੀ ਉਦਾਹਰਨ ਪੇਸ਼ ਕੀਤੀ। ਸਕੂਲ ਦੇ ਚੇਅਰਪਰਸਨ ਮੈਡਮ ਅਵਿਨਾਸ ਕੌਰ ਵਾਲੀਆ ਨੇ ਯੋਗਾ ਗਤੀਵਿਧੀਆਂ ਵਿੱਚ ਸ਼ਿਰਕਤ ਕਰਦਿਆਂ ਬੱਚਿਆਂ ਨੂੰ ਯੋਗ ਆਸਣਾਂ ਦੇ ਫਾਇਦਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਹਨਾਂ ਨਾਲ ਹੀ ਇਹ ਵੀ ਦੱਸਿਆ ਕਿ ਯੋਗ ਤਪੱਸਿਆ ਹੈ,ਸਾਧਨਾ ਹੈ ਅਤੇ ਇਸ ਨੂੰ ਅਸੀਂ ਆਪਣੀ ਜ਼ਿੰਦਗੀ ਦੇ ਵਿੱਚ ਸਾਮਿਲ ਕਰਕੇ ਇਸ ਵਡਮੁੱਲੀ ਦਾਤ ਦਾ ਭਰਪੂਰ ਲਾਭ ਲੈ ਸਕਦੇ ਹਾਂ। ਇਸ ਦੇ ਨਾਲ ਹੀ ਡਾਇਰੈਕਟਰਜ ਮਨਦੀਪ ਵਾਲੀਆ, ਸ੍ਰੀਮਤੀ ਕਮਲਪ੍ਰੀਤ ਕੌਰ, ਡਿਪਟੀ- ਡਾਇਰੈਕਟਰ ਸੋਨੀਆ ਵਰਮਾ ਅਤੇ ਪ੍ਰਿੰਸੀਪਲ ਅਨਿਲ ਸ਼ਰਮਾ ਨੇ ਬੱਚਿਆਂ ਦੁਆਰਾ ਕੀਤੀਆਂ ਗਈਆਂ ਵੱਖ-ਵੱਖ ਗਤੀਵਿਧੀਆਂ ਦੀ ਖੂਬ ਸ਼ਲਾਘਾ ਕੀਤੀ ਅਤੇ ਆਪਣੇ ਜੀਵਨ ਨੂੰ ਸਹੀ ਢੰਗ ਨਾਲ ਅਨੁਸਾਸਿਤ ਕਰਨ ਦੇ ਲਈ ਬੱਚਿਆਂ ਅਤੇ ਜਨ-ਜਨ ਨੂੰ ਯੋਗ ਨੂੰ ਆਪਣੀ ਜ਼ਿੰਦਗੀ ਦੇ ਵਿੱਚ ਧਾਰਨ ਕਰਨ ਦੇ ਲਈ ਵੀ ਪ੍ਰੇਰਿਆ।

## ਵੈਟਨਰੀ ਯੂਨੀਵਰਸਿਟੀ ਨੇ ਮਨਾਇਆ ਆਧਾਰ ਯੋਗ ਦਿਵਸ

ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ) : ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਈਂਸਜ਼ ਯੂਨੀਵਰਸਿਟੀ , ਲੁਧਿਆਣਾ ਦੇ ਵਣ ਪੰਜਾਬੀ ਰਿਮਾਊਂਟ ਆਂਡ ਵੈਟਨਰੀ ਸਕਵੈਡਰਨ ਦੇ ਕੈਡਿਟਾਂ ਅਤੇ ਕੌਮੀ ਸੇਵਾ ਯੋਜਨਾ ਦੇ ਵਾਲੰਟੀਅਰਾਂ ਨੇ ਪੂਰੇ ਉਤਸ਼ਾਹ ਨਾਲ ਆਧਾਰ ਯੋਗ ਦਿਵਸ ਮਨਾਇਆ ।ਐਨ ਸੀ ਸੀ ਇਕਾਈ ਦੇ ਕਮਾਂਡਿੰਗ ਆਫ਼ਸ਼ਰ ਕਰਨਲ ਏ ਸ਼੍ਰੀਨਿਵਾਸ ਰਾਓ , ਕੈਪਟਨ ਡਾ । ਨਿਤਿਨ ਦੇਵ ਸਿੰਘ , ਲੈਫ . ਡਾ . ਪੀ ਪੀ ਦੂਬੇ , ਡਾ . ਨਿਧੀ ਸ਼ਰਮਾ ਕੌਮੀ ਸੇਵਾ ਯੋਜਨਾ ਸੰਜੋਜਕ , ਕੈਡਿਟਾਂ ਅਤੇ ਵਾਲੰਟੀਅਰਾਂ ਨੇ ਯੋਗ ਦਿਵਸ ਵਿੱਚ ਹਿਸਾ ਲਿਆ। ਯੋਗ ਸ਼ਸ਼ਨ ਦੂਰਾਨ ਪ੍ਰਾਚੀਨ ਯੋਗ ਅਭਿਆਸ ਰਹੇਂ ਸਰੀਰਕ ਅਤੇ ਮਾਨਸਿਕ ਤੰਦੁਰਸਤੀ ਨੂਨ ਬਿਹਤਰ ਕਰਨ ਲਈ ਵਿਭਿੰਨ ਯੋਗ ਆਸਨ ਕੀਤੇ ਗਏ ।ਸੜਕ ਨੇ ਸੂਰਿਆ ਨਮਸਕਾਰ , ਭੁਜੰਗ ਆਸਨ, ਵਜਰ ਆਸਨ , ਅਨੁਲੋਮ - ਵਿਲੋਮ ਆਦਿ ਆਸਨ ਬਹੁਤਤ ਵਿਧਿਪੂਰਵਕ ਕਿੰਨੇ ।

ਡਾ. ਜਤਿੰਦਰ ਪਾਲ ਸਿੰਘ ਗਿੱਲ , ਉਪ - ਕੁਲ ਮਾਹਿਰ ਨੇ ਸ਼ਹਿਰ ਦੀ ਉਤਸ਼ਾਹੀ ਭੂਮਿਕਾ ਦੀ ਪ੍ਰਸੰਸਾ ਕਿੰਨੀ ਅਤੇ ਮਾਨਸਿਕ ਅਤੇ ਸਰੀਰਕ ਤੰਦੁਰਸਤੀ ਬਣਾਈ ਰੱਖਣ ਵਿੱਚ ਯੋਗ ਆਸਨਾਂ ਦੇ ਲਾਭਾਂ ਬਾਰੇ ਗੱਲ ਕਿੰਨੀ । ਉਨ੍ਹਾਂ ਕਿਹਾ ਕਿ ਯੋਗ ਸਿਰਫ ਇੱਕ ਅਭਿਆਸ ਨਹੀਂ ਸਗੋਂ ਜੀਵਨਸ਼ੈਲੀ ਹੈ ਜੋ ਸਰੀਰ ਅਤੇ ਮਨ ਦੇ ਸੰਤੁਲਨ ਨੂਨ ਸਾਵਾਂ ਰੱਖੜੀ ਹੈ। ਕਰਨਲ ਰਾਓ ਨੇ ਕੈਡਿਟਾਂ ਨੂਨ ਸੰਬੋਧਨ ਕੀਟਾ ਅਤੇ ਯੋਗ ਦੀ ਮਹੱਤਤਾ ' ਤੇ ਚਾਨਣਾ ਪਾਇਆ। ਕੌਮੀ ਸੇਵਾ ਯੋਜਨਾ ਵਾਲੰਟੀਅਰਾਂ ਲਈ ਸ਼੍ਰੀ ਰਨਜੀਤ ਸਿੰਘ , ਹਿਮਾਲੀਅਨ ਯੋਗਾ ਤੋਂ ਵਿਸ਼ੇਸ਼ ਤੌਰ ' ਤੇ ਯੋਗ ਆਸਨ ਕਰਨ ਲਈ ਪਹੁੰਚੇ ।

ਡਾ. ਸਵਰਨ ਸਿੰਘ ਰੰਧਾਵਾ , ਦਿਨ , ਵੈਟਨਰੀ ਸਾਈਂਸ ਕਾਲਜ ਨੇ ਕਿਹਾ ਕਿ ਯੋਗ ਅੱਜ ਕੱਲ੍ਹ ਦੇ ਤਨਾਓ ਭਰਪੂਰ ਸਮਾਨ ਵਿੱਚ ਬਹੁਤ ਹੀ ਲਾਹੇਵੰਦ ਕ੍ਰਿਆ ਹੈ, ਜਿਸ ਨੂੰ ਸਭ ਨੂੰ ਅਪਨਾਉਣਾ ਚਾਹੀਦਾ ਹੈ । ਡਾ. ਸਰਵਪ੍ਰੀਤ ਸਿੰਘ ਰਣ , ਬਨਕ ਵਿਦਿਆਰਥੀ ਭਲਾਈ ਨੇ ਕਿਹਾ ਕਿ ਆਸਨਾਂ ਨਾਲ ਸਰੀਰ ਦੀ ਇਕਾਗਰਤਾ ਵਿੱਚ ਸੁਧਾਰ ਆਉਂਦਾ ਹੈ ਅਤੇ ਇਹ ਉਨ੍ਹਾਂ ਦੀ ਪ੍ਰਤਿਰੋਧਕ ਸ਼ਕਤੀ ਨੂੰ ਵੀ ਵਧਾਉਂਦੇ ਹਨ।

## ਨਾਮ ਸਿਮਰਨ ਅਭਿਆਸ ਅੱਜ



ਲੁਧਿਆਣਾ, 21 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ 22 ਜੂਨ ਦਿਨ ਐਤਵਾਰ ਨੂੰ ਰਾਤ 7-30 ਵਜੇ ਤੋਂ 8-30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਗੁਰਮੀਤ ਸਿੰਘ ਦੇ ਖ਼ਜ਼ਾਨਚੀ ਸ: ਸੁਰਜੀਤ ਸਿੰਘ ਖੁਰਾਣਾ ਨੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

## ਭਲਕੇ ਸਵੇਰੇ 7 ਵਜੇ ਵੋਟਾਂ ਦੀ ਗਿਣਤੀ ਸ਼ੁਰੂ ਹੋਵੇਗੀ : ਡੀ.ਸੀ.



ਲੁਧਿਆਣਾ, 21 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਚੋਣ ਅਫਸਰ ਹਿਮਾਂਸ਼ੂ ਜੈਨ ਨੇ ਸ਼ਨੀਵਾਰ ਨੂੰ ਦੱਸਿਆ ਕਿ 23 ਜੂਨ ਨੂੰ ਹੋਣ ਵਾਲੀ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੀ ਸੁਚਾਰੂ ਅਤੇ ਸੁਰੱਖਿਅਤ ਵੋਟ ਗਿਣਤੀ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ। ਹਿਮਾਂਸ਼ੂ ਜੈਨ ਨੇ ਦੱਸਿਆ ਕਿ ਵੋਟਾਂ ਅਤੇ ਡਾਕ ਵੋਟਾਂ ਦੀ ਗਿਣਤੀ ਸਵੇਰੇ 7 ਵਜੇ ਚੋਣ ਨਿਗਰਾਨਾਂ, ਉਮੀਦਵਾਰਾਂ ਅਤੇ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਮੌਜੂਦਗੀ ਵਿੱਚ ਸ਼ੁਰੂ ਹੋਵੇਗੀ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ) ਅਤੇ ਵੋਟਰ ਵੈਰੀਫਾਈਬਲ ਪੇਪਰ ਆਡਿਟ ਟਰੇਲ (ਵੀ.ਵੀ.ਪੀ.ਏ.ਟੀ) ਮਸ਼ੀਨਾਂ ਦੀ ਸੁਰੱਖਿਆ ਲਈ ਗਿਣਤੀ ਕੇਂਦਰਾਂ 'ਤੇ ਅਰਧ ਸੈਨਿਕ ਬਲਾਂ ਦੀ ਤਾਇਨਾਤੀ ਸਮੇਤ ਸਖ਼ਤ ਸੁਰੱਖਿਆ ਉਪਾਅ ਲਾਗੂ ਕੀਤੇ ਗਏ ਹਨ। ਕਲੋਜ਼-ਸਰਕਟ ਟੈਲੀਵਿਜ਼ਨ (ਸੀ.ਸੀ.ਟੀ.ਵੀ) ਨਿਗਰਾਨੀ ਰਾਹੀਂ ਨਿਰੰਤਰ ਨਿਗਰਾਨੀ ਯਕੀਨੀ ਬਣਾਈ ਜਾਂਦੀ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ੋਰ ਦੇ ਕੇ ਕਿਹਾ ਕਿ ਗਿਣਤੀ ਕੇਂਦਰਾਂ ਵਿੱਚ ਦਾਖਲੇ ਨੂੰ ਸਖ਼ਤੀ ਨਾਲ ਨਿਯੰਤ੍ਰਿਤ ਕੀਤਾ ਜਾਵੇਗਾ। ਸਿਰਫ਼ ਉਮੀਦਵਾਰਾਂ, ਉਨ੍ਹਾਂ ਦੇ ਪ੍ਰਤੀਨਿਧੀਆਂ, ਮੀਡੀਆ ਕਰਮਚਾਰੀਆਂ ਅਤੇ ਭਾਰਤ ਚੋਣ ਕਮਿਸ਼ਨ ਦੁਆਰਾ ਜਾਰੀ ਕੀਤੇ ਗਏ ਵੈਧ ਪਛਾਣ ਪੱਤਰਾਂ ਵਾਲੇ ਅਧਿਕਾਰਤ ਵਿਅਕਤੀਆਂ ਨੂੰ ਹੀ ਆਗਿਆ ਦਿੱਤੀ ਜਾਵੇਗੀ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਨੇ ਇੱਕ ਧਰਤੀ, ਇੱਕ ਸਿਹਤ ਲਈ ਯੋਗਥੀਮ ਤਹਿਤ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ) : ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ, ਨੈਸ਼ਨਲ ਲੀਗਲ ਸਰਵਿਸਜ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਅਨੁਸਾਰ ਅਤੇ ਮਾਣਯੋਗ ਸ੍ਰੀਮਤੀ ਹਰਪ੍ਰੀਤ ਕੌਰ ਰੰਧਾਵਾ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਾਣਯੋਗ ਸ੍ਰੀਮਤੀ ਸੁਮਿਤ ਸੱਭਰਵਾਲ, ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਜਾਰੀ ਹੁਕਮਾਂ ਤਹਿਤ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅੱਜ ਅੰਤਰ ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।

ਇਸ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸ੍ਰੀ ਬਰਿੰਦਰ ਸਿੰਘ ਰਮਾਣਾ, ਏ.ਐੱਸ.ਜੇ., ਅਤੇ ਸ੍ਰੀ ਜਗਦੀਪ ਸੂਦ, ਏ.ਐੱਸ.ਜੇ, ਸ੍ਰੀਮਤੀ ਸੁਮਿਤ ਸੱਭਰਵਾਲ, ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀਮਤੀ ਈਸ਼ਾ ਗੋਇਲ, ਜੇ.ਐੱਮ.ਆਈ.ਸੀ, ਸ੍ਰੀ ਗੁਰਦੇਵ ਸਿੰਘ, ਜੇ.ਐੱਮ.ਆਈ.ਸੀ, ਸ੍ਰੀ ਅਮਿਤ ਬਕਸ਼ੀ, ਜੇ.ਐੱਮ.ਆਈ.ਸੀ, ਸ੍ਰੀ ਮਾਨਵ ਗਰਗ, ਜੇ.ਐੱਮ.ਆਈ.ਸੀ, ਸ੍ਰੀਮਤੀ ਰੂਪਾ ਚੌਧਰੀ, ਜੇ. ਐੱਮ. ਆਈ.ਸੀ, ਸ੍ਰੀਮਤੀ ਚੰਦਨ, ਜੇ.ਐੱਮ.ਆਈ.ਸੀ ਅਤੇ ਸ੍ਰੀ ਵਰਿੰਦਰਜੀਤ ਸਿੰਘ ਰੰਧਾਵਾ, ਚੀਫ ਲੀਗਲ ਏਡ, ਸ੍ਰੀਮਤੀ ਮਨਦੀਪ ਕੌਰ, ਐਡਵੋਕੇਟ ਅਤੇ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਅਤੇ ਕੋਰਟ ਦੇ ਸਟਾਫ ਵੱਲੋਂ ਵਿਸ਼ੇਸ਼ ਤੌਰ ਉੱਤੇ ਸ਼ਮੂਲੀਅਤ ਕੀਤੀ ਗਈ

ਇਸ ਮੌਕੇ 'ਐਵਰੈਸਟ ਯੋਗਾ ਇੰਸੀਚਿਊਟ' ਵੱਲੋਂ ਸ੍ਰੀ ਅਜੇ ਕੁਮਾਰ, ਯੋਗਾ ਮੁੱਖ ਟਰੇਨਰ ਅਤੇ ਮਿਸ. ਸਪਨਾ, ਯੋਗਾ ਟਰੇਨਰ ਵੱਲੋਂ ਯੋਗਾ ਕਰਵਾਇਆ ਗਿਆ ਅਤੇ ਇੱਕ ਧਰਤੀ, ਇੱਕ ਸਿਹਤ ਲਈ ਯੋਗ ਥੀਮ ਦਾ ਸੁਨੇਹਾ ਦਿੱਤਾ। ਯੋਗਾ ਟਰੇਨਰਾਂ ਵੱਲੋਂ ਯੋਗ ਕਰਨ ਨਾਲ ਸਿਹਤ ਸਬੰਧੀ ਹੋਣ ਵਾਲੇ ਫਾਇਦਿਆਂ ਬਾਰੇ ਦੱਸਿਆ ਗਿਆ ਅਤੇ ਮੁੱਖ ਸਕੱਤਰ ਸ੍ਰੀਮਤੀ ਸੁਮਿਤ ਸੱਭਰਵਾਲ, ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਯੋਗਾ ਕਰਨ ਨਾਲ ਦਿਮਾਗ ਅਤੇ ਸਿਹਤ ਦੀ ਤੰਦਰੁਸਤੀ ਬਾਰੇ ਦੱਸਿਆ ਅਤੇ ਯੋਗ ਨੂੰ ਜ਼ਿੰਦਗੀ ਦਾ ਮੁੱਖ ਹਿੱਸਾ ਬਣਾਉਣ ਸਬੰਧੀ ਸੁਝਾਅ ਦਿੱਤੇ ਅਤੇ ਦੱਸਿਆ ਕਿ ਯੋਗਾ ਨਾਲ ਲੰਮੀ ਅਤੇ ਖੁਸ਼ਹਾਲ ਜ਼ਿੰਦਗੀ ਬਤੀਤ ਕੀਤੀ ਜਾ ਸਕਦੀ ਹੈ।

## ਜੇ ਤੁਹਾਡੀ ਸਿਹਤ ਠੀਕ ਨਹੀਂ ਤਾਂ ਪੈਸਾ ਵੀ ਕੰਮ ਨਹੀਂ ਆਉਂਦਾ : ਕੌਂਸਲਰ ਕਲੇਰ



ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ) : ਨਗਰ ਨਿਗਮ ਲੁਧਿਆਣਾ ਦੇ ਵਾਰਡ ਨੰਬਰ 39 ਵਿੱਚ ਪੈਂਦੇ ਸ਼ਿਵਾਲਕ ਪਬਲਿਕ ਸਕੂਲ ਵਿਖੇ ਅੰਤਰਰਾਸਟਰੀ ਯੋਗਾ ਦਿਵਸ ਸਬੰਧੀ ਇਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਇਲਾਕਾ ਕੌਂਸਲਰ ਬੀਬੀ ਮਨਦੀਪ ਕੌਰ ਕਲੇਰ ਪੁੱਜੇ। ਇਸ ਮੌਕੇ 'ਤੇ ਸੰਬੋਧਨ ਕਰਦੇ ਹੋਏ ਬੀਬੀ ਕਲੇਰ ਨੇ ਕਿਹਾ ਕਿ ਜ਼ਿੰਦਗੀ ਦੀ ਸਭ ਤੋਂ ਵੱਡੀ ਨਿਆਮਤ ਸਿਹਤ ਹੈ, ਜੇ ਤੁਹਾਡੀ ਸਿਹਤ ਠੀਕ ਹੈ ਤਾਂ ਜ਼ਿੰਦਗੀ ਖੁਸਹਾਲ ਹੈ ਜੇਕਰ ਤੁਹਾਡੀ ਸਿਹਤ ਠੀਕ ਨਹੀਂ ਤਾਂ ਪੈਸਾ ਵੀ ਬਹੁਤਾ ਕੰਮ ਨਹੀਂ ਆਉਂਦਾ। ਉਹਨਾਂ ਕਿਹਾ ਕਿ ਆਪਣੀ ਸਿਹਤ ਸੰਭਾਲ ਬਹੁਤ ਜਰੂਰੀ ਹੈ, ਜਿਸ ਲਈ ਯੋਗ ਕਰਨਾ ਜਾਂ ਹੋਰ ਕਸਰਤਾਂ ਤੁਹਾਡੀ ਜ਼ਿੰਦਗੀ ਲਈ ਬਹੁਤ ਜਰੂਰੀ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੇ ਬਜੁਰਗਾਂ ਵੱਲ ਦੇਖੀਏ ਤਾਂ ਉਨ੍ਹਾਂ ਦੀ ਸਿਹਤ ਅੱਜ ਕੱਲ ਦੇ ਨੌਜਵਾਨਾਂ ਤੋਂ ਵਧੀਆ ਹੈ, ਕਿਉਂ ਕਿ ਉਹ ਮਿਹਨਤ ਕਰਦੇ ਹੁੰਦੇ ਸਨ, ਪਰ ਹੁਣ ਬਹੁਤੇ ਨੌਜਵਾਨ ਮੋਬਾਈਲ 'ਤੇ ਲੱਗੇ ਰਹਿੰਦੇ ਹਨ ਜਾਂ ਨਸ਼ਿਆਂ ਵਿਚ ਪੈ ਚੁੱਕੇ ਹਨ। ਇਸ ਮੌਕੇ 'ਤੇ ਸਾਰਿਆਂ ਨੇ ਪ੍ਰਣ ਲਿਆ ਕਿ ਅਸੀਂ ਆਪਣੀ ਸਿਹਤ ਸੰਭਾਲ ਲਈ ਹਰ ਤਰ੍ਹਾਂ ਦੇ ਯਤਨ ਕਰਾਂਗੇ। ਇਸ ਮੌਕੇ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਬੀ ਮਨਦੀਪ ਕੌਰ ਕਲੇਰ ਨੂੰ ਸਨਮਾਨਿਤ ਕੀਤਾ ਗਿਆ।

## ਹਸਪਤਾਲ ਕੋਟਨਿਸ ਐਕੂਪੰਕਚਰ ਵਿਖੇ ਨਸ਼ਿਆਂ ਦੇ ਸ਼ਿਕਾਰ ਹੋ ਚੁੱਕੇ ਵਿਅਕਤੀਆਂ ਨੂੰ ਠੀਕ ਕਰਨ ਦੇ ਉਦੇਸ਼ ਨਾਲ ਯੋਗ ਦਿਵਸ ਮਨਾਇਆ



ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ) : ਅੱਜ ਹਸਪਤਾਲ ਕੋਟਨਿਸ ਐਕੂਪੰਕਚਰ ਵੱਲੋਂ ਚਲਾਏ ਜਾ ਰਹੇ ਸੀ.ਪੀ.ਐਲ.ਆਈ. ਅਤੇ ਓ.ਡੀ.ਆਈ.ਸੀ. ਪ੍ਰੋਜੈਕਟ (ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਭਾਰਤ ਸਰਕਾਰ ਵੱਲੋਂ ਸਪਾਂਸਰ) ਅਧੀਨ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਅਤੇ ਇਸ ਦਾ ਸ਼ਿਕਾਰ ਹੋ ਚੁੱਕੇ ਵਿਅਕਤੀਆਂ ਨੂੰ ਠੀਕ ਕਰਨ ਦੇ ਉਦੇਸ਼ ਨਾਲ ਵਿਸ਼ਵ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਸੀਪੀਐਲਆਈ ਪ੍ਰੋਜੈਕਟ ਵਿੱਚ ਰਜਿਸਟਰਡ ਬੱਚਿਆਂ ਨੇ ਵੱਖ-ਵੱਖ ਥਾਵਾਂ 'ਤੇ ਯੋਗਾ ਦਾ ਅਭਿਆਸ ਕੀਤਾ ਅਤੇ ਲੋਕਾਂ ਵਿੱਚ ਯੋਗਾ ਪ੍ਰਤੀ ਜਾਗਰੂਕਤਾ ਫੈਲਾਈ। ਇਸ ਮੌਕੇ ਨਸ਼ੇ ਦੀ ਸਮੱਸਿਆ ਨਾਲ ਜੂਝ ਰਹੇ ਨੌਜਵਾਨਾਂ ਨੇ ਆਪਣਾ ਦਰਦ ਸਾਰਿਆਂ ਨਾਲ ਸਾਂਝਾ ਕੀਤਾ ਅਤੇ ਉਨ੍ਹਾਂ ਨੂੰ ਅਜਿਹੇ ਪ੍ਰੇਰਨਾਦਾਇਕ ਵਿਅਕਤੀਆਂ ਅਭਿਸੇਕ, ਅਮਨਦੀਪ ਅਤੇ ਡੇਵਿਡ ਨਾਲ ਵੀ ਜਾਣੂੰ ਕਰਵਾਇਆ ਗਿਆ, ਜੋ ਇਸ ਨਸੇ ਦੀ ਲਤ ਤੋਂ ਬਾਹਰ ਆਏ ਹਨ ਅਤੇ ਉਨ੍ਹਾਂ ਨੇ ਆਪਣੇ ਤਜਰਬੇ ਵੀ ਉਨ੍ਹਾਂ ਨਾਲ ਸਾਂਝੇ ਕੀਤੇ . ਉਨ੍ਹਾਂ ਕਿਹਾ ਕਿ ਯੋਗਾ, ਐਕੂਪੰਕਚਰ ਅਤੇ ਨਸਾ ਛੁਡਾਊ ਕੇਂਦਰ ਤੋਂ ਮਿਲੇ ਮਾਰਗਦਰਸ਼ਨ ਦੀ ਮੱਦਦ ਨਾਲ ਉਹ ਨਸੇ ਦੀ ਦਲਦਲ 'ਚੋਂ ਬਾਹਰ ਨਿਕਲਣ 'ਚ ਕਾਮਯਾਬ ਹੋਏ ਹਨ। ਇਸ ਮੌਕੇ ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਸਿੰਥੈਟਿਕ ਨਸ਼ਿਆਂ ਦੇ ਚੁੰਗਲ 'ਚੋਂ ਕੱਢਣ ਲਈ ਪਹਿਲਾਂ ਸਾਨੂੰ ਉਨ੍ਹਾਂ ਨੂੰ ਰਵਾਇਤੀ ਨਸ਼ਿਆਂ ਵੱਲ ਤੋਰਨ ਅਤੇ ਫਿਰ ਨਸਾ ਛੁਡਾਉਣ ਵੱਲ ਲਿਜਾਣਾ ਹੋਵੇਗਾ, ਨਹੀਂ ਤਾਂ ਪੰਜਾਬ ਦਾ ਭਵਿੱਖ ਨਸ਼ਿਆਂ 'ਤੇ ਨਿਰਭਰ ਹੋਵੇਗਾ। ਇਸ ਮੌਕੇ ਗਗਨਦੀਪ ਕੁਮਾਰ, ਮਨੀਸਾ, ਅਮਨ, ਡਾ: ਰਘੁਵੀਰ ਸਿੰਘ, ਮਹੇਸ, ਮੀਨੂੰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਜਨਤਾ ਨਗਰ ਦੀ ਗੋਲਡਨ ਪਾਰਕ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ) : ਅੱਜ ਅੰਤਰਰਾਸ਼ਟਰੀ ਯੋਗਾ ਦਿਵਸ ਜਨਤਾ ਨਗਰ ਦੀ ਗੋਲਡਨ ਪਾਰਕ ਵਿਖੇ ਮਨਾਇਆ ਗਿਆ। ਇਸ ਸਮੇਂ ਯੋਗਾ ਟੀਚਰ ਮੋਨਿਕਾ ਸੰਗਵਾਨ ਵੱਲੋਂ ਕਲਾਸ ਲਗਾਈ ਗਈ। ਇਸ ਯੋਗਾ ਕਲਾਸ ਵਿੱਚ 150 ਤੋਂ ਵੱਧ ਵਿਅਕਤੀਆਂ ਨੇ ਹਿੱਸਾ ਲਿਆ। ਇਸ ਸਮੇਂ ਵਾਰਡ ਨੰਬਰ 42 ਦੇ ਕੌਂਸਲਰ ਜਗਮੀਤ ਸਿੰਘ ਨੋਨੀ, ਸਮਾਲ ਸਕੇਲ ਮੈਨੂੰ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਠੁਕਰਾਲ ਵੀ ਸ਼ਾਮਿਲ ਹੋਏ। ਇਸ ਸਮੇਂ ਬੋਲਦਿਆ ਪ੍ਰਧਾਨ ਠੁਕਰਾਲ ਨੇ ਕਿਹਾ ਕਿ ਯੋਗਾ ਕਰਨ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ, ਜੋ ਕਿ ਬਾਕੀ ਕੰਮਾਂ ਨਾਲੋਂ ਜ਼ਰੂਰੀ ਹੈ ਅਤੇ ਹਰ ਰੋਜ਼ ਕਰਨਾ ਚਾਹੀਦਾ ਹੈ। ਇਸ ਸਮੇਂ ਬੋਲਦਿਆਂ ਕੌਂਸਲਰ ਨੋਨੀ ਨੇ ਕਿਹਾ ਕਿ ਤੰਦਰੁਸਤ ਸਰੀਰ ਲਈ ਯੋਗਾ ਕਰਨਾ ਚਾਹੀਦਾ ਹੈ ਅਗਰ ਸਿਹਤ ਹੀ ਠੀਕ ਨਹੀ ਬਾਕੀ ਦੁਨਿਆਵੀ ਚੀਜ਼ਾਂ ਬੇਕਾਰ ਹਨ।

ਇਸ ਸਮੇਂ ਯੋਗਾ ਟੀਚਰ ਮੋਨੀਕਾ ਸੰਗਵਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਰ ਰੋਜ਼ ਛੇ ਕਲਾਸਾਂ ਲਗਾਈਆਂ ਜਾਂਦੀਆਂ ਹਨ।ਅੱਜ ਸਾਰੀਆਂ ਕਲਾਸਾਂ ਵਿੱਚ ਸ਼ਾਮਿਲ ਹੋਣ ਵਾਲੇ ਮਰਦ, ਔਰਤ ਅਤੇ ਬੱਚਿਆਂ ਨੇ ਜਨਤਾ ਨਗਰ ਦੀ ਗੋਲਡਨ ਪਾਰਕ ਵਿੱਚ ਇੱਕਠੇ ਹੋ ਕੇ ਯੋਗਾ ਦਿਵਸ ਮਨਾਇਆ ਹੈ। ਇਸ ਸਮੇਂ ਸ.ਦਰਸ਼ਨ ਸਿੰਘ ਪੰਨੂ, ਵਿਨੋਦ ਸ਼ਰਮਾ, ਮਨੋਜ ਕੁਮਾਰ, ਤੇਜਬੀਰ ਸਿੰਘ, ਸਤਿੰਦਰ ਸਿੰਘ ਟੋਨੀ, ਹਰਭਜਨ ਸਿੰਘ, ਨਿਰਮਲ ਸਿੰਘ, ਅਸ਼ੋਕ ਗਰਗ, ਨਵਨੀਤ ਮਹਿਤਾ, ਅਰਵਿੰਦ ਪੂਨੀਆਂ, ਸੁਖਦੇਵ ਕੌਰ, ਕੁਲਵਿੰਦਰ ਕੌਰ, ਇੰਦਰਜੀਤ ਕੌਰ, ਪਰਮਜੀਤ ਕੌਰ, ਆਸ਼ਾ ਰਾਣੀ, ਮਨੀਸ਼ਾ ਸ਼ਰਮਾ, ਹਰਸਿਮਰਨ ਕੌਰ ਹਾਜ਼ਰ ਸਨ।

## ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਵਾਰਡ ਨੰ. 40 'ਚ ਪੂਰੀ ਟੀਮ ਨੂੰ ਲੈ ਕੇ ਸ.ਫਾਈ ਕਾਰਜ ਕਰਵਾਏ



ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ) : ਨਗਰ ਨਿਗਮ ਲੁਧਿਆਣਾ ਦੇ ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਅਪਣੇ ਵਾਰਡ ਨੰਬਰ 40 ਵਿੱਚ ਸਾਮਿਲ ਪੁਰਾਣੀ ਪੁਲਿਸ ਚੌਂਕੀ ਰੋਡ 'ਤੇ ਸਫਾਈ ਮੁਹਿੰਮ ਤਹਿਤ ਵਿਸੇਸ ਤੌਰ 'ਤੇ ਸਫਾਈ ਦੇ ਕਾਰਜ ਹੈਲਥ ਅਤੇ ਓ ਐਂਡ ਐੱਮ ਦੀ ਪੂਰੀ ਟੀਮ ਨੂੰ ਨਾਲ ਲੈ ਕਰਵਾਇਆ। ਇਸ ਮੌਕੇ ਸ੍ਰੀ ਜੌਹਰ ਨੇ ਆਖਿਆ ਕਿ ਸ਼ਹਿਰ ਦੀ ਸਫਾਈ ਨੂੰ ਬਿਹਤਰ ਬਣਾਉਣ ਲਈ ਕੁਸਲ ਪ੍ਰਬੰਧਨ, ਜਨਤਕ ਜਾਗਰੂਕਤਾ ਅਤੇ ਬੁਨਿਆਦੀ ਢਾਂਚੇ ਦੇ ਸੁਧਾਰਾਂ ਵੱਲ ਪੂਰਾ ਧਿਆਨ ਰੱਖਣਾ ਮੇਰਾ ਪਹਿਲਾ ਫਰਜ ਹੈ। ਉਨ੍ਹਾਂ ਕਿਹਾ ਕਿ ਲੁਧਿਆਣੇ ਸ਼ਹਿਰ ਨੂੰ ਭਾਰਤ ਦੇ ਸਾਫ ਸੁੱਥਰੇ ਸ਼ਹਿਰਾਂ ਦੀ ਸੁੱਚੀ ਵਿੱਚ ਅਵੱਲ ਨੰਬਰ 'ਤੇ ਲਿਆਉਣ ਦਾ ਯਤਨ ਮੇਰੇ ਵੱਲੋਂ ਜਾਰੀ ਰਹਿਣਗੇ। ਇਸ ਮੌਕੇ ਅਨੇਕਾਂ ਵਾਰਡ ਨਿਵਾਸੀ, ਸਫਾਈ ਸੇਵਕ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਇਲਾਕਾ ਨਿਵਾਸੀਆਂ ਵੱਲੋਂ ਡਿਪਟੀ ਮੇਅਰ ਸ਼੍ਰੀ ਜੌਹਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

## ਸਨਮਤੀ ਵਿਮਲ ਜੈਨ ਸਕੂਲ ਜਗਰਾਓਂ ਵਿਖੇ ਯੋਗ ਦਿਵਸ ਮਨਾਇਆ

ਜਗਰਾਓਂ, 21 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਦਵਿੰਦਰ ਜੈਨ): ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵਿਖੇ ਪ੍ਰਿੰਸੀਪਲ ਸੁਪ੍ਰਿਆ ਖੁਰਾਨਾ ਦੀ ਅਗਵਾਈ ਹੇਠ ਯੋਗ ਦਿਵਸ ਮਨਾਇਆ ਗਿਆ। ਯੋਗ ਦਿਵਸ ਮੌਕੇ ਮੌਜੂਦ ਅਧਿਆਪਕ ਅਤੇ ਵਿਦਿਆਰਥੀਆਂ ਨੂੰ ਯੋਗਾ ਕਰਵਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਖੁਰਾਨਾ ਨੇ ਯੋਗ ਦਿਵਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਅੱਜ ਦੇ ਰੁਝੇਵੇਂ ਭਰੀ ਜ਼ਿੰਦਗੀ 'ਚ ਇਨਸਾਨ ਕੋਲ ਆਪਣੇ ਲਈ ਬਿਲਕੁੱਲ ਵੀ ਵਕਤ ਨਹੀਂ ਹੈ। ਉਹ ਆਪਣੀਆਂ ਲੋੜਾ ਪੂਰੀਆਂ ਕਰਨ ਲਈ ਰਾਤ ਦਿਨ ਕੰਮ ਵਿੱਚ ਲੱਗਾ ਰਹਿੰਦਾ ਹੈ। ਉਹ ਮਾਨਸਿਕ ਤਣਾਵ ਅਤੇ ਕਈ ਤਰ੍ਹਾਂ ਦੀਆਂ ਸਰੀਰਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਨਸਾਨ ਨੂੰ ਆਪਣੇ ਨਿੱਜੀ ਕੰਮ ਕਾਰਾ ਤੋਂ ਕੁਝ ਸਮੇਂ ਕੱਢ ਕੇ ਆਪਣੀ ਸਿਹਤ ਵੱਲ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਕਸਰਤ ਕਰਦੇ ਰਹਿਣਾ ਚਾਹੀਦਾ ਹੈ ਕਿਉਕਿ ਯੋਗ ਅਜਿਹਾ ਮੰਤਰ ਹੈ, ਜਿਸ ਨਾਲ ਇਨਸਾਨ ਸਰੀਰਿਕ ਤੌਰ ਰਿਸ਼ਟ ਪੁਸ਼ਟ ਰਹਿੰਦਾ ਹੈ। ਸਕੂਲ ਵਿੱਚ ਯੋਗ ਦਿਵਸ ਮਨਾਉਣ ਦਾ ਮੁੱਖ ਕਾਰਨ ਮਨੁੱਖ ਦੇ ਸਰੀਰ ਅਤੇ ਮਨ ਨੂੰ ਮਜਬੂਤ ਕਰਨਾ ਹੈ।

ਇਸ ਮੌਕੇ ਸਨੀ ਪਾਸੀ, ਸਰਬਜੀਤ ਸਿੰਘ ਧਾਲੀਵਾਲ, ਵਿਨੋਦ ਕੁਮਾਰ, ਮਨੀਸ਼ ਕੁਮਾਰ, ਮਨੋਜ ਚੱਢਾ, ਕੁਲਵਿੰਦਰ ਕੌਰ ਡੀ.ਪੀ, ਅੰਜੂ ਕੌਸ਼ਲ, ਸਰਿਤਾ ਅੱਗਰਵਾਲ, ਰਿਸ਼ੂ ਬਾਂਸਲ, ਅਨੂ ਸ਼ਰਮਾ, ਪਲਕ ਸ਼ਰਮਾ, ਆਂਚਲ ਰਾਣੀ, ਨਵਜੋਤ ਕੌਰ, ਜਤਿੰਦਰ ਕੌਰ, ਹਰਮੀਤ ਕੌਰ, ਪ੍ਰਿਯੰਕਾ ਕੌਰ, ਕੁਲਦੀਪ ਕੌਰ, ਮਲਕੀਤ ਕੌਰ, ਰਿੱਪਲ ਰਾਣੀ, ਕੁਲਵਿੰਦਰ ਕੌਰ ਸੰਧੂ, ਪਰਮਜੀਤ ਕੌਰ ਸੰਧੂ, ਗੁਰਮੀਤ ਕੌਰ, ਆਸ਼ਿਮਾ ਗੁਪਤਾ, ਪੂਜਾ ਬਾਂਸਲ, ਨੀਰੂ ਸੋਨੀ, ਕੁਲਵਿੰਦਰ ਕੌਰ, ਬੇਅੰਤ ਸਿੰਘ ਆਦਿ ਹਾਜ਼ਰ ਸਨ।

## ਰਾਜਿੰਦਰ ਸਿੰਘ ਰਾਏ ਦਾ ਐਡਜੂਡੀਕੇਟਿੰਗ ਅ.ਫਸਰ 'ਜੱਜ' ਬਣਨ 'ਤੇ ਮੁਸਲਿਮ ਭਾਈਚਾਰੇ ਵੱਲੋਂ ਵਿਸ਼ੇਸ਼ ਸਨਮਾਨ



ਪਾਇਲ, 21 ਜੂਨ (ਨਰਿੰਦਰ ਸ਼ਾਹਪੁਰ) : ਹਲਕਾ ਪਾਇਲ ਦੀ ਮਾਣਮੱਤੀ ਸ਼ਖ਼ਸੀਅਤ ਵਾਲਾ,ਪਿੰਡ ਲਸਾੜਾ( ਪਾਇਲ ) ਲੁਧਿਆਣਾ ਦੇ ਜੰਮਪਲ ਸ੍ਰੀ ਰਾਜਿੰਦਰ ਸਿੰਘ ਰਾਏ ਨੂੰ ਪੰਜਾਬ ਸਰਕਾਰ ਵੱਲੋਂ ਰੇਰਾ (ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ, ਪੰਜਾਬ) ਦਾ ਐਡਜੂਡੀਕੇਟਿੰਗ ਅਫਸਰ (ਜੱਜ) ਨਿਯੁੱਕਤ ਕੀਤਾ ਗਿਆ ਹੈ,ਜਿਨ੍ਹਾਂ ਵੱਲੋਂ ਬੀਤੇ ਦਿਨ ਚੰਡੀਗੜ੍ਹ ਵਿਖੇ ਆਪਣਾ ਕਾਰਜ ਸੰਭਾਲ ਲਿਆ ਹੈ। ਹੁਣ ਉਹ ਪੰਜਾਬ ਦੇ ਰੀਅਲ ਅਸਟੇਟ ਦੇ ਮਾਮਲਿਆਂ ਨਾਲ ਸਬੰਧਿਤ ਸ਼ਿਕਾਇਤਾਂ ਦਾ ਨਿਪਟਾਰਾ ਚੰਡੀਗੜ੍ਹ ਵਿੱਚ ਕਰਿਆ ਕਰਨਗੇ। ਇਸ ਤੋਂ ਪਹਿਲਾਂ ਰਾਜਿੰਦਰ ਸਿੰਘ ਰਾਏ ਕਰੀਬ 32-33 ਸਾਲ ਬਤੌਰ ਜੱਜ ਤੋਂ ਲੈ ਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਪੂਰਥਲਾ, ਸ੍ਰੀ ਫ਼ਤਹਿਗੜ੍ਹ ਸਾਹਿਬ ,ਸੰਗਰੂਰ, ਮੋਹਾਲੀ ,ਬਠਿੰਡਾ ਵਿਖੇ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ ਉਪਰੰਤ ਉਹ ਸਥਾਈ ਲੋਕ ਅਦਾਲਤ ਬਠਿੰਡਾ ਦੇ ਚੇਅਰਮੈਨ ਸਨ। ਇਸ ਮੁਕਾਮ 'ਤੇ ਪਹੁੰਚ ਕੇ ਉਨ੍ਹਾਂ ਨੇ ਆਪਣਾ, ਆਪਣੇ ਪਿੰਡ ,ਇਲਾਕੇ ਤੇ ਪੰਜਾਬ ਨਾਮ ਰੌਸ਼ਨ ਕੁਲ ਦੁਨੀਆਂ ਅੰਦਰ ਰੌਸ਼ਨ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਇਹ ਨਿਯੁੱਕਤੀ ਉਨ੍ਹਾਂ ਦੀ ਇਮਾਨਦਾਰੀ, ਨੇਕ ਨੀਤੀ ਅਤੇ ਕਾਬਲੀਅਤ ਨੂੰ ਮੁੱਖ ਰੱਖਦਿਆਂ ਕੀਤੀ ਗਈ ਹੈ। ਇਸ ਮੌਕੇ 'ਤੇ ਮੁਸਲਿਮ ਭਾਈਚਾਰੇ ਦੇ ਵਿਸ਼ੇਸ਼ ਸੱਦੇ 'ਤੇ ਮਦੀਨਾ ਮਸਜਿਦ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਸਮੂਹ ਮੁਸਲਿਮ ਭਾਈਚਾਰਾ ਪਿੰਡ ਲਸਾੜਾ ਵੱਲੋਂ ਸ੍ਰੀ ਰਾਜਿੰਦਰ ਸਿੰਘ ਰਾਏ ਤੇ ਉਹਨਾਂ ਦੀ ਧਰਮ ਸੁਪਤਨੀ ਗੁਲਪ੍ਰੀਤ ਕੌਰ ਰਾਏ ਨੂੰ ਗਰਮ ਲੋਈਆਂ ਅਤੇ ਯਾਦਗਾਰੀ ਚਿੰਨ੍ਹ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਮਨੁੱਖੀ ਅਧਿਕਾਰ ਮੰਚ ਰਜਿ.ਪੰਜਾਬ ਸਰਕਲ ਪਾਇਲ ਅਤੇ ਗੀਤਕਾਰ ਮੁਸਤਾਕ ਖਾਂ ਲਸਾੜਾ ਨੇ ਮਾਣਯੋਗ ਜੱਜ ਰਾਜਿੰਦਰ ਸਿੰਘ ਰਾਏ ਨੂੰ ਢੇਰ ਸਾਰੀਆਂ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸ੍ਰੀ ਰਾਏ ਸਾਹਿਬ ਨੇ ਲਸਾੜਾ ਪਿੰਡ ਦਾ ਨਾਂਅ ਕੁਲ ਦੁਨੀਆਂ ਅੰਦਰ ਰੌਸ਼ਨ ਕਰਕੇ ਇਸਦੀ ਸ਼ੋਭਾ ਨੂੰ ਚਾਰ ਚੰਨ ਲਾਏ ਹਨ। ਅਜਿਹੀ ਮਹਾਨ ਸ਼ਖਸੀਅਤ ਸਮੁੱਚੇ ਸਮਾਜ ਲਈ ਪ੍ਰੇਰਨਾਸ੍ਰੋਤ ਹੈ । ਨੌਜਵਾਨ ਪੀੜ੍ਹੀ ਅਜਿਹੇ ਮਹਾਨ ਵਿਅਕਤੀਆਂ 'ਤੇ ਦਰਸਾਏ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਪੱਧਰ ਉੱਚਾ ਕਰ ਸਕਦੀ ਹੈ। ਅੰਤ ਜੋਗਿੰਦਰ ਸਿੰਘ ਆਜ਼ਾਦ ਤੇ ਗੀਤਕਾਰ ਮੁਸਤਾਕ ਲਸਾੜਾ ਨੇ ਸ੍ਰੀ ਰਾਜਿੰਦਰ ਸਿੰਘ ਰਾਏ ਦੇ ਪਰਿਵਾਰ ਵੱਲੋਂ ਸਮੁੱਚੇ ਸਮਾਜ ਲਈ ਪਾਏ ਜਾ ਵੱਡਮੁੱਲੇ ਯੋਗਦਾਨ ਬਾਰੇ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਰਾਏ ਸਾਹਿਬ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਕੇ ਹਮੇਸ਼ਾਂ ਹੀ ਅਤੀਅੰਤ ਗਰੀਬਾਂ ,ਤੇ ਲੋੜਵੰਦਾਂ ਦੀ ਆਰਥਿਕ ਮੱਦਦ ਕਰਨਾ ਆਪਣਾ ਇਖ਼ਲਾਕੀ ਫਰਜ਼ ਤੇ ਧਰਮ ਵੀ ਸਮਝਦੇ ਹਨ। ਇਸ ਤੋਂ ਇਲਾਵਾ ਉਹ ਧਾਰਮਿਕ, ਸਮਾਜ ਸੇਵੀ, ਸੱਭਿਆਚਾਰਕ ਤੇ ਖੇਡਾਂ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਰਹਿੰਦੇ ਹਨ। ਇਸ ਮੌਕੇ 'ਤੇ ਅਮਨਦੀਪ ਸਿੰਘ ਚੌਹਾਨ ਜ਼ਿਲ੍ਹਾ ਸ਼ੈਸ਼ਨ ਜੱਜ ਮੋਹਾਲੀ , ਬਲਵੀਰ ਸਿੰਘ ਸਾਬਕਾ ਏ.ਆਈ.ਜੀ., ਅਮਨਪ੍ਰੀਤ ਸਿੰਘ ਸੰਧੂ, ਮਾਸਟਰ ਦਿਲਬਾਗ ਸਿੰਘ, ਸਾਬਕਾ ਸਰਪੰਚ ਜਤਿੰਦਰ ਸਿੰਘ ਗਿੱਲ, ਗੀਤਕਾਰ ਮੁਸਤਾਕ ਲਸਾੜਾ, ਬਲਕਾਰ ਸਿੰਘ, ਹਰਵਿੰਦਰ ਸਿੰਘ ਲਸਾੜਾ, ਮਸਜਿਦ ਦੇ ਇਮਾਮ ਸਾਬਹ, ਮਨਾਵਰ ਖਾਨ, ਤਰਸੇਮ ਖਾਨ, ਰਹਿਮਦੀਨ,ਚੰਬਾ ਮੱਲ, ਸਬੀਰ ਖਾਨ, ਪਵਨਦੀਪ ਖਾਨ, ਆਸਿਫ ਖਾਨ, ਸਲੀਮ ਖਾਨ, ਮੇਜਰ ਖਾਨ, ਬੂਟਾ ਖਾਨ, ਕੇਸਰ ਖਾਨ, ਬੁੱਧੂ ਖਾਨ, ਜਸ਼ਨ ਖਾਨ, ਮਿਸਤਰੀ ਰਣਧੀਰ ਸਿੰਘ ਲਸਾੜਾ, ਦਲਜੀਤ ਸਿੰਘ ਸੁਖਦਰਸ਼ਨ ਸਿੰਘ ਘੋਕਾ ,ਬਲਕਾਰ ਸਿੰਘ ਲਸਾੜਾ , ਦਲਜੀਤ ਸਿੰਘ ਪੱਪੂ ਆਦਿ ਹਾਜ਼ਰ ਸਨ।

## ਟੀ. ਪ੍ਰਸਾਦ ਮੈਮੋਰੀਅਲ ਪ੍ਰਿੰਟ ਪ੍ਰਯਾਗਰਾਜ ਦੇ ਨੌਰਦਰਨ ਰੀਜ਼ਨਲ ਇੰਸਟੀਚਿਊਟ ਆਫ਼ ਪ੍ਰਿੰਟਿੰਗ ਟੈਕਨਾਲੋਜੀ ਵਿਖੇ ਜੋਸ਼ੀਲੀ ਊਰਜਾ ਨਾਲ ਸ਼ੁਰੂ ਹੋਇਆ




ਲੁਧਿਆਣਾ, 21 ਜੂਨ (ਵਿਸ਼ਾਲ ਸ਼ਰਮਾ) : ਟੀ. ਪ੍ਰਸਾਦ ਮੈਮੋਰੀਅਲ ਪ੍ਰਿੰਟ ਪ੍ਰਯਾਗਰਾਜ ਦੇ ਨੌਰਦਰਨ ਰੀਜਨਲ ਇੰਸਟੀਚਿਊਟ ਆਫ਼ ਪ੍ਰਿੰਟਿੰਗ ਟੈਕਨਾਲੋਜੀ (NRIPT) ਵਿਖੇ ਜੋਸ਼ੀਲੀ ਊਰਜਾ ਨਾਲ ਸ਼ੁਰੂ ਹੋਇਆ, ਊਰਜਾ ਨਾਲ ਸ਼ੁਰੂ ਹੋਇਆ, ਜਿਸ ਨੇ ਹਾਜ਼ਰ ਸਾਰੇ ਲੋਕਾਂ ਨੂੰ ਪ੍ਰੇਰਨਾ ਦਿੱਤੀ। ਇਸ ਵੱਕਾਰੀ ਸਮਾਗਮ ਵਿੱਚ ਵਿਦਿਆਰਥੀਆਂ ਦੇ ਦਿਲਾਂ ਅਤੇ ਸਿਰਜਣਾਤਮਕਤਾ ਨੂੰ ਡੋਲ੍ਹਦੇ ਹੋਏ, ਉਨ੍ਹਾਂ ਦਾ ਉਤਸ਼ਾਹ ਹਾਲਾਂ ਵਿੱਚ ਸੂਰਜ ਦੀ ਰੌਸ਼ਨੀ ਵਾਂਗ ਚਮਕ ਰਿਹਾ ਸੀ। ਹਰੇਕ ਭਾਗੀਦਾਰ ਨੇ ਨਾ ਸਿਰਫ਼ ਹੁਨਰ ਦਾ ਪ੍ਰਦਰਸ਼ਨ ਕੀਤਾ ਬਲਕਿ ਪ੍ਰਿੰਟਿੰਗ ਦੀ ਕਲਾ ਲਈ ਇੱਕ ਡੂੰਘਾ ਜਨੂੰਨ ਵੀ ਦਿਖਾਇਆ, ਜਿਸ ਨਾਲ ਮੁਕਾਬਲੇ ਨੂੰ ਟੀ. ਪ੍ਰਸਾਦ ਦੀ ਵਿਰਾਸਤ ਨੂੰ ਇੱਕ ਦਿਲੋਂ ਸ਼ਰਧਾਂਜਲੀ ਮਿਲੀ।

ਇੱਕ ਪਲ ਜਿਸਨੇ ਰੂਹ ਨੂੰ ਹਿਲਾ ਦਿੱਤਾ, ਪ੍ਰੋ. ਡਾ. ਰਾਜੇਂਦਰ ਕੁਮਾਰ ਅਨਾਇਥ, ਅਣਗਿਣਤ ਨੌਜਵਾਨ ਦਿਮਾਗਾਂ ਲਈ ਇੱਕ ਮਾਰਗਦਰਸ਼ਕ ਰੋਸ਼ਨੀ, ਆਪਣੀ ਮੌਜੂਦਗੀ ਨਾਲ ਇਸ ਮੌਕੇ ਨੂੰ ਸ਼ੋਭਾ ਦਿੱਤੀ। ਉਨ੍ਹਾਂ ਦੇ ਗਿਆਨ ਦੇ ਸ਼ਬਦ ਇੱਕ ਕੋਮਲ ਨਦੀ ਵਾਂਗ ਵਗਦੇ ਸਨ, ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਸਨ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਜਗਾਉਂਦੇ ਸਨ। ਨਿੱਘ ਅਤੇ ਦ੍ਰਿੜ ਵਿਸ਼ਵਾਸ ਨਾਲ, ਉਨ੍ਹਾਂ ਨੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ, ਉਨ੍ਹਾਂ ਨੂੰ ਹਿੰਮਤ ਨਾਲ ਉੱਤਮਤਾ ਦਾ ਪਿੱਛਾ ਕਰਨ ਅਤੇ ਮੁਕਾਬਲੇ ਦੇ ਰੂਪ ਵਿੱਚ ਸਾਹਮਣੇ ਆਈ ਨਵੀਨਤਾ ਦੀ ਭਾਵਨਾ ਨੂੰ ਅੱਗੇ ਵਧਾਉਣ ਲਈ ਕਿਹਾ। ਕਮਰਾ ਭਾਵਨਾਵਾਂ ਨਾਲ ਜੀਵੰਤ ਸੀ, ਕਿਉਂਕਿ ਉਨ੍ਹਾਂ ਦੇ ਦਿਲੋਂ ਉਤਸ਼ਾਹ ਨੇ ਮੌਜੂਦ ਹਰ ਉਭਰਦੇ ਕਲਾਕਾਰ ਅਤੇ ਟੈਕਨਾਲੋਜਿਸਟ 'ਤੇ ਇੱਕ ਅਮਿੱਟ ਛਾਪ ਛੱਡੀ। NRIPT ਵਿਖੇ ਇਹ ਪਿਆਰਾ ਪ੍ਰੋਗਰਾਮ ਇੱਕ ਮੁਕਾਬਲੇ ਤੋਂ ਵੱਧ ਸੀ - ਇਹ ਰਚਨਾਤਮਕਤਾ, ਲਚਕੀਲੇਪਣ, ਅਤੇ ਸਲਾਹਕਾਰਾਂ ਅਤੇ ਵਿਦਿਆਰਥੀਆਂ ਵਿਚਕਾਰ ਅਟੁੱਟ ਬੰਧਨ ਦਾ ਜਸ਼ਨ ਸੀ, ਜੋ ਇਸਦੇ ਜਾਦੂ ਵਿੱਚ ਹਿੱਸਾ ਲੈਣ ਵਾਲੇ ਸਾਰਿਆਂ ਦੇ ਦਿਲਾਂ ਵਿੱਚ ਹਮੇਸ਼ਾ ਲਈ ਉੱਕਰਿਆ ਹੋਇਆ ਸੀ।

## ਫਿਕੋ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਲੁਧਿਆਣਾ, 21 ਜੂਨ (ਵਿਸ਼ਾਲ ਸ਼ਰਮਾ) : ਅੱਜ ਫਿਕੋ ਦੇ ਪ੍ਰਧਾਨ ਸ. ਗੁਰਮੀਤ ਸਿੰਘ ਕੁਲਾਰ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਚਦੇਵਾ ਦੀ ਅਗਵਾਈ ਹੇਠ ਫਿਕੋ ਦਫਤਰ C-223 ਫੇਜ਼ VIII, ਫੋਕਲ ਪੁਆਇੰਟ ਲੁਧਿਆਣਾ ਵਿਖੇ ਯੋਗਾ ਅਭਿਆਸ ਕੀਤੇ ਅਤੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ। ਯੋਗਾ ਕੋਚ ਸ਼੍ਰੀ ਜਸਪ੍ਰੀਤ ਸਿੰਘ ਨੇ ਸਵੇਰੇ 06 ਵਜੇ ਤੋਂ 08 ਵਜੇ ਤੱਕ 40 ਤੋਂ ਵੱਧ ਭਾਗੀਦਾਰਾਂ ਦੇ ਯੋਗਾ ਸੈਸ਼ਨ ਵਿੱਚ ਹਿੱਸਾ ਲਿਆ। ਯੋਗਾ ਜੀਵਨ ਦਾ ਇੱਕ ਅਜਿਹਾ ਤਰੀਕਾ ਹੈ ਜੋ ਸਾਨੂੰ ਧੀਰਜ ਦ੍ਰਿੜਤਾ ਅਤੇ ਲਚਕੀਲੇਪਣ ਦੇ ਕੀਮਤੀ ਸਬਕ ਸਿਖਾਉਂਦਾ ਹੈ। ਅੰਤਰਰਾਸ਼ਟਰੀ ਯੋਗਾ ਦਿਵਸ 2025 ਦੀਆਂ ਮੁਬਾਰਕਾਂ। ਸ. ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਨੇ ਕਿਹਾ ਕਿ ਯੋਗਾ ਭਾਵਨਾਤਮਕ ਅਤੇ ਮਾਨਸਿਕ ਦੁੱਖਾਂ ਲਈ ਇੱਕ ਸ਼ਾਨਦਾਰ ਦਵਾਈ ਹੈ। ਇਹ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਉਣ ਲਈ ਯੋਗਾ ਸੈਸ਼ਨ ਦਾ ਆਯੋਜਨ ਕੀਤਾ ਗਿਆ। ਜੀਵਨ ਦੇ ਹਰ ਖੇਤਰ ਦੇ ਲੋਕਾਂ ਆਮ ਨਾਗਰਿਕਾਂ ਨੇ ਵੀ ਸ਼ਿਰਕਤ ਕੀਤੀ ਅਤੇ ਯੋਗਾ ਦਾ ਅਭਿਆਸ ਕੀਤਾ ਜੋ ਤਣਾਅ ਨੂੰ ਦੂਰ ਕਰਨ ਲਈ ਇੱਕ ਸਾਬਤ ਤਕਨੀਕ ਹੈ ਇਸ ਸਬੰਧੀਮਨਜਿੰਦਰ ਸਿੰਘ ਸਚਦੇਵਾ ਜਨਰਲ ਸਕੱਤਰ ਫਿਕੋ ਨੇ ਸਾਂਝੀ ਕੀਤੀ।

## ਸੀ.ਟੀ.ਯੂ. ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ




ਲੁਧਿਆਣਾ, 21 ਜੂਨ (ਵਿਸ਼ਾਲ ਸ਼ਰਮਾ/ਕਰਨੈਲ ਸਿੰਘ ਐੱਮ.ਏ.) : ਸੀਟੀ ਯੂਨੀਵਰਸਿਟੀ ਦੇ ਵਿਦਿਆਰਥੀ ਕਲਿਆਣ ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਯੂਨੀਵਰਸਿਟੀ ਕੈਂਪਸ 'ਚ ਵਧੀਆ ਤੇ ਉਤਸ਼ਾਹਪੂਰਕ ਯੋਗ ਸੈਸ਼ਨ ਕਰਵਾਇਆ ਗਿਆ। ਇਹ ਸਮਾਰੋਹ ਸਾਲ 2025 ਦੀ ਵਿਸ਼ਵ ਥੀਮ ਇੱਕ ਧਰਤੀ ਇੱਕ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਆਯੋਜਿਤ ਕੀਤਾ ਗਿਆ। ਇਸ ਯੋਗ ਪ੍ਰੋਗਰਾਮ ਵਿੱਚ ਫੈਕਲਟੀ ਮੈਂਬਰਾਂ ਅਤੇ ਸਟਾਫ ਨੇ ਮਿਲ ਕੇ ਮਨ ਦੀ ਸ਼ਾਂਤੀ, ਸਿਹਤ ਅਤੇ ਪ੍ਰਾਕ੍ਰਿਤਿਕ ਸੰਤੁਲਨ ਵੱਲ ਕਦਮ ਚੁੱਕਿਆ। ਯੋਗ ਸੈਸ਼ਨ ਦੀ ਅਗਵਾਈ ਸ਼ਾਲੂ ਠਾਕੁਰ ਅਤੇ ਅਰਸ਼ਦੀਪ ਕੌਰ ਨੇ ਕੀਤੀ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਆਸਣਾਂ ਅਤੇ ਸਾਧਨਾ ਰਾਹੀਂ ਯੋਗ ਨਾਲ ਜੋੜਿਆ।

ਇਹ ਸੈਸ਼ਨ ਮਨੁੱਖੀ ਮਨ ਅਤੇ ਸਰੀਰ ਨੂੰ ਤੰਦਰੁਸਤ ਬਣਾਉਣ ਵੱਲ ਕੇਂਦਰਿਤ ਸੀ। ਇਸ ਮੌਕੇ ਉੱਤੇ ਸੀਟੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਨਿਤਿਨ ਟੰਡਨ ਨੇ ਕਿਹਾ ਯੋਗ ਸਿਰਫ਼ ਸਰੀਰਕ ਕਸਰਤ ਨਹੀਂ ਬਲਕਿ ਇੱਕ ਜੀਵਨ ਸ਼ੈਲੀ ਹੈ ਜੋ ਅੰਦਰੂਨੀ ਤੇ ਬਾਹਰੀ ਜੀਵਨ ਨੂੰ ਸੰਤੁਲਿਤ ਕਰਦੀ ਹੈ। ਅੱਜ ਦੀ ਇਹ ਸਮਾਰੋਹ ਸਾਡੀ ਯੂਨੀਵਰਸਿਟੀ ਦੀ ਸਿਹਤਮੰਦ ਅਤੇ ਪੂਰਨ ਜੀਵਨ ਵੱਲ ਭਰੋਸੇਯੋਗ ਕਮੀਟਮੈਂਟ ਦਿਖਾਉਂਦੀ ਹੈ। ਵਿਦਿਆਰਥੀ ਕਲਿਆਣ ਵਿਭਾਗ ਦੇ ਡਾਇਰੈਕਟਰ ਇੰਜੀ. ਦਵਿੰਦਰ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਅੱਜ ਵਿਦਿਆਰਥੀਆਂ ਨੇ ਜਿਹੀ ਲਾਗਨ ਨਾਲ ਭਾਗ ਲਿਆ ਉਹ ਦੱਸਦਾ ਹੈ ਕਿ ਉਹ ਮਨੋਵਿਗਿਆਨਕ ਸਿਹਤ ਅਤੇ ਵਾਤਾਵਰਣ ਸੰਤੁਲਨ ਵੱਲ ਜਾਗਰੂਕ ਹੋ ਰਹੇ ਹਨ। ਅਸੀਂ ਇਨ੍ਹਾਂ ਸਮਾਰੋਹਾਂ ਰਾਹੀਂ ਤੰਦਰੁਸਤ ਤੇ ਸੰਤੁਲਿਤ ਜੀਵਨ ਦੀ ਸੱਭਿਆਚਾਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

ਇਸ ਯੋਗ ਦਿਵਸ ਨੇ ਸਿਰਫ਼ ਯੋਗ ਦੀ ਮਹੱਤਤਾ ਨੂੰ ਨਹੀਂ ਦੱਸਿਆ ਸਗੋਂ ਇਹ ਵੀ ਯਾਦ ਦਿਵਾਇਆ ਕਿ ਅਸੀਂ ਆਪਣੇ ਆਪ ਅਤੇ ਧਰਤੀ ਦੋਵਾਂ ਲਈ ਜ਼ਿੰਮੇਵਾਰ ਹਾਂ। ਇਸ ਸਮੇਂ ਦੌਰਾਨ ਕੈਂਪਸ 'ਚ ਖੁਸ਼ੀ, ਸ਼ਾਂਤੀ ਅਤੇ ਪੋਜ਼ੀਟਿਵ ਊਰਜਾ ਦਾ ਵਾਤਾਵਰਣ ਬਣਿਆ ਰਿਹਾ। ਸੀਟੀ ਯੂਨੀਵਰਸਿਟੀ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਇਹ ਸਿਰਫ਼ ਸਿਖਿਆ ਨਹੀਂ ਸਗੋਂ ਚੰਗੀ ਸਿਹਤ ਤੇ ਸੰਘਰਸ਼ਸ਼ੀਲ ਜੀਵਨ ਦੀ ਵੀ ਪਾਲਣਾ ਕਰਦੀ ਹੈ।

## ਮਾਂ ਬਗਲਾਮੁਖੀ ਦੀ ਸੇਵਾ ਦੇ ਨਾਲ-ਨਾਲ ਆਤਮਾ ਦਾ ਸਮਰਪਣ : ਮਹੰਤ ਪ੍ਰਵੀਨ ਜੀ



ਲੁਧਿਆਣਾ, 21 ਜੂਨ (ਕਰਨੈਲ ਸਿੰਘ ਐੱਮ.ਏ.) : ਮਹੰਤ ਪ੍ਰਵੀਨ ਜੀ ਦੀ ਅਗਵਾਈ ਹੇਠ ਮਾਂ ਬਗਲਾਮੁਖੀ ਧਾਮ ਪੱਖੋਵਾਲ ਰੋਡ ਵਿਖੇ ਵਿਆਪਰ ਵ੍ਰਿਧੀ ਯੱਗ ਦਾ ਆਯੋਜਨ ਕੀਤਾ ਗਿਆ। ਮਾਂ ਬਗਲਾਮੁਖੀ ਦੇ ਭਗਤਾਂ ਨੇ ਮੰਤਰਾਂ ਦੇ ਜਾਪ ਅਤੇ ਮਾਂ ਬਗਲਾਮੁਖੀ ਦੀ ਤਪੱਸਿਆ ਦੇ ਵਿਚਕਾਰ ਆਹੂਤੀਆਂ ਭੇਟ ਕਰਕੇ ਆਪਣੇ ਆਪ ਨੂੰ ਸ਼ੁੱਧ ਕੀਤਾ। ਇਸ ਦੌਰਾਨ ਮਹੰਤ ਪ੍ਰਵੀਨ ਜੀ ਨੇ ਸ਼ਰਧਾਲੂਆਂ ਨੂੰ ਮਾਂ ਬਗਲਾਮੁਖੀ ਧਾਮ ਦੇ ਵਿਸਥਾਰ ਲਈ ਜ਼ਮੀਨ ਦਾਨ ਕਰਨ ਦਾ ਪ੍ਰਣ ਕਰਵਾਇਆ। ਮਾਂ ਬਗਲਾਮੁਖੀ ਧਾਮ ਦੇ ਸੇਵਾਦਾਰਾਂ ਨੇ ਮਾਂ ਬਗਲਾਮੁਖੀ ਦੀ ਮਹਿਮਾ ਦਾ ਗੁਣਗਾਨ ਕੀਤਾ। ਮਹੰਤ ਪ੍ਰਵੀਨ ਜੀ ਨੇ ਸ਼ਰਧਾਲੂਆਂ ਨੂੰ ਮਾਂ ਬਗਲਾਮੁਖੀ ਦੀ ਮਹਿਮਾ ਦਾ ਵਰਨਣ ਕਰਦੇ ਹੋਏ ਕਿਹਾ ਕਿ ਮਾਂ ਬਗਲਾਮੁਖੀ ਦੀ ਸੇਵਾ ਕਰਨਾ ਨਾ ਸਿਰਫ਼ ਇੱਕ ਕਰਮ ਹੈ ਸਗੋਂ ਆਤਮਾ ਦਾ ਸਮਰਪਣ ਵੀ ਹੈ। ਮਾਂ ਦੇ ਚਰਨਾਂ ਵਿੱਚ ਚੜ੍ਹਾਇਆ ਗਿਆ ਦਾਨ ਮਾਂ ਬਗਲਾਮੁਖੀ ਦੇ ਆਸ਼ੀਰਵਾਦ ਅਤੇ ਕਿਰਪਾ ਦੇ ਰੂਪ ਵਿੱਚ ਭਗਤ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ। ਭਗਤ ਨੂੰ ਜੀਵਨ ਦੀ ਹਰ ਮੁਸ਼ਕਲ ਤੋਂ ਰਾਹਤ ਮਿਲਦੀ ਹੈ ਅਤੇ ਇਸ ਦੇ ਨਾਲ ਹੀ ਉਸ ਨੂੰ ਮਨ ਦੀ ਸ਼ਾਂਤੀ ਅਤੇ ਸਥਾਈ ਖੁਸ਼ਹਾਲੀ ਵੀ ਮਿਲਦੀ ਹੈ। ਧਾਮ ਦੇ ਮੁੱਖ ਸੇਵਕ ਮਨਪ੍ਰੀਤ ਛੱਤਵਾਲ ਨੇ ਕਿਹਾ ਕਿ ਮਾਂ ਬਗਲਾਮੁਖੀ ਦੀ ਕਿਰਪਾ ਨਾਲ ਮਾਂ ਬਗਲਾਮੁਖੀ ਧਾਮ ਵਿਖੇ ਹਰ ਵੀਰਵਾਰ ਨੂੰ ਹਵਨ ਯੱਗ ਵਿੱਚ ਹਜ਼ਾਰਾਂ ਸ਼ਰਧਾਲੂ ਭੇਟ ਚੜ੍ਹਾਉਂਦੇ ਹਨ। ਹਜ਼ਾਰਾਂ ਸ਼ਰਧਾਲੂਆਂ ਦੀ ਆਸਥਾ ਨੂੰ ਦੇਖਦੇ ਹੋਏ, ਮਾਂ ਬਗਲਾਮੁਖੀ ਧਾਮ ਦਾ ਵਿਸਥਾਰ ਸਮੇਂ ਦੀ ਲੋੜ ਹੈ। ਸ਼ਰਧਾਲੂਆਂ ਦੀ ਸਹੂਲਤ ਨੂੰ ਦੇਖਦੇ ਹੋਏ, ਸ਼ਰਧਾਲੂ ਮਾਂ ਬਗਲਾਮੁਖੀ ਧਾਮ ਅਤੇ ਹਵਨ ਕੁੰਡ ਦੇ ਵਿਸਥਾਰ ਲਈ ਤਨ, ਮਨ ਅਤੇ ਧਨ ਨਾਲ ਸੇਵਾ ਕਰ ਰਹੇ ਹਨ। ਮਹੰਤ ਪ੍ਰਵੀਨ ਜੀ ਨੇ ਆਏ ਹੋਏ ਪਤਵੰਤਿਆਂ ਅਤੇ ਸ਼ਰਧਾਲੂਆਂ ਨੂੰ ਮਾਂ ਬਗਲਾਮੁਖੀ ਜੀ ਦਾ ਰੂਪ ਅਤੇ ਚੁੰਨੀ ਭੇਟ ਕਰਕੇ ਸਨਮਾਨਿਤ ਕੀਤਾ।

ਇਸ ਮੌਕੇ ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਗੌਤਮ ਸਚਦੇਵਾ, ਸੰਦੀਪ ਸੂਦ, ਜਤਿਨ ਸੂਦ, ਮਨੀਸ਼ ਗੁਪਤਾ, ਧੀਰਜ ਗੁਪਤਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਸੋਲੰਕੀ, ਬੌਬੀ ਗੱਭਰੂ, ਆਰ.ਮਹਿਕਮਾਲ, ਡੀ.ਮਹਿਕੜਾ, ਡੀ. ਤਰੁਣ ਚੌਧਰੀ, ਤਰੁਣ ਜੈਨ ਸੁਰਾਣਾ, ਤਜਿੰਦਰ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ ਆਦਿ ਹਾਜ਼ਰ ਸਨ।

## ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਖੇਤੀਬਾੜੀ ਮੰਤਰੀ ਖੁੱਡੀਆਂ ਨਤਮਸਤਕ ਹੋਏ

ਲੁਧਿਆਣਾ, 21 ਜੂਨ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਬਾਬਾ ਦੀਪ ਸਿੰਘ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਉਚੇਚੇ ਤੌਰ 'ਤੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ। ਉਨ੍ਹਾਂ ਇਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕੀਤਾ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਖੁੱਡੀਆਂ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਖੁੱਡੀਆਂ ਨੇ ਕਿਹਾ ਕਿ ਮੇਰੀ ਇਸ ਗੁਰੂ ਘਰ ਵਿੱਚ ਬੇਹੱਦ ਸ਼ਰਧਾ ਹੈ। ਉਨ੍ਹਾਂ ਕਿਹਾ ਕਿ ਉਹ ਜਦ ਵੀ ਲੁਧਿਆਣੇ ਆਉਂਦੇ ਹਨ ਤਾਂ ਇਸ ਗੁਰੂ ਘਰ ਵਿੱਚ ਜਰੂਰ ਹਾਜ਼ਰੀ ਭਰ ਕੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂਆਂ ਦੁਆਰਾ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ। ਇਸ ਉਪਰੰਤ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਟਰੱਸਟੀ ਅਮਰਜੀਤ ਸਿੰਘ ਟਿੱਕਾ, ਨਵਪ੍ਰੀਤ ਸਿੰਘ ਬਿੰਦਰਾ, ਜਨਰਲ ਸਕੱਤਰ ਸੁਖਵਿੰਦਰ ਪਾਲ ਸਿੰਘ ਸਰਨਾ ਆਦਿ ਵੀ ਹਾਜ਼ਰ ਸਨ।



# ਫੈਸ਼ਨ ਬ੍ਰਾਂਡ ਅੱਜ ਦੀ ਨੌਜਵਾਨ ਪੀੜ੍ਹੀ

ਲਲਿਤ ਗੁਪਤਾ

ਅੱਜ ਦਾ ਯੁੱਗ ਮਾਡਰਨ ਯੁੱਗ ਹੈ। ਹਰ ਇਨਸਾਨ ਆਪਣੀ ਜੀਵਨ ਸ਼ੈਲੀ ਵਿਚ ਤਬਦੀਲੀ ਚਾਹੁੰਦਾ ਹੈ। ਜੇਕਰ ਆਧੁਨਿਕ ਪੀੜ੍ਹੀ ਦੀ ਗੱਲ ਕਰੀਏ ਤਾਂ ਅੱਜ ਹਰ ਨੌਜਵਾਨ ਅਤੇ ਮੁਟਿਆਰ ਆਪਣੇ ਆਪ ਨੂੰ ਨਿਖਾਰਨਾ ਚਾਹੁੰਦਾ ਹੈ। ਅੱਜ ਦੀ ਪੀੜ੍ਹੀ ਹਰ ਤਰ੍ਹਾਂ ਦੇ ਰੂਪ ਅਪਣਾ ਰਹੀ ਹੈ। ਇਸ ਪੀੜ੍ਹੀ ਲਈ ਨਵੇਂ ਫੈਸ਼ਨ ਅਤੇ ਨਵੇਂ ਸ਼ੌਕ ਅਪਨਾਉਣਾ ਸਭ ਤੋਂ ਜ਼ਰੂਰੀ ਹੋ ਗਿਆ ਹੈ। ਕੋਈ ਵੀ ਬੰਦਾ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦਾ।

ਅੱਜ ਦੀ ਪੀੜ੍ਹੀ ਸਾਦਾ ਜੀਵਨ ਜਿਊਣਾ ਭੁੱਲ ਗਈ ਹੈ। ਹਰ ਬੰਦਾ ਨਵੀਨਤਮ ਪਹਿਨਣਾ ਚਾਹੁੰਦਾ ਹੈ, ਨਵੀਨਤਮ ਬ੍ਰਾਂਡ ਖਰੀਦਣਾ ਚਾਹੁੰਦਾ ਹੈ; ਭਾਵੇਂ ਉਹ ਅਮੀਰ ਹੋਵੇ ਜਾਂ ਦਰਮਿਆਨਾ, ਹਰ ਕੋਈ ਦਿਖਾਵੇ ਅਤੇ ਝੂਠੀ ਸ਼ਾਨ ਦਾ ਹਿੱਸਾ ਬਣ ਗਿਆ ਹੈ। ਅੱਜ ਬਹੁਤ ਸਾਰੇ ਅਜਿਹੇ ਨੌਜਵਾਨ ਅਤੇ ਮੁਟਿਆਰਾਂ ਹਨ ਜਿਨ੍ਹਾਂ ਲਈ ਫੈਸ਼ਨ ਅਤੇ ਵਧੀਆ ਤੋਂ ਵਧੀਆ ਚੀਜ਼ਾਂ 'ਤੇ ਖਰਚ ਕਰਨਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਲਈ ਪੈਸੇ ਦੀ ਕੀਮਤ ਪਾਣੀ ਵਾਂਗ ਹੋ ਗਈ ਹੈ। ਕੀ ਫੈਸ਼ਨ ਇੰਨਾ ਮਹੱਤਵਪੂਰਨ ਹੋ ਗਿਆ ਹੈ? ਕੀ ਕੋਈ ਬੰਦਾ ਸਾਦਾ ਜੀਵਨ ਨਹੀਂ

ਜੀਅ ਸਕਦਾ? ਕੀ ਬੇਲੋੜੇ ਖਰਚਿਆਂ ਅਤੇ ਦਿਖਾਵੇ ਨੂੰ ਰੋਕਣਾ ਜ਼ਰੂਰੀ ਨਹੀਂ ਹੈ?

ਅੱਜ ਹਰ ਬੰਦਾ ਦੂਜੇ ਦੀ ਬਰਾਬਰੀ ਕਰ ਰਿਹਾ ਹੈ। ਇਸ ਜੀਵਨ ਸ਼ੈਲੀ ਨੇ ਬੰਦੇ ਨੂੰ ਇੰਨਾ ਪ੍ਰਭਾਵਿਤ ਕੀਤਾ ਹੈ ਕਿ ਇਸ ਦਾ ਅਸਰ ਉਸ ਦੀ ਮਾਨਸਿਕ ਸਥਿਤੀ 'ਤੇ ਵੀ ਪੈਣ ਲੱਗਾ ਹੈ। ਅੱਜ ਕਲ੍ਹ ਫੈਸ਼ਨ ਵੀ ਵੱਖਰਾ ਹੋ ਗਿਆ ਹੈ। ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਹਰ ਪਾਸੇ ਵੱਖਰਾ ਫੈਸ਼ਨ ਹੈ। ਜੇਕਰ ਉਹ ਦੋਸਤਾਂ ਵਿਚ ਰਹਿੰਦੇ ਹਨ ਤਾਂ ਉਹ ਹਰ ਪੱਖੋਂ ਆਪਣੇ ਦੋਸਤ ਨਾਲੋਂ ਵਧੀਆ ਪਹਿਨਣਾ ਚਾਹੁੰਦੇ ਹਨ। ਆਪਣੇ ਦੋਸਤ ਨਾਲੋਂ ਵੱਧ ਖਰਚਾ ਕਰ ਕੇ ਦਿਖਾਉਂਦੇ ਹਨ। ਆਪਣੇ ਦੋਸਤ ਨਾਲੋਂ ਵਧੀਆ ਮੋਬਾਈਲ ਲੈਣਾ ਚਾਹੁੰਦਾ ਹੈ। ਹਰ ਕੋਈ ਵੱਡੀ ਥਾਂ ਜਾਂ ਹੋਟਲ ਵਿਚ ਖਾਣਾ ਚਾਹੁੰਦਾ ਹੈ। ਅੱਜ ਦੀ ਜੀਵਨ ਸ਼ੈਲੀ ਨਕਲੀ ਹੋ ਗਈ ਹੈ। ਅਸਲ ਜੀਵਨ ਮਨੁੱਖ ਨੇ ਆਪ ਹੀ ਖਤਮ ਕਰ ਲਿਆ ਹੈ।

ਜੇਕਰ ਪੁਰਾਣੇ ਸਮਿਆਂ ਦੀ ਗੱਲ ਕਰੀਏ ਤਾਂ ਜੀਵਨ ਸ਼ੈਲੀ ਬਹੁਤ ਵਧੀਆ ਸੀ। ਪਹਿਲਾਂ ਨੌਜਵਾਨ ਪੀੜ੍ਹੀ ਦਿੱਖ ਵਿਚ ਨਹੀਂ ਰਹਿੰਦੀ ਸੀ। ਪਹਿਲਾਂ ਵੀ ਲੋਕ ਬਾਹਰ ਖਾਣ ਲਈ ਜਾਂਦੇ ਸਨ, ਪਹਿਲਾਂ ਵੀ ਲੋਕ ਘੜੀਆਂ ਪਹਿਨਦੇ ਸਨ, ਅੱਜ ਮਹਿੰਗੀਆਂ ਘੜੀਆਂ ਵੀ ਪੁਰਾਣੇ ਸਮੇਂ ਦੀਆਂ ਘੜੀਆਂ ਵਾਂਗ ਹੀ ਸਮਾਂ ਦਿਖਾਉਂਦੀਆਂ ਹਨ।

ਪਹਿਲਾਂ ਵੀ ਲੋਕ ਮਨੋਰੰਜਨ ਲਈ ਬਾਹਰ ਨਿਕਲਦੇ ਸਨ ਅਤੇ ਮਨ ਦੀ ਸ਼ਾਂਤੀ ਲਈ ਬਗੀਚਿਆਂ ਵਿਚ ਜਾਂਦੇ ਸਨ; ਅੱਜ ਉਨ੍ਹਾਂ ਦੀ ਜਗ੍ਹਾ ਪਾਰਕਾਂ ਨੇ ਲੈ ਲਈ ਹੈ। ਪਹਿਲਾਂ ਵੀ ਲੋਕ ਝਰਨੇ ਅਤੇ ਨਹਿਰਾਂ ਦਾ ਆਨੰਦ ਮਾਣਦੇ ਸਨ, ਅੱਜ ਉਨ੍ਹਾਂ ਦੀ ਜਗ੍ਹਾ ਵਾਟਰ ਪਾਰਕਾਂ ਨੇ ਲੈ ਲਈ ਹੈ। ਪਹਿਲਾਂ ਵੀ ਲੋਕ ਚੰਗੇ ਕੱਪੜੇ ਪਹਿਨਦੇ ਸਨ ਅਤੇ ਲੰਮੇ ਸਮੇਂ ਤੱਕ ਉਨ੍ਹਾਂ ਕੱਪੜਿਆਂ ਦੀ ਵਰਤੋਂ ਕਰਦੇ ਸਨ; ਅੱਜ ਉਨ੍ਹਾਂ ਦੀ ਜਗ੍ਹਾ ਸ਼ਾਪਿੰਗ ਮਾਲ ਦੇ ਬ੍ਰਾਂਡਿਡ ਕੱਪੜਿਆਂ ਨੇ ਲੈ ਲਈ ਹੈ। ਅੱਜ ਦੋ-ਤਿੰਨ ਵਾਰ ਪਹਿਨੇ ਹੋਏ ਕੱਪੜੇ ਪੁਰਾਣੇ ਹੋ ਜਾਂਦੇ ਹਨ। ਕਹਿਣ ਦਾ ਭਾਵ ਇਹ ਕਿ ਅੱਜ ਦੀ ਪੀੜ੍ਹੀ ਮਹਿੰਗੇ ਕੱਪੜਿਆਂ ਨੂੰ ਆਪਣਾ ਸਵੈਮਾਣ ਸਮਝਦੀ ਹੈ। ਉਨ੍ਹਾਂ ਨੂੰ ਸਮਝਣਾ ਪਵੇਗਾ ਕਿ ਬੰਦੇ ਦੀ ਪਛਾਣ ਕੱਪੜਿਆਂ ਤੋਂ ਨਹੀਂ ਸਗੋਂ ਉਸ ਦੇ ਕਿਰਦਾਰ ਤੋਂ ਹੁੰਦੀ ਹੈ। ਅੱਜ ਦੀ ਜੀਵਨ ਸ਼ੈਲੀ ਨੂੰ ਪੁਰਾਣੀ ਜੀਵਨ ਸ਼ੈਲੀ ਨਾਲ ਜੋੜਨ ਦਾ ਮਤਲਬ ਇਹ ਵੀ ਹੈ ਕਿ ਜਿਸ ਨਵੇਂ ਢੰਗ ਨਾਲ ਅੱਜ ਬੰਦਾ ਜੀਅ ਰਿਹਾ ਹੈ, ਉਹੀ ਜੀਵਨ ਸ਼ੈਲੀ ਪਹਿਲੇ ਸਮਿਆਂ ਵਿਚ ਸੀ। ਫਰਕ ਸਿਰਫ ਇੰਨਾ ਹੈ ਕਿ ਅੱਜ ਦੀ ਪੀੜ੍ਹੀ ਦਾ ਰਹਿਣ-ਸਹਿਣ ਦਾ ਤਰੀਕਾ ਬਦਲ ਗਿਆ ਹੈ। ਪਹਿਲਾਂ ਮਨੁੱਖ ਆਪਣੇ ਅਤੇ ਪਰਿਵਾਰ ਲਈ ਜਿਉਂਦਾ ਸੀ ਪਰ ਅੱਜ ਦੀ ਪੀੜ੍ਹੀ ਦੂਜਿਆਂ ਨੂੰ ਦਿਖਾਉਣ ਲਈ ਜਿਉਂਦੀ ਹੈ।

ਅੱਜ ਦੇ ਸਮੇਂ ਵਿਚ ਮਨੁੱਖ ਦੇ ਖਾਣ-ਪੀਣ ਵਿਚ ਬਹੁਤ ਤਬਦੀਲੀ ਆ ਗਈ ਹੈ। ਸਾਦਾ ਖਾਣਾ ਅੱਜ ਦੀ ਪੀੜ੍ਹੀ ਦੇ ਸੁਭਾਅ ਵਿਚ ਨਹੀਂ ਰਿਹਾ। ਘਰ ਨਾਲੋਂ ਬਾਹਰ ਦਾ ਖਾਣਾ ਖਾਣ ਦੀ ਤਰਜੀਹ ਵਧ ਗਈ ਹੈ। ਜ਼ਿਆਦਾਤਰ ਲੋਕ ਬਾਹਰ ਦਾ ਜੰਕ ਫੂਡ ਖਾਣ ਲੱਗ ਪਏ ਹਨ। ਜੰਕ ਫੂਡ ਸ਼ਬਦ ਹੀ ਇਸ ਭੋਜਨ ਬਾਰੇ ਬਹੁਤ ਕੁਝ ਦੱਸਦਾ ਹੈ। ਇਹ ਦੱਸਦਾ ਹੈ ਕਿ ਇਹ ਸਾਡੀ ਸਿਹਤ ਲਈ ਕਿੰਨਾ ਹਾਨੀਕਾਰਕ ਹੈ। ਇਸ ਤੋਂ ਇਲਾਵਾ ਜੰਕ ਫੂਡ ਮੂਲ ਰੂਪ ਵਿਚ ਮਾੜੇ ਹੁੰਦੇ ਹਨ ਜੋ ਸਾਡੇ ਸਰੀਰ ਨੂੰ ਵੱਖ-ਵੱਖ ਤਰੀਕਿਆਂ ਨਾਲ ਨੁਕਸਾਨ ਪਹੁੰਚਾਉਂਦੇ ਹਨ।

ਇਨਸਾਨ ਜਾਣਦਾ ਹੈ ਕਿ ਘਰ ਦਾ ਖਾਣਾ ਅਤੇ ਦੇਸੀ ਭੋਜਨ ਜਿੰਨਾ ਸਿਹਤ ਲਈ ਕੋਈ ਵੀ ਭੋਜਨ ਲਾਭਦਾਇਕ ਨਹੀਂ ਹੈ। ਪੁਰਾਣੇ ਜ਼ਮਾਨੇ ਦੀ ਗੱਲ ਕਰੀਏ ਤਾਂ ਉਸ ਸਮੇਂ ਵੀ ਲੋਕ ਵੱਖ ਵੱਖ ਤਰ੍ਹਾਂ ਦੇ ਪਕਵਾਨ ਬਣਾਉਂਦੇ ਸੀ ਜੋ ਸੁਆਦਲੇ ਅਤੇ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਅੱਜ ਜ਼ਿਆਦਾਤਰ ਲੋਕ ਬਿਮਾਰੀਆਂ ਤੋਂ ਪੀੜਤ ਹਨ ਜਿਸ ਦਾ ਸਭ ਤੋਂ ਵੱਡਾ ਕਾਰਨ ਸਾਡਾ ਖਾਣ-ਪੀਣ ਹੈ। ਜ਼ਿਆਦਾਤਰ ਲੋਕ ਸਿਹਤਮੰਦ ਭੋਜਨ ਖਾਣਾ ਭੁੱਲ ਗਏ ਹਨ। ਮਨੁੱਖ ਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਚੀਜ਼ ਦੀ ਸੀਮਾ ਹੁੰਦੀ ਹੈ, ਜੇਕਰ ਤੁਸੀਂ ਬੇਲੋੜਾ ਖਾਣ-ਪੀਣ ਅਪਨਾਓਗੇ ਤਾਂ ਇਹ ਸਿਹਤ ਲਈ ਹਾਨੀਕਾਰਕ ਹੋਵੇਗਾ।

ਅੱਜ ਫੈਸ਼ਨ ਦਾ ਸਭ ਤੋਂ ਵੱਧ ਪ੍ਰਭਾਵ ਨੌਜਵਾਨ ਪੀੜ੍ਹੀ 'ਤੇ ਪੈ ਰਿਹਾ ਹੈ। ਮਨੁੱਖੀ ਸੁਭਾਅ ਹੈ ਕਿ ਉਹ ਨਵੀਆਂ ਅਤੇ ਸੁੰਦਰ ਚੀਜ਼ਾਂ ਅਪਨਾਉਣਾ ਚਾਹੁੰਦਾ ਹੈ। ਅਸਲ ਵਿਚ, ਅੱਜ ਨੌਜਵਾਨ ਲੜਕੇ-ਲੜਕੀਆਂ ਆਪਣੇ ਤਰੀਕੇ ਨਾਲ ਜਿਊਣਾ ਚਾਹੁੰਦੇ ਹਨ। ਕਾਲਜ ਜਾਣ ਵਾਲੇ ਜ਼ਿਆਦਾਤਰ ਨੌਜਵਾਨਾਂ ਲਈ ਇਹ ਸੁਭਾਵਿਕ ਹੈ ਕਿ ਨਵਾਂ ਮਾਹੌਲ ਅਤੇ ਆਜ਼ਾਦੀ ਨੌਜਵਾਨਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ।

ਵਿਦਿਆਰਥੀ ਕਿਤਾਬਾਂ ਖਰੀਦਣ ਦੀ ਬਜਾਇ ਨਵੀਨਤਮ ਕਿਸਮ ਦੀਆਂ ਫੈਸ਼ਨ ਵਾਲੀਆਂ ਚੀਜ਼ਾਂ ਪ੍ਰਾਪਤ ਕਰਨ ਵਿਚ ਆਪਣਾ ਕੀਮਤੀ ਸਮਾਂ ਤੇ ਪੈਸਾ ਬਰਬਾਦ ਕਰਦੇ ਹਨ। ਉਹ ਫੈਸ਼ਨ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਕਰ ਕੇ ਆਪਣੇ ਅਧਿਐਨ ਨੂੰ ਨਜ਼ਰਅੰਦਾਜ਼ ਕਰਦੇ ਹਨ। ਫੈਸ਼ਨ ਕਾਰਨ ਸਮਾਜ ਉੱਚ ਵਰਗ, ਮੱਧ ਵਰਗ ਅਤੇ ਹੇਠਲੇ ਵਰਗ ਵਿਚ ਵੰਡਿਆ ਗਿਆ ਹੈ। ਕਈ ਮਾਪੇ ਆਪਣੇ ਬੱਚਿਆਂ ਦੀਆਂ ਨਵੀਆ ਫੈਸ਼ਨ ਵਾਲੀਆਂ ਚੀਜ਼ਾਂ ਦਾ ਖਰਚਾ ਨਹੀਂ ਝੱਲ ਸਕਦੇ ਪਰ ਉਨ੍ਹਾਂ ਦੇ ਬੱਚੇ ਦੂਜਿਆਂ ਨੂੰ ਦੇਖ ਕੇ ਉਨ੍ਹਾਂ ਨੂੰ ਨਵੀਆਂ ਨਵੀਆਂ ਅਤੇ

ਮਹਿੰਗੀਆਂ ਚੀਜ਼ਾਂ ਲੈ ਕੇ ਦੇਣ ਲਈ ਤੰਗ ਕਰਦੇ ਰਹਿੰਦੇ ਹਨ। ਅੱਜ ਨੌਜਵਾਨ ਪੀੜ੍ਹੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਨੂੰ ਫੈਸ਼ਨ ਅਤੇ ਦਿਖਾਵੇ ਦੀ ਜ਼ਿੰਦਗੀ ਤੋਂ

ਉਪਰ ਉੱਠ ਕੇ ਸਕੂਨ ਅਤੇ ਸੰਤੁਸ਼ਟੀ ਵਾਲੀ ਜ਼ਿੰਦਗੀ ਅਪਨਾਉਣੀ ਚਾਹੀਦੀ ਹੈ।

ਸੰਪਰਕ: 97815-90500



# ਮਨੁੱਖਤਾ ਦੇ ਭਵਿੱਖ ਦੀ ਤਸਵੀਰ




ਮਨਦੀਪ

ਜ਼ਰਾ ਇਸ ਤਸਵੀਰ ਨੂੰ ਪੂਰੀ ਗਹੁ ਨਾਲ ਵੇਖੋ! ਫਿਰ ਤਸਵੀਰ ਵਿਚਲੇ ਬੱਚਿਆਂ ਦੇ ਹੱਥ ਵਿੱਚ ਫੜੀ ਤਸਵੀਰ ਵੱਲ ਵੇਖੋ! ਇਹ ਉਹ ਇਤਿਹਾਸਕ ਤਸਵੀਰ ਹੈ, ਜਿਸ ਦਾ ਸਬੰਧ ਇਸ ਧਰਤੀ 'ਤੇ ਵਸਦੇ ਹਰ ਉਸ ਵਾਸੀ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ ਜੋ ਹਾਲੇ ਜ਼ਿੰਦਾ ਹੈ। ਇਸ ਤਸਵੀਰ ਨੂੰ ਨਾ ਦੇਖਣ ਅਤੇ ਇਸ ਦੇ ਬਾਰੇ ਨਾ ਜਾਣਨ ਨਾਲ ਹਕੀਕਤ ਰੱਤੀ ਭਰ ਵੀ ਬਦਲਣ ਵਾਲੀ ਨਹੀਂ ਹੈ, ਪਰ ਫਿਰ ਵੀ ਇਸ ਤਸਵੀਰ ਨੂੰ ਦੇਖਣਾ, ਜਾਣਨਾ ਤੇ ਮਹਿਸੂਸ ਕਰਨਾ ਆਪਣੇ ਤੇ ਪੂਰੇ ਮਨੁੱਖੀ ਸਮਾਜ ਦੇ ਭਵਿੱਖ ਨੂੰ ਦੇਖਣ-ਸਮਝਣ ਸਮਾਨ ਹੈ।

ਤਸਵੀਰ ਵਿਚਲੇ ਇਨ੍ਹਾਂ ਬੱਚਿਆਂ ਦੇ ਹੱਥ 'ਚ ਫੜੀ ਤਸਵੀਰ 'ਚ ਇਹ ਬੱਚੇ ਗਾਜ਼ਾ 'ਚ ਇਜ਼ਰਾਇਲੀ ਬੰਬਾਂ ਦੀ ਚਪੇਟ 'ਚ ਆ ਕੇ ਜ਼ਖ਼ਮੀ ਹੋਏ ਆਪਣੇ ਬਾਪ ਨਾਲ ਮਲਬੇ ਦੇ ਢੇਰ ਕੋਲ ਖੜ੍ਹੇ ਦਿਖਾਈ ਦਿੰਦੇ ਹਨ। ਇਹ ਬੱਚੇ ਅਪਰੈਲ ਮਹੀਨੇ ਕੈਨੇਡਾ ਦੀ ਰਾਜਧਾਨੀ ਓਟਵਾ 'ਚ ਹੋ ਰਹੇ ਫਲਸਤੀਨ ਪੱਖੀ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸਨ। ਇਨ੍ਹਾਂ ਬੱਚਿਆਂ ਸਾਹਮਣੇ ਮਹਿਜ਼ ਦੋ ਫੁੱਟ ਦੀ ਦੂਰੀ 'ਤੇ ਖੜ੍ਹ ਕੇ ਗਾਜ਼ਾ ਦੇ ਨਸਲਘਾਤ ਅਤੇ ਮਨੁੱਖੀ ਸਮਾਜ ਦੇ ਭਵਿੱਖ ਦਾ ਨਕਸ਼ਾ ਦੇਖਣ ਨੂੰ ਮਿਲਿਆ। ਇਹ ਬੱਚੇ ਆਪਣੇ ਪਿਤਾ ਨਾਲ ਵਿਰੋਧ ਪ੍ਰਦਰਸ਼ਨ ਤੋਂ ਇੱਕ ਦਿਨ ਪਹਿਲਾਂ ਗਾਜ਼ਾ ਦੇ ਜੰਗੀ ਖੇਤਰ 'ਚੋਂ ਜਾਨ ਬਚਾ ਕੇ ਕੈਨੇਡਾ ਪਹੁੰਚੇ ਸਨ। ਇਨ੍ਹਾਂ ਦੀਆਂ ਦੋ ਮਾਵਾਂ ਹਾਲੇ ਵੀ ਜੰਗ ਵਿੱਚ ਫਸੀਆਂ ਹੋਈਆਂ ਹਨ। ਇੱਕ ਇਨ੍ਹਾਂ ਨੂੰ ਜਨਮ ਦੇਣ ਵਾਲੀ ਤੇ ਦੂਜੀ ਫਲਸਤੀਨ ਦੀ ਧਰਤ ਮਾਂ!

ਇਨ੍ਹਾਂ ਦੀਆਂ ਅੱਖਾਂ 'ਚ ਸੰਸਾਰ ਭਰ ਦੇ ਲੋਕਾਂ ਨੂੰ ਇੱਕ ਅਪੀਲ, ਇੱਕ ਤਰਲਾ, ਇੱਕ ਬੇਵੱਸੀ ਭਰਿਆ ਸੁਨੇਹਾ ਵੀ ਹੈ ਤੇ ਮਾਵਾਂ ਤੋਂ ਵਿਛੋੜੇ ਦਾ ਡੂੰਘਾ ਦਰਦ ਵੀ। ਕੋਈ ਪਹਾੜ ਜਿੱਡੇ ਜਿਗਰੇ ਵਾਲਾ ਇਨਸਾਨ ਵੀ ਦੋ ਮਿੰਟ ਲਈ ਇਨ੍ਹਾਂ ਮਾਸੂਮ ਬੱਚਿਆਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਅੱਖਾਂ ਸੁੱਕੀਆਂ ਨਹੀਂ ਰੱਖ ਸਕਦਾ। ਲੋਕ ਤਾਜ਼ਾਂ-ਤਖ਼ਤਾਂ ਨੂੰ ਖ਼ਾਕ ਕਿਵੇਂ ਕਰ ਦਿੰਦੇ ਹਨ? ਇਸ ਸਵਾਲ ਦਾ ਜਵਾਬ ਮੋਨ ਖੜ੍ਹੇ ਇਨ੍ਹਾਂ ਬੱਚਿਆਂ ਦੀਆਂ ਅੱਖਾਂ ਵਿੱਚ ਸਾਫ਼ ਪੜ੍ਹਿਆ ਜਾ ਸਕਦਾ ਹੈ। ਜਿਨ੍ਹਾਂ ਨੰਨ੍ਹੀਆਂ ਪਲਕਾਂ ਨੇ ਸੁਪਨੇ ਦੇਖਣ ਦੀ ਵਰੇਸੇ ਜੰਗੀ ਕਹਿਰ ਵੇਖਿਆ ਹੋਵੇ, ਉਨ੍ਹਾਂ ਸਾਹਵੇਂ ਤਖ਼ਤਾਂ ਦਾ ਖ਼ੌਫ਼ ਕਿੰਨਾ ਨਿਗੂਣਾ ਹੁੰਦਾ ਹੋਵੇਗਾ?

ਵਿਰੋਧ ਪ੍ਰਦਰਸ਼ਨ ਦੌਰਾਨ ਦੋ ਘੰਟੇ ਸਟੇਜ ਦੇ ਸਾਹਮਣੇ ਮੋਨ ਤੇ ਉਦਾਸ ਖੜ੍ਹੇ ਇਨ੍ਹਾਂ ਬੱਚਿਆਂ ਦੇ ਮਨ ਵਿੱਚ ਸੈਂਕੜੇ ਸਵਾਲ ਦੌੜੇ ਹੋਣਗੇ। ਇਨ੍ਹਾਂ ਭੋਲੀਆਂ-ਨਿਰਦੋਸ਼ ਜਿੰਦਾਂ ਨੂੰ ਸਮਝ ਨਹੀਂ ਆ ਰਿਹਾ ਹੋਣਾ ਕਿ ਆਖ਼ਰ ਇਨ੍ਹਾਂ ਦਾ ਕਸੂਰ ਕੀ ਹੈ? ਮਾਂ ਦਾ ਵਿਛੋੜਾ ਜੰਗ ਦੇ ਜ਼ਖ਼ਮ ਨਾਲੋਂ ਵੀ ਅਸਹਿ ਹੈ। ਜੰਗ ਤੋਂ ਬਚ ਕੇ ਆਏ ਇਨ੍ਹਾਂ ਬੋਟਾਂ ਦੀ ਜਾਨ ਹਾਲੇ ਵੀ ਜੰਗ ਵਿੱਚ ਫਸੀ ਹੋਈ ਹੈ। ਮਾਂ ਕਿੱਥੇ ਹੋਵੇਗੀ? ਕੀ ਉਹ ਜ਼ਿੰਦਾ ਹੈ? ਹੋਰਨਾਂ ਹਜ਼ਾਰਾਂ ਮਾਵਾਂ ਤੇ ਬੱਚਿਆਂ ਵਾਂਗ ਕਿਤੇ ਮਲਬੇ ਹੇਠ ਤਾਂ ਨਹੀਂ ਦੱਬ ਗਈ? ਉੱਧਰ ਮਾਂ, ਜੇਕਰ ਆਦਮਖੋਰੇ ਜੰਗਬਾਜ਼ਾਂ ਦੇ ਹਮਲੇ ਦਾ ਸ਼ਿਕਾਰ ਹੋਣੋਂ ਬਚ ਗਈ ਹੋਵੇਗੀ, ਤਾਂ ਉਸ ਦੇ ਬੱਚਿਆਂ ਬਾਰੇ ਸੰਸੇ ਜੰਗ ਦੀ ਭਿਆਨਕਤਾ ਤੋਂ ਵੀ ਵੱਡੇ ਹੋਣਗੇ।

ਯੂ.ਐੱਨ. ਮੁਤਾਬਕ ਸਾਲ 2024 ਦੀਆਂ ਪਹਿਲੀਆਂ ਦੋ ਤਿਮਾਹੀਆਂ 'ਚ 19000 ਅਨਾਥ ਬੱਚਿਆਂ ਦੀਆਂ 6000 ਮਾਵਾਂ ਸਦਾ ਲਈ ਇਸ ਜਹਾਨ ਤੋਂ ਰੁਖ਼ਸਤ ਕਰ ਦਿੱਤੀਆਂ ਗਈਆਂ। ਜਿੱਥੇ ਹਜ਼ਾਰਾਂ ਬੱਚੇ ਅਨਾਥ ਹੋਏ ਹਨ, ਉੱਥੇ 16456 ਬੱਚਿਆਂ ਦੀਆਂ ਲਾਸ਼ਾਂ ਨਾਲ ਗਾਜ਼ਾ ਦੀਆਂ ਮਾਵਾਂ ਦੀਆਂ ਬੁੱਕਲਾਂ ਲੱਦ ਦਿੱਤੀਆਂ ਗਈਆਂ ਹਨ। ਬੱਚੇ ਲਈ ਦੁਨੀਆ 'ਚ ਸਭ ਤੋਂ ਸੁਰੱਖਿਅਤ ਥਾਂ ਉਸ ਦੀ ਮਾਂ ਦੀ ਗੋਦ ਹੁੰਦੀ ਹੈ। ਹਜ਼ਾਰਾਂ ਫਲਸਤੀਨੀ ਬੱਚਿਆਂ ਤੋਂ ਇਹ ਜੰਨਤ ਜ਼ਬਰੀ ਖੋਹ ਲਈ ਗਈ ਹੈ। ਧਰਤੀ 'ਤੇ ਦੂਸਰੀ ਜੰਨਤ ਮਾਤਭੂਮੀ ਹੁੰਦੀ ਹੈ ਜੋ ਅੱਜ ਲਹੂ-ਲੁਹਾਣ ਹੈ। ਅਮਰੀਕਾ-ਇਜ਼ਰਾਇਲ ਤੇ ਉਸ ਦੇ ਪੱਛਮੀ ਭਾਈਵਾਲਾਂ ਨੇ ਗਾਜ਼ਾ ਦੇ ਬੱਚਿਆਂ ਤੋਂ ਉਨ੍ਹਾਂ ਦੀ ਜੰਨਤ ਖੋਹ ਕੇ ਧਰਤੀ ਦੇ ਇਸ ਟੋਟੇ ਨੂੰ ਨਰਕ ਬਣਾ ਦਿੱਤਾ ਹੈ।

ਮਾਵਾਂ ਦਾ ਜਹਾਨ ਉਸ ਦੀ ਔਲਾਦ ਹੁੰਦਾ ਹੈ। ਜਿਨ੍ਹਾਂ ਮਾਵਾਂ ਦਾ ਕੁੱਲ ਜਹਾਨ ਲੁੱਟਿਆ ਗਿਆ ਹੋਵੇ, ਉਨ੍ਹਾਂ ਕੋਲ ਗਾਜ਼ਾ ਦੀ ਧਰਤੀ 'ਚ ਸਮਾਅ ਜਾਣ ਤੋਂ ਸਿਵਾਏ ਬਚਿਆ ਹੀ ਕੀ ਹੈ? ਜਿਨ੍ਹਾਂ ਦੇ ਲਾਲ ਮਲਬੇ ਹੇਠ ਦਫ਼ਨ ਹਨ, ਉਹ ਇਸ ਲਹੂ ਰੱਤੀ ਧਰਤੀ 'ਤੇ 'ਮੱਧ ਪੂਰਬ ਦਾ ਰੀਵੀਰਾ' ਉਸਾਰਨ ਦੀ ਇਜਾਜ਼ਤ ਕਿਵੇਂ ਦੇ ਦੇਣਗੀਆਂ? ਗਾਜ਼ਾ ਦੇ ਅਨਾਥ ਕਿਵੇਂ ਆਪਣੀਆਂ ਮਾਵਾਂ ਦੀਆਂ ਕਬਰਾਂ 'ਤੇ ਨਸਲਵਾਦੀ ਇਜ਼ਰਾਇਲੀ ਰਾਜ ਦਾ ਝੰਡਾ ਲਹਿਰਾਉਣ ਦੇ ਸਕਦੇ ਹਨ? ਉਹ ਜੋ ਫਲਸਤੀਨ ਦੀ ਧਰਤੀ 'ਤੇ ਸ਼ਾਂਤਮਈ ਸੁਤੰਤਰ ਇਜ਼ਰਾਇਲੀ ਰਾਜ ਸਥਾਪਤ ਕਰਨ ਦੇ ਸੁਪਨੇ ਦੇਖ ਰਹੇ ਹਨ, ਉਨ੍ਹਾਂ ਨੂੰ ਫਲਸਤੀਨ ਦੀ ਮਿੱਟੀ ਵਿੱਚ ਮਿਲਾਈਆਂ ਬੇਚੈਨ ਰੂਹਾਂ ਦੇ ਵਾਰਸ ਚੈਨ ਨਾਲ ਕਿਵੇਂ ਰਾਜ ਕਰਨ ਦੇਣਗੇ?

ਗਾਜ਼ਾ ਦੀ ਧਰਤੀ ਬੰਬ-ਬਰੂਦ ਨਾਲ ਮਲਬੇ ਦਾ ਢੇਰ ਹੀ ਨਹੀਂ ਬਣਾ ਦਿੱਤੀ ਗਈ ਬਲਕਿ ਜੰਗ ਦੇ ਕਹਿਰ ਤੋਂ ਬਚੀਆਂ ਜ਼ਖਮੀ ਜ਼ਿੰਦਗੀਆਂ ਲਈ ਭੋਜਨ, ਪਾਣੀ, ਡਾਕਟਰੀ ਸਹਾਇਤਾ, ਬਿਜਲੀ, ਸਿੱਖਿਆ, ਇੰਟਰਨੈੱਟ ਆਦਿ ਦਾ ਕੁਨੈਕਸ਼ਨ ਲਗਭਗ ਕੱਟ ਦਿੱਤਾ ਗਿਆ ਹੈ। ਕੀ ਇਹ ਕੁਨੈਕਸ਼ਨ ਕੱਟਣ ਨਾਲ ਮਾਤਭੂਮੀ ਨਾਲੋਂ ਨਾਤਾ ਕੱਟਿਆ ਜਾ ਸਕਦਾ ਹੈ? ਗਾਜ਼ਾ ਨੂੰ ਛੱਡ ਕੇ ਵਿਸ਼ਵ ਸ਼ਾਂਤੀ ਕਿਵੇਂ ਸੰਭਵ ਹੋ ਸਕਦੀ ਹੈ? ਖ਼ੂਨੀ ਜੰਗ ਨਾਲ ਜ਼ਖ਼ਮੀ ਗਾਜ਼ਾ ਦੀ ਦਰਦ ਭਰੀ ਕੁਰਲਾਹਟ ਕੁੱਲ ਆਲਮ ਦੀ ਸ਼ਾਂਤੀ ਭੰਗ ਕਰਕੇ ਰੋਹ ਦੀ ਗਰਜ਼ ਪੈਦਾ ਕਰ ਰਹੀ ਹੈ। ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਕਰਨ ਵਾਲੀ ਇਹ ਜੰਗ ਸੰਸਾਰ ਭਰ ਵਿੱਚ ਮਨੁੱਖਤਾ ਨੂੰ ਵੰਡਣ ਦਾ ਕੰਮ ਕਰ ਰਹੀ ਹੈ। ਇਸ ਜੰਗ ਨੇ ਆਲਮੀ ਅਵਾਮ ਦੇ ਮਨਾਂ 'ਚ ਇੱਕ ਵੱਡੀ ਨੈਤਿਕ ਤੇ ਸਪੱਸ਼ਟ ਲੀਕ ਖਿੱਚ ਦਿੱਤੀ ਹੈ। ਕੀ ਤੁਸੀਂ ਇਸ ਮਨੁੱਖਘਾਤੀ ਜੰਗ ਦੇ ਖਿਲਾਫ਼ ਹੋ ਜਾਂ ਪੱਖ 'ਚ? ਸਵਾਲ ਦੀ ਇਹ ਮੂਲ ਨਿਸ਼ਾਨਦੇਹੀ ਅੱਗੇ ਦੀ ਰਣਨੀਤੀ ਤੇ ਇਤਿਹਾਸ ਦਾ ਵੇਗ ਤੈਅ ਕਰੇਗੀ। ਇਹ ਅਹਿਮ ਸਵਾਲ ਤੈਅ ਕਰੇਗਾ ਕਿ ਅਸੀਂ ਭਵਿੱਖ 'ਚ ਆਪਣੇ ਬੱਚਿਆਂ ਦੇ ਹੱਥ ਇਹੋ-ਜਿਹੀ ਦਰਦਨਾਕ ਤਸਵੀਰ ਸੌਂਪਣੀ ਹੈ ਜਾਂ ਨਹੀਂ? ਇਸ ਲਈ ਜ਼ਰਾ ਇਸ ਤਸਵੀਰ ਨੂੰ ਪੂਰੀ ਗਹੁ ਨਾਲ ਵੇਖੋ! ਫਿਰ ਤਸਵੀਰ ਵਿਚਲੇ ਬੱਚਿਆਂ ਦੇ ਹੱਥ ਵਿੱਚ ਫੜੀ ਤਸਵੀਰ ਵੱਲ ਵੇਖੋ!

ਸੰਪਰਕ+1 438-924-2052

# ਮਾੜੀਆਂ ਜਹੀਆਂ ਲਾਵਾਂ



ਅਵਤਾਰ ਸਿੰਘ ਪ੍ਰੋਫ਼ੈਸਰ
ਫੋਨ: 9417518384

ਅੱਜਕਲ ਕਾਲਜਾਂ ਵਿਚ ਦਾਖਲਾ ਮੁਹਿੰਮ ਜਾਰੀ ਹੈ। ਹਰ ਕਾਲਜ ਦੇ ਕੱਚੇ ਪੱਕੇ ਅਧਿਆਪਕਾਂ ਨੂੰ ਕਾਲਜ ਦੇ ਗੇਟ ਮੋਹਰੇ ਬਿਠਾਇਆ ਜਾਂਦਾ ਹੈ ਕਿ ਪੁੱਛ-ਗਿੱਛ ਲਈ ਆਉਣ ਵਾਲੇ ਮੁੰਡੇ ਕੁੜੀਆਂ ਨੂੰ ਕਾਲਜ ਦੇ ਗੁਣ ਦੱਸ ਕੇ ਦਾਖਲੇ ਲਈ ਪ੍ਰੇਰਤ ਕੀਤਾ ਜਾਵੇ।

ਆਪਣੀ ਗਾਲੜੀ ਤਬੀਅਤ ਹੋਣ ਕਾਰਣ ਮੈਂ ਇਹ ਸੇਵਾ ਬੜੇ ਸ਼ੌਂਕ ਨਾਲ ਕਰਦਾ ਰਿਹਾ ਹਾਂ। ਖ਼ਾਸ ਤੌਰ ਪਰ ਦਾਖਲਾ ਲੈਣ ਆਏ ਮੁੰਡੇ ਕੁੜੀ ਦੇ ਨਾਲ ਆਏ ਵੱਡੇ ਭੈਣ ਭਾਈ ਜਾਂ ਮਾਂ ਬਾਪ ਨੂੰ ਏਨਾ ਪ੍ਰਭਾਵਤ ਕਰ ਲੈਂਦਾ ਸਾਂ ਕਿ ਉਹ ਆਪਣੇ ਬੱਚੇ ਨੂੰ ਸਾਡੇ ਕਾਲਜ ਵਿਚ ਦਾਖਲ ਕਰਾ ਹੀ ਜਾਂਦੇ ਸਨ। ਇਸੇ ਭੁਸ ਕਾਰਨ ਪਰਸੋਂ ਚੌਥੇ ਜਹੇ ਮੇਤੋਂ ਰਿਹਾ ਨਾ ਗਿਆ ਤੇ ਮੈਂ ਰਿਟਾਇਰ ਹੋਣ ਦੇ ਬਾਵਜੂਦ ਕਾਲਜ ਚਲਿਆ ਗਿਆ। ਮੈਂ ਦੇਖਿਆ ਕਿ ਮੁੰਡਿਆਂ ਨਾਲੋਂ ਵੱਧ ਕੁੜੀਆਂ ਆ ਰਹੀਆਂ ਸਨ ਤੇ ਇਸ ਤਰਾਂ ਦੇ ਸਵਾਲ ਕਰ ਰਹੀਆਂ ਸਨ ਕਿ ਉਹ ਦਾਖਲਾ ਲੈ ਕੇ ਨਾਲ ਨਾਲ ਆਇਅਲਟਸ ਕਰ ਸਕਣਗੀਆਂ?

ਇਕ ਲੜਕੀ ਆਈ ਜੋ ਦੇਖਣ ਨੂੰ ਏਨੀ ਨਿੱਕੀ ਜਹੀ ਸੀ ਕਿ ਜਮਾਂ ਹੀ ਧੱਖ ਲਗਦੀ ਸੀ। ਕਹਿਣ ਲੱਗੀ ਕਿ ਉਹ ਆਇਅਲਟਸ ਕਰਦੀ ਹੈ ਤੇ ਉਹਨੇ ਨਾਲ ਨਾਲ ਪੜ੍ਹਾਈ ਵੀ ਕਰਨੀ ਹੈ। ਮੈਂ ਹੈਰਾਨ ਹੋਇਆ ਕਿ ਪੜ੍ਹਾਈ ਦੇ ਨਾਲ ਨਾਲ ਆਇਅਲਟਸ ਕਰਨ ਬਾਰੇ ਤਾਂ ਸਾਰੇ ਪੁੱਛਣ ਆਉਂਦੇ ਹਨ। ਪਰ ਉਹ ਲੜਕੀ ਆਇਅਲਟਸ ਦੇ ਨਾਲ ਪੜ੍ਹਨਾ ਚਾਹੁੰਦੀ ਸੀ।

ਪੁੱਛਣ 'ਤੇ ਉਹਨੇ ਦੱਸਿਆ ਕਿ ਉਹਦੇ ਮਾਪਿਆ ਨੇ ਏਜੰਟ ਨਾਲ ਗੱਲ ਕਰ ਲਈ ਹੈ ਤੇ ਅੱਗੋਂ ਏਜੰਟ ਨੇ ਅਜਿਹਾ ਮੁੰਡਾ ਲੱਭ ਲਿਆ ਹੈ, ਜਿਹੜਾ ਕੁੜੀ ਨੂੰ ਆਇਅਲਟਸ ਕਰਾ ਕੇ ਬਾਹਰ ਭੇਜਣ ਤਕ ਸਾਰਾ ਖ਼ਰਚਾ ਚੁੱਕੇਗਾ।

ਮੈਂ ਉਹਦੇ ਵੱਲ ਦੇਖਿਆ ਤੇ ਹੈਰਾਨ ਹੋ ਕੇ ਪੁੱਛਿਆ ਕਿ ਉਹਨੇ ਹੁਣੇ ਹੀ ਵਿਆਹ ਕਰਵਾ ਲੈਣਾ ਹੈ? ਉਹਦੇ ਜਵਾਬ ਨੇ ਮੇਰੀ ਹੈਰਾਨੀ ਘਟਾਉਣ ਦੀ ਬਜਾਏ ਹੋਰ ਵਧਾ ਦਿਤੀ। ਕਹਿਣ ਲੱਗੀ ਕਿ ਪੱਕਾ ਵਿਆਹ ਨਹੀਂ ਕਰਨਾ ਬਸ ਕੋਰਟ ਮੈਰਿਜ ਕਰਨੀ ਹੈ ਤੇ ਮਾੜੀਆਂ ਜਹੀਆਂ ਲਾਵਾਂ ਲੈਣੀਆਂ ਹਨ। ਉਧਰ ਜਾ ਕੇ ਤਲਾਕ ਲੈ ਲੈਣਾ ਫਿਰ ਇਧਰੋਂ ਕੋਈ ਹੋਰ ਮੁੰਡਾ ਬਾਹਰ ਕੱਢਣਾ ਹੈ। ਉਹਦੇ ਵਾਂਗ ਮੁੰਡੇ ਨੇ ਉਹਦੇ ਬਹਾਨੇ ਬਾਹਰ ਜਾ ਕੇ ਇਧਰੋਂ ਕੋਈ ਹੋਰ ਕੁੜੀ ਬਾਹਰ ਖਿੱਚਣੀ ਹੈ।

ਮੈਂ ਉਹਦੇ "ਕੱਢਣਾ" ਤੇ "ਖਿੱਚਣੀ" ਲਫਜ਼ਾਂ ਤੋਂ ਅੰਦਾਜ਼ ਲਗਾਇਆ ਕਿ ਅੱਜਕਲ ਪੰਜਾਬ ਵਿਚ ਮੁੰਡੇ ਕੁੜੀਆਂ ਦੀ ਖਿੱਚਾ ਧੂਹੀ ਏਨੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ ਕਿ ਪੰਜਾਬ ਇਕ ਵੱਡਾ ਸਾਰਾ ਬਿਰਧ ਆਸ਼ਰਮ ਬਣਦਾ ਜਾ ਰਿਹਾ ਹੈ। ਮੈਂ ਉਸ ਲੜਕੀ ਨੂੰ ਪੁੱਛਿਆ ਕਿ ਉਹ ਜਾਹਲੀ ਵਿਆਹ ਕਰਵਾ ਕੇ ਖ਼ੁਸ਼ ਹੋਵੇਗੀ? ਉਹ ਕਹਿਣ ਲੱਗੀ ਕਿ ਹੁਣ ਕੁਝ ਬਣਨ ਲਈ ਕੁਝ ਕਰਨਾ ਹੀ ਪੈਣਾ ਹੈ। ਮੈਂ ਸੋਚਿਆ ਕਿ ਇਸ ਕੁੜੀ ਨੂੰ ਕੁਝ ਕਰਨ ਤੇ ਸਭ ਕੁਝ ਕਰਨ ਵਿਚਲਾ ਫਰਕ ਨਹੀਂ ਪਤਾ। ਉਹਨੂੰ ਨਹੀਂ ਪਤਾ ਕਿ ਇਸ ਕੁਝ ਕਰਨ ਨੇ ਉਹਨੂੰ ਏਨਾ ਉਜਾੜ ਦੇਣਾ ਹੈ ਕਿ ਉਹਦੇ ਪੱਲੇ ਉਮਰ ਜਿੱਡੀ ਲੰਮੀ ਖ਼ੁਦਕੁਸ਼ੀ ਦੇ ਸਿਵਾ ਕੁਝ ਨਹੀਂ ਬਚਣਾ।

ਉਹਦੀ ਗੱਲ ਸੁਣ ਕੇ ਮੈਂ ਉਦਾਸ ਹੋ ਗਿਆ ਕਿ ਇਸ ਕੁੜੀ ਨੂੰ ਪਤਾ ਨਹੀਂ ਕਿ ਉਹਦਾ ਕੁਝ ਬਣਨ ਦਾ ਸੁਪਨਾ ਇਥੇ ਹੀ ਪੂਰਾ ਹੋ ਸਕਦਾ ਹੈ। ਬਾਹਰ ਜਾ ਕੇ ਤਾਂ ਇਹ ਕਦੇ ਵੀ ਕੁਝ ਬਣ ਨਹੀਂ ਸਕੇਗੀ ਤੇ ਇਹਦੀ ਆਪਣੇ ਆਪੇ ਨਾਲ ਵੀ ਏਨੀ ਅਣਬਣ ਹੋ ਜਾਵੇਗੀ ਕਿ ਉਹ ਆਪਣੇ ਆਪੇ ਨੂੰ ਤਾਂ ਕੀ ਮਾਪੇ ਨੂੰ ਵੀ ਤਰਸਦੀ ਰਹੇਗੀ। ਉਧਰ ਸਾਰਾ ਮੁਲਕ ਉਹਦੇ ਲਈ ਯਤੀਮਖ਼ਾਨਾ ਬਣਿਆ ਰਹੇਗਾ ਤੇ ਇੱਧਰ ਮਾਪਿਆਂ ਲਈ ਆਪਣਾ ਮੁਲਕ ਮੌਤ ਹੋਣ ਤੱਕ ਲਮਕਦਾ ਬਿਰਧ ਆਸ਼ਰਮ ਬਣ ਜਾਵੇਗਾ।

ਕੁੜੀ ਦੀ ਗੱਲ ਸੁਣਕੇ ਮੈਂ ਸੋਚਦਾ ਹੀ ਰਹਿ ਗਿਆ ਤੇ ਮੈਨੂੰ ਕੰਵਲ ਦੀ ਕਹਾਣੀਆਂ ਦੀ ਕਿਤਾਬ 'ਸੰਧੂਰ' ਚੇਤੇ ਆਈ, ਜਿਹਦੀ ਇਕ ਕਹਾਣੀ ਵਿਚ ਲੇਖਕ ਕਿਸੇ ਕੋਠੇ 'ਤੇ ਜਾਂਦਾ ਹੈ ਤੇ ਉਹਨੂੰ ਤਰਾਂ ਤਰਾਂ ਦੇ ਸਵਾਲ ਪੁੱਛਣ ਡਹਿ ਪੈਂਦਾ ਹੈ। ਕੋਠੇ ਵਾਲੀ ਸੋਚਦੀ ਹੈ ਕਿ ਇਹ ਬੰਦਾ ਦੇਹ ਪਰਚਾਵੇ ਦੀ ਥਾਂ ਦਿਲ ਪਰਚਾਵਾ ਕਰਨ ਵਾਲਾ ਹੀ ਹੈ।



ਲੇਖਕ ਪੁੱਛਦਾ ਹੈ ਕਿ ਉਹ ਇਹ ਕੰਮ ਕਿਉਂ ਕਰਦੀ ਹੈ? ਤਾਂ ਉਹ ਦੱਸਦੀ ਹੈ ਕਿ ਇਹ ਕੰਮ ਉਹਦਾ ਬਾਪ ਕਰਾਉਂਦਾ ਹੈ। ਲੇਖਕ ਪੁੱਛਦਾ ਹੈ ਕਿ ਉਹਦਾ ਬਾਪ ਕਿੱਥੇ ਹੈ? ਜਦ ਉਹ ਦੱਸਦੀ ਹੈ ਕਿ ਬਾਹਰ ਸੌਦਾ ਕਰਨ ਵਾਲਾ ਉਹਦਾ ਬਾਪ ਹੀ ਸੀ ਤਾਂ ਲੇਖਕ ਉਸ ਦੇ ਬਾਪ ਨੂੰ ਅੰਦਰ ਬੁਲਾ ਕੇ ਪੁੱਛਦਾ ਹੈ ਕਿ ਉਹ ਆਪਣੀ ਬੇਟੀ ਕੋਲੋਂ ਇਹ ਕੰਮ ਕਿਉਂ ਕਰਾਉਂਦਾ ਹੈ? ਕੋਠੇ ਵਾਲੀ ਦਾ ਬਾਪ ਜਵਾਬ ਦਿੰਦਾ ਹੈ ਕਿ ਇਹ ਸਭ ਕੁਝ ਰੱਬ ਕਰਾਉਂਦਾ ਹੈ। ਲੇਖਕ ਹੈਰਾਨ ਹੁੰਦਾ ਹੈ ਕਿ ਉਹ ਕਿਹੋ ਜਿਹਾ ਰੱਬ ਹੈ ਜਿਹੜਾ ਕਿਸੇ ਬਾਪ ਨੂੰ ਏਨਾ ਮਜਬੂਰ ਕਰ ਦਿੰਦਾ ਹੈ ਕਿ ਉਹ ਆਪਣੀ ਬੇਟੀ ਨੂੰ ਕੋਠੇ 'ਤੇ ਬਿਠਾ ਦਿੰਦਾ ਹੈ।

ਮੈਨੂੰ ਉਸ ਲੜਕੀ ਦੀ ਗੱਲ ਕੰਵਲ ਦੀ ਕਹਾਣੀ ਨਾਲ ਐਨ ਮਿਲਦੀ ਲੱਗੀ। ਫਰਕ ਸਿਰਫ ਏਨਾ ਹੈ ਕਿ ਹੁਣ ਉਹ ਕੋਠੇ ਕਨੇਡਾ ਦੀਆਂ ਬੇਸਮੈਂਟਾਂ ਦਾ ਰੂਪ ਧਾਰ ਗਏ ਹਨ। ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਬਾਰੇ ਇਹ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਹੁਣ ਪੰਜਾਬੀ ਮਾਪੇ ਦੱਲੇ, ਲਾੜੇ ਭੜੂਏ ਤੇ ਕੁੜੀਆਂ ਬੇਪੱਤ ਹੋਣ ਲਈ ਏਨੀਆਂ ਉਤਾਵਲੀਆਂ ਹੋਣਗੀਆਂ ਕਿ ਪਾਣੀਪੱਤ ਦੇ ਮੈਦਾਨ ਨੂੰ ਵੀ ਮਾਤ ਪਾ ਦੇਣਗੀਆਂ।

ਡਾਇਆਸਪੋਰਿਕ ਅੰਕੜਿਆਂ ਦਾ ਪਤਾ ਨਹੀਂ, ਪਰ ਸਿਆਣੇ ਅਸਿਆਣੇ ਲੇਖਕਾਂ ਤੇ ਲੀਡਰਾਂ ਦੇ ਫਿਕਰ ਦੇਖ ਕੇ ਲਗਦਾ ਹੈ ਕਿ ਪੰਜਾਬ ਦਿਨੋ ਦਿਨ ਖਾਲੀ ਹੋ ਰਿਹਾ ਹੈ। ਬਾਹਰ ਜਾਣ ਦੀ ਹੋੜ ਨੂੰ ਠੱਲ੍ਹ ਪੈਣ ਦੀ ਬਜਾਏ ਇਹ ਹਨੇਰੀ ਦਿਨੋ ਦਿਨ ਹੋਰ ਮੱਚਦੀ ਜਾ ਰਹੀ ਹੈ ਤੇ ਸਾਰੇ ਪਾਸੇ ਫੂਸ ਦੀ ਅੱਗ ਵਾਂਗ ਫੈਲ ਰਹੀ ਹੈ।

ਅਜਿਹੀ ਅੱਗ ਫੈਲਾਉਣ ਵਿਚ ਵੀ ਸਾਡੇ ਕਲਾਕਾਰ, ਸਾਹਿਤਕਾਰ ਤੇ ਵਿਦਵਾਨ ਲੋਕ ਮੋਹਰੀ ਭੂਮਿਕਾ ਨਿਭਾ ਰਹੇ ਹਨ। ਉਹ ਬਾਹਰ ਜਾਂਦੇ ਹਨ ਤੇ ਉੱਥੇ ਜਾਂਦੇ ਹੀ ਫੋਟੋਆਂ ਖਿੱਚ ਖਿੱਚ ਫੇਸਬੁੱਕ 'ਤੇ ਇਸ ਤਰਾਂ ਚਾੜ੍ਹਦੇ ਹਨ, ਜਿਵੇਂ ਉਹ ਸੱਚਖੰਡ ਵਿਚ ਪ੍ਰਵੇਸ਼ ਕਰ ਗਏ ਹੋਣ।

ਕਈ ਤਾਂ ਕਿਸੇ ਉਚੀ ਇਮਾਰਤ ਸਾਹਮਣੇ ਖੜ੍ਹੀ ਕਰਕੇ ਆਪਣੀ ਘਰ ਵਾਲੀ ਦੀ ਫੋਟੋ ਖਿੱਚ ਕੇ ਪਾ ਰਹੇ ਹਨ। ਪਤਾ ਨਹੀਂ ਲਗਦਾ ਕਿ ਉਹ ਦਿਖਾਉਣਾ ਕੀ ਚਾਹੁੰਦੇ ਹਨ। ਕਨੇਡਾ ਦੀ ਇਮਾਰਤ ਦੀ ਉਚਾਈ ਕਿ ਆਪਣੀ ਘਰ ਵਾਲੀ ਦਾ ਹੁਸਨ। ਵੈਸੇ ਉਨ੍ਹਾਂ ਘਰਵਾਲੀਆਂ ਅੰਦਰ ਮਾੜੀ ਮੋਟੀ ਵੀ ਸੰਵੇਦਨਸ਼ੀਲਤਾ ਤੇ ਸੂਝ-ਬੂਝ ਹੋਵੇ ਤਾਂ ਉਹ ਇਮਾਰਤ ਅਗੇ ਰੱਖਿਆ ਸ਼ੋ-ਪੀਸ ਜਾਂ ਨੁਮਾਇਸ਼ ਦੀ ਸ਼ੈਅ ਬਣਨ ਲਈ ਕਦੇ ਤਿਆਰ ਨਾ ਹੋਣ।

ਬਹੁਤੇ ਲੋਕਾਂ ਦਾ ਧਿਆਨ ਇੱਧਰ ਨਹੀਂ ਜਾਂਦਾ। ਉਹ ਤਾਂ ਅਜਿਹੀਆਂ ਫੋਟੋਆਂ ਦੇਖ ਕੇ ਇਹੀ ਸੋਚਦੇ ਹਨ ਕਿ ਹਾਇ ਉਇ ਰੱਬਾ, ਅਸੀਂ ਇੱਥੇ ਕਦ ਪੁੱਜਾਂਗੇ! ਇਹੀ ਸੋਚਦੇ ਸੋਚਦੇ ਉਹ ਆਪਣੇ ਧੀਆਂ ਪੁੱਤਾਂ ਦੀ ਬਲੀ ਦੇਣ ਦੇ 'ਸੁਨਹਿਰੇ' ਸੁਪਨੇ ਦੇਖਣ ਲੱਗ ਜਾਂਦੇ ਹਨ।

ਸਾਡੇ ਸਾਰੇ ਹੀ ਸਿਆਣੇ ਬਿਆਣੇ ਲੇਖਕ, ਅਲੇਖਕ, ਕਲਾਕਾਰ, ਅਕਲਾਕਾਰ, ਵਿਦਵਾਨ, ਬੁੱਧੀ ਅਤੇ ਅਬੁੱਧੀਜੀਵੀ ਪੰਜਾਬ ਨੂੰ ਯਤੀਮਤ ਦਾ ਅਹਿਸਾਸ ਕਰਵਾ ਰਹੇ ਹਨ।

ਯਤੀਮਤ ਤੋਂ ਚੇਤੇ ਆਇਆ ਕਿ ਸ਼ੇਖ ਸਾਅਦੀ ਨੇ ਲਿਖਿਆ ਕਿ ਯਤੀਮਾਂ ਦੇ ਸਾਹਮਣੇ ਆਪਣੇ ਬੱਚੇ ਦਾ ਮੂੰਹ ਨਹੀਂ ਚੁੰਮੀਂਦਾ। ਪਰ ਸਾਡੇ ਲੋਕ ਤਾਂ ਬਿਗਾਨੇ ਪੁੱਤਾਂ ਦਾ ਮੂੰਹ ਚੱਟਣ ਡਹੇ ਹੋਏ ਹਨ ਕਿ ਉਨ੍ਹਾਂ ਦੇ ਆਪਣੇ ਬੱਚੇ ਹੀ ਖ਼ੁਦ ਨੂੰ ਯਤੀਮ ਸਮਝਣ ਲੱਗ ਪਏ ਹਨ।

# ਸਰੀਰ ਲਈ ਕਿਉਂ ਜ਼ਰੂਰੀ ਹੈ ਵਿਟਾਮਿਨ-ਐਚ?




ਸਰੀਰ ਨੂੰ ਸਿਹਤਮੰਦ ਰਹਿਣ ਲਈ ਸਾਰੇ ਵਿਟਾਮਿਨਾਂ ਦੀ ਜ਼ਰੂਰਤ ਹੁੰਦੀ ਹੈ, ਪਰ ਕਿਸੇ ਵੀ ਪੋਸ਼ਕ ਤੱਤ ਦੀ ਕਮੀ ਤੁਹਾਨੂੰ ਕਈ ਬਿਮਾਰੀਆਂ ਦਾ ਸ਼ਿਕਾਰ ਬਣਾ ਸਕਦੀ ਹੈ। ਇਸ ਦਾ ਅਸਰ ਚਮੜੀ ਤੇ ਵਾਲਾਂ 'ਤੇ ਵੀ ਪੈਂਦਾ ਹੈ। ਹਾਲਾਂਕਿ, ਤੁਸੀਂ ਖੁਰਾਕ ਵਿੱਚ ਬਦਲਾਅ ਕਰਕੇ ਵਿਟਾਮਿਨਾਂ ਦੀ ਕਮੀ ਨੂੰ ਦੂਰ ਕਰ ਸਕਦੇ ਹੋ। ਇਨ੍ਹਾਂ ਜ਼ਰੂਰੀ ਪੋਸ਼ਟਿਕ ਤੱਤਾਂ ਵਿੱਚ ਵਿਟਾਮਿਨ-ਐਚ ਸ਼ਾਮਲ ਹੁੰਦਾ ਹੈ। ਇਸ ਨੂੰ ਵਿਗਿਆਨ ਦੀ ਭਾਸ਼ਾ ਵਿੱਚ ਬਾਇਓਟਿਨ ਕਿਹਾ ਜਾਂਦਾ ਹੈ। ਇਹ ਵਿਟਾਮਿਨ ਚਮੜੀ, ਵਾਲਾਂ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਸਾਡੇ ਸਰੀਰ ਨੂੰ ਊਰਜਾਵਾਨ ਰੱਖਣ ਵਿੱਚ ਮਦਦ ਕਰਦਾ ਹੈ। ਤਾਂ ਆਓ ਜਾਣਦੇ ਹਾਂ ਵਿਟਾਮਿਨ-ਐਚ ਦੇ ਫਾਇਦੇ ਅਤੇ ਇਸ ਦੀ ਕਮੀ ਨੂੰ ਦੂਰ ਕਰਨ ਲਈ ਕੀ ਖਾਣਾ ਚਾਹੀਦਾ ਹੈ।

## ਵਿਟਾਮਿਨ-ਐਚ ਦੇ ਫਾਇਦੇ

ਵਿਟਾਮਿਨ-ਐਚ ਭੋਜਨ ਨੂੰ ਸਰੀਰ ਵਿੱਚ ਊਰਜਾ ਵਿੱਚ ਬਦਲਦਾ ਹੈ। ਜਿਸ ਕਾਰਨ ਤੁਸੀਂ ਦਿਨ ਭਰ ਊਰਜਾਵਾਨ ਰਹਿੰਦੇ ਹੋ।

ਗਰਭ ਅਵਸਥਾ ਵਿੱਚ ਵੀ ਵਿਟਾਮਿਨ-ਐਚ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ।

ਵਿਟਾਮਿਨ-ਐਚ ਨਹੁੰਆਂ ਦੇ ਵਿਕਾਸ ਲਈ ਸਹਾਇਕ ਹੈ।

ਇਹ ਵਿਟਾਮਿਨ ਵਾਲਾਂ ਅਤੇ ਚਮੜੀ ਲਈ ਬਹੁਤ ਜ਼ਰੂਰੀ ਹੈ।

ਵਿਟਾਮਿਨ-ਐਚ ਦੀ ਪੂਰਤੀ ਲਈ ਖਾਓ ਇਹ ਭੋਜਨ

## ਆਂਡੇ

ਬਾਇਓਟਿਨ ਮੁੱਖ ਤੌਰ 'ਤੇ ਆਂਡੇ ਦੀ ਜ਼ਰਦੀ ਵਿੱਚ ਪਾਇਆ ਜਾਂਦਾ ਹੈ। ਇਹ ਪ੍ਰੋਟੀਨ ਅਤੇ ਹੋਰ ਵਿਟਾਮਿਨਾਂ ਅਤੇ ਖਣਿਜਾਂ ਦਾ ਇੱਕ ਚੰਗਾ ਸਰੋਤ ਵੀ ਹਨ। ਤੁਸੀਂ ਆਪਣੀ ਖੁਰਾਕ ਵਿੱਚ ਆਂਡੇ ਨੂੰ ਵੱਖ-ਵੱਖ ਤਰੀਕਿਆਂ ਨਾਲ ਸ਼ਾਮਲ ਕਰ ਸਕਦੇ ਹੋ, ਜਿਵੇਂ ਕਿ ਉਨ੍ਹਾਂ ਨੂੰ ਨਾਸ਼ਤੇ, ਸਲਾਦ ਜਾਂ ਸੈਂਡਵਿਚ ਲਈ ਉਬਲੇ ਹੋਏ ਆਂਡੇ ਵਿੱਚ ਸ਼ਾਮਲ ਕਰਨਾ।

## ਬਦਾਮ

ਬਦਾਮ 'ਚ ਵਿਟਾਮਿਨ-ਐੱਚ ਕਾਫੀ ਮਾਤਰਾ 'ਚ ਹੁੰਦਾ ਹੈ। ਜਿਸ ਕਾਰਨ ਵਾਲਾਂ ਦਾ ਤੇਜ਼ੀ ਨਾਲ ਵਿਕਾਸ ਹੁੰਦਾ ਹੈ। ਉਹ ਸਿਹਤਮੰਦ ਚਰਬੀ ਅਤੇ ਹੋਰ ਵਿਟਾਮਿਨਾਂ ਅਤੇ ਖਣਿਜਾਂ ਦਾ ਇੱਕ ਚੰਗਾ ਸਰੋਤ ਵੀ ਹਨ। ਤੁਸੀਂ ਇਸਨੂੰ ਸਲਾਦ ਜਾਂ ਦਲੀਆ ਵਿੱਚ ਸ਼ਾਮਲ ਕਰ ਸਕਦੇ ਹੋ।

## ਸ਼ਕਰਕੰਦੀ

ਮਿੱਠੇ ਆਲੂ ਬਾਇਓਟਿਨ ਦਾ ਇੱਕ ਚੰਗਾ ਸਰੋਤ ਹਨ। ਇਸ 'ਚ ਫਾਈਬਰ, ਵਿਟਾਮਿਨ-ਏ ਅਤੇ ਪੋਟਾਸ਼ੀਅਮ ਵੀ ਪਾਇਆ ਜਾਂਦਾ ਹੈ। ਤੁਸੀਂ ਸ਼ਕਰਕੰਦੀ ਨੂੰ ਉਬਾਲ ਕੇ ਖਾ ਸਕਦੇ ਹੋ ਜਾਂ ਕੋਈ ਹੋਰ ਨੁਸਖਾ ਵੀ ਅਜ਼ਮਾ ਸਕਦੇ ਹੋ।

## ਸਾਲਮਨ ਮੱਛੀ

ਸਾਲਮਨ ਬਾਇਓਟਿਨ ਦਾ ਇੱਕ ਵਧੀਆ ਸਰੋਤ ਹੈ। ਇਹ ਪ੍ਰੋਟੀਨ ਅਤੇ ਹੋਰ ਵਿਟਾਮਿਨਾਂ ਦਾ ਵੀ ਚੰਗਾ ਸਰੋਤ ਹੈ। ਵਿਟਾਮਿਨ-ਐੱਚ ਦੀ ਪੂਰਤੀ ਲਈ, ਤੁਹਾਨੂੰ ਆਪਣੀ ਖੁਰਾਕ ਵਿੱਚ ਸਲਮਨ ਮੱਛੀ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਤੁਸੀਂ ਇਸ ਨੂੰ ਗਰਿੱਲ ਕਰਕੇ ਵੀ ਖਾ ਸਕਦੇ ਹੋ।

# ਇਤਿਹਾਸ ਤੇ ਆਧੁਨਿਕਤਾ ਦਾ ਸੁਮੇਲ ਹੈਦਰਾਬਾਦ

ਸਫ਼ਾ 1 ਦੀ ਬਾਕੀ

ਅਖੰਡ ਮੂਰਤੀ ਸਥਾਪਤ ਕੀਤੀ ਗਈ ਸੀ। ਏਸ਼ੀਆ ਦੀ ਸਭ ਤੋਂ ਵੱਡੀ ਬਣਾਵਟੀ ਝੀਲ, ਹੁਸੈਨ ਸਾਗਰ ਝੀਲ, ਇਬਰਾਹਿਮ ਕੁਲੀ ਕੁਤਬ ਸ਼ਾਹ ਦੇ ਰਾਜ ਦੌਰਾਨ 1562 ਈਸਵੀ ਵਿੱਚ ਖੁਦਾਈ ਕੀਤੀ ਗਈ ਸੀ। ਮੂਸੀ ਨਦੀ ਦੀ ਇੱਕ ਸਹਾਇਕ ਨਦੀ 'ਤੇ ਬਣੀ, ਝੀਲ ਦਾ ਨਾਮ ਹੁਸੈਨ ਸ਼ਾਹ ਵਲੀ ਦੇ ਨਾਮ 'ਤੇ ਰੱਖਿਆ ਗਿਆ ਹੈ। ਹੁਸੈਨ ਸਾਗਰ ਝੀਲ ਨੂੰ ਸ਼ੁਰੂ ਵਿੱਚ ਸ਼ਹਿਰ ਦੀਆਂ ਸਿੰਚਾਈ ਅਤੇ ਹੋਰ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਣਾਇਆ ਗਿਆ ਸੀ। ਮਸ਼ਹੂਰ ਨੇਕਲੇਸ ਰੋਡ ਝੀਲ ਦੇ ਦੁਆਲੇ ਹੈ ਜੋ ਰਾਤ ਨੂੰ ਹਾਰ ਵਿੱਚ ਹੀਰੇ ਵਾਂਗ ਚਮਕਦੀ ਹੈ।

**ਭਗਵਾਨ ਵੈਂਕਟੇਸ਼ਵਰ ਨੂੰ ਸਮਰਪਿਤ ਬਿਰਲਾ ਮੰਦਰ**

ਬਿਰਲਾ ਮੰਦਰ ਤੇਲੰਗਾਨਾ ਦੇ ਹੈਦਰਾਬਾਦ ਜ਼ਿਲ੍ਹੇ ਦੀ ਸਰਕਾਰ ਦੁਆਰਾ ਬਣਾਇਆ ਗਿਆ ਸੀ ਅਤੇ ਇਸਨੂੰ ਪੂਰਾ ਹੋਣ ਵਿੱਚ ਲਗਭਗ 10 ਸਾਲ ਲੱਗੇ ਸਨ। ਮੰਦਰ ਦੀ ਉਸਾਰੀ 1976 ਵਿੱਚ ਪੂਰੀ ਹੋਈ ਸੀ। ਰਾਮਕ੍ਰਿਸ਼ਨ ਮਿਸ਼ਨ ਦੇ ਸਵਾਮੀ ਰੰਗਨਾਥਨੰਦ ਦੁਆਰਾ ਮੰਦਰ ਨੂੰ ਪਵਿੱਤਰ ਕੀਤਾ ਗਿਆ ਸੀ। ਇਹ ਮੰਦਰ ਭਗਵਾਨ ਵਿਸ਼ਨੂੰ ਦੇ ਇੱਕ ਰੂਪ, ਭਗਵਾਨ ਵੈਂਕਟੇਸ਼ਵਰ ਨੂੰ ਸਮਰਪਿਤ ਹੈ। ਇਹ ਮੰਦਰ ਦੱਖਣੀ ਭਾਰਤੀ ਦ੍ਰਾਵਿੜ ਅਤੇ ਰਾਜਸਥਾਨੀ ਮੰਦਰ ਡਿਜ਼ਾਈਨ ਦੀ ਆਰਕੀਟੈਕਚਰ ਸ਼ੈਲੀ ਦੀ ਪਾਲਣਾ ਕਰਦਾ ਹੈ।

ਹੈਦਰਾਬਾਦ ਜਿੱਥੇ ਇਤਿਹਾਸਿਕ, ਪ੍ਰਾਚੀਨ ਸੰਸਕ੍ਰਿਤੀ ਅਤੇ ਵਿਲੱਖਣ ਸਭਿਆਚਾਰ ਦਾ ਮਿਸ਼ਰਣ ਹਾਂ, ਉੱਥੇ ਹੀ ਅੱਜ ਹੈਦਰਾਬਾਦ ਭਾਰਤ ਦਾ ਇੱਕ ਪ੍ਰਮੁੱਖ ਆਈਟੀ ਹੱਬ ਹੈ, ਜਿੱਥੇ ਬਹੁਤ ਸਾਰੀਆਂ ਵੱਡੀਆਂ ਬਹੁ-ਰਾਸ਼ਟਰੀ ਕੰਪਨੀਆਂ ਸਥਿਤ ਹਨ। ਇਹ ਸ਼ਹਿਰ ਸੂਚਨਾ ਤਕਨਾਲੋਜੀ ਤੇ ਬਾਇਓਟੈਕਨਾਲੋਜੀ ਵਿੱਚ ਵੀ ਇੱਕ ਮਹੱਤਵਪੂਰਨ ਕੇਂਦਰ ਹੈ।

ਮੋਬਾਈਲ: 94655-96231

## ਯੋਗ ਭਾਰਤ ਦੀ ਦੇਣ, ਜਿਸ ਨੂੰ ਪੂਰੇ ਵਿਸ਼ਵ ਨੇ ਅਪਣਾਇਆ : ਵਿਧਾਇਕ ਉੱਗੋਕੇ



ਤਪਾ ਮੰਡੀ, 21 ਜੂਨ (ਭੂਸ਼ਨ ਘੜੈਲਾ )*ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਨ ਸਭਾ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉੱਗੋਕੇ ਨੇ ਕਿਹਾ ਕਿ ਯੋਗ ਸਾਡੇ ਰਿਸ਼ੀ-ਮੁਨੀਆਂ ਦੀ ਦੇਣ ਹੈ, ਪਰ ਕੁਝ ਸਮੇਂ ਤੋਂ ਸਾਡੀ ਇਹ ਪ੍ਰਾਚੀਨ ਪਰੰਪਰਾ ਖ਼ਤਮ ਹੋ ਗਿਆ ਸੀ, ਜਿਸਦਾ ਪ੍ਰਭਾਵ ਮਨੁੱਖਤਾ ਤੇ ਪਿਆ। ਸੰਯੁਕਤ ਰਾਸ਼ਟਰ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਘੋਸ਼ਿਤ ਕਰਕੇ ਭਾਰਤ ਦੀ ਹਜ਼ਾਰਾਂ ਸਾਲ ਪੁਰਾਣੀ ਪਰੰਪਰਾ ਨੂੰ ਮਾਨਤਾ ਦਿੱਤੀ ਹੈ। ਵਿਧਾਇਕ ਲਾਭ ਸਿੰਘ ਉੱਗੋਕੇ ਨੇ ਅੱਜ ਕੌਮਾਂਤਰੀ ਯੋਗ ਦਿਵਸ ਮੌਕੇ ਆਪਣੇ ਹਲਕੇ ਦੇ ਪਿੰਡ ਸ਼ਹਿਣਾ ਵਿੱਚ ਯੋਗ ਸਮਾਗਮ ਕਰਵਾਇਆ ਗਿਆ, ਵਾਸੀਆਂ ਨੂੰ (ਸੀ ਐਮ ਦੀ ਯੋਗਸ਼ਾਲਾ ਸਕੀਮ ਦਾ ਲਾਭ ਲੈ ਕੇ ਸਰੀਰਕ ਅਤੇ ਮਾਨਸਿਕ ਤੰਦਰੁਸਤ ਵੱਲ ਕਦਮ ਵਧਾਉਣ ਦਾ ਸੱਦਾ ਦਿੱਤਾ। ਵਿਧਾਇਕ ਉੱਗੋਕੇ ਨੇ ਯੋਗਪੀਠ ਦੀ ਅਗਵਾਈ ਹੇਠ ਆਯੋਜਿਤ ਯੋਗ ਰਿਹਰਸਲ ਵਿੱਚ ਮੁੱਖ ਮਹਿਮਾਨ ਵਜੋਂ ਹਿੱਸਾ ਲੈ ਕੇ ਯੋਗ ਅਭਿਆਸੀਆਂ ਨੂੰ ਉਤਸ਼ਾਹਤ ਕਰ ਰਹੇ ਸਨ। ਇੱਥੇ ਪਹੁੰਚਣ 'ਤੇ ਵਿਧਾਇਕ ਲਾਭ ਸਿੰਘ ਉੱਗੋਕੇ ਦਾ ਸਵਾਗਤ ਕੀਤਾ ਗਿਆ। ਵਿਧਾਇਕ ਲਾਭ ਸਿੰਘ ਉੱਗੋਕੇ ਸ਼ੁਰੂ ਤੋਂ ਹੀ ਯੋਗ ਅਭਿਆਸੀਆਂ ਨਾਲ ਜੁੜੇ ਹੋਏ ਹਨ ਕਈ ਯੋਗ ਕੈਂਪਾਂ ਵਿੱਚ ਵੀ ਹਿੱਸਾ ਲੈਂਦੇ ਰਹੇ ਹਨ। ਇਸ ਮੌਕੇ ਬੋਲਦਿਆਂ ਲਾਭ ਸਿੰਘ ਉੱਗੋਕੇ ਨੇ ਕਿਹਾ ਕਿ ਯੋਗਾ ਸਿਰਫ਼ ਇਕ ਦਿਨ ਲਈ ਨਹੀਂ, ਸਗੋਂ ਇਸਨੂੰ ਰੋਜ਼ਾਨਾ ਰੁਟੀਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਸਵੇਰੇ ਜਲਦੀ ਉੱਠਣ ਦੀ ਆਦਤ ਪੂਰੇ ਦਿਨ ਦੇ ਸ਼ਡਿਊਲ ਨੂੰ ਵਿਵਸਥਿਤ ਬਣਾਉਂਦੀ ਹੈ। ਸਰੀਰਕ ਤੌਰ ਤੇ ਤੰਦਰੁਸਤ ਵਿਅਕਤੀ ਆਪਣੇ ਅਤੇ ਆਪਣੇ ਪਰਿਵਾਰ ਦੇ ਜੀਵਨ ਨੂੰ ਸਫ਼ਲ ਬਣਾਉਂਦਾ ਹੈ ਸਿਹਤਮੰਦ ਵਿਅਕਤੀ ਹੀ ਬਿਹਤਰ ਸਮਾਜ ਦੇ ਨਿਰਮਾਣ 'ਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਲਾਭ ਸਿੰਘ ਉੱਗੋਕੇ ਨੇ ਕਿਹਾ ਕਿ ਜਿਸ ਤਰ੍ਹਾਂ 21 ਜੂਨ ਦੇ ਪ੍ਰੋਗਰਾਮ ਲਈ ਜਾਗਰੂਕਤਾ ਰੈਲੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਉਸੇ ਤਰ੍ਹਾਂ ਲੋਕਾਂ ਨੂੰ ਯੋਗ ਨਾਲ ਜੋੜਨ ਲਈ ਨਿਯਮਤ ਪ੍ਰੋਗਰਾਮ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਪਹਿਲਾਂ ਮੁਬਾਰਕਪੁਰ ਵਿੱਚ ਵੀ ਪਤੰਜਲੀ ਯੋਗਪੀਠ ਵੱਲੋਂ ਆਯੋਜਿਤ ਪ੍ਰੋਗਰਾਮ ਵਿੱਚ ਲਾਭ ਸਿੰਘ ਉੱਗੋਕੇ ਨੇ ਹਿੱਸਾ ਲਿਆ ਅਤੇ ਯੋਗ ਅਭਿਆਸੀਆਂ ਨਾਲ ਗੱਲਬਾਤ ਕੀਤੀ। ਇੱਥੇ ਪੰਚਾਇਤਾਂ ਅਤੇ ਕਈ ਹੋਰਾਂ ਨੇ ਵਿਧਾਇਕ ਲਾਭ ਸਿੰਘ ਉੱਗੋਕੇ ਦਾ ਸਵਾਗਤ ਕੀਤਾ। ਇਸ ਮੌਕੇ ਯੋਗ ਅਭਿਆਸੀ ਵਿੱਦਿਆ ਮੰਦਰ ਸਕੂਲ ਤਪਾ ਵਿਖੇ ਯੋਗ ਅਭਿਆਸੀਆ ਕੀਤੀ ਗਈ। ਮੌਕੇ :ਤੇ ਸਬ ਡਵੀਜ਼ਨ ਤਪਾ ਦੀ ਐਸ ਡੀ ਐਮ ਸਿਮਰਪ੍ਰੀਤ ਕੌਰ,ਨਿੱਜੀ ਸਹਾਇਕ ਹੈਰੀ ਧੂਰਕੋਟ, ਸਮਾਜ ਸੇਵੀ ਡਾਕਟਰ ਬਾਲ ਚੰਦ ਬਾਂਸਲ, ਸਮਾਜ ਸੇਵੀ ਦੀਪਕ ਗੱਗ, ਕੌਂਸਲਰ ਰਣਜੀਤ ਸਿੰਘ ਲਾਡੀ, ਪ੍ਰਧਾਨ ਗੁਰਤੇਜ ਸਿੰਘ ਧਾਲੀਵਾਲ, ਪ੍ਰਧਾਨ ਜਸਵਿੰਦਰ ਸਿੰਘ ਚੱਠਾ,ਸਬ ਡਵੀਜ਼ਨ ਤਪਾ ਦੇ ਉਪ ਕਪਤਾਨ ਗੁਰਬਿੰਦਰ ਸਿੰਘ, ਐਸ ਡੀ ਐਮ ਦੇ ਰੀਡਰ ਜਗਸੀਰ ਸਿੰਘ ਆਦਿ ਸਨ।

## ਸ਼੍ਰੀਮਦ ਭਾਗਵਤ ਕਥਾ ਸਮਿਤੀ ਤਪਾ ਨੇ ਨੀਟ ਦੇ ਟਾਪਰ ਕੇਸ਼ਵ ਮਿੱਤਲ ਨੂੰ ਸਨਮਾਨਿਤ ਕੀਤਾ



ਤਪਾ ਮੰਡੀ, 21ਜੂਨ(ਭੂਸ਼ਨ ਘੜੈਲਾ): ਸਥਾਨਕ ਸ਼ਹਿਰ ਦੇ ਵਸਨੀਕ ਡਾ. ਪ੍ਰਮੋਦ ਮਿੱਤਲ ਦੇ ਪੁੱਤਰ ਕੇਸ਼ਵ ਮਿੱਤਲ, ਜਿਸਨੇ ਹਾਲ ਹੀ ਵਿੱਚ ਐਲਾਨੇ ਗਏ ਨੀਟਾ ਦੇ ਨਤੀਜਿਆਂ ਵਿੱਚ ਆਲ ਇੰਡੀਆ ਵਿੱਚ 7ਵਾਂ ਅਤੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ, ਨੂੰ ਪ੍ਰਸ਼ਾਸਨ, ਵਿਦਿਅਕ ਸੰਸਥਾਵਾਂ ਅਤੇ ਹੋਰ ਸਮਾਜ ਸੇਵੀ ਅਤੇ ਧਾਰਮਿਕ ਸੰਗਠਨਾਂ ਵੱਲੋਂ ਸਨਮਾਨਿਤ ਕਰਨ ਦਾ ਸਿਲਸਿਲਾ ਜਾਰੀ ਹੈ। ਇਸੇ ਕ੍ਰਮ ਵਿੱਚ, ਕੱਲ੍ਹ ਕੇਸ਼ਵ ਮਿੱਤਲ ਨੂੰ ਸਥਾਨਕ ਸ਼੍ਰੀਮਦ ਭਾਗਵਤ ਕਥਾ ਸਮਿਤੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਸਾਰੇ ਮੈਂਬਰਾਂ ਨੇ ਕੇਸ਼ਵ ਮਿੱਤਲ ਨੂੰ ਹਾਰ ਪਹਿਨਾਏ।ਖੁਸ਼ੀ ਮਹਿਸੂਸ ਕਰਦੇ ਹੋਏ ਕੇਸ਼ਵ ਮਿੱਤਲ ਨੇ ਸਾਰੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੇਰੀ ਸਫਲਤਾ ਪਿੱਛੇ ਸ਼ਹਿਰ ਦੇ ਸਾਰੇ ਬਜ਼ੁਰਗਾਂ ਦਾ ਆਸ਼ੀਰਵਾਦ, ਮਾਪਿਆਂ ਦਾ ਯੋਗਦਾਨ ਅਤੇ ਸਾਰਿਆਂ ਦਾ ਪਿਆਰ ਹੈ। ਇਸ ਮੌਕੇ ਕੇਸ਼ਵ ਮਿੱਤਲ ਦੇ ਪਿਤਾ ਡਾਕਟਰ ਪ੍ਰਮੋਦ ਮਿੱਤਲ, ਦਾਦਾ ਕੇਵਲ ਕ੍ਰਿਸ਼ਨ ਮਿੱਤਲ, ਵਿੱਕੀ ਤਾਜੋ, ਪ੍ਰੇਮ ਧੌਲਾ, ਓਮ ਪ੍ਰਕਾਸ਼, ਵਿਜੇ ਜਿੰਦਲ, ਟਿੰਕੂ ਮਿੱਤਲ, ਅਸ਼ੋਕ ਕੁਮਾਰ, ਰਮੇਸ਼ ਭੈਣੀ, ਵਿਜੇ ਧੂਰਕੋਟੀਆ, ਅਵਿਨਾਸ਼ ਗੋਇਲ ਅਤੇ ਕਮੇਟੀ ਦੇ ਸਮੂਹ ਮੈਂਬਰ ਹਾਜ਼ਰ ਸਨ।

## ਮਲੋਟ ਦੇ ਸ੍ਰੀ ਬਾਲਾ ਜੀ ਮੰਦਿਰ ਵਿਖੇ 16ਵਾਂ ਮੂਰਤੀ ਸਥਾਪਨਾ ਦਿਵਸ ਅਤੇ ਵਿਸ਼ਾਲ ਜਾਗਰਣ ਕਰਵਾਇਆ



ਮਲੋਟ,21 ਜੂਨ ( ਅਮਨਦੀਪ ਸਿੰਘ ਮਹਿਰਾ ): ਸ਼ਹਿਰ ਦੇ ਪਟੇਲ ਨਗਰ ਦੀ ਗਲੀ ਨੰਬਰ 4 ਵਿਖੇ ਸਤਿਥ ਸ੍ਰੀ ਬਾਲਾ ਜੀ ਮੰਦਿਰ ਵਿਖੇ 16ਵੇਂ ਮੂਰਤੀ ਸਥਾਪਨਾ ਦਿਵਸ ਦੀ ਖੁਸ਼ੀ ਦੇ ਵਿੱਚ ਵਿਸ਼ਾਲ ਜਾਗਰਣ ਕਰਵਾਇਆ ਗਿਆ। ਇਸ ਮੌਕੇ 'ਤੇ ਬਾਬਾ ਜੀ ਦੇ ਸੁੰਦਰ ਦਰਬਾਰ ਦੀ ਸ਼ੋਭਾ ਦੇਖਣ ਯੋਗ ਸੀ। ਇਸ ਮੌਕੇ 'ਤੇ ਇਲਾਕੇ ਭਰ ਦੀ ਧਰਮ ਪ੍ਰੇਮੀ ਜਨਤਾ ਨੇ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਰਪ੍ਰਸਤ ਕ੍ਰਿਸ਼ਨ ਲਾਲ (ਪੱਪੂ), ਪ੍ਰਧਾਨ ਡਾ. ਸਤਪਾਲ ਵਰਮਾ, ਪੁਜਾਰੀ ਪੰਡਿਤ ਭੂਰਾ ਰਾਮ ਅਤੇ ਸੋਨੂ ਵਰਮਾ ਨੇ ਦੱਸਿਆ ਕਿ ਇਸ ਸ੍ਰੀ ਬਾਲਾ ਜੀ ਮੰਦਿਰ ਦੇ ਸੰਸਥਾਪਕ ਸ੍ਰੀ ਭਗਵਾਨ ਦਾਸ ਸਪੁੱਤਰ ਸਵ. ਸ੍ਰੀ ਬੂਟਾ ਰਾਮ ਪ੍ਰਜਾਪਤ ਸਿਰਸਾ (ਹਰਿਆਣਾ) ਵਾਲਿਆਂ ਦੇ ਸਹਿਯੋਗ ਨਾਲ ਜੈ ਸ੍ਰੀ ਹਨੂੰਮਾਨ ਸਾਲਾਸਰ ਪ੍ਰਬੰਧਕ ਕਮੇਟੀ, ਮਲੋਟ ਵੱਲੋਂ ਪਟੇਲ ਨਗਰ, ਗਲੀ ਨੰਬਰ 4, ਮਲੋਟ ਵਿੱਚ 16ਵਾਂ ਮੂਰਤੀ ਸਥਾਪਨਾ ਦਿਵਸ ਅਤੇ ਵਿਸ਼ਾਲ ਜਾਗਰਣ ਕਰਵਾਇਆ ਗਿਆ ਹੈ। ਇਸ ਮੌਕੇ ਤੇ ਡਾ. ਸਤਪਾਲ ਵਰਮਾ, ਸੋਨੂੰ ਵਰਮਾ ਐਂਡ ਪਾਰਟੀ ਦੇ ਭਜਨ ਗਾਇਕਾਂ ਨੇ ਆਪਣੀ ਸੁਰੀਲੀ ਆਵਾਜ਼ ਦੇ ਵਿੱਚ ਇੱਕ ਤੋਂ ਇੱਕ ਚਾਰ ਬਾਬਾ ਤੇਰੀ ਜੈ ਜੈਕਾਰ, ਪਿਆਰਾ ਵਾਂਗੂ ਨੱਚਣਾ ਪੈਂਦਾ ਵਿੱਚ ਘੁੰਗਰੂ ਪਾ ਕੇ ਆਦਿ ਭਜਨ ਗਾਏ ਤਾਂ ਆਈ ਹੋਈ ਸੰਗਤ ਮਸਤੀ ਵਿੱਚ ਨੱਚਣ ਤੇ ਮਜਬੂਰ ਹੋ ਗਈ। ਇਸ ਦੌਰਾਨ ਆਏ ਹੋਏ ਪਤਵੰਤੇ ਲੋਕਾਂ ਨੂੰ ਪ੍ਰਬੰਧਕ ਕਮੇਟੀ ਦੇ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਆਈ ਹੋਈ ਸੰਗਤ ਨੂੰ ਲੰਗਰ ਵੀ ਛਕਾਇਆ ਗਿਆ ਅਤੇ ਠੰਡਾ ਮਿੱਠਾ ਜਲ ਵੀ ਪਿਲਾਇਆ ਗਿਆ। ਇਸ ਮੌਕੇ ਤੇ ਭਗਵਾਨ ਦਾਸ, ਕ੍ਰਿਸ਼ਨ ਲਾਲਾ, ਹੰਸਰਾਜ, ਰਾਜ ਕੁਮਾਰ, ਸੁਨੀਲ ਕੁਮਾਰ, ਸੋਨੂ ਵਰਮਾ, ਅਜੇ ਕੁਮਾਰ, ਹੇਤ ਰਾਮ, ਤਿਲਕ ਰਾਜ, ਸੋਹਣ ਲਾਲ, ਰਾਕੇਸ਼ ਕੁਮਾਰ (ਪੰਜਾਬ ਪੁਲਿਸ) , ਅਮਨ ਵਰਮਾ, ਪੰਡਿਤ ਜਤਿੰਦਰ ਸ਼ਾਸਤਰੀ, ਪੰਡਿਤ ਸੰਜੀਵ ਸ਼ਾਸਤਰੀ ਭਾਰੀ ਸੰਖਿਆ ਵਿੱਚ ਧਰਮ ਪ੍ਰੇਮੀ ਲੋਕ ਹਾਜ਼ਰ ਸਨ।

## ਰੇਡੀਮੇਡ ਬਸਾਤੀ ਐਸੋਸੀਏਸ਼ਨ ਵੱਲੋਂ ਆਪਣੀਆਂ ਦੁਕਾਨਾਂ ਦੋ ਦਿਨ ਬੰਦ ਰੱਖ ਕੇ ਛੁੱਟੀਆਂ ਮਨਾਉਣ ਦਾ ਐਲਾਨ



ਤਪਾ ਮੰਡੀ, 21ਜੂਨ (ਭੂਸ਼ਨ ਘੜੈਲਾ):ਤਪਾ ਰੇਡੀਮੇਡ -ਬਸਾਤੀ ਯੂਨੀਅਨ ਦੀ ਹੰਗਾਮੀ ਮੀਟਿੰਗ ਐਸੋਸੀਏਸ਼ਨ ਦੇ ਸੈਕਟਰੀ ਮੱਖਣ ਜਨਰਲ ਸਟੋਰ ਦੀ ਦੁਕਾਨ ਦੇ ਉੱਪਰ ਕੀਤੀ ਗਈ ਜਿਸ ਦੀ ਅਗਵਾਈ ਯੂਨੀਅਨ ਦੇ ਚੇਅਰਮੈਨ ਸੰਦੀਪ ਕੁਮਾਰ ਵਿੱਕੀ ਅਤੇ ਪ੍ਰਧਾਨ ਅਸ਼ੋਕ ਕੁਮਾਰ ਘੜੈਲਾ ਵੱਲੋਂ ਕੀਤੀ ਗਈ ਇਸ ਮੀਟਿੰਗ ਦੇ ਵਿੱਚ ਬਾਕੀ ਅਹੁਦੇਦਾਰਾਂ ਅਤੇ ਚੁਣੀ ਗਈ 25 ਮੈਂਬਰੀ ਕਮੇਟੀ ਨੇ ਵੀ ਸ਼ਮੂਲੀਅਤ ਕੀਤੀ ਜਿਸਦੇ ਵਿੱਚ ਸਭ ਤੋਂ ਪਹਿਲਾਂ ਪਿਛਲੇ ਦਿਨੀਂ ਯੂਨੀਅਨ ਦੇ ਸਰਪ੍ਰਸਤ ਰਾਧਾ ਰਾਮ ਜੀ ਦੇ ਹੋਏ ਦੇਹਾਂਤ ਦੇ ਚਲਦਿਆ ਦੋ ਮਿੰਟ ਦਾ ਮੌਨ ਧਾਰ ਕੇ ਰਾਧਾ ਰਾਮ ਜੀ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਯੂਨੀਅਨ ਦੇ ਵੱਲੋਂ ਹੇਠ ਲਿਖੇ ਕੁਝ ਮਤੇ ਪਾਸ ਕੀਤੇ ਗਏ ਯੂਨੀਅਨ ਦੇ ਵੱਲੋਂ ਮੀਟਿੰਗ ਦੇ ਵਿੱਚ ਦੁਕਾਨਦਾਰਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ 5 ਅਤੇ 6 ਜੁਲਾਈ ਨੂੰ ਯੂਨੀਅਨ ਦੀਆਂ ਸਾਰੀਆਂ ਦੁਕਾਨਾਂ ਜਿਵੇਂ ਕਿ ਰੇਡੀਮੇਡ, ਬਸਾਤੀ, ਬੂਟ ਚੱਪਲ, ਗਿਫਟ ਹਾਊਸ, ਹੋਲਸੇਲਰ ਅਤੇ ਕਿਤਾਬਾਂ ਦੀਆਂ ਦੁਕਾਨਾਂ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ। ਬੀਤੇ ਦਿਨੀ ਯੂਨੀਅਨ ਦੇ ਸਰਪ੍ਰਸਤ ਰਾਧਾ ਰਾਮ ਦੇ ਹੋਏ ਦੇਹਾਂਤ ਤੋਂ ਬਾਅਦ ਸਰਪ੍ਰਸਤ ਦੇ ਖਾਲੀ ਹੋਏ ਅਹੁਦੇ 'ਤੇ ਰਾਮ ਲਾਲ( ਸ਼ੇਰ) ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ ਅਤੇ ਜਰਨਲ ਸੈਕਟਰੀ ਦੇ ਤੌਰ 'ਤੇ ਮੱਖਣ ਲਾਲ ਸਿੰਗਲਾ ਨੂੰ ਨਿਯੁਕਤ ਕੀਤਾ ਗਿਆ ਇਹਨਾਂ ਸਾਰੇ ਫੈਸਲਿਆਂ ਦੇ ਉੱਪਰ ਆਏ ਹੋਏ ਕਮੇਟੀ ਮੈਂਬਰਾਂ ਅਤੇ ਅਹੁਦੇਦਾਰਾਂ ਦੇ ਵੱਲੋਂ ਸਹਿਮਤੀ ਜਤਾਈ ਗਈਇਸ ਮੌਕੇ ਵਾਇਸ ਪ੍ਰਧਾਨ ਰਾਕੇਸ਼ ਕੁਮਾਰ ਯੋਗੀ ਘੜੈਲਾ, ਵਾਇਸ ਚੇਅਰਮੈਨ ਰਮੇਸ਼ ਕੁਮਾਰ ਕਾਲਾ, ਕੈਸ਼ੀਅਰ ਮੰਗੂ ਮੌੜ, ਪ੍ਰੈੱਸ ਸਕੱਤਰ ਬੱਬੂ ਤਨੇਜਾ, ਨੋਨੂ ਮੌੜ, ਰੋਹਿਤ ਜੈਨ, ਪੱਪੂ ਅਰੋੜਾ ਸਾਰੇ ਸਲਾਹਕਾਰ, ਰੋਹਿਤ ਕੁਮਾਰ, ਸੰਦੀਪ ਰਿੰਕੂ ਭੈਣੀ, ਹੈਪੀ, ਪਵਨ ਧੂਰਕੋਟੀਆ, ਲਾਡੀ ਅਤੇ ਹੋਰ ਯੂਨੀਅਨ ਦੇ ਮੈਂਬਰ ਮੌਜੂਦ ਸਨ।

## ਹਰਦੀਪ ਸਿੰਘ ਦੌਲਤਪੁਰ ਨੇ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨਾਲ ਕੀਤੀ ਮੁਲਾਕਾਤ

ਧੂਰੀ, 21 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਕਥਿਤ ਬਿਆਨ ਦੀ ਆਲੋਚਨਾ ਕੀਤੀ ਕਿ ਉਹ ਤਿੰਨ ਜੰਮੂ-ਕਸ਼ਮੀਰ ਦਰਿਆਵਾਂ ਦਾ ਪਾਣੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਨਹੀਂ ਵਗਣ ਦੇਣਗੇ। ਸ੍ਰੀ ਦੌਲਤਪੁਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਹਲਕੇ ਦੇ ਤਾਜਾ ਹਾਲਾਤਾਂ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੂੰ ਅਜਿਹੀਆਂ ਟਿੱਪਣੀਆਂ ਕਰਨਾ ਸ਼ੋਭਾ ਨਹੀਂ ਦਿੰਦਾ, ਜਦੋਂ ਕਿ ਪਾਣੀ ਨੂੰ ਪਾਕਿਸਤਾਨ ਜਾਣ ਤੋਂ ਬਚਾਉਣ ਲਈ ਨਹਿਰਾਂ ਬਣਾਉਣ ਦਾ ਪ੍ਰਸਤਾਵ ਰੱਖਿਆ ਗਿਆ ਹੈ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਉਮਰ ਹੁਣ ਮੁੱਦੇ ਦਾ ਸਿਆਸੀਕਰਨ ਕਰਨ ਅਤੇ ਕੁਝ ਸਿਆਸੀ ਨੰਬਰ ਬਣਾਉਣ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੁੱਦਾ ਰਾਸ਼ਟਰੀ ਹਿੱਤ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਸੰਵੇਦਨਸ਼ੀਲ ਹੈ, ਤਾਂ ਅਜਿਹੇ ਹਾਲਾਤਾਂ ਵਿੱਚ ਉਕਤ ਬਿਆਨ ਵਿਚ ਸਿਆਸੀ ਪੱਖਪਾਤ ਦਿਖਦਾ ਹੈ। ਇਸ ਤੋਂ ਇਲਾਵਾ, ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੂੰ ਇਸ ਪੜਾਅ ਤੇ ਅਜਿਹੀਆਂ ਟਿੱਪਣੀਆਂ ਨਹੀਂ ਕਰਨੀਆਂ ਚਾਹੀਦੀਆਂ ਸਨ ਅਤੇ ਅਸਹਿਮਤੀ ਭਰੇ ਬੋਲ ਨਹੀਂ ਬੋਲਣੇ ਚਾਹੀਦੇ ਸਨ।



## ਯੋਗ ਮਨ ਨੂੰ ਸ਼ਾਂਤੀ ਪ੍ਰਦਾਨ ਕਰਨ ਦੇ ਨਾਲ ਨਾਲ ਸਰੀਰ ਨੂੰ ਨਿਰੋਗ ਵੀ ਰੱਖਦੈ : ਅਮਨ ਅਰੋੜਾ



ਸੁਨਾਮ, 21 ਜੂਨ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਅੱਜ ਦੀ ਦੌੜ ਭੱਜ ਦੀ ਮਨੁੱਖੀ ਜ਼ਿੰਦਗੀ ਵਿੱਚ ਮਨ ਦੀ ਸ਼ਾਂਤੀ ਬਹੁਤ ਜਰੂਰੀ ਹੈ ਜਿਹੜੀ ਕਿ ਯੋਗਾ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਯੋਗਾ ਮਨ ਨੂੰ ਸ਼ਾਂਤੀ ਪ੍ਰਦਾਨ ਕਰਵਾਉਣ ਦੇ ਨਾਲ ਨਾਲ ਇਹ ਸਰੀਰ ਨੂੰ ਨਿਰੋਗ ਵੀ ਰੱਖਦਾ ਹੈ। ਉਨ੍ਹਾਂ ਆਮ ਲੋਕਾਂ ਅਤੇ ਹਾਜ਼ਰੀਨ ਨੂੰ ਯੋਗ ਕਿਰਿਆਵਾਂ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸ਼ਾਮਿਲ ਕਰਨ ਲਈ ਪ੍ਰੇਰਿਆ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਆਲੇ ਦੁਆਲੇ ਆਮ ਜਨਤਾ ਨੂੰ ਵੀ ਯੋਗ ਪ੍ਰਤੀ ਜਾਗਰੂਕ ਕਰਨਾ ਚਾਹੀਦਾ ਹੈ, ਤਾਂ ਜੋ ਆਪਣੀ ਅਤੇ ਆਪਣੇ ਸਹਿਕਰਮੀਆਂ ਦੀ ਸਿਹਤ ਤੰਦਰੁਸਤ ਰਹੇ ਅਤੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਰਹੇ। ਉਹ ਅੱਜ ਸੁਨਾਮ ਸ਼ਹਿਰ ਵਿਖੇ ਭਾਰਤ ਵਿਕਾਸ ਪ੍ਰੀਸ਼ਦ ਅਤੇ ਸਹਿਯੋਗੀ ਪਤੰਜਲੀ ਯੋਗ ਸਮਿਤੀ, ਅਗਰਵਾਲ ਸਭਾ, ਲਾਇਨਜ਼ ਕਲੱਬ, ਸ੍ਰੀ ਸੂਰਜਕੁੰਡ ਐਂਸ ਵੀ ਐਮ ਵੱਲੋਂ ਗੀਤਾ ਭਵਨ ਮੰਦਿਰ ਕੰਪਲੈਕਸ ਵਿਖੇ, ਰੋਟਰੀ ਕਲੱਬ ਸੁਨਾਮ ਵੱਲੋਂ ਰੋਟਰੀ ਕੰਪਲੈਕਸ ਵਿਖੇ, ਸਵੇਰ ਕੀ ਸੈਰ ਅਤੇ ਸ਼ਹੀਦ ਊਧਮ ਸਿੰਘ ਯੋਗਾ ਗਰੁੱਪ ਵੱਲੋਂ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ ਮਨਾਏ ਗਏ ਅੰਤਰ ਰਾਸ਼ਟਰੀ ਯੋਗਾ ਦਿਵਸ ਸਮਾਗਮਾਂ ਮੌਕੇ ਸ਼ਿਰਕਤ ਕਰਨ ਉਪਰੰਤ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਸਰੀਰਕ ਪੱਖੋਂ ਤੰਦਰੁਸਤ ਅਤੇ ਮਾਨਸਿਕ ਤੌਰ ਉੱਤੇ ਮਜ਼ਬੂਤ ਰੱਖਣ ਲਈ ਸੀ ਐਮ ਦੀ ਯੋਗਸ਼ਾਲਾ ਤਹਿਤ ਮੁਫ਼ਤ ਯੋਗ ਕਲਾਸਾਂ ਲਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਇਕੱਲੇ ਜ਼ਿਲ੍ਹਾ ਸੰਗਰੂਰ ਵਿੱਚ ਹੀ ਰੋਜ਼ਾਨਾ 372 ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ 5000 ਤੋਂ ਵਧੇਰੇ ਆਮ ਲੋਕ ਲਾਭ ਲੈ ਰਹੇ ਹਨ। ਉਹਨਾਂ ਸ਼ਹਿਰ ਵਾਸੀਆਂ ਨੂੰ ਸੀ ਐੱਮ ਦੀ ਯੋਗਸ਼ਾਲਾ ਦਾ ਲਾਹਾ ਲੈਣ ਅਤੇ ਯੋਗ ਕਿਰਿਆਵਾਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸ਼ਾਮਿਲ ਕਰਨ ਲਈ ਪ੍ਰੇਰਿਆ। ਇਹਨਾਂ ਸਮਾਗਮਾਂ ਦੌਰਾਨ ਯੋਗਾ ਮਾਹਿਰਾਂ ਵੱਲੋਂ ਯੋਗ ਕਿਰਿਆਵਾਂ ਕਰਵਾਈਆਂ ਗਈਆਂ। ਇਸ ਮੌਕੇ ਵੱਖ ਵੱਖ ਸਮਾਗਮਾਂ ਵਿੱਚ ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਰਵੀ ਕਮਲ ਗੋਇਲ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਾਕੇਸ਼ ਕੁਮਾਰ, ਬਲਵਿੰਦਰ ਬਾਂਸਲ, ਰਵਿੰਦਰ ਹੈਪੀ, ਮਹਿਲਾ ਆਗੂ ਸੀਮਾ ਰਾਣੀ, ਰੋਟਰੀ ਕਲੱਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ, ਹਨੀਸ਼ ਸਿੰਗਲਾ, ਰਾਜਨ ਸਿੰਗਲਾ, ਅਮਨਦੀਪ ਸ਼ਾਸ਼ਤਰੀ, ਜੋਨਸ ਗੁਪਤਾ ਸਵੇਰ ਦੀ ਸੈਰ ਅਤੇ ਐਸ ਯੂ ਐਸ ਯੋਗਾ ਗਰੁੱਪ ਦੇ ਮੈਂਬਰ ਮਨਪ੍ਰੀਤ ਬਾਂਸਲ, ਗੁਰਦੀਪ ਸਿੰਘ, ਕੁਨਾਲ ਗੋਇਲ, ਅਸ਼ੋਕ ਗਾਂਧੀ, ਚਮਕੌਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

## ਬੀਕੇਯੂ ਲੱਖੋਵਾਲ ਦੀ ਪਿੰਡ ਜਲਾਲ ਵਿਖੇ ਮੀਟਿੰਗ, ਨਵੀਂ ਇਕਾਈ ਦਾ ਗਠਨ



ਭਗਤਾ ਭਾਈ ਕਾ, 21 ਜੂਨ (ਸਵਰਨ ਸਿੰਘ ਭਗਤਾ): ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਬਠਿੰਡਾ ਦੀ ਇਕੱਤਰਤਾ ਪਿੰਡ ਜਲਾਲ ਪ੍ਰਧਾਨ ਸੁਖਮੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿਲਾ ਪ੍ਰੈੱਸ ਸਕੱਤਰ ਹਰਜੀਤ ਸਿੰਘ ਗਿੱਲ ਨੇ ਦੱਸਿਆ ਕਿ ਪਿੰਡ ਜਲਾਲ ਦੀ ਨਵੀਂ ਇਕਾਈ ਦੀ ਚੋਣ ਕਰਕੇ ਪਰਮਜੀਤ ਸਿੰਘ ਨੂੰ ਇਕਾਈ ਪ੍ਰਧਾਨ, ਡਾਕਟਰ ਮਲਕੀਤ ਸਿੰਘ ਖਜਾਨਚੀ, ਰਾਮ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਜੰਟ ਸਿੰਘ ਮੀਤ ਪ੍ਰਧਾਨ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਅਤੇ ਡਾਕਟਰ ਕੁਲਦੀਪ ਸਿੰਘ ਨੂੰ ਬਲਾਕ ਫੂਲ ਦੀ ਜਿੰਮੇਵਾਰੀ ਦਿੱਤੀ ਗਈ। ਇਸ ਮੌਕੇ 'ਤੇ ਸੰਬੋਧਨ ਕਰਦਿਆਂ ਪ੍ਰਧਾਨ ਸੁਖਮੰਦਰ ਸਿੰਘ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ , ਕਿਸਾਨਾਂ ਤੇ ਮਜ਼ਦੂਰਾਂ ਬਾਰੇ ਕੋਈ ਠੋਸ ਨੀਤੀ ਨਹੀਂ ਲਿਆ ਰਹੀ। ਉਨ੍ਹਾਂ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਜਾਣੂੰ ਕਰਵਾਉਂਦਿਆਂ ਕਿਹਾ ਕਿ ਸਰਕਾਰ ਖੇਤੀਬਾੜੀ ਲਈ ਸਬਸਿਡੀ 'ਤੇ ਮਿਲ ਰਹੀਆਂ ਵਸਤਾਂ ਵਿਸ਼ਵ ਵਪਾਰ ਸੰਸਥਾ ਦੇ ਇਸ਼ਾਰੇ ਉੱਤੇ ਖਤਮ ਕਰਨ 'ਤੇ ਤੁਲੀ ਹੋਈ ਹੈ ਅਤੇ ਕਾਰਪਰੇਟ ਘਰਾਣਿਆਂ ਨੂੰ ਉਤਸ਼ਾਹਿਤ ਕਰ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰਾਂ ਨਾ ਕਰਜਾ ਮਾਫੀ ਦੀ ਕੋਈ ਯੋਜਨਾ, ਨਾ ਆਮ ਲੋਕਾਂ ਨੂੰ ਕਰਜੇ ਵਿੱਚੋਂ ਕੱਢਣ ਦੀ ਕੋਈ ਯੋਜਨਾ, ਨਾ ਫਸਲੀ ਵਿਭਿੰਨਤਾ ਬਾਰੇ ਦੂਜੀਆਂ ਵਸਤੂਆਂ ਦੇ ਰੇਟ ਦੇਣ ਆਦਿ 'ਤੇ ਕੋਈ ਠੋਸ ਯੋਜਨਾ ਨਹੀਂ ਬਣਾ ਰਹੀ। ਇਸ ਮੌਕੇ ਮੇਜਰ ਸਿੰਘ, ਭੀਮ ਸੈਨ ਕਾਨੂੰਗੋ, ਹਰਿ ਸਿਮਰਨ ਸਿੰਘ, ਮੰਦਰ ਸਿੰਘ, ਮਨਜੋਤ ਸਿੰਘ, ਸਰਬਾ ਜਲਾਲ, ਗੁਰਮੀਤ ਸਿੰਘ, ਜਗਤਾਰ ਸਿੰਘ, ਕੇਵਲ ਸਿੰਘ, ਹਰਕ੍ਰਿਸ਼ਨ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਮੈਡੀਕਲ ਲੈਬੋਰੇਟਰੀ ਐਸੋਸੀਏਸ਼ਨ ਦੀ ਚੋਣ ਵਿੱਚ ਜਸ਼ੋਰੀਆ ਬਲਾਕ ਪ੍ਰਧਾਨ ਬਣੇ



ਧੂਰੀ, 21 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਜੈ ਮਲਾਪ ਮੈਡੀਕਲ ਲਬੋਰੇਟਰੀ ਐਸੋਸ਼ੀਏਸ਼ਨ ਬਲਾਕ ਧੂਰੀ ਦੀ ਜ਼ਿਲ੍ਹਾ ਪ੍ਰਧਾਨ ਵਿਸ਼ਾਲ ਕੌਂਸਲ ਦੀ ਅਗਵਾਈ ਹੇਠ ਹੋਈ ਚੋਣ ਵਿੱਚ ਰਾਜ ਕੁਮਾਰ ਜਸ਼ੋਰੀਆ ਨੂੰ ਐਸੋ‹ਸੀਏਸ਼ਨ ਦੀ ਬਲਾਕ ਕਮੇਟੀ ਦਾ ਅਗਲੇ ਦੋ ਸਾਲਾਂ ਲਈ ਮੁੜ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਕੈਸ਼ੀਅਰ ਸਚਿਨ ਸਿੰਗਲਾ ਅਤੇ ਸੈਕਟਰੀ ਜਗਸੀਰ ਸਿੰਘ ਨੂੰ ਨਾਮਜ਼ਦ ਕੀਤਾ ਗਿਆ। ਇਸ ਮੌਕੇ ਜੱਥੇਬੰਦੀ ਦੇ ਲੇਖੇ ਜੋਖੇ ਦਾ ਹਿਸਾਬ ਕਰਦਿਆ ਅੱਗੇ ਨੂੰ ਹੋਰ ਵੀ ਵੱਧ ਚੜਕੇ ਕੰਮ ਕਰਨ ਦਾ ਅਹਿਦ ਕੀਤਾ ਗਿਆ। ਇਸ ਮੌਕੇ ਤੇ ਅਜੈ ਕੁਮਾਰ, ਗੁਰਜੀਵਨ ਸਿੰਘ,ਵਰਿੰਦਰ ਗੋਇਲ, ਸਤਵੀਰ ਸਿੰਘ, ਗਗਨਦੀਪ,ਗਗਨਦੀਪ ਗਰਗ, ਹਰਦੀਪ ਸਿੰਘ,ਨਵਦੀਪ ਸਿੰਘ ਹਾਜ਼ਰ ਸਨ।

## ਯੋਗ ਸਮਾਗਮ ਦੌਰਾਨ ਮਾਰਕੀਟ ਕਮੇਟੀ ਦੇ ਸਕੱਤਰ ਨਰਿੰਦਰ ਸ਼ਰਮਾ ਦਾ ਸਨਮਾਨ

ਸੁਨਾਮ ਊਧਮ ਸਿੰਘ ਵਾਲਾ, 21 ਜੂਨ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸਥਾਨਕ ਗੀਤਾ ਭਵਨ ਵਿਖੇ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਭਾਰਤ ਵਿਕਾਸ ਪਰੀਸ਼ਦ, ਲਾਇਨ ਕਲੱਬ, ਸਰਬ ਹਿੱਤਕਾਰੀ ਵਿੱਦਿਆ ਮੰਦਰ ਅਤੇ ਬਾਂਕੇ ਬਿਹਾਰੀ ਸੇਵਾ ਸੰਮਤੀ ਵੱਲੋਂ ਸਾਂਝੇ ਤੌਰ 'ਤੇ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਯੋਗ ਅਭਿਆਸ ਵਿੱਚ ਭਾਗ ਲਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸ਼ਿਰਕਤ ਕੀਤੀ, ਜਦੋਂਕਿ ਵਿਸ਼ੇਸ਼ ਮਹਿਮਾਨ ਵਜੋਂ ਮਾਰਕੀਟ ਕਮੇਟੀ ਸੁਨਾਮ ਦੇ ਸੈਕਟਰੀ ਨਰਿੰਦਰ ਸ਼ਰਮਾ ਨੇ ਸ਼ਿਰਕਤ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਰਵੀ ਕਮਲ ਗੋਇਲ ਅਤੇ ਹੋਰ ਵੀ ਪਹੁੰਚੇ। ਇਸ ਮੌਕੇ ਮਾਰਕੀਟ ਕਮੇਟੀ ਸੁਨਾਮ ਦੇ ਸੈਕਟਰੀ ਨਰਿੰਦਰ ਸ਼ਰਮਾ ਨੇ ਕਿਹਾ ਕਿ ਯੋਗ ਅਤੇ ਆਯੁਰਵੇਦ ਭਾਰਤ ਦਾ ਹੀ ਸਿਹਤਮੰਦ ਰਹਿਣ ਦਾ ਇੱਕ ਪੁਰਾਣਾ ਢੰਗ ਹੈ। ਇਸ ਨਾਲ ਜਿੱਥੇ ਸਾਡਾ ਮਾਨਸਿਕ ਅਤੇ ਬੌਧਿਕ ਵਿਕਾਸ ਹੁੰਦਾ ਹੈ। ਉੱਥੇ ਹੀ ਸਰੀਰ ਵੀ ਸਿਹਤਮੰਦ ਰਹਿੰਦਾ ਹੈ। ਯੋਗ ਕਰਨ ਨਾਲ ਸਾਡਾ ਸਰੀਰ ਅੰਦਰੋਂ ਅਤੇ ਬਾਹਰੋਂ ਮਜ਼ਬੂਤ ਹੁੰਦਾ ਹੈ ਅਤੇ ਸਰੀਰ ਵਿੱਚ ਲਚੀਲਾਪਣ ਆਉਂਦਾ ਹੈ, ਜਿਸ ਕਾਰਨ ਅਸੀਂ ਆਪਣੇ ਰੋਜ਼ਾਨਾ ਦੇ ਕੰਮ ਸੌਖੇ ਢੰਗ ਨਾਲ ਕਰ ਸਕਦੇ ਹਾਂ। ਉਹਨਾਂ ਕਿਹਾ ਕਿ ਯੋਗ ਕਰਨ ਨਾਲ ਜਿੱਥੇ ਰੋਗਾਂ ਦਾ ਖਾਤਮਾ ਹੁੰਦਾ ਹੈ, ਉੱਥੇ ਹੀ ਜ਼ਿੰਦਗੀ ਵਿੱਚ ਉਤਸਾਹ ਅਤੇ ਪ੍ਰਸੰਨਤਾ ਵਿੱਚ ਵਾਧਾ ਹੁੰਦਾ ਹੈ। ਇਸ ਮੌਕੇ ਸੈਕਟਰੀ ਨਰਿੰਦਰ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਰਕੇਸ਼ ਕੁਮਾਰ, ਸੈਕਟਰੀ ਬਲਵਿੰਦਰ ਕੁਮਾਰ, ਗੋਪਾਲ ਸ਼ਰਮਾ, ਪ੍ਰਭਾਤ ਜਿੰਦਲ, ਵੇਦ ਹੋਡਲਾ, ਹਕੂਮਤ ਜਿੰਦਲ, ਕ੍ਰਿਸ਼ਨ ਸੰਦੋਹਾ ਆਦਿ ਸ਼ਖਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਹੋਰ ਲੋਕ ਵੀ ਹਾਜ਼ਰ ਸਨ।




## ਪਿੰਡ ਰਾਜਗੜ੍ਹ ਦੇ ਹਾਈ ਸਕੂਲ ਵਿੱਚ ਯੋਗ ਦਿਵਸ ਮਨਾਇਆ

ਭਗਤਾ ਭਾਈ ਕਾ, 21 ਜੂਨ (ਸਵਰਨ ਸਿੰਘ ਭਗਤਾ): ਅੰਤਰਰਾਸ਼ਟਰੀ ਯੋਗਾ ਦਿਵਸ ਪੂਰੇ ਸੰਸਾਰ ਵਿੱਚ ਮਨਾਇਆ ਜਾ ਰਿਹਾ ਹੈ ਉਥੇ ਹੀ ਨੇੜਲੇ ਪਿੰਡ ਰਾਜਗੜ੍ਹ ਦੀ ਪੰਚਾਇਤ ਵੱਲੋਂ ਯੋਗਾ ਦਿਵਸ ਸਰਕਾਰੀ ਹਾਈ ਸਕੂਲ ਵਿੱਚ ਸਕੂਲ ਦੇ ਬੱਚਿਆਂ ਸੰਗ ਮਨਾਇਆ ਗਿਆ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਦੀਪਕ ਸ਼ਰਮਾ ਨੇ ਦੱਸਿਆਂ ਕਿ ਪਿੰਡ ਵਿੱਚ ਮੁੱਖ ਮੰਤਰੀ ਯੋਗਸ਼ਾਲਾ ਪਹਿਲਾਂ ਹੀ ਚੱਲ ਰਹੀ ਹੈ, ਜਿਸ ਵਿੱਚ ਹਰ ਰੋਜ ਸਵੇਰੇ 5 ਵਜੇ ਤੋਂ 6 ਵਜੇ ਤੱਕ ਯੋਗਾ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦਾ ਹੀ ਨੌਜਵਾਨ ਹਰਮਨਦੀਪ ਸਿੰਘ ਯੋਗਾ ਟੀਚਰ ਹੈ ਜੋ ਮੁਫਤ ਵਿੱਚ ਇਹ ਸੇਵਾ ਨਿਭਾਅ ਰਿਹਾ ਹੈ। ਉਹਨਾਂ ਕਿਹਾ ਕੇ ਅੱਜ ਦੀ ਭੱਜਦੌੜ ਵਾਲੀ ਜ਼ਿੰਦਗੀ ਵਿੱਚ ਮਨ ਨੂੰ ਸ਼ਾਂਤ ਕਰਨ ਅਤੇ ਸਰੀਰ ਨਿਰੋਗ ਰੱਖਣ ਦਾ ਯੋਗਾ ਬਹੁਤ ਵਧੀਆ ਸਾਧਨ ਹੈ। ਅੱਜ ਬੱਚਿਆਂ ਸੰਗ ਯੋਗਾ ਕਰਕੇ ਬਹੁਤ ਵਧੀਆ ਲੱਗਿਆ ਇਸ ਨਾਲ ਬੱਚੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਹੋਣਗੇ ਅਤੇ ਬਹੁਤ ਸਾਰੀਆਂ ਬੁਰੀਆਂ ਆਦਤਾਂ ਤੋਂ ਬਚਣਗੇ । ਉਹਨਾਂ ਸਮੂਹ ਨਗਰ ਨਿਵਾਸੀਆਂ ਨੂੰ ਹਰਰੋਜ ਲੱਗ ਰਹੀਆਂ ਯੋਗਾ ਕਲਾਸਾਂ ਵਿੱਚ ਆਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸਰਕਾਰੀ ਹਾਈ ਸਕੂਲ ਦੇ ਸਾਇੰਸ ਟੀਚਰ ਜਸਵਿੰਦਰ ਸਿੰਘ, ਡੀਪੀ ਮਨਪ੍ਰੀਤ ਸਿੰਘ, ਦਿਲਸ਼ਾਦ ਮੁਹੰਮਦ, ਪ੍ਰੀਤਮ ਸਿੰਘ , ਨੰਬਰਦਾਰ ਕੁਲਵੰਤ ਸਿੰਘ, ਰਾਮ ਸਿੰਘ,ਸੁਖਮੰਦਰ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ।



## ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਯੋਗ ਅਭਿਆਸ ਕਰਵਾਇਆ



ਬਾਜਾਖਾਨਾ,21 ਜੂਨ ( ਅਵਤਾਰ ਸਿੰਘ ਮੱਲਾ ): ਵਿਸ਼ਵ ਯੋਗ ਦਿਵਸ ਮੌਕੇ ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਜੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਬਲਾਕ ਬਾਜਾਖਾਨਾ ਅਧੀਨ ਸਮੁਦਾਇਕ ਸਿਹਤ ਕੇਂਦਰ ਬਾਜਾਖਾਨਾ ਅਤੇ ਵੱਖ-ਵੱਖ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਵਿਖੇ ਯੋਗ ਸਾਧਨਾ ਕੈਂਪ ਸਵੇਰ ਦੇ ਸਮੇਂ ਲਗਾਇਆ ਗਿਆ, ਜਿਸ ਵਿੱਚ ਆਏ ਹੋਏ ਹਾਜ਼ਰੀਨ ਨੂੰ ਯੋਗ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਨਾਲ ਹੀ ਸਧਾਰਨ ਯੋਗ ਆਸਣਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਹ ਕੈਂਪ ਸਿਹਤ ਬਲਾਕ ਬਾਜਾਖਾਨਾ ਦੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ. ਵਰਿੰਦਰ ਕੁਮਾਰ ਅਤੇ ਪ੍ਰਬੰਧਕੀ ਸੀਨੀਅਰ ਮੈਡੀਕਲ ਅਫ਼ਸਰ ਡਾ. ਪਲਕ ਦੀ ਨਿਰਦੇਸ਼ਨਾਂ ਹੇਠ ਲਗਾਇਆ ਗਿਆ, ਜਿਸ ਵਿੱਚ ਬਲਾਕ ਆਈ ਈ ਸੀ ਨੋਡਲ ਅਧਿਕਾਰੀ ਫ਼ਲੈਗ ਚਾਵਲਾ ਅਤੇ ਸੋਨਦੀਪ ਸਿੰਘ ਸੰਧੂ ਦੀ ਮੌਜੂਦਗੀ ਵਿੱਚ ਸਮੁਦਾਇਕ ਸਿਹਤ ਅਫ਼ਸਰ ਬੀਬਾ ਬਲਜੀਤ ਅਤੇ ਰਣਜੀਤ ਸਿੰਘ ਓਟ ਸਟਾਫ਼ ਵੱਲੋਂ ਯੋਗ ਆਸਣਾਂ ਦਾ ਅਭਿਆਸ ਕਰਵਾਇਆ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਬਲਾਕ ਪ੍ਰਸਾਰ ਸਿੱਖਿਅਕ ਫਲੈਗ ਚਾਵਲਾ ਅਤੇ ਸੋਨਦੀਪ ਸਿੰਘ ਸੰਧੂ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਰਹਿਣ-ਸਹਿਣ ਅਤੇ ਖਾਣ-ਪੀਣ ਵਿੱਚ ਆਏ ਬਦਲਾਓ ਕਾਰਣ ਯੋਗ ਦੀ ਲੋੜ ਅਤੇ ਮਹੱਤਤਾ ਹੋਰ ਵੀ ਵੱਧ ਗਈ ਹੈ, ਰੋਜ਼ਾਨਾ ਯੋਗ ਲਈ ਦਿੱਤਾ ਥੋੜਾ ਜਿਹਾ ਸਮਾਂ ਹੀ ਮਨੁੱਖ ਨੂੰ ਅਨੇਕਾਂ ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਇਸ ਮੌਕੇ ਬੀਬੀ ਬਲਜੀਤ ਨੇ ਦੱਸਿਆ ਕਿ ਆਯੁਰਵੈਦ ਵਿੱਚ ਵੀ ਸਰੀਰਿਕ ਦੇ ਨਾਲ ਨਾਲ ਮਾਨਸਿਕ ਤੰਦਰੁਸਤੀ ਲਈ ਯੋਗ ਨੂੰ ਉੱਤਮ ਦਰਜਾ ਦਿੱਤਾ ਗਿਆ ਹੈ, ਜਿਸ ਕਾਰਣ ਯੋਗ ਅਭਿਆਸ ਕਰਨ ਵਾਲੇ ਦੀ ਮਾਨਸਿਕ ਸਿਹਤ ਆਮ ਇਨਸਾਨ ਦੇ ਮੁਕਾਬਲਤਨ ਉੱਤਮ ਦਰਜੇ ਦੀ ਰਹਿੰਦੀ ਹੈ। ਇਸ ਮੌਕੇ ਓਟ ਸਟਾਫ਼ ਰਣਜੀਤ ਸਿੰਘ ਨੇ ਦੱਸਿਆ ਕਿ ਸਵੈ ਅਤੇ ਸਮਾਜ ਲਈ ਯੋਗਾ ਨੂੰ ਇਸ ਵਰ੍ਹੇ ਦੇ ਯੋਗ ਦਿਵਸ ਦਾ ਥੀਮ ਇਕ ਧਰਤੀ, ਇੱਕ ਸਿਹਤ ਲਈ ਯੋਗਰੱਖਿਆ ਗਿਆ ਹੈ ਤਾਂ ਜੋ ਯੋਗ ਦੀ ਮੱਦਦ ਨਾਲ ਇਨਸਾਨ ਅਤੇ ਵਿਸ਼ਵ ਦੀ ਸਰੀਰਿਕ ਅਤੇ ਮਾਨਸਿਕ ਸਿਹਤ ਵਿੱਚ ਤੰਦਰੁਸਤ ਇਕਸਾਰਤਾ ਲਿਆਂਦੀ ਜਾ ਸਕੇ।ਬਲਾਕ ਪ੍ਰਸਾਰ ਸਿੱਖਿਅਕ ਫਲੈਗ ਚਾਵਲਾ ਅਤੇ ਸੋਨਦੀਪ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਮੁਦਾਇਕ ਸਿਹਤ ਕੇਂਦਰ ਬਾਜਾਖਾਨਾ ਦੇ ਨਾਲ ਨਾਲ ਯੋਗ ਦਿਵਸ ਦਾ ਸਮਾਗਮ ਤੰਦਰੁਸਤੀ ਸਿਹਤ ਕੇਂਦਰ ਢਿੱਲਵਾਂ ਕਲਾਂ, ਰੋੜੀ ਕਪੂਰਾ, ਢੀਮਾਂ ਵਾਲੀ, ਵਾੜਾ ਦਰਾਕਾ, ਮੱਤਾ, ਸਰਾਵਾਂ, ਗੁਰੂਸਰ, ਸੰਧਵਾਂ, ਮੜ੍ਹਾਕ ਅਤੇ ਸੂਰਘੂਰੀ ਵਿਖੇ ਵੀ ਉਤਸ਼ਾਹ ਪੂਰਵਕ ਕੀਤਾ ਗਿਆ।ਇਸ ਦੌਰਾਨ ਬਹੁਮੰਤਵੀ ਸਿਹਤ ਨਿਰੀਖਕ ਕਮਲਜੀਤ ਕੌਰ, ਸੀਐਚਓ ਬੀਬਾ ਬਲਜੀਤ, ਬਹੁਮੰਤਵੀ ਸਿਹਤ ਕਰਮਚਾਰੀ ਅਮਰਜੀਤ ਕੌਰ ਅਤੇ , ਗੋਪਾਲ ਕ੍ਰਿਸ਼ਨ ਸੀਨੀਅਰ ਫਾਰਮੇਸੀ ਅਫ਼ਸਰ, ਓਟ ਸਟਾਫ਼ ਰਣਜੀਤ ਸਿੰਘ ਅਤੇ ਪਿੰਡ ਵਾਸੀ ਮੌਜੂਦ ਰਹੇ।

## ਮਲੂਕਾ ਦੇ ਜਨਮ ਦਿਨ 'ਤੇ ਕੱਟਿਆ ਕੇਕ ਵਰਕਰਾਂ ਤੇ ਆਗੂਆਂ ਨੇ ਮਨਾਈ ਖੁਸ਼ੀ



ਭਗਤਾ ਭਾਈ ਕਾ,21ਜੂਨ (ਸਵਰਨ ਸਿੰਘ ਭਗਤਾ):ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੇ ਮੁੜ ਅਕਾਲੀ ਦਲ ਵਿੱਚ ਵਾਪਸ ਆਉਣ ਨਾਲ ਹਲਕਾ ਰਾਮਪੁਰਾ ਫੂਲ ਦੇ ਵਰਕਰਾਂ ਵਿੱਚ ਨਵਾਂ ਜੋਸ਼ ਪੈਦਾ ਹੋਇਆ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਰਿੰਦਰ ਸਿੰਘ ਮਹਿਰਾਜ ਇੰਚਾਰਜ ਸ੍ਰੋਮਣੀ ਅਕਾਲੀ ਦਲ ਰਾਮਪੁਰਾ ਨੇ ਸਿਕੰਦਰ ਸਿੰਘ ਮਲੂਕਾ ਦੇ ਜਨਮ ਦਿਨ ਮੌਕੇ ਕੀਤਾ। ਸਥਾਨਕ ਸ਼ਹਿਰ ਦੇ ਇੱਕ ਰੈਸਟੋਰੈਂਟ ਵਿਚ ਰੱਖੇ ਸਾਦੇ ਪ੍ਰੋਗਰਾਮ ਦੌਰਾਨ ਸਾਬਕਾ ਮੰਤਰੀ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦਾ ਜਨਮ ਦਿਨ ਮਨਾਇਆ ਗਿਆ। ਮਲੂਕਾ ਦੇ ਜਨਮ ਦਿਨ ਤੇ ਹਰਿੰਦਰ ਸਿੰਘ ਮਹਿਰਾਜ,ਗਗਨਦੀਪ ਸਿੰਘ ਗਰੇਵਾਲ,ਮਨਜੀਤ ਸਿੰਘ ਧੁੰਨਾ,ਸੁਖਜਿੰਦਰ ਸਿੰਘ ਖਾਨਦਾਨ ਅਤੇ ਡਾਕਟਰ ਬਲਜੀਤ ਸਿੰਘ,ਜਗਮੋਹਨ ਲਾਲ ਅਤੇ ਸਮੂਹ ਵਰਕਰਾਂ ਵੱਲੋਂ ਮਲੂਕਾ ਦਾ ਮੂੰਹ ਮਿੱਠਾ ਕਰਵਾਇਆ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਲੂਕਾ ਨੇ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਪਾਰਟੀ ਅਤੇ ਮੌਜੂਦਾ ਪੰਜਾਬ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਇਸ ਲਈ ਆਉਣ ਵਾਲਾ ਸਮਾਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਜਿਹੜੇ ਵਰਕਰ ਕਿਸੇ ਕਾਰਨ ਕਰਕੇ ਰੁੱਸੇ ਹੋਏ ਹਨ,ਉਨ੍ਹਾਂ ਨਾਲ ਸੰਪਰਕ ਕਰਕੇ ਜਲਦ ਹੀ ਮੁੜ ਅਕਾਲੀ ਦਲ ਵਿੱਚ ਸ਼ਾਮਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਾਰਟੀ ਦੀ ਮੁਜ਼ਬੂਤੀ ਲਈ ਹਰ ਵਰਕਰ ਨੂੰ ਮਨਾਉਣਾ ਅਤੇ ਇੱਕਜੁਟ ਕਰਕੇ ਹੀ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।ਇਸ ਮੌਕੇ ਹਰਿੰਦਰ ਸਿੰਘ ਮਹਿਰਾਜ ਇੰਚਾਰਜ ਸ੍ਰੋਮਣੀ ਅਕਾਲੀ ਦਲ ਰਾਮਪੁਰਾ ਫੂਲ, ਡਾ.ਪਰਨੀਤ ਕੌਰ ਦਿਉਲ, ਜਗਮੋਹਨ ਲਾਲ ਗਰਗ ਪ੍ਰਧਾਨ ਸਰਕਲ ਭਗਤਾ,ਰਾਕੇਸ ਕੁਮਾਰ ਗੋਇਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਭਗਤਾ,ਡਾ. ਬਲਜੀਤ ਸੰਘ ਦਿਉਲ,ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ,ਸੁਖਜਿੰਦਰ ਸਿੰਘ ਖਾਨਦਾਨ,ਮਨਜੀਤ ਸਿੰਘ ਧੁੰਨਾ,ਰਘਵੀਰ ਕਾਕਾ,ਕੁਲਦੀਪ ਕੌਰ ਬਰਾੜ,ਜੀਤੂ ਰਾਮ ਗੋਇਲ,ਸੁਖਚੈਨ ਚੰਦ ਮੁੰਦਰੀ,ਸੁਖਜਿੰਦਰ ਸਿੰਘ ਖੈਹਿਰਾ,ਪੁਨੀਤਪਾਲ ਸਿੰਘ ਗੋਲਾ,ਕੌਂਸਲਰ ਗੁਰਚਰਨ ਸਿੰਘ ਪੁਰੀ,ਹਰਜਿੰਦਰ ਸਿੰਘ ਸਾਬਕਾ ਕੌਂਸਲਰ,ਸਤਵਿੰਦਰਪਾਲ ਸਿੰਘ ਪਿੰਦਰ, ਸੇਮੀ ਭਾਈਰੂਪਾ,ਬਾਦਲ ਸਿੰਘ ਭਗਤਾ, ਸੁਖਮੰਦਰ ਸਿੰਘ ਭੋਲਾ,ਮਾਸਟਰ ਲਾਲ ਸਿੰਘ,ਬੇਅੰਤ ਸਿੰਘ ਵੜਿੰਗ ਹਾਜ਼ਰ ਸਨ।

## ਪਾਣੀਆਂ ਦੇ ਮੁੱਦੇ 'ਤੇ ਸੌੜੀ ਰਾਜਨੀਤੀ ਕਰ ਰਹੇ ਨੇ ਮੁੱਖ ਮੰਤਰੀ ਅਬਦੁੱਲਾ : ਚੱਠਾ

ਧੂਰੀ, 21 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ): ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਨੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਦਿੱਤੇ ਬਿਆਨ ਦੀ ਨਿੰਦਾ ਕਰਦਿਆਂ ਅਬਦੁੱਲਾ 'ਤੇ ਪਾਣੀ ਦੇ ਮੁੱਦੇ 'ਤੇ ਜਾਣਬੁੱਝ ਕੇ ਰਾਜਨੀਤੀ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਨਦੀਆਂ ਦੇ ਪਾਣੀ ਬਾਰੇ ਫੈਸਲਾ ਲੈਣ ਦਾ ਅਧਿਕਾਰ ਹੈ। ਇਸ ਲਈ, ਉਮਰ ਅਬਦੁੱਲਾ ਇਸ ਮੁੱਦੇ 'ਤੇ ਇਕਤਰਫਾ ਫੈਸਲਾ ਨਹੀਂ ਲੈ ਸਕਦੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਾਣੀ ਦੀ ਲੋੜ ਹੈ, ਇਸ ਲਈ ਸਿੰਧੂ ਨਦੀ ਤੋਂ ਪੰਜਾਬ ਨੂੰ ਵੀ ਪਾਣੀ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਜੰਗ ਦੌਰਾਨ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਸੀ, ਇਸ ਲਈ ਹੁਣ ਭਾਰਤ ਸਰਕਾਰ ਨੂੰ ਬਾਕੀ ਰਹਿੰਦੇ ਪਾਣੀ ਦੀ ਸਹੀ ਵੰਡ ਕਰਨੀ ਚਾਹੀਦੀ ਹੈ ਅਤੇ ਪੰਜਾਬ ਨੂੰ ਉਸਦਾ ਬਣਦਾ ਹਿੱਸਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜੰਮੂ-ਕਸ਼ਮੀਰ ਵਾਂਗ ਇੱਕ ਸਰਹੱਦੀ ਸੂਬਾ ਹੈ, ਜਦੋਂ ਵੀ ਕੋਈ ਜੰਗ ਹੁੰਦੀ ਹੈ, ਇਹ ਜੰਗ ਦਾ ਮੈਦਾਨ ਬਣ ਜਾਂਦਾ ਹੈ। ਜਦੋਂ ਦੇਸ਼ ਨੂੰ ਅਨਾਜ ਦੀ ਲੋੜ ਹੁੰਦੀ ਹੈ, ਤਾਂ ਉਹ ਭੋਜਨ ਪ੍ਰਦਾਤਾ ਬਣ ਜਾਂਦਾ ਹੈ। ਹੁਣ ਜਦੋਂ ਪਾਣੀ ਬਚਿਆ ਹੈ, ਤਾਂ ਉਸ 'ਤੇ ਪੰਜਾਬ ਦਾ ਵੀ ਹੱਕ ਬਣਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਨੂੰ ਪਾਣੀ ਦੀ ਸਖ਼ਤ ਲੋੜ ਹੈ। ਸਾਡੇ ਜ਼ਿਆਦਾਤਰ ਇਲਾਕੇ ਡਾਰਕ ਜ਼ੋਨ ਵਿੱਚ ਚਲੇ ਗਏ ਹਨ। ਦੇਸ਼ ਦੇ ਅਨਾਜ ਭੰਡਾਰਾਂ ਨੂੰ ਭਰਨ ਦੀ ਪ੍ਰਕਿਰਿਆ ਵਿੱਚ, ਸਾਨੂੰ ਆਪਣੇ ਪਾਣੀ ਤੋਂ ਵਾਂਝਾ ਕਰ ਦਿੱਤਾ ਗਿਆ ਹੈ। ਅੱਜ, ਜਦੋਂ ਸਿੰਧੂ ਜਲ ਸੰਧੀ ਰੱਦ ਕਰ ਦਿੱਤੀ ਗਈ ਹੈ, ਤਾਂ ਇਸ ਪਾਣੀ 'ਤੇ ਸਾਡਾ ਪਹਿਲਾ ਹੱਕ ਹੈ ਕਿਉਂਕਿ ਇਹ ਪਾਣੀ ਨਾ ਸਿਰਫ਼ ਸਾਡੀ ਬੰਜਰ ਜ਼ਮੀਨ ਨੂੰ ਰਾਹਤ ਪ੍ਰਦਾਨ ਕਰੇਗਾ, ਸਗੋਂ ਸਾਡੀ ਖੇਤੀਬਾੜੀ ਨੂੰ ਵੀ ਖੁਸ਼ਹਾਲ ਕਰੇਗਾ। ਕਿਸਾਨ ਖੁਸ਼ਹਾਲ ਹੋਵੇਗਾ, ਫਿਰ ਦੇਸ਼ ਖੁਸ਼ਹਾਲ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸਿੰਧੂ ਸਮਝੌਤਾ ਰੱਦ ਹੋਣ ਤੋਂ ਬਾਅਦ ਕਿਹਾ ਸੀ ਕਿ ਪੰਜਾਬ ਨੂੰ ਵੀ ਪਾਕਿਸਤਾਨ ਜਾਣ ਤੋਂ ਰੋਕੇ ਗਏ ਪਾਣੀ ਵਿੱਚੋਂ ਹਿੱਸਾ ਮਿਲਣਾ ਚਾਹੀਦਾ ਹੈ। ਇਸ ਲਈ, ਭਾਰਤ ਸਰਕਾਰ ਨੂੰ ਇਸ 'ਤੇ ਵਿਚਾਰ ਕਰਨਾ ਚਾਹੀਦਾ ਹੈ।



# ਮਿਮਿਟ ਮਲੋਟ ਵਿਖੇ ਮਨਾਇਆ ਵਿਸ਼ਵ ਯੋਗ ਦਿਵਸ



ਮਲੋਟ,21 ਜੂਨ ( ਅਮਨਦੀਪ ਸਿੰਘ ਮਹਿਰਾ): ਪੰਜਾਬ ਸਰਕਾਰ ਸਥਾਪਿਤ ਸੰਸਥਾ ਮਿਮਿਟ ਮਲੋਟ ਵਿਖੇ ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਵਿਸ਼ਵ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਸ਼੍ਰੀ ਕਰਤਾਰ ਖੁੰਗਰ ਯੋਗਾ ਐਕਸਪਰਟ ਵੱਲੋਂ ਯੋਗਾ ਕਰਵਾਇਆ ਗਿਆ ।ਇਹ ਵਿਸ਼ਵ ਯੋਗਾ ਦਿਵਸ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਦੇ ਥੀਮ ਯੋਗਾ ਫਾਰ ਵਨ ਅਰਥ, ਵਨ ਹੈਲਥ ਦੇ ਅਧੀਨ ਮਨਾਇਆ ਗਿਆ । ਇਸ ਵਿਸ਼ਵ ਯੋਗਾ ਦਿਵਸ ਵਿੱਚ ਸੰਸਥਾ ਦੇ ਸਟਾਫ, ਵਿਦਿਆਰਥੀ ਅਤੇ ਐਨਸੀਸੀ ਨੇਵਲ, ਆਰਮੀ ਵਿੰਗ ਦੇ ਕੈਡੇਟਸ ਨੇ ਭਾਗ ਲਿਆ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾ ਜਸਕਰਨ ਸਿੰਘ ਭੁੱਲਰ, ਇੰਜੀ. ਸੁਰਿੰਦਰ ਕੁਮਾਰ ਐਸੋਸੀਏਟ ਐਨਸੀਸੀ ਅਫ਼ਸਰ, ਡਾ ਨਵਜੋਤ ਸਿੰਘ ਅਸਿਸਟੈਂਟ ਪ੍ਰੋਫੈਸਰ,ਸ ਅਵਤਾਰ ਸਿੰਘ ਐਮ ਈ, ਸਮੂਹ ਸਟਾਫ਼, ਵਿਦਿਆਰਥੀ ਅਤੇ ਐਨਸੀਸੀ ਨੇਵਲ, ਆਰਮੀ ਵਿੰਗ ਦੇ ਕੈਡੇਟਸ ਹਾਜ਼ਰ ਸਨ ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜੈਤੋ ਦੇ ਛੱਜਘੜ੍ਹ ਮੁਹੱਲੇ ਵਿੱਚ ਤਸਕਰਾਂ ਦੀਆਂ ਗੈਰ ਕਾਨੂੰਨੀ ਇਮਾਰਤਾਂ ਢਾਹੀਆਂ



ਫਰੀਦਕੋਟ, 21ਜੂਨ (ਅਵਤਾਰ ਸਿੰਘ ਮੱਲਾ /ਗੁਰਦੀਪ ਢਿੱਲੋਂ):ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰੰਭ ਕੀਤੇ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਦੇ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਜਾਰੀ ਹੈ। ਇਸੇ ਲੜੀ ਤਹਿਤ ਅੱਜ ਜੈਤੋ ਦੇ ਛੱਜਘੜ੍ਹ ਮੁਹੱਲੇ ਵਿੱਚ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈਆਂ ਗਈਆਂ ਇਮਾਰਤਾ ਨੂੰ ਢਾਇਆ ਗਿਆ।ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਜੈਤੋ ਅੰਦਰ ਆਉਂਦੇ ਛੱਜਘੜ੍ਹ ਮੁਹੱਲੇ ਦੇ ਵਸਨੀਕ ਬਿਮਲਾ ਦੇਵੀ ਅਤੇ ਨਛੱਤਰ ਸਿੰਘ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਇਮਾਰਤ ਬਣਾਈ ਗਈ ਸੀ। ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਉਣ ਮੌਕੇ ਸੁਰੱਖਿਆ ਪ੍ਰਬੰਧ ਕਰਨ ਦੀਆਂ ਹਦਾਇਤਾਂ ਪ੍ਰਾਪਤ ਹੋਈਆਂ ਸਨ, ਜਿਸ ਤੋਂ ਬਾਅਦ ਸਿਵਲ ਪ੍ਰਸ਼ਾਸਨ ਵੱਲੋਂ ਕਾਰਵਾਈ ਕਰਦਿਆਂ ਇਸ ਇਮਾਰਤ ਨੂੰ ਢਾਹ ਦਿੱਤਾ ਗਿਆ। ਉਹਨਾਂ ਦੱਸਿਆ ਕਿ ਜਦੋਂ ਇਹਨਾਂ ਦੇ ਕ੍ਰਿਮੀਨਲ ਰਿਕਾਰਡ ਦੀ ਜਾਚ ਕੀਤੀ ਗਈ ਤਾਂ ਇਹ ਸਾਹਮਣੇ ਆਇਆ ਕਿ ਬਿਮਲਾ ਦੇਵੀ ਦੇ ਖਿਲਾਫ ਨਸ਼ੇ ਦੀ ਤਸਕਰੀ ਸਬੰਧੀ 02 ਮੁਕੱਦਮੇ ਦਰਜ ਰਜਿਸਟਰ ਹਨ ਅਤੇ ਉਸ ਦੇ ਲੜਕੇ ਦੇ ਖਿਲਾਫ ਆਈ.ਪੀ.ਸੀ ਤਹਿਤ 01 ਮੁਕੱਦਮਾ ਅਤੇ ਉਸਦੀ ਨੂੰਹ ਰਜਨੀ ਦੇ ਖਿਲਾਫ ਨਸੇ ਦੀ ਤਸਕਰੀ ਸਬੰਧੀ 05 ਮੁਕੱਦਮੇ ਦਰਜ ਰਜਿਸਟਰ ਹਨ। ਨਛੱਤਰ ਸਿੰਘ ਦੇ ਰਿਕਾਰਡ ਮੁਤਾਬਿਕ ਉਸਦੇ ਖਿਲਾਫ ਵੀ 04 ਮੁਕੱਦਮੇ ਦਰਜ ਰਜਿਸਟਰ ਹਨ, ਜਿਹਨਾ ਵਿੱਚੋ 03 ਮੁਕੱਦਮੇ ਨਸ਼ੇ ਦੀ ਤਸਕਰੀ ਸਬੰਧੀ ਦਰਜ ਹਨ। ਉਸਦੀ ਪਤਨੀ ਬੰਸੋ ਖਿਲਾਫ ਵੀ 03 ਮੁਕੱਦਮੇ ਦਰਜ ਹਨ, ਜਿਹਨਾ ਵਿੱਚੋ 01 ਮੁਕੱਦਮਾ ਨਸ਼ੇ ਦੀ ਤਸਕਰੀ ਸਬੰਧੀ ਵੀ ਦਰਜ ਹੈ।ਇਸ ਮੌਕੇ ਨਾਇਬ ਤਹਿਸੀਲਦਾਰ ਜੈਤੋ ਸ਼੍ਰੀ ਸੁਖਵਿੰਦਰ ਸਿੰਘ, ਕਾਰਜ ਸਾਧਕ ਅਫਸਰ ਸ਼੍ਰੀ ਮਨਿੰਦਰਪਾਲ ਰੰਧਾਵਾ ਸਮੇਤ ਸਿਵਲ ਪ੍ਰਸ਼ਾਸ਼ਨ ਦੇ ਅਧਿਕਾਰੀ ਮੌਕੇ ਤੇ ਮੌਜੂਦ ਸਨ।ਜਿਸ ਦੌਰਾਨ ਨਾਇਬ ਤਹਿਸੀਲਦਾਰ ਜੈਤੋ ਸ਼੍ਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਨਸ਼ਿਆਂ ਖਿਲਾਫ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸ਼ਨ ਮਿਲ ਕੇ ਕੰਮ ਕਰੇ ਰਹੇ ਹਨ ਅਤੇ ਨਸ਼ਿਆਂ ਦੀ ਰੋਕਥਾਮ ਲਈ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਸਖਤ ਰੁਖ ਅਪਨਾਇਆ ਗਿਆ ਹੈ ਤਾਂ ਜੋ ਇਸ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।ਇਸ ਮੌਕੇ ਕਾਰਜ ਸਾਧਕ ਅਫਸਰ ਸ਼੍ਰੀ ਮਨਿੰਦਰਪਾਲ ਰੰਧਾਵਾ ਨੇ ਦੱਸਿਆ ਕਿ ਇਹ ਇਮਾਰਤ ਬਿਮਲਾ ਦੇਵੀ ਅਤੇ ਨਛੱਤਰ ਸਿੰਘ ਵੱਲੋਂ ਨਜਾਇਜ਼ ਤੌਰ 'ਤੇ ਉਸਾਰੀ ਗਈ ਸੀ। ਇਹਨਾ ਨੂੰ ਕਈ ਵਾਰ ਨੋਟਿਸ ਵੀ ਦਿੱਤੇ ਗਏ ਸਨ ਪ੍ਰੰਤੂ ਕਬਜ਼ਾਕਾਰੀਆਂ ਵੱਲੋਂ ਇਸ ਜਗ੍ਹਾ ਨੂੰ ਖਾਲੀ ਨਾ ਕਰਨ ਕਰਕੇ ਇੱਥੇ ਬਲਡੋਜਰ ਕਾਰਵਾਈ ਕੀਤੀ ਗਈ ਹੈ।ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ 'ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਜੋ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ, ਉਸ ਨੂੰ ਸਮਰੱਥ ਅਥਾਰਟੀ ਪਾਸੋਂ ਕਾਨੂੰਨੀ ਪ੍ਰਕਿਰਿਆ ਮੁਤਾਬਿਕ ਮਨਜ਼ੂਰੀ ਹਾਸਿਲ ਉਪਰੰਤ ਅਟੈਚ ਕਰਵਾਇਆ ਜਾਏਗਾ।ਇਸਦੇ ਨਾਲ ਹੀ ਉਹਨਾਂ ਕਿਹਾ ਕਿ ਫਰੀਦਕੋਟ ਪੁਲਿਸ ਵੱਲੋਂ ਯੁੱਧ ਨਸ਼ਿਆ ਵਿਰੁੱਧ ਤਹਿਤ ਕਾਰਵਾਈ ਕਰਦੇ ਹੋਏ ਮਾਰਚ ਮਹੀਨੇ ਤੋਂ ਜੂਨ ਮਹੀਨੇ ਤੱਕ 329 ਮੁਕੱਦਮੇ ਦਰਜ ਕਰਕੇ 492 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਹਨਾਂ ਵਿੱਚ ਨਸ਼ੇ ਦੀ ਤਸਕਰੀ ਨਾਲ ਜੁੜੀਆਂ ਵੱਡੀਆਂ ਮੱਛੀਆਂ ਵੀ ਸ਼ਾਮਿਲ ਹਨ। ਇਸਦੇ ਨਾਲ ਹੀ ਹੁਣ ਤੱਕ ਨਸ਼ਾ ਤਸਕਰਾਂ ਦੀ ਕਰੀਬ 04 ਕਰੋੜ 90 ਲੱਖ ਤੋ ਜ਼ਿਆਦਾ ਕੀਮਤ ਦੀ ਜਾਇਦਾਤ ਮਹਿਜ਼ ਪਿਛਲੇ 10 ਮਹੀਨਿਆਂ ਅੰਦਰ ਹੀ ਫਰੀਜ ਕਰਵਾਈ ਗਈ ਹੈ।ਇਸ ਮੌਕੇ ਸ੍ਰੀ ਸੰਦੀਪ ਕੁਮਾਰ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ, ਸ਼੍ਰੀ ਮਨੋਜ ਕੁਮਾਰ ਡੀ.ਐਸ.ਪੀ(ਸਬ-ਡਵੀਜਨ) ਜੈਤੋ, ਸ਼੍ਰੀ ਜਗਤਾਰ ਸਿੰਘ ਡੀ.ਐਸ.ਪੀ, ਇੰਸਪੈਕਟਰ ਗੁਰਾਦਿੱਤਾ ਸਿੰਘ ਵੀ ਮੌਜੂਦ ਸਨ।ਇਸ ਮੌਕੇ ਸਥਾਨਿਕ ਮੁਹੱਲਾ ਵਾਸੀਆਂ ਨੇ ਢੁੱਕਵੀ ਕਾਰਵਾਈ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਬਹੁਤ ਸਲਾਘਾਪੂਰਨ ਹੈ।ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਪਲਿਸ ਦੇ ਅਧਿਕਾਰੀਆਂ ਨੇ ਇਸ ਮੌਕੇ ਲੋਕਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਨਸ਼ਿਆਂ ਦੇ ਖਤਮੇ ਲਈ ਪੰਜਾਬ ਸਰਕਾਰ ਪੂਰੀ ਤਰਾਂ ਉਨ੍ਹਾਂ ਦੇ ਨਾਲ ਹੈ ਅਤੇ ਨਸ਼ਿਆਂ ਦਾ ਸ਼ਿਕਾਰ ਲੋਕਾਂ ਦਾ ਇਲਾਜ ਕਰਕੇ ਉਨ੍ਹਾਂ ਦੇ ਪੁਨਰਵਾਸ ਵਿੱਚ ਪੂਰੀ ਸਹਾਇਤਾ ਕੀਤੀ ਜਾਵੇਗੀ।

# ਬਠਿੰਡਾ 'ਚ ਚੋਰਾਂ ਦਾ ਕਹਿਰ ! ਸੁੱਤੇ ਪਏ ਪਰਿਵਾਰ ਨੂੰ ਬਾਹਰੋਂ ਕੁੰਡੀ ਲਗਾ ਕੇ ਲੱਖਾਂ ਰੁਪਏ 'ਤੇ ਹੱਥ ਕੀਤਾ ਸਾਫ



ਬਠਿੰਡਾ, 2 ਜੂਨ (ਦੀਪਕ ਸ਼ਰਮਾ): ਸ਼ਹਿਰ 'ਚ ਚੋਰੀ ਦੀਆਂ ਵਾਰਦਾਤਾਂ ਲਗਾਤਾਰ ਵੱਧ ਰਹੀਆਂ ਹਨ, ਜਿਸ ਨੇ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਤਾਜ਼ਾ ਮਾਮਲਾ ਮਾਡਲ ਟਾਊਨ ਫੇਸ ਵਨ ਤੋਂ ਸਾਹਮਣੇ ਆਇਆ ਹੈ ਅਤੇ ਜੋਗੀ ਨਗਰ, ਚੰਦਸਰ ਬਸਤੀ ਅਤੇ ਮਾਡਲ ਟਾਊਨ ਤੋਂ ਸਾਹਮਣੇ ਆਏ ਹਨ। ਮਾਡਲ ਟਾਊਨ ਵਿੱਚ ਚੋਰਾਂ ਨੇ ਇੱਕ ਵਿਆਹ ਵਾਲੀ ਕੁੜੀ ਦੇ ਸੋਨੇ ਦੇ ਗਹਿਣੇ ਅਤੇ ਨਗਦੀ ਚੋਰੀ ਕਰ ਲਈ। ਇਸੇ ਤਰ੍ਹਾਂ ਜੋਗੀ ਨਗਰ ਵਿੱਚ ਅਣਪਛਾਤੇ ਵਿਅਕਤੀ ਸੁੱਤੇ ਪਏ ਪਰਿਵਾਰ ਨੂੰ ਕਮਰੇ ਵਿੱਚ ਬੰਦ ਕਰਕੇ ਲੱਖਾਂ ਰੁਪਏ ਦਾ ਸੋਨਾ ਅਤੇ ਨਕਦੀ ਚੋਰੀ ਕਰਕੇ ਲੈ ਗਏ। ਚੰਦ ਸਰ ਬਸਤੀ ਵਿੱਚ ਘਰ ਵਿੱਚ ਸਥਿਤ ਪੂਜਾ ਕਰਨ ਵਾਲੇ ਕਮਰੇ ਵਿੱਚੋਂ ਅਤੇ ਮਾਡਲ ਟਾਊਨ ਵਿੱਚ ਇੱਕ ਘਰ ਵਿੱਚ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ।ਜਾਣਕਾਰੀ ਅਨੁਸਾਰ ਮਾਡਲ ਟਾਊਨ ਵਿੱਚ ਚੋਰਾਂ ਨੇ ਇੱਕ ਘਰ ਨੂੰ ਨਿਸ਼ਾਨਾ ਬਣਾਉਂਦਿਆਂ ਲੱਖਾਂ ਰੁਪਏ ਦੀ ਚੋਰੀ ਨੂੰ ਅੰਜਾਮ ਦਿੱਤਾ ਹੈ। ਪੁਲਿਸ ਮਾਮਲੇ ਦੀ ਜਾਂਚ ਵਿੱਚ ਜੁੱਟ ਗਈ ਹੈ, ਪਰ ਅਜੇ ਤੱਕ ਚੋਰਾਂ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ।ਬੀਤੀ ਵੀਰਵਾਰ ਦੇਰ ਰਾਤ ਮਾਡਲ ਟਾਊਨ ਫੇਸ ਵਨ ਸਥਿਤ ਐਲਆਈਜੀ ਮਕਾਨਾਂ ਵਿੱਚ ਚੋਰਾਂ ਨੇ ਸੰਨ੍ਹ ਲਗਾ ਕੇ 20 ਤੋਲੇ ਸੋਨਾ ਅਤੇ ਕਰੀਬ 50 ਹਜ਼ਾਰ ਰੁਪਏ ਨਕਦ ਚੋਰੀ ਕਰ ਲਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਵਲ ਲਾਈਨ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।ਇਸ ਸਬੰਧੀ ਸੁਨੀਲ ਕੁਮਾਰ ਗੁਪਤਾ ਨੇ ਦੱਸਿਆ ਕਿ ਉਸਦੀ ਭਾਣਜੀ ਦਾ ਕੁਝ ਸਮਾਂ ਪਹਿਲਾਂ ਵਿਆਹ ਸੀ। ਵਿਆਹ ਕਾਰਨ ਘਰ ਵਿੱਚ 20 ਤੋਲੇ ਸੋਨਾ ਰੱਖਿਆ ਹੋਇਆ ਸੀ। ਇਸ ਤੋਂ ਇਲਾਵਾ ਘਰ ਵਿੱਚ ਰੈਨੋਵੇਸ਼ਨ ਦਾ ਕੰਮ ਚੱਲਣ ਕਾਰਨ ਨਕਦੀ ਵੀ ਪਈ ਹੋਈ ਸੀ। ਵੀਰਵਾਰ ਦੇਰ ਰਾਤ ਕਰੀਬ 12 ਵਜੇ ਘਰ ਦੇ ਕਮਰਿਆਂ ਦੀਆਂ ਲਾਈਟਾਂ ਜਗ ਰਹੀਆਂ ਸਨ। ਲਾਈਟਾਂ ਜਗਦੀਆਂ ਦੇਖ ਸੁਨੀਲ ਕੁਮਾਰ ਗੁਪਤਾ ਦੀ ਮਾਤਾ ਉੱਠੀ ਅਤੇ ਉਨ੍ਹਾਂ ਨੇ ਲਾਈਟਾਂ ਬੰਦ ਕਰ ਦਿੱਤੀਆਂ, ਪਰ ਰਾਤ ਕਰੀਬ ਦੋ ਵਜੇ ਫਿਰ ਤੋਂ ਘਰ ਦੇ ਕਮਰਿਆਂ ਦੀਆਂ ਲਾਈਟਾਂ ਜਗੀਆਂ ਹੋਣ ਕਾਰਨ ਘਰ ਦੇ ਮੈਂਬਰ ਉੱਠੇ, ਤਾਂ ਕਮਰੇ ਵਿੱਚ ਰੱਖਿਆ ਸਾਮਾਨ ਖਿਲਰਿਆ ਪਿਆ ਸੀ ਅਤੇ ਉੱਥੇ ਰੱਖਿਆ ਇੱਕ ਪਰਸ ਗਾਇਬ ਸੀ। ਇਸ ਪਰਸ ਵਿੱਚ 20 ਤੋਲੇ ਗਹਿਣਿਆਂ ਦੇ ਨਾਲ 50 ਹਜ਼ਾਰ ਰੁਪਏ ਦੀ ਨਕਦੀ ਰੱਖੀ ਹੋਈ ਸੀ।ਇਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਮਾਮਲੇ ਦੀ ਜਾਣਕਾਰੀ ਪੀਸੀਆਰ ਪੁਲਿਸ ਨੂੰ ਦਿੱਤੀ। ਪੁਲਿਸ ਦੀਆਂ ਟੀਮਾਂ ਨੇ ਮੌਕੇ ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ। ਉੱਥੇ ਹੀ ਸਵੇਰੇ ਪੁਲਿਸ ਦੀਆਂ ਫੋਰੈਂਸਿਕ ਟੀਮਾਂ ਨੇ ਵੀ ਮੌਕੇ 'ਤੇ ਫਿੰਗਰ ਪ੍ਰਿੰਟ ਦੇ ਸੈਂਪਲ ਲਏ।ਸੁਨੀਲ ਕੁਮਾਰ ਗੁਪਤਾ ਨੇ ਦੱਸਿਆ ਕਿ ਘਰ ਵਿੱਚ ਰੈਨੋਵੇਸ਼ਨ ਦਾ ਕੰਮ ਚੱਲਣ ਕਾਰਨ ਕਾਫ਼ੀ ਕਬਾੜ ਇਕੱਠਾ ਹੋ ਗਿਆ ਸੀ। ਇਸ ਕਾਰਨ ਦੁਪਹਿਰ ਵੇਲੇ ਕਬਾੜ ਖਰੀਦਣ ਵਾਲੇ ਕਰੀਬ ਅੱਧਾ ਦਰਜਨ ਨੌਜਵਾਨ ਘਰ ਦੇ ਬਾਹਰ ਆਏ ਸਨ, ਜਿਨ੍ਹਾਂ ਤੋਂ ਉਨ੍ਹਾਂ ਨੇ ਘਰ ਦੇ ਵੱਖ-ਵੱਖ ਹਿੱਸਿਆਂ ਵਿੱਚ ਰੱਖਿਆ ਕਬਾੜ ਚੁਕਵਾਇਆ ਸੀ। ਉਨ੍ਹਾਂ ਨੇ ਸ਼ੱਕ ਜਤਾਇਆ ਕਿ ਸੰਭਵ ਹੈ ਕਿ ਉਕਤ ਲੋਕਾਂ ਨੇ ਹੀ ਘਰ ਦੀ ਰੇਕੀ ਕੀਤੀ ਹੋਵੇ ਅਤੇ ਮੌਕਾ ਦੇਖ ਕੇ ਘਰ ਵਿੱਚ ਸੰਨ੍ਹ ਲਗਾ ਕੇ ਚੋਰੀ ਨੂੰ ਅੰਜਾਮ ਦਿੱਤਾ ਹੋਵੇ।ਥਾਣਾ ਸਿਵਲ ਲਾਈਨ ਦੇ ਐਸਐਚਓ ਹਰਜੋਤ ਸਿੰਘ ਨੇ ਦੱਸਿਆ ਕਿ ਮਾਡਲ ਟਾਊਨ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਉੱਥੇ ਹੀ ਮੌਕੇ 'ਤੇ ਫੋਰੈਂਸਿਕ ਜਾਂਚ ਕਰਕੇ ਸੈਂਪਲ ਲਏ ਗਏ ਹਨ।

ਇਸੇ ਤਰ੍ਹਾਂ 80 ਫੁੱਟ ਰੋਡ (ਜੋਗੀ ਨਗਰ ਦੇ ਨੇੜੇ) ਸਥਿਤ ਇੱਕ ਘਰ ਵਿੱਚੋਂ ਚੋਰਾਂ ਨੇ ਲੱਖਾਂ ਰੁਪਏ ਦੀ ਨਕਦੀ ਚੋਰੀ ਕਰ ਲਈ।

# ਆਨਲਾਈਨ ਜੂਏ ਦੀ ਮਾਰ: 15 ਲੱਖ ਹਾਰਨ ਤੋਂ ਬਾਅਦ ਸਾਬਕਾ ਫੌਜੀ ਨੇ ਰਚ ਦਿੱਤਾ ਲੁੱਟ ਦਾ ਝੂਠਾ ਡਰਾਮਾ, ਦਰਜ ਕਰਵਾਈ ਝੂਠੀ ਸ਼ਿਕਾਇਤ



ਬਠਿੰਡਾ, 21 ਜੂਨ( ਦੀਪਕ ਸ਼ਰਮਾ): ਲੰਘੇ ਸ਼ੁੱਕਰਵਾਰ ਇੱਕ ਸਾਬਕਾ ਫੌਜੀ ਨਾਲ ਵਾਪਰੀ 15 ਲੱਖ ਦੀ ਲੁੱਟ ਮਹਿਜ਼ ਇੱਕ ਡਰਾਮਾ ਨਿਕਲਿਆ। ਇਸ ਡਰਾਮੇ ਦਾ ਨਿਰਦੇਸ਼ਕ ਅਤੇ ਐਕਟਰ ਕੋਈ ਹੋਰ ਨਹੀਂ ਉਕਤ ਸਾਬਕਾ ਫੌਜੀ ਹੀ ਸੀ। ਜਿਸ ਨੇ ਆਪਣੇ ਪਰਿਵਾਰ ਅਤੇ ਪੁਲਿਸ ਨੂੰ ਗੁਮਰਾਹ ਕਰਨ ਲਈ ਲੁੱਟ ਦੀ ਇਹ ਕਹਾਣੀ ਬਣਾਈ ਸੀ, ਕਿਉਂਕਿ ਉਕਤ ਫੌਜੀ ਨੂੰ ਜੂਏ ਦੀ ਲਤ ਲੱਗ ਚੁੱਕੀ ਸੀ ਤੇ ਉਹ ਆਪਣੇ ਪੈਨਸ਼ਨ ਦੀ ਫੀਸ ਦੇ ਪੈਸੇ ਵੀ ਜੂਏ ਵਿੱਚ ਹਾਰ ਚੁੱਕਾ ਸੀ। ਬਠਿੰਡਾ ਪੁਲਿਸ ਨੇ 24 ਘੰਟਿਆਂ ਦੇ ਅੰਦਰ ਅੰਦਰ ਲੁੱਟਦੇ ਇਸ ਡਰਾਮੇ ਤੋਂ ਪੜਦਾ ਚੁੱਕਦਿਆਂ ਹੋਇਆਂ ਉਕਤ ਫੌਜੀ ਨੂੰ ਗ੍ਰਿਫਤਾਰ ਕਰ ਲਿਆ ਹੈ। ਕਥਿਤ ਦੋਸ਼ੀ ਖਿਲਾਫ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਪੁਲਿਸ ਨੂੰ ਇਹ ਮਾਮਲਾ ਸ਼ੁਰੂ ਤੋਂ ਹੀ ਸ਼ੱਕੀ ਜਾਪ ਰਿਹਾ ਸੀ।ਇਸ ਲਈ ਫੌਜੀ ਵੱਲੋਂ ਦੱਸੇ ਗਏ ਪੂਰੇ ਘਟਨਾਕ੍ਰਮ ਦੀ ਦੀ ਡੂੰਗਾਈ ਨਾਲ ਪੜਤਾਲ ਕੀਤੀ ਗਈ ਤਾਂ ਮਾਮਲਾ ਕੁਝ ਹੋਰ ਹੀ ਨਿਕਲਿਆ। ਦਰਅਸਲ ਉਕਤ ਸਾਬਕਾ ਫੌਜੀ ਨੂੰ ਆਨਲਾਈਨ ਜੂਆ ਖੇਡਣ ਦੀ ਆਦਤ ਪੈ ਗਈ ਸੀ। ਜਿਸ ਕਾਰਨ ਉਹ ਆਪਣੀ ਸਾਰੀ ਜਮ੍ਹਾਂ ਪੂੰਜੀ ਹਾਰ ਚੁੱਕਾ ਸੀ। ਘਰਦਿਆਂ ਨੂੰ ਸ਼ੱਕ ਨਾ ਹੋਵੇ ਇਸ ਲਈ ਉਕਤ ਫੌਜੀ ਨੇ ਲੁੱਟ ਦੀ ਕਹਾਣੀ ਬਣਾ ਕੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਪਰ ਉਸ ਦਾ ਡਰਾਮਾ ਜ਼ਿਆਦਾ ਦੇਰ ਤੱਕ ਨਾ ਚੱਲ ਸਕਿਆ।ਪੁਲਿਸ ਦੀ ਤਫਤੀਸ਼ ਤੋਂ ਬਾਅਦ ਇਹ ਖੁਲਾਸਾ ਹੋਇਆ ਕਿ ਸ਼ਿਕਾਇਤਕਰਤਾ ਨੇ ਕੈਸੀਨੋ ਗੇਮ ਵਿੱਚ ਹਾਰੇ ਹੋਏ ਪੈਸਿਆਂ ਨੂੰ ਖੁਰਦ ਬੁਰਦ ਕਰਨ ਲਈ ਇਹ ਮਨਘੜਤ ਕਹਾਣੀ ਬਣਾਈ ਸੀ ਅਤੇ ਪੁਲਿਸ ਕੋਲ ਝੂਠੀ ਸ਼ਿਕਾਇਤ ਦਰਜ ਕਰਵਾ ਦਿੱਤੀ।ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਪੁਲਿਸ ਕਪਤਾਨ ਅਮਨੀਤ ਕੌਂਡਲ ਨੇ ਐਸਪੀ ਸਿਟੀ ਨਰਿੰਦਰ ਸਿੰਘ, ਡੀਐਸਪੀ ਹਰਜੀਤ ਸਿੰਘ ਮਾਨ ਅਤੇ ਐਸਐਚਓ ਥਾਣਾ ਕੋਟਫੱਤਾ ਜਸਵਿੰਦਰ ਕੌਰ ਦੀ ਅਗਵਾਈ ਵਿੱਚ ਵੱਖ ਵੱਖ ਟੀਮਾਂ ਬਣਾ ਕੇ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰਵਾਈ, ਜਿਸ ਤੋਂ ਬਾਅਦ ਉਕਤ ਫੌਜੀ ਵੱਲੋਂ ਖੇਡੇ ਗਏ ਸਾਰੇ ਨਾਟਕ ਤੋਂ ਪਰਦਾ ਚੁੱਕਿਆ ਗਿਆ।ਇਸ ਸਬੰਧੀ ਸਥਾਨਕ ਸਕੱਤਰੇਤ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਡੀਐਸਪੀ ਦਿਹਾਤੀ ਹਰਜੀਤ ਸਿੰਘ ਮਾਨ ਨੇ ਦੱਸਿਆ ਹੈ ਕਿ ਥਾਣਾ ਕੋਟਫੱਤਾ ਵਿਖੇ ਲੰਘੀ 20 ਜੂਨ ਨੂੰ ਦੁਪਹਿਰ ਸਮੇਂ ਅਵਤਾਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਕੋਟਲੀ ਖੁਰਦ ਵੱਲੋਂ ਇੱਕ ਇਤਲਾਹ ਦਿੱਤੀ ਗਈ ਸੀ। ਉਸਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ ਨੰਬਰ 2883 'ਤੇ ਬਠਿੰਡਾ ਸਥਿਤ 9463 ਬੈਂਕ ਤੋਂ 15 ਲੱਖ ਰੁਪਏ ਕਢਵਾ ਕੇ ਆਪਣੇ ਪਿੰਡ ਵਾਪਸ ਜਾ ਰਿਹਾ ਸੀ। ਰਸਤੇ ਵਿੱਚ, ਪਿੰਡ ਕੋਟਸ਼ਮੀਰ ਮੇਨ ਰੋਡ 'ਤੇ ਇੱਕ ਲੜਕੇ ਅਤੇ ਲੜਕੀ ਨੇ ਉਸ ਤੋਂ ਲਿਫਟ ਮੰਗੀ। ਜਦੋਂ ਉਹ ਪਿੰਡ ਗਹਿਰੀ ਭਾਗੀ ਟੀ-ਪੁਆਇੰਟ ਕੋਲ ਪਹੁੰਚੇ, ਤਾਂ ਮੋਟਰਸਾਈਕਲ ਤੇ ਸਵਾਰ ਲੜਕੇ ਅਤੇ ਲੜਕੀ ਨੇ ਉਸ ਤੇ ਪਿਸਤੌਲ ਤਾਣ ਦਿੱਤਾ ਅਤੇ ਉਸਨੂੰ ਰੋਕ ਲਿਆ। ਫੌਜੀ ਨੇ ਦੱਸਿਆ ਕਿ ਮੌਕੇ 'ਤੇ ਉਨ੍ਹਾਂ ਦੀ ਇੱਕ ਅਲਟੋ ਕਾਰ ਖੜ੍ਹੀ ਸੀ। ਇਸ ਤੋਂ ਬਾਅਦ, ਉਸਨੂੰ ਪਿਸਤੌਲ ਦੀ ਨੋਕ 'ਤੇ ਜੂਸ ਪਿਲਾਇਆ ਗਿਆ, ਜਿਸ ਵਿੱਚ ਕੋਈ ਜ਼ਹਿਰੀਲਾ ਪਦਾਰਥ ਹੋਣ ਕਾਰਨ ਉਸਨੂੰ ਉਲਟੀ ਆ ਗਈ। ਅਵਤਾਰ ਸਿੰਘ ਅਨੁਸਾਰ, ਅਣਪਛਾਤੇ ਲੜਕੇ-ਲੜਕੀ ਨੇ ਉਸਦਾ 15 ਲੱਖ ਰੁਪਏ ਵਾਲਾ ਬੈਗ ਅਤੇ ਉਸਦਾ ਮੋਬਾਈਲ ਫੋਨ ਖੋਹ ਲਿਆ ਅਤੇ ਪਿੰਡ ਗਹਿਰੀ ਭਾਗੀ ਵਾਲੀ ਸੜਕ ਵੱਲ ਫਰਾਰ ਹੋ ਗਏ। ਇਸ ਘਟਨਾ ਤੋਂ ਬਾਅਦ, ਉਸਦੀ ਸਿਹਤ ਖਰਾਬ ਹੋਣ ਕਰਕੇ ਉਹ ਸਰਕਾਰੀ ਹਸਪਤਾਲ ਬਠਿੰਡਾ ਵਿੱਚ ਦਾਖਲ ਹੋ ਗਿਆ। ਡੀਐਸਪੀ ਮਾਨ ਅਨੁਸਾਰ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਬਠਿੰਡਾ ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ। ਤਫਤੀਸ਼ ਦੌਰਾਨ ਜੋ ਤੱਥ ਸਾਹਮਣੇ ਆਏ, ਉਹ ਹੈਰਾਨ ਕਰਨ ਵਾਲੇ ਸਨ। ਅਵਤਾਰ ਸਿੰਘ ਵੱਲੋਂ ਦੱਸੇ ਗਏ 9463 ਬੈਂਕ ਦੇ ਖਾਤਾ ਨੰਬਰ 10225810154 ਦੀ ਜਾਂਚ ਕੀਤੀ। ਖਾਤੇ ਦੀ ਜਾਣਕਾਰੀ ਤੋਂ ਪਤਾ ਚੱਲਿਆ ਕਿ ਇਸ ਖਾਤੇ ਵਿੱਚ ਸਿਰਫ 3.10 ਰੁਪਏ ਹੀ ਸਨ। ਇੰਨਾ ਹੀ ਨਹੀਂ, ਲੰਘੀ 20 ਜੂਨ ਨੂੰ ਇਸ ਖਾਤੇ ਵਿੱਚੋਂ 15 ਲੱਖ ਰੁਪਏ ਕਢਵਾਉਣ ਦਾ ਕੋਈ ਲੈਣ-ਦੇਣ ਨਹੀਂ ਪਾਇਆ ਗਿਆ।ਹੋਰ ਡੂੰਘਾਈ ਨਾਲ ਜਾਂਚ ਕਰਨ ਤੇ ਪਤਾ ਚੱਲਿਆ ਕਿ ਅਵਤਾਰ ਸਿੰਘ ਫੌਜੀ ਸ਼ੁਕਰਵਾਰ ਨੂੰ ਬਠਿੰਡਾ ਆਇਆ ਹੀ ਨਹੀਂ ਸੀ। ਸਗੋਂ,ਉਹ ਉਸੇਸਮੇਂ ਮੌੜਮੰਡੀ ਸਥਿਤ ਬੈਂਕ ਵਿੱਚ ਆਪਣੀ ਪੈਨਸ਼ਨ ਨੂੰ ਆਪਣੇ ਕਿਸੇ ਹੋਰ ਬੈਂਕ ਖਾਤੇ ਵਿੱਚ ਤਬਦੀਲ ਕਰਵਾਉਣ ਲਈ ਗਿਆ ਹੋਇਆ ਸੀ। ਬੈਂਕ ਵੱਲੋਂ ਉਸਦੀ ਦਰਖਾਸਤ 20.06.2025 ਨੂੰ ਪ੍ਰਾਪਤ ਕੀਤੀ ਗਈ ਸੀ ਅਤੇ ਇਸਦੀ ਰਸੀਦ ਵੀ ਪੁਲਿਸ ਨੇ ਤਫਤੀਸ਼ ਦੌਰਾਨ ਹਾਸਲ ਕੀਤੀ ਹੈ।

# ਪੁਲਿਸ ਵੱਲੋਂ ਨਸ਼ੀਲੀਆਂ ਗੋਲ਼ੀਆਂ ਸਮੇਤ ਦੋ ਨੌਜਵਾਨ ਗ੍ਰਿਫ਼ਤਾਰ



ਧਨੌਲਾ,21ਜੂਨ (ਚਮਕੌਰ ਸਿੰਘ ਗੱਗੀ): ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਥਾਣਾ ਧਨੌਲਾ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਨਸ਼ੀਲੀਆਂ ਗੋਲੀਆਂ ਸਮੇਤ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ, ਜਾਣਕਾਰੀ ਦਿੰਦਿਆਂ ਥਾਣਾ ਧਨੌਲਾ ਦੇ ਮੁੱਖੀ ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਐਸਐਸਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਡੀ ਐਸ ਪੀ ਬਰਨਾਲਾ ਸ੍ਰੀ ਸਤਵੀਰ ਸਿੰਘ ਬੈਂਸ ਜੀ ਦੀ ਅਗਵਾਈ ਹੇਠ ਥਾਣਾ ਧਨੌਲਾ ਦੀ ਸਮੁੱਚੀ ਪੁਲਿਸ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਜਗ੍ਹਾ ਜਗ੍ਹਾ ਨਾਕੇਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਹੈ, ਜਿਸ ਤਹਿਤ ਕਿਸੇ ਮੁਖਬਰ ਖਾਸ ਨੇ ਪੁਲਿਸ ਪਾਰਟੀ ਨੂੰ ਇਤਲਾਹ ਦਿੱਤੀ ਕਿ ਦੋ ਨੌਜਵਾਨ ਨਸ਼ੀਲੀਆਂ ਗੋਲੀਆਂ ਵੇਚਣ ਦਾ ਧੰਦਾ ਕਰਦੇ ਹਨ, ਜਿਸ ਤੇ ਕਾਰਵਾਈ ਕਰਦੇ ਹੋਏ ਵਿਖੇ ਇੰਸਪੈਕਟਰ ਜਗਜੀਤ ਸਿੰਘ ਘੁਮਾਨ ਵੱਲੋਂ ਆਪਣੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਦੋ ਵਿਅਕਤੀਆਂ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਗਿਰਫਤਾਰ ਕੀਤਾ ਗਿਆ ਜਿਨਾਂ ਦੀ ਪਹਿਚਾਣ ਗੁਰਪ੍ਰੀਤ ਸਿੰਘ ਬੁਗਲਾ ਪੁੱਤਰ ਅਜੀਤ ਸਿੰਘ ਬਾਸੀ ਧਨੌਲਾ ਨੂੰ ਪਿੰਡ ਦਾਨਗੜ੍ਹ ਡਰੇਨ ਦੀ ਪਟੜੀ ਤੋ ਦਬੋਚ ਲਿਆ ਜਿਸ ਪਾਸੋਂ 1006 ਗੋਲੀਆਂ ਬਰਾਮਦ ਕੀਤੀਆਂ ਗਈਆਂ, ਅਤੇ ਅਮਨਦੀਪ ਸਿੰਘ ਉਰਫ ਨਿਜ ਪੁੱਤਰ ਇੰਦਰਜੀਤ ਸਿੰਘ ਪਾਸੋਂ 90 ਗੋਲੀਆਂ ਬਰਾਮਦ ਹੋਈਆਂ, ਜਿਨਾਂ ਖਿਲਾਫ ਮੁਕਦਮਾ ਨੰਬਰ 79 ਅ/ਧ 22,29/61/85 ਐਨ ਡੀ ਪੀ ਐਕਟ ਤਹਿਤ ਦਰਜ ਕਰਕੇ ਗਿਰਫਤਾਰ ਕੀਤਾ ਗਿਆ, ਅਤੇ ਅਗਲੀ ਤਫਤੀਸ਼ ਆਰੰਭ ਦਿੱਤੀ ਗਈ। ਇਸ ਮੌਕੇ ਏਐਸਆਈ ਸੁਖਦੇਵ ਸਿੰਘ, ਏਐਸਆਈ ਜਗਦੇਵ ਸਿੰਘ, ਮੁੱਖ ਮੁਨਸ਼ੀ ਪਰਮਦੀਪ ਸਿੰਘ, ਹੌਲਦਾਰ ਰਣਜੀਤ ਸਿੰਘ, ਸਿਪਾਹੀ ਕਮਲ ਸ਼ਰਮਾ, ਸਿਪਾਹੀ ਅੰਮ੍ਰਿਤ ਪਾਲ ਸਿੰਘ, ਸਿਪਾਹੀ ਅਨਮੋਲ ਸਿੰਘ, ਕੁਲਵੰਤ ਸਿੰਘ, ਅਤੇ ਹੋਰ ਹਾਜ਼ਰ ਸਨ।

# ਕਾਰ ਸਵਾਰਾਂ ਨੇ ਲਿਫਟ ਦੇ ਕੇ ਔਰਤ ਦੀ ਸੋਨੇ ਦੀ ਵਾਲ਼ੀ ਲਾਹੀ



ਤਪਾ ਮੰਡੀ, 21ਜੂਨ(ਭੂਸ਼ਨ ਘੜੈਲਾ):ਬਰਨਾਲਾ-ਬਠਿੰਡਾ ਹਾਈਵੇ 'ਤੇ ਧਾਗਾ ਮਿਲ ਕੋਲ ਸਥਿਤ ਪੁਲਸ ਨਾਕੇ ਨੇੜੇ ਕਾਰ ਸਵਾਰਾਂ ਵੱਲੋਂ ਔਰਤਾਂ ਨੂੰ ਲਿਫਟ ਦੇਕੇ ਕੰਨ 'ਚ ਪਾਈ ਸੋਨੇ ਦੀ ਵਾਲੀ ਲਾਹਕੇ ਲੈ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸੰਬੰਧੀ ਬਜ਼ੁਜ਼ਰਗ ਔਰਤ ਗੁਰਦੇਵ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਬਠਿੰਡਾ ਅਪਣੀ ਭਰਜਾਈ ਗੁਰਦੇਵ ਕੌਰ ਪਤਨੀ ਛੋਟਾ ਸਿੰਘ ਨਾਲ ਰਾਮਪੁਰਾ ਬਾਈਪਾਸ ਹਾਈਵੇ 'ਤੇ ਖੜ੍ਹੀ ਸੀ ਤਾਂ ਇੱਕ ਸਵਿਫਟ ਕਾਰ ਜਿਸ 'ਚ 2 ਔਰਤਾਂ ਅਤੇ ਇੱਕ ਮਰਦ ਚਾਲਕ ਸੀ,ਕਹਿਣ ਲੱਗੇ ਅਸੀਂ ਬਰਨਾਲਾ ਸਾਈਡ ਜਾਣਾ ਹੈ। ਅਗਰ ਤੁਸੀਂ ਜਾਣਾ ਹੈ, ਤਾਂ ਬੈਠ ਜਾਉ ਅਤੇ ਸਕੇ ਸੰਬੰਧੀ ਅਤੇ ਰਿਸ਼ਤੇਦਾਰਾਂ ਬਾਰੇ ਜਾਣ ਪਹਿਚਾਣ ਕਰਵਾਉਣ ਉਪਰੰਤ ਕਾਰ 'ਚ ਬੈਠ ਗਈਆਂ,ਧਾਗਾ ਮਿਲ ਕੋਲ ਪੁੱਜੇ ਤਾਂ ਪਿੱਛਲੀ ਸੀਟ 'ਤੇ ਬੈਠੀਆਂ ਔਰਤਾਂ ਨੇ ਉਸ ਦੇ ਕੰਨ 'ਚ ਪਾਈ ਸੋਨੇ ਦੀ ਵਾਲੀ ਲਾਹ ਲਈ ਜਦ,ਦੂਸਰੀ ਔਰਤ ਦੇ ਕੰਨਾਂ ਦੀਆਂ ਲਾਹੁਣ ਲੱਗੇ ਤਾਂ ਉਸ ਨੇ ਰੌਲਾ ਪਾਉਣ 'ਤੇ ਕਾਰ ਸਵਾਰ ਔਰਤਾਂ ਨੂੰ ਲਾਹਕੇ ਰਾਮਪੁਰਾ ਸਾਈਡ ਵੱਲ ਕਾਰ ਮੋੜਕੇ ਭੱਜ ਗਏ। ਦੋਵੇਂ ਨਨਦ ਭਰਜਾਈ ਨੇ ਤਪਾ ਓਵਰਬ੍ਰਿਜ ਹੇਠਾਂ ਆਕੇ ਆਪ ਬੀਤੀ ਲੋਕਾਂ ਦੇ ਇਕੱਠ ਨੂੰ ਦੱਸੀ ਤਾਂ ਥਾਣਾ ਮੁਖੀ ਸਰੀਫ ਖਾਂ ਨੇ ਕਾਰ ਸਵਾਰ ਲੁਟੇਰਿਆਂ ਦਾ ਪਿੱਛਾ ਵੀ ਕੀਤਾ ਪਰ ਫਰਾਰ ਹੋ ਗਏ। ਥਾਣਾ ਮੁਖੀ ਸਰੀਫ ਖਾਂ ਨੇ ਮੌਕੇ 'ਤੇ ਪਹੁੰਚਕੇ ਔਰਤ ਲੁਟੇਰਿਆਂ ਨੂੰ ਫੜਨ ਲਈ ਨਾਕਾਬੰਦੀ ਕਰ ਦਿੱਤੀ ਹੈ,ਪਰ ਇਹ ਘਟਨਾ ਗਿੱਲ ਥਾਣਾ 'ਚ ਪੈਂਦੀ ਹੈ। ਇਹ ਨਨਦ ਭਰਜਾਈ ਨੇ ਪਿੰਡ ਧੋਲਾ ਵਿਖੇ ਜਾਣਾ ਸੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਯੋਗ ਕੈਂਪ



ਬਰਨਾਲਾ, 21 ਜੂਨ (ਹਿਮਾਂਸ਼ੂ ਗਰਗ): ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਵਿਸ਼ਵ ਯੋਗਾ ਦਿਵਸ ਮੌਕੇ ਜ਼ਿਲ੍ਹਾ ਅਦਾਲਤ ਕੰਪਲੈਕਸ ਬਰਨਾਲਾ ਵਿੱਚ ਯੋਗਾ ਕੈਂਪ ਲਾਇਆ ਗਿਆ। ਇਹ ਯੋਗਾ ਕੈਂਪ ਸ਼੍ਰੀ ਬੀ.ਬੀ.ਐਸ. ਤੇਜੀ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ–ਕਮ–ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਦੀ ਅਗਵਾਈ ਹੇਠ ਲਾਇਆ ਗਿਆ।

ਇਸ ਯੋਗਾ ਕੈਂਪ ਵਿੱਚ ਯੋਗਾ ਇੰਸਟ੍ਰਕਟਰ ਸ਼੍ਰੀ ਰਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਯੋਗਾ ਕੇਵਲ ਸਰੀਰਕ ਜਾਂ ਮਾਨਸਿਕ ਵਿਕਾਸ ਲਈ ਹੀ ਜ਼ਰੂਰੀ ਨਹੀਂ ਹੈ ਸਗੋਂ ਅਧਿਆਤਮਿਕ ਸਕੂਨ, ਸਥਿਰਤਾ, ਇਕਾਗਰਤਾ ਅਤੇ ਆਨੰਦ ਲਈ ਵੀ ਇਹ ਲਾਜ਼ਮੀ ਹੈ। ਅੱਜ ਦੁਨੀਆ ਦੇ ਅਨੇਕ ਮੁਲਕਾਂ ਵਿੱਚ ਤੰਦਰੁਸਤੀ ਲਈ ਅਪਣਾਇਆ ਗਿਆ ਯੋਗਾ ਹਜ਼ਾਰਾਂ ਸਾਲਾਂ ਪਹਿਲਾਂ ਭਾਰਤ ਦੇ ਰਿਸ਼ੀਆਂ–ਮੁਨੀਆਂ ਦੁਆਰਾ ਆਪਣੇ ਅਦਭੁੱਤ ਗਿਆਨ ਸਦਕਾ ਹੋਂਦ ਵਿੱਚ ਲਿਆਂਦਾ ਗਿਆ ਸੀ। ਯੋਗਾ ਦਾ ਜਨਮ ਭਾਰਤ ਵਿੱਚ ਪੂਰਵ ਵੈਦਿਕ ਕਾਲ ਵਿੱਚ ਹੋਇਆ ਸੀ। ਇਸਨੂੰ ਗਿਆਨ, ਕਰਮ ਭਗਤੀ ਦਾ ਸੁਮੇਲ ਦੱਸਿਆ ਜਾ ਸਕਦਾ ਹੈ। ਯੋਗਾ ਸੈਸ਼ਨ ਤੋਂ ਬਾਅਦ ਸ਼੍ਰੀ ਮਨਿੰਦਰ ਸਿੰਘ, ਸਹਾਇਕ ਲੀਗਲ ਏਡ ਡਿਫੈਂਸ ਕਾਊਂਸਲ ਬਰਨਾਲਾ ਵਲੋਂ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿਲੀ ਵਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਕੈਂਪ ਦੌਰਾਨ ਸ਼੍ਰੀ ਬਿਕਰਮਜੀਤ ਸਿੰਘ, ਮਾਨਯੋਗ ਵਧੀਕ ਜ਼ਿਲ੍ਹਾ ਅਤੇ ਸ਼ੈਸ਼ਨਜ਼ ਜੱਜ, ਸ਼੍ਰੀ ਮਨੀਸ਼ ਗਰਗ, ਮਾਨਯੋਗ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ, ਸ਼੍ਰੀ ਅਭਿਸ਼ੇਕ ਪਾਠਕ, ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ ਬਰਨਾਲਾ, ਸ਼੍ਰੀ ਸੁਧੀਰ ਕੁਮਾਰ, ਜੁਡਿਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ, ਬਰਨਾਲਾ, ਅਤੇ ਐਡਵੋਕੇਟਸ ਅਤੇ ਪੈਨਲ–ਐਡਵੋਕੇਟਸ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦਾ ਸਟਾਫ ਅਤੇ ਕੋਰਟ ਸਟਾਫ ਹਾਜ਼ਰ ਰਿਹਾ।

ਇਸ ਤੋਂ ਇਲਾਵਾ ਜ਼ਿਲ੍ਹਾ ਜੇਲ੍ਹ ਬਰਨਾਲਾ ਵਿੱਚ ਵਿਸ਼ਵ ਯੋਗਾ ਦਿਵਸ ਮਨਾਇਆ ਗਿਆ। ਇਸ ਮੌਕੇ ਸਿਮਰਨਜੀਤ ਸਿੰਘ, ਯੋਗਾ ਇੰਸਟਰਕਟਰ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਯੋਗ ਸਿਖਾਇਆ ਗਿਆ। ਇਸ ਮੌਕੇ ਯੋਗਾ ਸੈਸ਼ਨ ਤੋਂ ਬਾਅਦ ਕੈਦੀਆਂ ਅਤੇ ਹਵਾਲਾਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਅਤੇ ਉਹਨਾਂ ਦੇ ਕਾਨੂੰਨੀ ਹੱਕਾਂ ਸਬੰਧੀ ਸ਼੍ਰੀ ਗੁਰਮੇਲ ਸਿੰਘ ਗਿਲ, ਚੀਫ ਲੀਗਲ ਏਡ ਡਿਫੈਂਸ ਕਾਉਂਸਲ ਅਤੇ ਸ਼੍ਰੀ ਗੁਰਨੈਬ ਸਿੰਘ ਢਿਲੋਂ, ਡਿਪਟੀ ਚੀਫ ਲੀਗਲ ਏਡ ਡਿਫੈਂਸ ਕਾਓਂਸਲ ਵਲੋਂ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਬਰਨਾਲਾ ਸ਼ਹਿਰ ਵਿੱਚ ਵੱਖ ਵੱਖ ਥਾਵਾਂ ਤੇ ਮਨਾਏ ਗਏ ਵਿਸ਼ਵ ਯੋਗਾ ਦਿਵਸ ਦੌਰਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦੇ ਪੈਰਾ ਲੀਗਲ ਵੰਲਅਟੀਅਰਾਂ ਵਲੋਂ ਲੋਕਾਂ ਨੂੰ ਯੋਗਾ ਦੇ ਲਾਭ ਅਤੇ ਕਾਨੂੰਨੀ ਹੱਕਾਂ ਸਬੰਧੀ ਜਾਣਕਾਰੀ ਦੇਣ ਲਈ ਸਾਹਿਤ ਦੀ ਵੰਡ ਕੀਤੀ ਗਈ।

## ਕੁਸ਼ਟ ਆਸ਼ਰਮ ਵਿਖੇ ਡਾਕਟਰੀ ਕੈਂਪ ਦੌਰਾਨ 100 ਤੋਂ ਵੱਧ ਮਰੀਜ਼ਾਂ ਦੀ ਜਾਂਚ

ਬਰਨਾਲਾ, 21 ਜੂਨ (ਸੁਖਵਿੰਦਰ ਸਿੰਘ ਭੰਡਾਰੀ) : ਰਾਸ਼ਟਰੀ ਸੇਵਾ ਭਾਰਤੀ ਵੱਲੋਂ ਆਪਣੀ ਸਹਿਯੋਗੀ ਸੰਸਥਾ ਸਮਰਪਣ ਫਾਊਂਡੇਸ਼ਨ ਟਰੱਸਟ ਦੇ ਸਹਿਯੋਗ ਨਾਲ ਨੇਤਾ ਜੀ ਸੁਭਾਸ਼ ਆਜ਼ਾਦ ਹਿੰਦ ਕੁਸ਼ਟ ਆਸ਼ਰਮ ਨੇੜੇ ਅਨਾਜ ਮੰਡੀ ਬਰਨਾਲਾ ਵਿਖੇ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੇਵਾ ਭਾਰਤੀ ਬਰਨਾਲਾ ਦੇ ਜ਼ਿਲ੍ਹਾ ਸਕੱਤਰ ਮਨੀਸ਼ ਬਾਂਸਲ ਅਤੇ ਮੋਬਾਈਲ ਮੈਡੀਕਲ ਟੀਮ ਦੀ ਸੰਚਾਲਿਕਾ ਸੰਤੋਸ਼ ਰਾਣੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਦੌਰਾਨ ਕੁਸ਼ਟ ਆਸ਼ਰਮ 'ਚ ਰਹਿੰਦੇ 100 ਤੋਂ ਵੱਧ ਮੈਂਬਰਾਂ ਦੀ ਕੁਸ਼ਟ ਰੋਗ ਸੰਬੰਧੀ ਜਾਂਚ ਕੀਤੀ ਗਈ ਅਤੇ ਮਰੀਜ਼ਾਂ ਦੇ ਜ਼ਖਮਾਂ ਦੀ ਮਾਈਨਰ ਸਰਜਰੀ ਕਰਕੇ ਮੱਲਮ ਪੱਟੀ ਕੀਤੀ ਗਈ ਅਤੇ ਦਵਾਈਆਂ ਮੁਫ਼ਤ ਵੰਡੀਆਂ ਗਈਆਂ। ਮਰੀਜ਼ਾਂ ਦੇ ਖ਼ੂਨ, ਸ਼ੂਗਰ ਅਤੇ ਰਕਤ ਚਾਪ ਦੀ ਜਾਂਚ ਵੀ ਕੀਤੀ ਗਈ।

# ਸੀ.ਐੱਮ. ਦੀ ਯੋਗਸ਼ਾਲਾ ਤਹਿਤ ਮਨਾਇਆ ਜ਼ਿਲ੍ਹਾ ਪੱਧਰੀ ਅੰਤਰ-ਰਾਸ਼ਟਰੀ ਯੋਗ ਦਿਵਸ



ਬਰਨਾਲਾ, 21 ਜੂਨ (ਅਮਨਦੀਪ ਸਿੰਘ): ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਅਤੇ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਵਿਭਾਗ ਵੱਲੋਂ ਸੀ ਐੱਮ ਦੀ ਯੋਗਸ਼ਾਲਾ ਤਹਿਤ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਇੱਥੇ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਵਿੱਚ ਮਨਾਇਆ ਗਿਆ, ਜਿਸ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ, ਐੱਸ ਐੱਸ ਪੀ ਮੁਹੰਮਦ ਸਰਫ਼ਰਾਜ਼ ਆਲਮ, ਚੇਅਰਮੈਨ ਨਗਰ ਸੁਧਾਰ ਟਰੱਸਟ ਸ੍ਰੀ ਰਾਮ ਤੀਰਥ ਮੰਨਾ, ਚੇਅਰਮੈਨ ਮਾਰਕੀਟ ਕਮੇਟੀ ਬਰਨਾਲਾ ਸ. ਪਰਮਿੰਦਰ ਸਿੰਘ ਭੰਗੂ, ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਡਾ. ਅਮਨ ਕੌਸ਼ਲ ਸਮੇਤ ਵੱਡੀ ਗਿਣਤੀ ਸ਼ਹਿਰ ਵਾਸੀਆਂ ਨੇ ਭਾਗ ਲਿਆ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਨੇ ਬਰਨਾਲਾ ਵਾਸੀਆਂ ਨੂੰ ਸੀ ਐੱਮ ਦੀ ਯੋਗਸ਼ਾਲਾ ਸਕੀਮ ਦਾ ਲਾਹਾ ਲੈਣ ਦਾ ਸੱਦਾ ਦਿੱਤਾ, ਜਿਸ ਤਹਿਤ ਜ਼ਿਲ੍ਹੇ ਵਿੱਚ ਮੁਫ਼ਤ ਕਲਾਸਾਂ 138 ਥਾਵਾਂ ਤੇ ਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਜਿੱਥੇ ਹਰ ਇੱਕ ਵਿਅਕਤੀ ਸਰੀਰਕ ਜਾਂ ਮਾਨਸਿਕ ਤਣਾਅ ਵਿਚ ਹੈ ਤਾਂ ਯੋਗ ਅਜਿਹਾ ਸਾਧਨ ਹੈ, ਜਿਸ ਨਾਲ ਜੁੜ ਕੇ ਨਿਰੋਗ ਜੀਵਨ ਬਤੀਤ ਕੀਤਾ ਜਾ ਸਕਦਾ ਹੈ।

ਇਸ ਮੌਕੇ ਚੇਅਰਮੈਨ ਰਾਮ ਤੀਰਥ ਮੰਨਾ ਨੇ ਕਿਹਾ ਕਿ ਯੋਗ ਲਈ ਰੋਜ਼ਾਨਾ ਕੁਝ ਸਮਾਂ ਕੱਢ ਕੇ ਅਸੀਂ ਪੂਰੀ ਤਰ੍ਹਾਂ ਤੰਦਰੁਸਤ ਜੀਵਨ ਬਤੀਤ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਇਸ ਉਦੇਸ਼ ਤਹਿਤ ਮਾਨ ਸਰਕਾਰ ਵਲੋਂ ਸੀ ਐੱਮ ਦੀ ਯੋਗਸ਼ਾਲਾ ਤਹਿਤ ਬਲਾਕ ਬਰਨਾਲਾ ਵਿੱਚ 81 ਥਾਵਾਂ ਤੇ ਮੁਫ਼ਤ ਯੋਗ ਕਲਾਸਾਂ ਲਾਈਆਂ ਜਾ ਰਹੀਆਂ ਹਨ।

ਇਸ ਮੌਕੇ ਚੇਅਰਮੈਨ ਪਰਮਿੰਦਰ ਭੰਗੂ ਨੇ ਕਿਹਾ ਕਿ ਅੱਜ ਦੀ ਇਸ ਭੱਜ ਦੌੜ ਦੀ ਜ਼ਿੰਦਗੀ ਵਿੱਚ ਇਨਸਾਨ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਵਾਸਤੇ ਜਿਆਦਾ ਸਮਾਂ ਨਹੀਂ ਮਿਲਦਾ ਜਿਸ ਕਾਰਨ ਸਰੀਰਕ ਤੇ ਮਾਨਸਿਕ ਤੌਰ ਤੇ ਚਿੰਤਾਵਾਂ ਦਾ ਪਸਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਯੋਗ ਇੱਕ ਅਜਿਹੀ ਵਿਧੀ ਹੈ ਜੋ ਕਿ ਤੰਦਰੁਸਤ ਰਹਿਣ ਦਾ ਇੱਕ ਉੱਤਮ ਸਾਧਨ ਹੈ, ਇਸ ਲਈ ਹਰੇਕ ਇਨਸਾਨ ਨੂੰ ਰੋਜ਼ਾਨਾ ਯੋਗ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਡਾ. ਅਮਨ ਕੌਸ਼ਲ ਨੇ ਕਿਹਾ ਕਿ ਯੋਗ ਕਰਨ ਨਾਲ ਇਨਸਾਨ ਸਰੀਰਕ ਪੱਖੋਂ ਸਿਹਤਮੰਦ ਤਾਂ ਹੁੰਦਾ ਹੀ ਹੈ ਬਲਕਿ ਮਾਨਸਿਕ ਤੌਰ ਤੇ ਵੀ ਮਜ਼ਬੂਤ ਹੁੰਦਾ ਹੈ। ਯੋਗ ਅਭਿਆਸ ਨਾਲ ਮਨ ਸਥਿਰ ਰਹਿੰਦਾ ਹੈ ਤੇ ਸਰੀਰ ਦੀਆਂ ਅੰਦਰੂਨੀ ਬਿਮਾਰੀਆਂ ਦਾ ਖ਼ਾਤਮਾ ਵੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਯੋਗ ਅਭਿਆਸ ਹਰ ਉਮਰ ਦੇ ਵਿਅਕਤੀ ਬੱਚੇ, ਨੌਜਵਾਨ ਅਤੇ ਬਜ਼ੁਰਗਾਂ ਲਈ ਫ਼ਾਇਦੇਮੰਦ ਸਾਬਤ ਹੋਇਆ ਹੈ।

ਇਸ ਮੌਕੇ ਸੀ.ਐਮ ਦੀ ਯੋਗਸ਼ਾਲਾ ਪ੍ਰੋਗਰਾਮ ਦੀ ਜ਼ਿਲ੍ਹਾ ਕੋ-ਆਰਡੀਨੇਟਰ ਰਸ਼ਪਿੰਦਰ ਕੌਰ ਕਿ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੀ ਨਿਵੇਕਲੀ ਪਹਿਲ ਸੀ.ਐਮ ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ ਤੇ ਲਾਏ ਜਾ ਰਹੇ ਰੋਜ਼ਾਨਾ ਯੋਗਾ ਸੈਸ਼ਨਾਂ ਵਿੱਚ ਸ਼ਾਮਲ ਹੋ ਕੇ ਹਜ਼ਾਰਾਂ ਵਸਨੀਕ ਲਾਭ ਉਠਾ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਕਿਸੇ ਵੀ ਮੁਹੱਲੇ, ਪਿੰਡ ਜਾ ਸ਼ਹਿਰ ਵਾਸੀਆਂ ਨੇ ਮੁਫ਼ਤ ਯੋਗ ਕਲਾਸਾਂ ਦਾ ਲਾਭ ਉਠਾਉਣਾ ਹੈ ਤਾਂ ਉਹ ਵੈਬਸਾਇਟ cmdiyogshala.punjab.gov.in ਤੋਂ ਇਲਾਵਾ ਇੱਕ ਸਮਰਪਿਤ ਹੈਲਪਲਾਈਨ ਨੰਬਰ 76694-00500 ਤੇ ਸੰਪਰਕ ਕਰਕੇ, ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਦੇ ਮਾਤਾ ਡਾ. ਗੌਰੀ ਦੇਵੀ ਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸ ਪੀ ਅਸ਼ੋਕ ਕੁਮਾਰ, ਸਹਾਇਕ ਕਮਿਸ਼ਨਰ (ਜ) ਜੁਗਰਾਜ ਸਿੰਘ ਕਾਹਲੋਂ, ਡੀ ਐੱਸ ਪੀ ਸਤਵੀਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਉਮੇਸ਼ਵਰੀ ਸ਼ਰਮਾ, ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਬਰਨਾਲਾ ਸ੍ਰੀ ਵਿਸ਼ਾਲਦੀਪ ਸਮੇਤ, ਪ੍ਰਿੰਸੀਪਲ ਬਾਬਾ ਗਾਂਧਾ ਸਿੰਘ ਸਕੂਲ ਡਾ. ਸੰਦੀਪ ਕੁਮਾਰ ਸਮੇਤ ਵੱਖ ਵੱਖ ਸੰਸਥਾਵਾਂ ਅਤੇ 1300 ਦੇ ਕਰੀਬ ਯੋਗ ਪ੍ਰੇਮੀਆਂ ਨੇ ਹਿੱਸਾ ਲਿਆ।

# ਗੁਰਦੁਆਰਾ ਸਾਹਿਬ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



ਕੌਹਰੀਆਂ,21 ਜੂਨ ( ਅਵਤਾਰ ਸਿੰਘ ਜਟਾਣਾ ): ਵਧ ਰਹੀ ਗਰਮੀ ਨੂੰ ਮੁੱਖ ਰੱਖਦਿਆਂ ਪਿੰਡ ਸੰਗਤੀਵਾਲਾ ਦੇ ਗੁਰਦੁਆਰਾ ਸਿੰਘ ਸਭਾ ਸਾਹਿਬ ਵਿਖੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪ੍ਰਧਾਨ ਨਿੱਕਾ ਸਿੰਘ ਤੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਦੀ ਅਗਵਾਈ 'ਚ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਇਸ ਮੌਕੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੰਤਾਂ ਦੀ ਪੈ ਰਹੀ ਗਰਮੀ 'ਚ ਠੰਡੇ ਮਿੱਠੇ ਪਾਣੀ ਦੀ ਸੇਵਾ ਕਰਨਾ ਸਭ ਤੋਂ ਵੱਡਾ ਪੁੰਨ ਹੈ। ਉਨ੍ਹਾਂ ਕਿਹਾ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਜਿੱਥੇ ਅਸੀਂ ਛਬੀਲਾਂ ਲਗਾ ਕੇ ਮਨੁੱਖਾਂ ਦੀ ਪਿਆਸ ਬੁਝਾ ਰਹੇ ਹਾਂ, ਉੱਥੇ ਹੀ ਸਾਨੂੰ ਚਾਹੀਦਾ ਹੈ ਕਿ ਪੰਛੀਆਂ ਲਈ ਵੀ ਪਾਣੀ ਦਾ ਪ੍ਰਬੰਧ ਕਰੀਏ, ਕਿਉਂਕਿ ਪੰਛੀ ਸਾਡੇ ਮਿੱਤਰ ਹਨ ।

ਇਸ ਮੌਕੇ ਮਹਿਕਦੀਪ ਸਿੰਘ ਜਟਾਣਾ, ਹਰਮਨ ਸਿੰਘ, ਕਰਨ ਸਿੰਘ, ਰਿੰਕੂ ਸਿੰਘ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ ਜੱਸੀ, ਬਿੰਦਰ ਜਟਾਣਾ, ਰਾਜੂ ਸਿੰਘ, ਦਰਸ਼ਨ ਸਿੰਘ,ਕਰਮਜੀਤ ਸਿੰਘ, ਚਮਕੌਰ ਸਿੰਘ, ਬੱਗਾ ਸਿੰਘ,ਲੱਖੀ, ,ਦੀਪ ਪੂਨੀਆ, ਆਦਿ ਹਾਜ਼ਰ ਸਨ

# ਪਿੰਡ ਭਾਈ ਕੀ ਪਿਸ਼ੌਰ ਵਿਖੇ ਸੀ.ਐਮ ਦੀ ਯੋਗਸ਼ਾਲਾ ਅਧੀਨ ਕੈਂਪ

ਕੌਹਰੀਆਂ, 21 ਜੂਨ (ਅਵਤਾਰ ਸਿੰਘ ਜਟਾਣਾ):ਅੱਜ ਇੰਟਰਨੈਸ਼ਨਲ ਯੋਗਾ ਦਿਵਸ ਤੇ ਸੀ.ਐਮ ਪੰਜਾਬ ਦੀ ਯੋਗਸ਼ਾਲਾ ਅਧੀਨ ਪਿੰਡ ਭਾਈ ਕੀ ਪਿਸ਼ੌਰ ਵਿਖੇ ਪਿੰਡ ਦੀ ਪੰਚਾਇਤ ਦੀ ਅਗਵਾਈ ਵਿੱਚ ਯੋਗਾ ਦਿਵਸ ਕੈਂਪ ਲਗਾਇਆ ਗਿਆ। ਇਸ ਮੌਕੇ ਯੋਗਾ ਟਰੇਨਰ ਗੁਰਪ੍ਰੀਤ ਕੌਰ ਨੇ ਕਿਹਾ ਕਿ ਯੋਗ ਨੂੰ ਹਰ ਵਿਅਕਤੀ ਬੜੀ ਆਸਾਨੀ ਨਾਲ ਘਰ ਜਾਂ ਬਾਹਰ ਕਿਤੇ ਵੀ ਕਰ ਸਕਦਾ ਹੈ ਅਤੇ ਇਸਨੂੰ ਅਪਣਾ ਕੇ ਅਸੀਂ ਮਾਨਸਿਕ ਅਤੇ ਸ਼ਰੀਰਿਕ ਤੰਦਰੁਸਤੀ ਹਾਸਲ ਕਰ ਸਕਦੇ ਹਾਂ। ਯੋਗ ਲੋਕਾਂ ਨੂੰ ਸਰੀਰਿਕ ਤੌਰ 'ਤੇ ਤਾਂ ਨਿਰੋਗ ਰੱਖਦਾ ਹੀ ਹੈ, ਨਾਲ ਹੀ ਮਾਨਸਿਕ ਚੇਤੰਨਤਾ ਦਾ ਵਿਕਾਸ ਵੀ ਕਰਦਾ ਹੈ।ਯੋਗ ਨਾਲ ਤਨ ਮਨ ਦੋਨਾਂ ਨੂੰ ਤੰਦਰੁਸਤ ਤੇ ਸਾਫ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਵਿਅਕਤੀ ਵਿਅਸਤ ਦੇ ਨਾਲ ਨਾਲ ਮਸਤ ਵੀ ਰਹਿੰਦਾ ਹੈ, ਜੋ ਕਿ ਇੱਕ ਸੁੱਖ ਭਰੀ ਜਿੰਦਗੀ ਦਾ ਅਧਾਰ ਹੈ। ਯੋਗਾ ਕੈਂਪ 'ਚ ਸ਼ਾਮਿਲ ਹੋਏ ਪਿੰਡ ਵਾਸੀਆਂ ਨੂੰ ਪ੍ਰਧਾਨ ਜਗਤਾਰ ਸਿੰਘ ਤਾਰੀ ਤੇ ਦਵਿੰਦਰ ਸਿੰਘ (ਜੇਈ) ਵੱਲੋ ਸੰਬੋਧਨ ਕਰਦਿਆਂ ਦੱਸਿਆ ਹੈ ਕਿ ਯੋਗਾ ਆਪਣੇ ਆਪ ਨਾਲ ਜੁੜਨ ਦਾ ਰਸਤਾ ਹੈ



# ਪਟਿਆਲਾ-ਆਸ/ਪਾਸ



## ਪੰਜਾਬੀ ਯੂਨੀਵਰਸਿਟੀ ਵਿਖੇ '11ਵਾਂ ਕੌਮਾਂਤਰੀ ਯੋਗ ਦਿਵਸ' ਮਨਾਇਆ

### ਯੋਗਾ ਦਾ ਕੋਈ ਬਦਲ ਨਹੀਂ : ਡਾ. ਜਗਦੀਪ ਸਿੰਘ



ਪਟਿਆਲਾ, 21 ਜੂਨ (ਚ.ਨ.ਸ.): ਯੂਨੀਵਰਸਿਟੀ ਦੇ ਸਰੀਰਿਕ ਸਿੱਖਿਆ ਵਿਭਾਗ, ਐੱਨ. ਐੱਸ. ਐੱਸ. ਵਿਭਾਗ ਅਤੇ ਖੇਡ ਡਾਇਰੈਕਟੋਰੇਟ ਵੱਲੋਂ ਅੱਜ '11ਵੇਂ ਕੌਮਾਂਤਰੀ ਯੋਗ ਦਿਵਸ' ਮੌਕੇ ਯੂਨੀਵਰਸਿਟੀ ਕੈਂਪਸ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਵੀ ਯੋਗਾ ਗਤੀਵਿਧੀਆਂ ਵਿੱਚ ਸ਼ਿਰਕਤ ਕੀਤੀ। ਸਮਾਗਮ ਦੌਰਾਨ ਯੋਗਾ ਮਾਹਿਰਾਂ ਦੀ ਨਿਗਰਾਨੀ ਵਿੱਚ ਵੱਖ-ਵੱਖ ਯੋਗਾ ਆਸਣ ਕਰਵਾਏ ਗਏ ਅਤੇ ਸਾਹ ਲੈਣ ਦੀਆਂ ਕਸਰਤਾਂ ਕੀਤੀਆਂ। ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਯੋਗਾ ਪੇਸ਼ਕਾਰੀ ਵੀ ਦਿੱਤੀ ਗਈ। ਓਲੰਪੀਅਨ ਡਾ. ਤਰਲੋਕ ਸਿੰਘ ਸੰਧੂ ਅਤੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਯੋਗਾ ਦੀ ਮਹੱਤਤਾ ਬਾਰੇ ਵੱਖ-ਵੱਖ ਨੁਕਤੇ ਉਜਾਗਰ ਕੀਤੇ। ਉਨ੍ਹਾਂ ਕੌਮਾਂਤਰੀ ਯੋਗ ਦਿਵਸ ਲਈ ਵਿਸ਼ਵ ਪੱਧਰ ਉੱਤੇ 21 ਜੂਨ ਦੇ ਦਿਨ ਦੀ ਚੋਣ ਬਾਰੇ ਵੀ ਆਪਣੇ ਵਿਚਾਰ ਪ੍ਰਗਟਾਏ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਅਮਰਪ੍ਰੀਤ ਸਿੰਘ, ਐੱਨ. ਐੱਸ. ਐੱਸ. ਵਿਭਾਗ ਦੇ ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ, ਖੇਡ ਡਾਇਰੈਕਟੋਰੇਟ ਦੇ ਨਿਰਦੇਸ਼ਕ ਡਾ. ਗੁਰਦੀਪ ਕੌਰ ਰੰਧਾਵਾ, ਪ੍ਰੋ. ਨਿਸ਼ਾਨ ਸਿੰਘ ਦਿਓਲ, ਪ੍ਰੋ. ਦਮਨਜੀਤ ਸੰਧੂ ਆਦਿ ਹਾਜ਼ਰ ਰਹੇ।

## ਪਟਿਆਲਾ ਵਿਖੇ ਉਤਸ਼ਾਹ ਨਾਲ ਮਨਾਇਆ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ

### ☛ਲੋਕਾਂ ਦੀ ਨਿਰੋਗੀ ਸਿਹਤ ਲਈ ਸੀ.ਐਮ. ਦੀ ਯੋਗਸ਼ਾਲਾ ਅਹਿਮ ਭੂਮਿਕਾ ਨਿਭਾਏਗੀ: ਕੁੰਦਨ ਗੋਗੀਆ

### ☛ਤਣਾਅ ਮੁਕਤ ਜ਼ਿੰਦਗੀ ਲਈ ਯੋਗ ਨੂੰ ਜੀਵਨ ਦਾ ਹਿੱਸਾ ਬਣਾਇਆ ਜਾਵੇ: ਡਾ. ਪ੍ਰੀਤੀ ਯਾਦਵ





ਪਟਿਆਲਾ, 21 ਜੂਨ (ਰੁਪਾਣਾ/ਵਿਨੋਦ ਸ਼ਰਮਾ/ਅਮਰਜੀਤ/ਦੀਪਕ ਜੈਦਕਾ) :ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਚਲਾਈ ਜਾ ਰਹੀ 'ਸੀ.ਐਮ. ਦੀ ਯੋਗਸ਼ਾਲਾ' ਤਹਿਤ ਅੱਜ ਇਥੇ ਗਿਆਰ੍ਹਵਾਂ ਅੰਤਰ-ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ, ਜਿਸ ਨੂੰ ਪਟਿਆਲਵੀਆਂ ਦੀ ਲਾਮਿਸਾਲ ਸ਼ਮੂਲੀਅਤ ਨੇ ਸਫਲ ਬਣਾਇਆ। ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਥਾਪਰ ਯੂਨੀਵਰਸਿਟੀ ਵਿਖੇ ਸਵੇਰੇ 6 ਤੋਂ 7:30 ਵਜੇ ਤੱਕ ਮਨਾਏ ਗਏ ਇਸ ਅੰਤਰਰਾਸ਼ਟਰੀ ਯੋਗ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਰੋਹ 'ਚ ਵੱਡੀ ਗਿਣਤੀ ਸੀ.ਐਮ. ਦੀ ਯੋਗਸ਼ਾਲਾ 'ਚ ਰੋਜ਼ਾਨਾ ਸ਼ਮੂਲੀਅਤ ਕਰਨ ਵਾਲੇ ਪਟਿਆਲਵੀ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ, ਵਿਦਿਆਰਥੀਆਂ, ਖਿਡਾਰੀਆਂ, ਸਥਾਨਕ ਵਾਸੀਆਂ ਤੇ ਹੋਰ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਜਿੱਥੇ ਸੀ.ਐਮ. ਦੀ ਯੋਗਸ਼ਾਲਾ ਦੇ ਟਰੇਨਰਾਂ ਤੇ ਆਯੂਸ਼ ਵਿਭਾਗ, ਪੰਜਾਬ ਦੇ ਯੋਗ ਮਾਹਰ ਡਾਕਟਰਾਂ ਨੇ ਯੋਗ ਦੇ ਲਾਭ ਗਿਣਾਉਂਦਿਆਂ ਪ੍ਰਾਣਾਯਾਮ, ਮੰਤਰ ਉਚਾਰਨ ਸਮੇਤ ਪੁਰਾਤਨ ਯੋਗ ਦੇ ਵੱਖ-ਵੱਖ ਯੋਗ ਆਸਣ ਕਰਵਾਏ ਉੱਥੇ ਹੀ ਵਿਦਿਆਰਥੀਆਂ ਦੀ ਟੀਮ ਨੇ ਸੰਗੀਤਕ ਯੋਗ ਦੇ ਕਰਤੱਬ ਦਿਖਾਏ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ 5 ਹਜ਼ਾਰ ਤੋਂ ਵਧੇਰੇ ਪਟਿਆਲਵੀਆਂ ਨੇ ਸ਼ਮੂਲੀਅਤ ਕਰਕੇ ਜਿੱਥੇ ਨਵਾਂ ਰਿਕਾਰਡ ਬਣਾਇਆ ਹੈ, ਉੱਥੇ ਹੀ ਯੋਗ ਪ੍ਰਤੀ ਪੈਦਾ ਹੋਈ ਜਾਗਰੂਕਤਾ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਪੰਜਾਬ ਦੇਸ਼ ਦਾ ਸਭ ਤੋਂ ਤੰਦਰੁਸਤ ਸੂਬਾ ਬਣੇ, ਜਿਸ ਲਈ ਉਨ੍ਹਾਂ ਵੱਲੋਂ ਸੂਬੇ ਭਰ ਵਿੱਚ 'ਸੀ.ਐਮ. ਦੀ ਯੋਗਸ਼ਾਲਾ' ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਰੋਜ਼ਾਨਾ ਸੂਬੇ ਦੇ ਲੱਖਾਂ ਲੋਕ ਸਵੇਰੇ-ਸ਼ਾਮ ਲਾਭ ਉਠਾ ਰਹੇ ਹਨ। ਉਨ੍ਹਾਂ ਪਟਿਆਲਾ ਵਾਸੀਆਂ ਨੂੰ ਯੋਗ ਨੂੰ ਆਪਣੀ ਦਿਨਚਰਿਆ ਦਾ ਹਿੱਸਾ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀ.ਐਮ. ਦੀ ਯੋਗਸ਼ਾਲਾ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਨਿਰੋਗੀ ਸਿਹਤ ਲਈ ਸੀ.ਐਮ. ਦੀ ਯੋਗਸ਼ਾਲਾ ਅਹਿਮ ਭੂਮਿਕਾ ਨਿਭਾਏਗੀ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਸੀ.ਐਮ. ਦੀ ਯੋਗਸ਼ਾਲਾ ਸ਼ੁਰੂ ਕਰਨ ਇਕ ਦੂਰਅੰਦੇਸ਼ੀ ਸੋਚ ਹੈ, ਜੋ ਰੰਗਲਾ ਪੰਜਾਬ ਬਣਾਉਣ 'ਚ ਅਹਿਮ ਰੋਲ ਅਦਾ ਕਰੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਸਾਨੂੰ ਇਸ ਮੌਜੂਦਾ ਤੇਜ਼ ਰਫ਼ਤਾਰ ਜ਼ਿੰਦਗੀ 'ਚ ਤਣਾਓ ਮੁਕਤ ਦਿਮਾਗ ਤੇ ਸਰੀਰ ਨੂੰ ਦਵਾਈਆਂ ਤੋਂ ਬਗੈਰ ਤੰਦਰੁਸਤ ਰੱਖਣ ਲਈ ਯੋਗ ਅਪਣਾਉਣਾ ਚਾਹੀਦਾ ਹੈ, ਕਿਉਂਕਿ ਤੰਦਰੁਸਤ ਸਰੀਰ 'ਚ ਹੀ ਤੰਦਰੁਸਤ ਮਨ ਵਾਸ ਕਰਦਾ ਹੈ। ਉਨ੍ਹਾਂ ਕਿਹਾ ਕਿ ਯੋਗ ਕੇਵਲ ਯੋਗ ਦਿਵਸ 'ਤੇ ਹੀ ਨਹੀਂ ਬਲਕਿ ਰੋਜ਼ਾਨਾ ਕਰਨਾ ਚਾਹੀਦਾ ਹੈ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ, ਕੌਂਸਲਰ ਜਸਬੀਰ ਗਾਂਧੀ, ਕੌਂਸਲਰ ਦਵਿੰਦਰ ਕੌਰ, ਜ਼ਿਲ੍ਹਾ ਆਯੁਰਵੇਦ ਅਤੇ ਯੂਨਾਨੀ ਅਫ਼ਸਰ ਡਾ. ਮੋਹਨ ਕੌਸ਼ਲ, ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਡਾ. ਰਜੀਵ ਜਿੰਦਲ, ਸੁਪਰਡੈਂਟ ਡੀ.ਏ.ਯੂ.ਓ ਮੋਹਨ ਪ੍ਰਕਾਸ਼, ਸੀਨੀਅਰ ਮੈਡੀਕਲ ਅਫ਼ਸਰ ਡਾ. ਅਨੁ ਸ਼ਾਰਦਾ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਯੋਗੇਸ਼ ਭਾਟੀਆ, ਡਾ. ਅਮਨਦੀਪ ਕੌਰ, ਡਾ. ਰਜਨੀਸ਼, ਡਾ. ਮਨੀਸ਼ਾ ਸਿੰਗਲਾ, ਉਪਵੰਦ ਮੋਹਿਤ ਰਿਸ਼ੀ, ਸਚਿਨ, ਜ਼ਿਲ੍ਹਾ ਕੋਆਰਡੀਨੇਟਰ ਸੀ.ਐਮ. ਦੀ ਯੋਗਸ਼ਾਲਾ ਰਜਿੰਦਰ ਸਿੰਘ, ਡਾ. ਰਾਜਨੀਤ ਕੌਰ, ਡਾ. ਕਮਲਜੀਤ ਕੌਰ, ਤਾਇਕਵਾਂਡੋ ਕੋਚ ਸਤਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਪਟਿਆਲਵੀ ਮੌਜੂਦ ਸਨ।

## ਸੈਂਟਰਲ ਲਾਇਬ੍ਰੇਰੀ 'ਚ ਯੋਗ ਦਿਵਸ ਮਨਾਇਆ



ਪਟਿਆਲਾ, 21 ਜੂਨ (ਦੀਪਕ ਜੈਦਕਾ) : ਅੱਜ ਸੈਂਟਰਲ ਲਾਇਬ੍ਰੇਰੀ ਵਿਖੇ ਪਟਿਆਲਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਅਤੇ ਅਗਰਵਾਲ ਚੇਤਨਾ ਸਭਾ ਨੇ ਲਾਇਬ੍ਰੇਰੀ ਦੇ ਸਹਿਯੋਗ ਨਾਲ ਯੋਗ ਦਿਵਸ ਮਨਾਇਆ। ਸ੍ਰੀਮਤੀ ਪੂਜਾ ਭੰਡਾਰੀ ਚੀਫ ਲਾਇਬ੍ਰੇਰੀਅਨ ਅਫਸਰ ਨੇ ਆਪਣਾ ਆਸ਼ੀਰਵਾਦ ਦਿੱਤਾ। ਇਸ ਵਿੱਚ ਸ੍ਰੀਮਤੀ ਪੁਨੀਤਾ ਮੈਡਮ ਯੋਗਾ ਐਕਸਪਰਟ ਨੇ ਲੋਕਾਂ ਨੂੰ ਯੋਗ ਦਿਵਸ ਕਰਵਾਇਆ। ਉਹਨਾ ਦੇ ਨਾਲ ਰੁਪਿੰਦਰ ਸਿੰਘ ਅਤੇ ਅਮਰਵੀਰ ਸਿੰਘ ਲਾਇਬ੍ਰੇਰੀਅਨ ਨਾਲ ਸਨ। ਪਟਿਆਲਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਗੋਇਲ ਵੱਲੋਂ ਇਸ ਅਵਸਰ ਤੇ ਨਸ਼ੇ ਨੂੰ ਦੂਰ ਕਰਨਾ ਅਤੇ ਪ੍ਰਦੂਸ਼ਨ ਰਹਿਤ ਸਮਾਜ ਬਣਾਉਣ ਲਈ ਕੱਪੜੇ ਦੇ ਥੈਲੇ ਵੀ ਵੰਡੇ ਗਏ। ਸ੍ਰੀ ਤਰਸੇਮ ਮਿੱਤਲ ਨੇ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਸ. ਗੁਰਬਖਸ਼ ਸਿੰਘ ਉਬਰਾਏ, ਚਰਨਜੀਤ ਸਿੰਘ ਅਰੋੜਾ, ਸੰਜੀਵ ਕਪਿਲਾ, ਅਨਿਲ ਗਰਗ ਅਤੇ ਮਹਿੰਦਰ ਭਾਟੀਆ ਨੇ ਇਸ ਕਾਰਜ ਵਿੱਚ ਪੂਰਾ ਸਹਿਯੋਗ ਦਿੱਤਾ। ਇਸ ਅਵਸਰ ਤੇ ਸੁਰਜੀਤ ਵਰਮਾ ਪ੍ਰਧਾਨ ਸਿੱਖਿਆ ਰਲੀਫ ਵੈਲਫੇਅਰ ਸੁਸਾਇਟੀ, ਨਵੀਨ ਕੁਮਾਰ ਅਤੇ ਚਰਨਜੀਤ ਕੌਰ, ਡਾ. ਮਲਕੀਤ ਸਿੰਘ ਮਾਣ ਸਟਾਫ ਮੈਂਬਰ ਹਾਜਰ ਸਨ।

## ਨਸ਼ਾ ਮੁਕਤੀ ਮੋਰਚਾ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਤੇ ਐਸ.ਐਸ.ਪੀ. ਵੱਲੋਂ ਮਾਡਲ ਨਸ਼ਾ ਮੁਕਤੀ ਕੇਂਦਰ ਦਾ ਦੌਰਾ



ਪਟਿਆਲਾ, 21 ਜੂਨ (ਰੁਪਾਣਾ/ਅਮਰਜੀਤ) : ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚੇ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਵੱਲੋਂ ਸਰਕਾਰੀ ਰਜਿੰਦਰਾ ਹਸਪਤਾਲ ਦੇ ਮਨੋਰੋਗ ਵਿਭਾਗ ਦੇ ਮਾਡਲ ਨਸ਼ਾ ਮੁਕਤੀ ਕੇਂਦਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਐਸ.ਪੀ. ਵਰੁਣ ਸ਼ਰਮਾ, ਯੁੱਧ ਨਸ਼ਿਆਂ ਵਿਰੁੱਧ ਮੋਰਚੇ ਦੇ ਮਾਲਵਾ ਪੂਰਬੀ ਜ਼ੋਨ ਦੇ ਕੁਆਰਡੀਨੇਟਰ ਜਗਦੀਪ ਸਿੰਘ ਜੱਗਾ ਤੇ ਏ.ਡੀ.ਸੀ. ਇਸ਼ਾ ਸਿੰਗਲ ਵੀ ਮੌਜੂਦ ਰਹੇ। ਦੌਰੇ ਦੌਰਾਨ ਬਲਤੇਜ ਪੰਨੂ ਨੇ ਮਾਡਲ ਨਸ਼ਾ ਮੁਕਤੀ ਕੇਂਦਰ ਦੇ ਡਾਕਟਰਾਂ ਪਾਸੋਂ ਫੀਡ ਬੈਕ ਪ੍ਰਾਪਤ ਕੀਤੀ ਤੇ ਨਸ਼ਾ ਛੱਡਣ ਵਾਲਿਆਂ ਲਈ ਇਲਾਜ ਤੋਂ ਬਾਅਦ ਹੋਰ ਬਿਹਤਰ ਮੁੜ ਵਸੇਬੇ ਲਈ ਕੀਤੇ ਜਾਣ ਵਾਲੇ ਉਪਰਾਲਿਆਂ 'ਤੇ ਚਰਚਾ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਕੇਂਦਰ ਵਿੱਚ ਦਾਖਲ ਮਰੀਜ਼ਾਂ ਨਾਲ ਵੀ ਲੰਮੀ ਗੱਲਬਾਤ ਕਰਕੇ ਪੰਜਾਬ ਸਰਕਾਰ ਵੱਲੋਂ ਰੋਜ਼ਗਾਰ ਤੇ ਸਵੈ ਰੋਜ਼ਗਾਰ ਲਈ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕੇਂਦਰ ਵਿੱਚੋਂ ਠੀਕ ਹੋ ਕਿ ਗਏ ਵਿਅਕਤੀਆਂ ਨਾਲ ਰਾਬਤਾ ਰੱਖਿਆ ਜਾਵੇਗਾ ਤੇ ਉਨ੍ਹਾਂ ਨੂੰ ਰੋਜ਼ਗਾਰ ਤੇ ਸਵੈ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਮੌਕੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ 'ਚੋਂ ਠੀਕ ਹੋ ਕੇ ਗਏ ਵਿਅਕਤੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਉਹ ਦੁਬਾਰਾ ਨਸ਼ਿਆਂ ਦੀ ਦਲਦਲ ਵਿੱਚ ਨਾ ਫਸਣ ਅਤੇ ਦੂਸਰਿਆਂ ਲਈ ਰੋਲ ਮਾਡਲ ਬਣਨ। ਉਨ੍ਹਾਂ ਕਿਹਾ ਕਿ ਨਸ਼ਾ ਛੱਡ ਚੁੱਕੇ ਵਿਅਕਤੀਆਂ ਨੂੰ ਰੋਜ਼ਗਾਰ ਤੇ ਸਵੈ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਸਰਕਾਰ ਵੱਲੋਂ ਮਾਈਕਰੋ ਪਲਾਨਿੰਗ ਕੀਤੀ ਗਈ ਹੈ, ਜਿਸ ਤਹਿਤ ਇਲਾਜ ਦੌਰਾਨ ਹੀ ਉਨ੍ਹਾਂ ਵਿਅਕਤੀਆਂ ਨੂੰ ਆਈ.ਟੀ.ਆਈ ਦੇ ਇੰਸਟਰਕਟਰਾਂ ਵੱਲੋਂ ਕਿੱਤਾ ਮੁਖੀ ਕੋਰਸਾਂ ਦੀ ਟਰੇਨਿੰਗ ਦੇ ਕੇ ਆਤਮ ਨਿਰਭਰ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਦ੍ਰਿੜ੍ਹ ਇਰਾਦੇ ਨਾਲ ਕੰਮ ਕਰ ਰਹੀ ਪੰਜਾਬ ਸਰਕਾਰ ਸੂਬੇ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਜ਼ਰੂਰ ਕੱਢ ਲਵੇਗੀ ਤੇ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ ਜਦ ਤੱਕ ਸੂਬੇ ਦਾ ਹਰੇਕ ਪਿੰਡ ਨਸ਼ਾ ਮੁਕਤ ਨਹੀਂ ਹੋ ਜਾਂਦਾ। ਇਸ ਮੌਕੇ ਮਨੋਰੋਗ ਵਿਭਾਗ ਦੇ ਮੁਖੀ ਡਾ. ਰਜਨੀਸ਼ ਕੁਮਾਰ, ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੁਆਰਡੀਨੇਟਰ ਯਾਦਵਿੰਦਰ ਗੋਲਡੀ, ਦਵਿੰਦਰ ਸਿੰਘ ਮਿੱਕੀ ਤੇ ਗੁਰਵਿੰਦਰ ਹੈਪੀ ਵੀ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਸਹਾਇਤਾ ਰਾਸ਼ੀ ਲੋੜਵੰਦਾਂ ਨੂੰ ਵੰਡੀ



ਪਟਿਆਲਾ, 21 ਜੂਨ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋੜਵੰਦਾਂ ਲਈ ਭੇਜੀ ਗਈ ਸਹਾਇਤਾ ਰਾਸ਼ੀ ਨੂੰ ਅੱਜ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਤਕਸੀਮ ਕੀਤੀ ਗਈ। ਜ਼ਿਕਰਯੋਗ ਹੈ ਕਿ ਲੋੜਵੰਦਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਵੱਖ ਵੱਖ ਅਰਜ਼ੀਆਂ ਭੇਜ ਕੇ ਸਹਾਇਤਾ ਦੀ ਮੰਗ ਕੀਤੀ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸਵੀਕਾਰ ਕਰਦਿਆਂ ਉਨ੍ਹਾਂ ਤਿੰਨ ਲੋੜਵੰਦਾਂ ਨੂੰ 40 ਹਜ਼ਾਰ ਦੇ ਕਰੀਬ ਰਾਸ਼ੀ ਦੇ ਚੈੱਕ ਭੇਜੇ ਹਨ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਭਾਈ ਰਾਜਿੰਦਰ ਸਿੰਘ, ਭਾਈ ਲਖਵਿੰਦਰ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਨੂੰ ਰਾਸ਼ੀ ਦੇ ਚੈਕ ਸੌਂਪੇ। ਇਸ ਮੌਕੇ ਪ੍ਰੋ. ਬਡੂੰਗਰ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਦੇ ਲੋੜਵੰਦ ਵਿਅਕਤੀਆਂ ਨੇ ਆਪਣੀ ਬਿਮਾਰੀ ਦੇ ਇਲਾਜ ਅਤੇ ਆਰਥਿਕ ਤੌਰ 'ਤੇ ਮਦਦ ਦੀ ਮੰਗ ਕੀਤੀ ਸੀ, ਜਿਸ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਰਾਸ਼ੀ ਦੇ ਚੈਕ ਸੌਂਪ ਦਿੱਤੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਭਾਗ ਸਿੰਘ, ਗੁਰਦੁਆਰਾ ਰਵਿਦਾਸ ਕਮੇਟੀ ਦੇ ਪ੍ਰਧਾਨ ਰਾਜ ਸਿੰਘ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

## ਮਹਿੰਦਰਾ ਕਾਲਜ 'ਚ ਯੋਗ ਦਿਵਸ ਮਨਾਇਆ



ਪਟਿਆਲਾ, 21 ਜੂਨ (ਚ.ਨ.ਸ.) : ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਪ੍ਰਿੰਸੀਪਲ ਮਨਿੰਦਰਜੀਤ ਕੌਰ ਸਿੱਧੂ ਦੀ ਯੋਗ ਅਗਵਾਈ ਹੇਠ ਗਿਆਰਵਾਂ ਅੰਤਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਉਹਨਾਂ ਦੁਆਰਾ ਭੇਜੇ ਗਏ ਸੰਦੇਸ਼ ਵਿੱਚ ਕਿਹਾ ਗਿਆ ਕਿ ਵਰਤਮਾਨ ਸਮੇਂ ਯੋਗਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਸਮਾਗਮ ਵਿੱਚ ਕਾਲਜ ਫੈਕਲਟੀ, ਵਿਦਿਆਰਥੀਆਂ ਅਤੇ ਪਟਿਆਲਾ ਸ਼ਹਿਰ ਵਾਸੀਆਂ ਨੇ ਬੜੇ ਉਤਸ਼ਾਹ ਨਾਲ ਸ਼ਿਰਕਤ ਕੀਤੀ। ਇਸ ਮੌਕੇ ਯੋਗਾ ਵਿਭਾਗ ਦੇ ਪ੍ਰੋਫੈਸਰ ਪਰਮਵੀਰ ਸਿੰਘ ਨੇ ਆਏ ਹੋਏ ਪ੍ਰੋਫ਼ੈਸਰ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਐਨ ਸੀ ਸੀ ਨੇਵੀ ਵਿੰਗ, ਯੋਗਾ ਵਿਭਾਗ ਦੇ ਵਿਦਿਆਰਥੀ, ਐਨ ਐਸ ਐਸ ਵਲੰਟੀਅਰਾਂ ਸਮੇਤ ਕਾਲਜ ਪ੍ਰੋਫ਼ੈਸਰ ਡਾ. ਸਵਿੰਦਰ ਸਿੰਘ ਰੇਖੀ, ਪ੍ਰੋਫ਼ੈਸਰ ਨਵਜੋਤ ਸਿੰਘ, ਪ੍ਰੋਫ਼ੈਸਰ ਡਾ. ਸੁਵੀਰ ਸਿੰਘ, ਸਬ ਲੈਫ਼ਟੀਨੈਂਟ ਪ੍ਰੋ. ਊਸ਼ਾ ਅਤੇ ਗਿਆਨ ਚੰਦ ਆਦਿ ਨੇ ਉਚੇਰੇ ਤੌਰ 'ਤੇ ਪਹੁੰਚੇ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜ਼ਿਲ੍ਹਾ ਕਚਹਿਰੀਆਂ 'ਚ ਮਨਾਇਆ ਯੋਗ ਦਿਵਸ

ਪਟਿਆਲਾ, 21 ਜੂਨ (ਚ.ਨ.ਸ.) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਕਮ- ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੁਪਿੰਦਰਜੀਤ ਚਹਿਲ ਦੀ ਦੇਖ ਰੇਖ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਕਚਹਿਰੀਆਂ, ਪਟਿਆਲਾ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਇਸ ਮੌਕੇ ਸ਼੍ਰੀ ਅਮਨ ਸਿੰਘ, ਯੋਗਾ ਅਧਿਆਪਕ, ਆਯੁਸ਼ਮਾਨ ਅਰੋਗਿਆ ਕੇਂਦਰ ਵੱਲੋਂ ਯੋਗਾ ਕਿਰਿਆਵਾਂ ਕਰਵਾਈਆਂ ਗਈਆਂ ਅਤੇ ਪ੍ਰਤੀਯੋਗੀਆਂ ਨੂੰ ਯੋਗ ਕਿਰਿਆਵਾਂ ਦੇ ਲਾਭ ਬਾਰੇ ਜਾਣੂੰ ਕਰਵਾਇਆ ਗਿਆ। ਇਸ ਮੌਕੇ ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਪਟਿਆਲਾ ਕਮਲਦੀਪ ਸਿੰਘ ਧਾਲੀਵਾਲ, ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਪਟਿਆਲਾ ਵਰੁਣ ਨਾਗਪਾਲ, ਸਿਵਲ ਜੱਜ ਜੂਨੀਅਰ ਡਵੀਜ਼ਨ ਕਮ ਇੰਚਾਰਜ ਦਮਨਦੀਪ ਕਮਲ ਹੀਰਾ ਅਤੇ ਸਿਵਲ ਜੱਜ ਜੂਨੀਅਰ ਡਵੀਜ਼ਨ ਪਟਿਆਲਾ ਪ੍ਰਭਾ ਪ੍ਰਾਸ਼ਰ ਹਾਜ਼ਰ ਸਨ। ਇਸ ਤੋਂ ਇਲਾਵਾ ਲੀਗਲ ਏਡ ਡਿਫੈਂਸ ਕਾਊਂਸਲ ਅਤੇ ਕੋਰਟ ਦਾ ਸਟਾਫ਼ ਵੀ ਹਾਜ਼ਰ ਰਿਹਾ, ਜਿਨ੍ਹਾਂ ਨੇ ਇਸ ਦਿਨ ਦੀ ਮਹੱਤਤਾ ਅਤੇ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਪ੍ਰੋਗਰਾਮ ਦੌਰਾਨ ਹਾਜ਼ਰੀਨ ਨੂੰ ਇਸ ਦਿਨ ਦੀ ਮਹੱਤਤਾ, ਮੁਫ਼ਤ ਕਾਨੂੰਨੀ ਸੇਵਾਵਾਂ, ਨਾਲਸਾ ਸਕੀਮਾਂ, ਟੋਲ ਫ਼ਰੀ ਹੈਲਪ ਲਾਈਨ ਨੰਬਰ 15100 ਅਤੇ 13 ਸਤੰਬਰ 2025 ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਕਚਹਿਰੀਆਂ ਸਬ ਡਵੀਜ਼ਨ ਰਾਜਪੁਰਾ, ਸਮਾਣਾ ਅਤੇ ਨਾਭਾ ਦੇ ਨਾਲ ਨਾਲ ਕੇਂਦਰੀ ਜੇਲ੍ਹ ਪਟਿਆਲਾ, ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਅਤੇ ਖੁੱਲ੍ਹੀ ਖੇਤੀਬਾੜੀ ਜੇਲ੍ਹ ਨਾਭਾ ਵਿਖੇ ਵੀ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਕੁੱਲ 490 ਵਿਅਕਤੀਆਂ ਨੇ ਸ਼ਿਰਕਤ ਕੀਤੀ।

## ਪੁਲਿਸ ਵੱਲੋਂ 2 ਕਿੱਲੋ ਭੁੱਕੀ ਬ੍ਰਾਮਦ

ਘਨੌਰ, 21 ਜੂਨ (ਮਦਨ ਲਾਲ) : ਥਾਣਾ ਘਨੌਰ ਪੁਲਿਸ ਨੇ ਕਥਿਤ ਦੋਸ਼ੀ ਜਗਦੇਵ ਸਿੰਘ ਪੁੱਤਰ ਨਾਰੰਗ ਸਿੰਘ ਵਾਸੀ ਪਿੰਡ ਚਮਾਰੂ ਵਿਰੁੱਧ ਧਾਰਾ 15, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਸਾਹਿਬ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਭਾਖੜਾ ਪੁਲ ਨਹਿਰ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 2 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

## ਸ੍ਰੀ ਬਾਂਕੇ ਬਿਹਾਰੀ ਯੂਥ ਕਲੱਬ ਨੇ ਯੋਗਾ ਦਿਵਸ ਮੌਕੇ ਪੌਦੇ ਲਗਾਏ



ਸਮਾਣਾ, 21 ਜੂਨ (ਵਿਜੇ ਕੁਮਾਰ) : ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਸ਼੍ਰੀ ਬਾਂਕੇ ਬਿਹਾਰੀ ਯੂਥ ਕਲੱਬ ਵੱਲੋ ਵਾਤਾਵਰਣ ਦੀ ਸਾਂਭ ਸੰਭਾਲ ਅਤੇ ਸਿਹਤ ਪ੍ਰਤੀ ਜਾਗਰੂਕਤਾ ਮੌਕੇ ਪੌਦੇ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਚ ਕਲੱਬ ਪ੍ਰਧਾਨ ਅਭਿਨਵ ਗੁਪਤਾ ਅਤੇ ਸਮੂਹ ਅਹੁਦੇਦਾਰਾ ਕਮਲ ਗੁਪਤਾ, ਵਿਸ਼ਾਲ ਵਰਮਾਂ, ਸਾਹਿਲ ਕਾਂਸਲ, ਮਨੀਸ਼ ਗਰਗ, ਕਨਿਕ ਗਰਗ, ਸੰਦੀਪ ਸਿੰਗਲਾ, ਗਗਨ ਗੋਇਲ, ਅਨਿਲ ਸਿੰਗਲਾ, ਭੀਮ ਸਿੰਗਲਾ, ਗੌਰਵ ਗਰਗ, ਕੋਮਲ ਮਿੱਤਲ, ਮੋਹਿਤ ਸਿੰਗਲਾ, ਰਜਤ ਮਿੱਤਲ, ਪ੍ਰਿੰਸ ਮਿੱਤਲ, ਰਿਤੇਸ਼ ਜੈਨ, ਸੰਜੀਵ ਸਿੰਗਲਾ, ਵਿੱਕੀ ਗਰਗ ਵਲੋ ਪੂਰੇ ਉਤਸ਼ਾਹ ਤੇ ਯੋਗ ਦੇ ਨਾਲ-ਨਾਲ ਹਰਿਆਵਲ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ। ਇਸ ਮੁਹਿੰਮ ਦਾ ਮੁੱਖ ਉਦੇਸ਼ ਨਾ ਸਿਰਫ਼ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣਾ ਸੀ। ਕਲੱਬ ਦੇ ਮੈਂਬਰਾਂ ਨੇ ਪ੍ਰਣ ਲਿਆ ਕਿ ਉਹ ਇਨ੍ਹਾਂ ਪੌਦਿਆਂ ਦੀ ਦੇਖਭਾਲ ਵੀ ਕਰਨਗੇ ਤਾਂ ਜੋ ਇਹ ਵੱਡੇ ਹੋ ਕੇ ਵਾਤਾਵਰਨ ਨੂੰ ਸ਼ੁੱਧ ਅਤੇ ਸੁੰਦਰ ਬਣਾ ਸਕਣ।

## ਪੀ.ਐਲ.ਡਬਲਿਊ 'ਚ ਯੋਗ ਦਿਵਸ ਮਨਾਇਆ



ਪਟਿਆਲਾ, 21 ਜੂਨ (ਰੁਪਾਣਾ) :ਪੀ.ਐਲ.ਡਬਲਿਊ. ਪਟਿਆਲਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸਵੇਰੇ 5:45 ਤੋਂ 6:30 ਵਜੇ ਤੱਕ ਸਟੇਡਿਅਮ ਵਿੱਚ ਯੋਗ ਸ਼ਿਵਿਰ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਪ੍ਰਧਾਨ ਮੁਖੀ ਪ੍ਰਸ਼ਾਸਕੀ ਅਧਿਕਾਰੀ ਸ਼੍ਰੀ ਰਾਜੇਸ਼ ਮੋਹਨ ਦੀ ਅਗਵਾਈ ਹੇਠ ਹੋਇਆ, ਜੋ ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ। ਪੀ.ਐਲ.ਡਬਲਿਊ. ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਪੂਰੇ ਉਤਸ਼ਾਹ ਨਾਲ ਯੋਗ ਸ਼ਿਵਿਰ ਵਿੱਚ ਭਾਗ ਲਿਆ। ਪ੍ਰਸ਼ਿਕਸ਼ਤ ਯੋਗ ਸ਼੍ਰੀ ਸੂਰਜ ਪ੍ਰਕਾਸ਼ ਨੇ ਯੋਗ ਅਭਿਆਸ ਕਰਵਾਇਆ ਅਤੇ ਦਿਨਚਰੀ ਵਿਚ ਯੋਗ ਦੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ। ਸ਼੍ਰੀ ਰਾਜੇਸ਼ ਮੋਹਨ ਨੇ ਸ਼੍ਰੀ ਸੂਰਜ ਪ੍ਰਕਾਸ਼ ਨੂੰ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਵੀ ਕੀਤਾ।

## 11ਵਾਂ ਕੌਮਾਂਤਰੀ ਯੋਗ ਦਿਵਸ ਮੌਕੇ ਜ਼ਾਕਿਰ ਹੁਸੈਨ ਸਟੇਡੀਅਮ 'ਚ ਜ਼ਿਲ੍ਹਾ ਪੱਧਰੀ ਸਮਾਗਮ



ਮਲੇਰਕੋਟਲਾ, 21 ਜੂਨ (ਚ.ਨ.ਸ.) : ਸਥਾਨਕ ਜ਼ਾਕਿਰ ਹੁਸੈਨ ਸਟੇਡੀਅਮ 'ਚ ਗਿਆਰਵਾਂ ਕੌਮਾਂਤਰੀ ਯੋਗ ਦਿਵਸ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ ਨਿਰਦੇਸਾਂ ਤਹਿਤ ਮਨਾਇਆ ਗਿਆ, ਜਿਸ ਨੂੰ ਮਾਲੇਰਕੋਟਲਾ ਦੀ ਅਵਾਮ ਨੇ ਭਰਵਾਂ ਹੁੰਗਾਰਾ ਦਿੰਦਿਆ ਸਹਿਯੋਗ ਦਿੱਤਾ ਅਤੇ ਸਫ਼ਲ ਬਣਾਇਆ। ਨਾਗਰਿਕਾਂ ਨੂੰ ਤੰਦਰੁਸਤ ਰਹਿਣ ਲਈ ਯੋਗਾ ਕਰਨ ਲਈ ਪ੍ਰੇਰਿਤ ਕਰਦਾ ਜ਼ਿਲ੍ਹਾ ਪੱਧਰੀ ਕੌਮਾਂਤਰੀ ਯੋਗਾ ਦਿਵਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਗੁਰਮੀਤ ਕੁਮਾਰ ਬਾਂਸਲ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਸੁਪਨਾ ਹੈ ਕਿ ਪੰਜਾਬ ਦੇਸ਼ ਦਾ ਸਭ ਤੋਂ ਸਿਹਤਮੰਦ ਰਾਜ ਬਣੇ, ਜਿਸ ਲਈ ਪੰਜਾਬ ਸਰਕਾਰ ਨੇ ਬਿਹਤਰ ਸਿਹਤ ਸੇਵਾਵਾਂ ਨੂੰ ਪੰਜਾਬ ਸਰਕਾਰ ਦੀ ਮੁੱਖ ਪਹਿਲਕਦਮੀ ਬਣਾਇਆ ਹੈ। ਐਸ.ਡੀ.ਐਮ. ਨੇ ਲੋਕਾਂ ਨੂੰ ਨਿਰੋਗ ਰਹਿਣ ਲਈ ਯੋਗ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾਉਣ ਦੀ ਅਪੀਲ ਕੀਤੀ। ਐਸ.ਡੀ.ਐਮ. ਮਾਲੇਰਕੋਟਲਾ ਨੇ ਲੋਕਾਂ ਨੂੰ ਸੀ ਐਮ ਦੀ ਯੋਗਸ਼ਾਲਾ ਦਾ ਲਾਭ ਲੈਣ ਦਾ ਸੱਦਾ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ 13 ਯੋਗ ਟਰੇਨਿੰਗ ਵਲੋਂ ਜ਼ਿਲਾ ਮਾਲੇਰਕੋਟਲਾ ਵਿੱਚ ਨਾਗਰਿਕਾਂ ਦੀ ਸ਼ਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ 65 ਦੇ ਕਰੀਬ ਮੁਫ਼ਤ ਯੋਗ ਕਲਾਸਾਂ ਦਾ ਰੋਜਾਨਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਮੁਹੱਲੇ ਦੇ ਲੋਕ ਆਪਣੇ ਇਲਾਕੇ ਵਿੱਚ ਯੋਗ ਕਲਾਸ ਲਗਵਾਉਣਾ ਚਾਹੁੰਦੇ ਹਨ ਤਾਂ ਉਹ ਪੰਜਾਬ ਸਰਾਕਰ ਦੇ ਹੈਲਪਲਾਈਨ ਨੰਬਰ 76694-00500 'ਤੇ ਮਿਸ ਕਾਲ ਕਰ ਸਕਦੇ ਹਨ । ਇਸ ਤੋਂ ਇਲਾਵਾ ਤੇ ਜ਼ਿਲ੍ਹਾ ਕੁਆਡੀਨੇਟਰ ਸੀ.ਐਮ ਦੀ ਯੋਗਸ਼ਾਲਾ ਦੇ 85919-25814 ਤੇ ਵੀ ਸੰਪਰਕ ਕਰ ਸਕਦੇ ਹਨ ।

## ਦੇਸੀ ਸ਼ਰਾਬ ਸਮੇਤ ਮੁਲਜ਼ਮ ਕਾਬੂ

ਸਮਾਣਾ, 21 ਜੂਨ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਹਰਿਆਣਾ ਮਾਰਕਾ ਦੇਸੀ ਸ਼ਰਾਬ ਵੇਚ ਰਹੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਖਿਲਾਫ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਜੱਗੀ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਹੈੱਡ ਕਾਂਸਟੇਬਲ ਜਗਦੀਪ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਮੁਰਾਦਪੁਰਾ ਦੇ ਇੱਟਾਂ ਵਾਲੇ ਭੱਠੇ ਨੇੜੇ ਹਰਿਆਣਾ ਤੋਂ ਲਿਆ ਕੇ ਸ਼ਰਾਬ ਵੇਚੇ ਜਾਣ ਦੀ ਸੂਚਨਾ 'ਤੇ ਛਾਪਾ ਮਾਰਿਆ ਅਤੇ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 24 ਬੋਤਲਾਂ ਬਰਾਮਦ ਹੋਣ 'ਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਣਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਸਮਾਣਾ, 21 ਜੂਨ (ਵਿਜੇ ਕੁਮਾਰ): ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਵਿਖੇ ਮਿਤੀ 21 ਜੂਨ ਨੂੰ ਸਕੂਲ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ । ਇਹ ਦਿਨ ਹਰ ਸਾਲ 21 ਜੂਨ ਨੂੰ ਮਨਾਇਆ ਜਾਂਦਾ ਹੈ ਜੋ ਕਿ ਸਾਲ ਦਾ ਸਭ ਤੋਂ ਵੱਡਾ ਦਿਨ ਮੰਨਿਆ ਜਾਂਦਾ ਹੈ ।ਇਸ ਮੌਕੇ ਸਕੂਲ ਵਿੱਚ ਬੱਚਿਆਂ ,ਅਧਿਆਪਕਾਂ ,ਸਮੂਹ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਪ੍ਰਕਾਰ ਦੇ ਯੋਗ ਆਸਣ ਕਰਕੇ ਇਸ ਦਿਵਸ ਨੂੰ ਮਨਾਇਆ ਗਿਆ। ਇਸ ਦਿਵਸ ਮੌਕੇ ਸਕੂਲ ਦੇ ਸਮੂਹ ਐਨ.ਸੀ.ਸੀ.ਅਤੇ ਐਨ. ਐਸ. ਐਸ. ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਸ ਦੌਰਾਨ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਦਮਨ ਸਿੰਘ ਵਿਰਕ ਅਤੇ ਸਕੂਲ ਮੈਨੇਜਮੈਂਟ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਇਸ ਦਿਵਸ ਦੀਆਂ ਵਧਾਈਆਂ ਦਿੱਤੀਆਂ।

## ਖ਼ੂਨਦਾਨ ਕਰਨ ਨਾਲ ਸਰੀਰਕ ਕਮਜ਼ੋਰੀ ਨਹੀਂ ਆਉਂਦੀ, ਸਰੀਰ ਤੰਦਰੁਸਤ ਰਹਿੰਦੈ : ਪ੍ਰਦੀਪ ਕੁਮਾਰ, ਪਰਮਿੰਦਰ ਭਲਵਾਨ



ਪਟਿਆਲਾ, 21 ਜੂਨ (ਚ.ਨ.ਸ.) : ਸਾਂਝ ਕੇਂਦਰ ਸਿਟੀ 1 ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਉੱਚ ਅਧਿਕਾਰੀਆਂ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਤੇ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਬਲੱਡ ਬੈਂਕਾਂ ਵਿਚ ਖੂਨਦਾਨ ਦੀ ਕਮੀ ਨੂੰ ਵੇਖਦਿਆਂ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ , ਜਿਸ ਵਿੱਚ ਮੁੱਖ ਮਹਿਮਾਨ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1 ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਪਟਿਆਲਾ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਏ ਐਸ ਆਈ ਭਜਨ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਐਸ ਆਈ ਪ੍ਰਦੀਪ ਕੁਮਾਰ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਗਰਮੀਆਂ ਦੇ ਮੌਸਮ ਦੌਰਾਨ ਬਲੱਡ ਬੈਂਕਾਂ ਵਿਚ ਖੂਨ ਦੀ ਭਾਰੀ ਕਮੀਂ ਹੋ ਜਾਂਦੀ ਹੈ , ਅਤੇ ਡੇਂਗੂ ਕਾਰਨ ਵੀ ਖ਼ੂਨ ਦੀ ਮੰਗ ਵੱਧ ਜਾਂਦੀ ਹੈ, ਇਸ ਲਈ ਵੱਧ ਤੋਂ ਵੱਧ ਨੌਜਵਾਨਾਂ ਵਲੋਂ ਖ਼ੂਨਦਾਨ ਅਤੇ ਪਲੇਟਲੈਟ ਦਾਨ ਕਰਕੇ ਲੋੜਵੰਦ ਮਰੀਜ਼ ਦੀ ਜਾਨ ਬਚਾਉਣ ਲਈ ਅੱਗੇ ਆਉਣ। ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਸਰੀਰਕ ਕਮਜ਼ੋਰੀ ਨਹੀਂ ਆਉਂਦੀ ਸਗੋਂ ਸਰੀਰ ਤੰਦਰੁਸਤ ਰਹਿੰਦਾ ਹੈ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਬੇਸ਼ਕੀਮਤੀ ਜਾਨਾਂ ਬਚਾਉਣ ਲਈ ਅੱਗੇ ਆਉਣ। ਇਸ ਮੌਕੇ ਲਾਇਫ ਲਾਇਨ ਬਲੱਡ ਬੈਂਕ ਵਲੋਂ ਡਾਕਟਰ ਅਰਸ਼ਪ੍ਰੀਤ ਕੌਰ ਅਤੇ ਮੋਟੀਵੇਟਰ ਸਾਗਰ ਅਰੋੜਾ ਵੱਲੋਂ ਬਲੱਡ ਇੱਕਤਰ ਕੀਤਾ ਗਿਆ ।

## ਨਾਭਾ ਪਾਵਰ ਲਿਮ: ਥਰਮਲ ਪਲਾਂਟ ਰਾਜਪੁਰਾ ਨੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ



ਦੇਵੀਗੜ੍ਹ, 21 ਜੂਨ (ਗੁਰਜੀਤ ਸਿੰਘ ਢੋਟ) : ਨਾਭਾ ਪਾਵਰ ਲਿਮਿਟਡ ਥਰਮਲ ਪਲਾਂਟ ਰਾਜਪੁਰਾ ਵੱਲੋਂ ਅੱਜ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਵੱਖ-ਵੱਖ ਪਿੰਡਾਂ ਤੋਂ ਆਏ ਸੈਂਕੜੇ ਬੱਚਿਆ, ਨੌਜਵਾਨਾਂ ਅਤੇ ਔਰਤਾਂ ਨਾਲ ਮਿਲ ਕੇ ਪਿੰਡ ਧੂੰਮਾਂ ਵਿਖੇ ਯੋਗਾ ਦਿਵਸ ਮਨਾਇਆ ਗਿਆ। ਇਸ ਮੌਕੇ ਨਾਭਾ ਪਾਵਰ ਲਿਮਿਟਡ ਦੇ ਮੁੱਖ ਕਾਰਜਕਾਰੀ ਅਫ਼ਸਰ ਸ੍ਰੀ ਸੁਰੇਸ਼ ਕੁਮਾਰ ਨਾਰੰਗ ਨੇ ਸੁਨੇਹਾ ਦਿੰਦਿਆ ਕਿਹਾ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਤੌਰ 'ਤੇ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ । ਸ੍ਰੀ ਨਾਰੰਗ ਨੇ ਦੱਸਿਆ ਕਿ ਯੋਗਾ ਦਿਵਸ ਮਨਾਉਣ ਪਿੱਛੇ ਮੁੱਖ ਵਿਚਾਰ ਇੱਕ ਗਲੋਬਲ ਪਲੇਟਫਾਰਮ ਰਾਹੀਂ ਯੋਗਾ ਦੇ ਅਣਗਿਣਤ ਲਾਭਾਂ ਬਾਰੇ ਵਿਆਪਕ ਜਾਗਰੂਕਤਾ ਫੈਲਾਉਣਾ ਹੈ। ਉਹਨਾਂ ਨੇ ਅੱਗੇ ਦੱਸਿਆ ਕਿ ਯੋਗਾ ਕਈ ਸਰੀਰਕ ਅਤੇ ਮਾਨਸਿਕ ਲਾਭ ਪ੍ਰਦਾਨ ਕਰਦਾ ਹੈ, ਅਤੇ ਸਮੁੱਚੀ ਸ਼ਰੀਰਕ ਤੰਦਰੁਸਤੀ ਵਿਚ ਵਾਧਾ ਕਰਦਾ ਹੈ। ਸਾਨੂੰ ਯੋਗ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਅੱਜ ਦੇ ਇਸ ਅੰਤਰਰਾਸ਼ਟਰੀ ਯੋਗਾ ਦਿਵਸ ਪ੍ਰੋਗਰਾਮ ਵਿੱਚ ਵੱਖ-ਵੱਖ ਸਕੂਲਾਂ, ਯੂਥ ਕਲੱਬਾਂ ਅਤੇ ਪੰਚਾਇਤਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ।



# ਪਟਿਆਲਾ-ਆਸ/ਪਾਸ



# ਪੁਲਿਸ ਵੱਲੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜਾਅਲੀ ਜ਼ਮਾਨਤਾਂ ਕਰਵਾਉਣ ਵਾਲੇ ਰੇਨੂੰ ਕਾਂਤ ਗਿਰੋਹ ਦੇ 9 ਮੈਂਬਰ ਕਾਬੂ

➢ 4 ਜਾਅਲੀ ਮੋਹਰਾਂ, 22 ਫ਼ਰਦਾਂ, ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਬ੍ਰਾਮਦ : ਵਰੁਣ ਸ਼ਰਮਾ
➢ ਜਾਅਲੀ ਦਸਤਾਵੇਜ਼ ਤਿਆਰ ਕਰਨ ਲਈ 1 ਟੈਬ ਸੈਮਸੰਗ ਅਤੇ 1 ਮੈਮੋਰੀਕਾਰਡ ਵੀ ਮਿਲਿਆ



ਪਟਿਆਲਾ, 21 ਜੂਨ (ਵਿਨੋਦ ਸ਼ਰਮਾ/ਅਮਰਜੀਤ) : ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਹੈ ਕਿ ਪਟਿਆਲਾ ਪੁਲਿਸ ਵੱਲੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜਾਅਲੀ ਜ਼ਮਾਨਤਾਂ ਕਰਾਉਣ ਵਾਲੇ 9 ਕਾਬੂ ਕੀਤੇ ਗਏ ਹਨ, ਜਿਨ੍ਹਾਂ ਕੋਲੋਂ 4 ਜਾਅਲੀ ਮੋਹਰਾਂ, 22 ਫ਼ਰਦਾਂ, ਅਧਾਰ ਕਾਰਡ ਅਤੇ ਹੋਰ ਦਸਤਾਵੇਜ਼ ਵੀ ਬਰਾਮਦ ਹੋਣ ਸਮੇਤ ਜਾਅਲੀ ਦਸਤਾਵੇਜ਼ ਤਿਆਰ ਕਰਨ ਲਈ 1 ਟੈਬ ਸੈਮਸੰਗ ਅਤੇ 1 ਮੈਮਰੀਕਾਰਡ ਵੀ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਉਸ ਸਮੇਂ ਕਾਮਯਾਬੀ ਮਿਲੀ ਜਦੋਂ ਐਸ. ਪੀ. ਜਾਂਚ ਗੁਰਬੰਸ ਸਿੰਘ ਬੈਂਸ ਤੇ ਡੀਐਸਪੀ ਜਾਂਚ ਰਾਜੇਸ਼ ਕੁਮਾਰ ਮਲਹੋਤਰਾ ਦੀ ਅਗਵਾਈ ਵਿੱਚ ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਇੰਚਾਰਜ ਸੀ.ਆਈ.ਏ ਪਟਿਆਲਾ ਸਮੇਤ ਪੁਲਿਸ ਪਾਰਟੀ ਵੱਲੋਂ ਇਸ ਮੁਹਿੰਮ ਤਹਿਤ ਨਸ਼ਾ ਤਸਕਰਾਂ, ਇਰਾਦਾ ਕਤਲ, ਧੋਖਾਧੜੀ ਅਤੇ ਹੋਰ ਸੰਗੀਨ ਜੁਰਮਾਂ ਵਿੱਚ ਜੇਲਾਂ ਵਿੱਚ ਬੰਦ ਅਪਰਾਧੀਆਂ ਦੀਆਂ ਜ਼ਮਾਨਤਾਂ ਲਈ ਜਾਅਲੀ ਦਸਤਾਵੇਜ਼ ਤਿਆਰ ਕਰਕੇ ਅਸਲ ਵਿਅਕਤੀਆਂ ਦੀ ਜਗ੍ਹਾ 'ਤੇ ਆਪਣੇ ਗਿਰੋਹ ਦੇ ਮੈਂਬਰਾਂ ਦੇ ਜਾਅਲੀ ਦਸਤਾਵੇਜ ਤਿਆਰ ਕਰਕੇ ਸਬੰਧਤ ਮਾਨਯੋਗ ਅਦਾਲਤਾਂ ਤੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਾਉਣ ਵਾਲੇ ਰੇਨੂੰ ਕਾਂਤ ਗਿਰੋਹ ਦਾ ਪਰਦਾਫਾਸ਼ ਕਰਕੇ ਰੇਨੂੰ ਕਾਂਤ ਵਾਸੀ ਪਟਿਆਲਾ ਇਨਕਲੇਵ ਸਨੌਰ, ਸਤਪਾਲ ਉਰਫ ਸੰਨੀ ਵਾਸੀ ਦਸਮੇਸ ਨਗਰ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ, ਗੁਰਦੀਪ ਸਿੰਘ ਉਰਫ ਰਵੀ ਵਾਸੀ ਪਿੰਡ ਦਿੱਤੂਪੁਰ ਜੱਟਾਂ ਪਟਿਆਲਾ, ਹਾਕਮ ਸਿੰਘ ਵਾਸੀ ਛੱਜੂਭੱਟ ਥਾਣਾ ਸਦਰ ਨਾਭਾ, ਕੁਲਵਿੰਦਰ ਸਿੰਘ ਉਰਫ ਰੋਹਿਤ ਵਾਸੀ ਮਹਾਵੀਰ ਕਲੋਨੀ ਭਵਾਨੀਗੜ੍ਹ, ਲਵਪ੍ਰੀਤ ਸਿੰਘ ਉਰਫ ਲਵੀ ਵਾਸੀ ਵਾਰਡ ਨੰਬਰ 9 ਭਵਾਨੀਗੜ੍ਹ, ਸੰਦੀਪ ਸਿੰਘ ਉਰਫ ਗੱਗੀ, ਧੀਰਾ ਸਿੰਘ ਅਤੇ ਜਗਦੀਪ ਸਿੰਘ ਉਰਫ ਦੀਪ ਸਾਰੇ ਵਾਸੀਅਨ ਬਾਬਾ ਸੰਗਤਸਰ ਨਗਰ ਭਵਾਨੀਗੜ੍ਹ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਐਸ ਐਸ ਪੀ ਨੇ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਨ੍ਹਾਂ ਦੇ ਕਜ਼ੇ ਵਿੱਚੋਂ 4 ਜਾਅਲੀ ਮੋਹਰਾਂ, 22 (ਫ਼ਰਦਾਂ, ਅਧਾਰ ਕਾਰਡ ਅਤੇ ਹੋਰ ਦਸਤਾਵੇਜ਼) ਅਤੇ ਜਾਅਲੀ ਦਸਤਾਵੇਜ ਤਿਆਰ ਕਰਨ ਲਈ ਇਕ ਟੈਬ ਸੈਮਸੰਗ ਸਮੇਤ ਮੈਮਰੀ ਕਾਰਡ ਅਤੇ ਆਈ 20 ਕਾਰ ਆਦਿ ਬਰਾਮਦ ਕਰਾਉਣ ਦੀ ਸਫਲਤਾ ਹਾਸਲ ਹੋਈ ਹੈ। ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਸੀ.ਆਈ.ਏ ਪਟਿਆਲਾ ਨੂੰ ਮਿਤੀ 19 ਜੂਨ 2025 ਨੂੰ ਗੁਪਤ ਸੂਚਨਾ ਮਿਲੀ ਕਿ ਰੇਨੂੰ ਕਾਂਤ ਨੇ ਇਕ ਗਿਰੋਹ ਬਣਾਇਆ ਹੋਇਆ ਹੈ, ਜੋ ਨਸ਼ਾ ਤਸਕਰਾਂ ਅਤੇ ਹੋਰ ਸੰਗੀਨ ਜੁਰਮਾਂ ਤਹਿਤ ਜੇਲਾਂ ਵਿੱਚ ਬੰਦ ਅਪਰਾਧੀਆਂ ਦੀਆਂ ਜ਼ਮਾਨਤਾਂ ਕਰਾਉਣ ਲਈ ਆਪਣੇ ਗਿਰੋਹ ਮੈਂਬਰਾਂ ਨਾਲ ਮਿਲਕੇ ਜਾਅਲੀ ਦਸਤਾਵੇਜ਼ ਤਿਆਰ ਕਰਕੇ ਮਾਨਯੋਗ ਅਦਾਲਤਾਂ ਨੂੰ ਹਨੇਰੇ ਵਿੱਚ ਰੱਖਕੇ ਆਪਸੀ ਮਿਲੀਭੁਗਤ ਨਾਲ ਜਾਅਲੀ /ਫਰਜੀ ਜ਼ਮਾਨਤਾਂ ਕਰਾਉਂਦੇ ਹਨ। ਇਸ ਤਹਿਤ ਰੇਨੂੰ ਕਾਂਤ, ਸਤਪਾਲ ਉਰਫ ਸੰਨੀ, ਗੁਰਦੀਪ ਸਿੰਘ ਉਰਫ ਰਵੀ, ਹਾਕਮ ਸਿੰਘ, ਕੁਲਵਿੰਦਰ ਸਿੰਘ ਉਰਰਫ ਰੋਹਿਤ, ਸੰਦੀਪ ਸਿੰਘ ਉਰਫ ਗੱਗੀ, ਲਵਪ੍ਰੀਤ ਸਿੰਘ ਲਵੀ ਅਤੇ ਧੀਰਾ ਸਿੰਘ ਖਿਲਾਫ ਮੁਕੱਦਮਾ ਨੰਬਰ 77 ਮਿਤੀ 19.06.2025 ਅ/ਧ 318(4), 319(2), 336(3), 338, 340(2), 111,61(2) ਬੀ. ਐਨ. ਐਸ. ਥਾਣਾ ਲਾਹੌਰੀ ਗੇਟ ਦਰਜ ਕੀਤਾ ਗਿਆ ਹੈ। ਐਸ ਐਸ ਪੀ ਨੇ ਦੱਸਿਆ ਕਿ ਤਫ਼ਤੀਸ਼ ਦੌਰਾਨ ਮਿਤੀ 20 ਜੂਨ 2025 ਨੂੰ ਰੇਨੂੰ ਕਾਂਤ, ਸਤਪਾਲ ਉਰਫ ਸੰਨੀ, ਗੁਰਦੀਪ ਸਿੰਘ ਉਰਫ ਰਵੀ, ਹਾਕਮ ਸਿੰਘ, ਕੁਲਵਿੰਦਰ ਸਿੰਘ ਉਰਰਫ ਰੋਹਿਤ ਨੂੰ ਨੇੜੇ ਬਾਰਾਦਰੀ ਨੇੜੇ ਲੇਬਰ ਕੋਰਟ ਤੋਂ ਗ੍ਰਿਫ਼ਤਾਰ ਗ੍ਰਿਫਤਾਰ ਕੀਤਾ ਗਿਆ ਅਤੇ ਸੰਦੀਪ ਸਿੰਘ ਉਰਫ ਗੱਗੀ, ਲਵਪ੍ਰੀਤ ਸਿੰਘ ਲਵੀ, ਧੀਰਾ ਸਿੰਘ ਅਤੇ ਜਗਦੀਪ ਸਿੰਘ ਉਰਫ ਦੀਪ ਨੂੰ ਮਿਤੀ 21 ਜੂਨ 2025 ਨੂੰ ਨੇੜੇ ਪੁਰਾਣਾ ਬੱਸ ਅੱਡਾ ਵਿਕਾਸ ਨਗਰ ਤੋਂ ਗ੍ਰਿਫਤਾਰ ਕੀਤਾ ਗਿਆ। ਐਸ.ਐਸ.ਪੀ.ਪਟਿਆਲਾ ਨੇ ਦੱਸਿਆ ਕਿ ਇਸ ਗਿਰੋਹ ਦਾ ਮੁੱਖ ਸਰਗਨਾ ਰੇਨੂੰ ਕਾਂਤ ਹੈ। ਐਸ.ਐਸ.ਪੀ. ਪਟਿਆਲਾ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਕਥਿਤ ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਡਿਪਟੀ ਕਮਿਸ਼ਨਰ ਵੱਲੋਂ ਆਮ ਆਦਮੀ ਕਲੀਨਿਕ ਦਾ ਅਚਨਚੇਤ ਨਿਰੀਖਣ



ਪਟਿਆਲਾ, 21 ਜੂਨ (ਰੁਪਾਨਾ) : ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਅਚਨਚੇਤ ਆਮ ਆਦਮੀ ਕਲੀਨਿਕ ਦਾ ਦੌਰਾ ਕੀਤਾ ਤੇ ਲੋਕਾਂ ਨਾਲ ਗੱਲਬਾਤ ਕਰਕੇ ਕਲੀਨਿਕ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ। ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਨੇੜੇ ਬਣੇ ਆਮ ਆਦਮੀ ਕਲੀਨਿਕ ਦਾ ਦੌਰਾ ਕਰਨ ਮੌਕੇ ਉਨ੍ਹਾਂ ਦੇ ਨਾਲ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੀ ਮੌਜੂਦ ਸਨ। ਡਾ. ਪ੍ਰੀਤੀ ਯਾਦਵ ਨੇ ਕਲੀਨਿਕ ਵਿੱਚ ਦਵਾਈ ਲੈਣ ਆਏ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਵਿਚਾਰ ਲਏ ਅਤੇ ਸਟਾਫ਼ ਬਾਰੇ ਫੀਡ ਬੈਕ ਹਾਸਲ ਕੀਤੀ। ਡੀਸੀ ਨੇ ਕਲੀਨਿਕ ਦੇ ਸਟਾਫ਼ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਆਮ ਆਦਮੀ ਕਲੀਨਿਕ ਮੁੱਖ ਮੰਤਰੀ ਦਾ ਵੱਕਾਰੀ ਪ੍ਰਾਜੈਕਟ ਹਨ ਅਤੇ ਜ਼ਿਲ੍ਹਾ ਵਾਸੀਆਂ ਦੀ ਸਿਹਤ ਸੰਭਾਲ ਲਈ ਵੀ ਇਨ੍ਹਾਂ ਕਲੀਨਿਕਾਂ 'ਤੇ ਵੱਡੀ ਜ਼ਿੰਮੇਵਾਰੀ ਹੈ, ਇਸ ਲਈ ਕਲੀਨਿਕ 'ਚ ਦਵਾਈ ਲੈਣ ਆਏ ਮਰੀਜ਼ਾਂ ਦੀ ਸਹੂਲਤ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਦਾ ਜਾਇਜ਼ਾ ਲੈਣ ਮੌਕੇ ਕਲੀਨਿਕ 'ਚ ਮਿਲਣ ਵਾਲੀਆਂ ਸਹੂਲਤਾਂ ਸਮੇਤ ਹੋਰ ਸੁਧਾਰਾਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ ਹੈ, ਤਾਂ ਜੋ ਨਵੇਂ ਬਣਨ ਵਾਲੇ ਆਮ ਆਦਮੀ ਕਲੀਨਿਕਾਂ ਵਿੱਚ ਹੋਰ ਸੁਧਾਰ ਕੀਤੇ ਜਾ ਸਕਣ। ਇਸ ਮੌਕੇ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਇਸ ਵੇਲੇ 71 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਿਨ੍ਹਾਂ ਵਿੱਚ 107 ਤਰ੍ਹਾਂ ਦੀਆਂ ਦਵਾਈਆਂ ਅਤੇ 47 ਤਰ੍ਹਾਂ ਦੇ ਲੈਬ ਟੈਸਟ ਬਿਲਕੁਲ ਮੁਫ਼ਤ ਕੀਤੇ ਜਾ ਰਹੇ ਹਨ। ਡੀਸੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 26,75,636 ਮਰੀਜ਼ਾਂ ਦਾ ਇਲਾਜ ਕੀਤਾ ਜਾ ਚੁੱਕਾ ਹੈ। ਉਨ੍ਹਾਂ ਡਾਕਟਰਾਂ ਤੇ ਹੋਰ ਅਮਲੇ ਨੂੰ ਕਿਹਾ ਕਿ ਹਰ ਆਏ ਮਰੀਜ਼ ਨੂੰ ਦਵਾਈ ਦੇਣ ਦੇ ਨਾਲ ਨਾਲ ਉਸ ਨੂੰ ਚੰਗੀ ਸਿਹਤ ਲਈ ਸਹੀ ਖ਼ੁਰਾਕ, ਯੋਗ ਅਤੇ ਕਸਰਤ ਕਰਨ ਦਾ ਮਸ਼ਵਰਾ ਵੀ ਦਿੱਤਾ ਜਾਵੇ, ਤਾਂ ਜੋ ਲੋਕਾਂ ਦੀ ਸਿਹਤ ਬਿਹਤਰ ਹੋ ਸਕੇ।

# ਉਮੰਗ ਸੰਸਥਾ ਫਾਊਂਡੇਸ਼ਨ ਦੇ ਮੈਂਬਰਾਂ ਨੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ




ਪਟਿਆਲਾ, 21 ਜੂਨ (ਚ.ਨ.ਸ.) : ਉਮੰਗ ਵੈੱਲਫੇਅਰ ਫਾਊਂਡੇਸ਼ਨ ਸੰਸਥਾ ਰਜਿ. ਦੇ ਮੈਂਬਰਾਂ ਨੇ ਯੋਗਾ ਕਰ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ। ਸੰਸਥਾਂ ਦੇ ਪ੍ਰਧਾਨ ਅਰਵਿੰਦਰ ਸਿੰਘ ਦੀ ਅਗਵਾਈ ਵਿੱਚ ਮੈਂਬਰਾਂ ਨੇ ਯੋਗਾ ਦਿਵਸ ਮੌਕੇ ਲਗਾਏ ਗਏ ਹੋਰਨਾਂ ਕੈਂਪਾਂ ਵਿੱਚ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਲਗਵਾਈ। ਪ੍ਰਧਾਨ ਅਰਵਿੰਦਰ ਸਿੰਘ ਨੇ ਰੋਜ਼ਾਨਾ ਜਿੰਦਗੀ ਵਿੱਚ ਯੋਗਾ ਨੂੰ ਅਪਨਾਉਣ ਲਈ ਪ੍ਰੇਰਿਤ ਵੀ ਕੀਤਾ ਅਤੇ ਸਿਹਤਮੰਦ ਜੀਵਨ ਜਿਉਣ ਦੀ ਸੇਧ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਮਲ ਸ਼ਰਮਾ, ਪਰਮਜੀਤ ਸਿੰਘ, ਗੋਲਡੀ, ਅਨੁਰਾਗ ਅਚਾਰਿਆ, ਯੋਗੇਸ਼ ਪਾਠਕ, ਗੁਰਦੀਪ ਸਿੰਘ ਅਤੇ ਸੰਸਥਾ ਦੇ ਹੋਰ ਮੈਂਬਰ ਸਾਹਿਬਾਨ ਵੀ ਸ਼ਾਮਲ ਸਨ।

# ਤਲਵੰਡੀ ਮਲਕ ਵਿਖੇ ਕਾਸੋ ਆਪ੍ਰੇਸ਼ਨ ਤਹਿਤ ਕੀਤੀ ਤਲਾਸ਼ੀ, ਦੋ ਖ਼ਿਲਾ.ਫ ਮਾਮਲਾ ਦਰਜ



ਸਮਾਣਾ, 21 ਜੂਨ (ਵਿਜੇ ਕੁਮਾਰ/ ਸੁਖਜਿੰਦਰ ਕੁਲਾਰਾਂ/ਜਵੰਦਾ/ਅਮਿਤ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਨਸ਼ਿਆਂ ਵਿਰੁੱਧ ਜੰਗ' ਤਹਿਤ ਸਮਾਣਾ ਪੁਲਿਸ ਨੇ ਡੀ.ਐਸ.ਪੀ. ਫਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਸਬ-ਡਿਵੀਜ਼ਨ ਸਮਾਣਾ ਅਧੀਨ ਪੈਂਦੇ ਪਿੰਡ ਤਲਵੰਡੀ ਮਲਿਕ ਵਿਖੇ ਸਵੇਰੇ 9 ਵਜੇ ਤੋਂ 4 ਘੰਟੇ ਤੱਕ ਤਲਾਸ਼ੀ ਮੁਹਿੰਮ ਚਲਾਈ, ਜਿਸ ਵਿੱਚ ਸਦਰ ਪੁਲਿਸ ਮੁਖੀ ਅਜੇ ਕੁਮਾਰ ਪਰੋਚਾ, ਸਿਟੀ ਪੁਲਿਸ ਮੁਖੀ ਜਸਪ੍ਰੀਤ ਸਿੰਘ ਸਮੇਤ ਸਮਾਣਾ ਮੁੱਖ ਇੰਸਪੈਕਟਰ ਅੰਕੁਰਦੀਪ ਸਿੰਘ ਅਤੇ ਸਮਾਣਾ ਤੇ ਪਾਤੜਾਂ ਸਰਕਲ ਦੀ ਪੁਲਿਸ ਸ਼ਾਮਲ ਹੋਈ। ਇਸ ਦੌਰਾਨ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਦੋ ਨਸ਼ਾ ਤਸਕਰਾਂ ਨੂੰ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਡੀ.ਐਸ.ਪੀ. ਸਮਾਣਾ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਮਿਲੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਪਿੰਡ ਦੇ ਦੋਵੇਂ ਐਂਟਰੀ ਪੁਆਇੰਟਾਂ 'ਤੇ ਨਾਕੇਬੰਦੀ ਕਰਕੇ ਸ਼ੱਕ ਦੇ ਘੇਰੇ ਵਿੱਚ ਆਏ ਵਿਅਕਤੀਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਗਈ। ਅਧਿਕਾਰੀ ਅਨੁਸਾਰ ਪੁਲਿਸ ਪਾਰਟੀ ਵੱਲੋਂ ਤਲਵੰਡੀ-ਖੱਤਰੀਵਾਲਾ ਰਸਤੇ 'ਤੇ ਚੋਅ ਨੇੜੇ ਬੈਠ ਕੇ ਗਾਹਕਾਂ ਦਾ ਇੰਤਜ਼ਾਰ ਕਰ ਰਹੇ ਕਰਮਜੀਤ ਸਿੰਘ ਉਰਫ ਕੰਮਾ ਵਾਸੀ ਵੜੈਚਾਂ ਪੱਤੀ, ਸਮਾਣਾ ਕੋਲੋਂ 190 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਹਿਰਾਸਤ ਵਿੱਚ ਲੈ ਲਿਆ ਗਿਆ। ਜਦਕਿ ਗੁਰਵਿੰਦਰ ਸਿੰਘ ਉਰਫ਼ ਭੂਰਾ ਵਾਸੀ ਪਿੰਡ ਭਰੋ (ਜ਼ਿਲ੍ਹਾ ਸੰਗਰੂਰ) ਕੋਲੋਂ ਲਾਈਟਰ ਤੇ ਸਿਲਵਰ ਪੇਪਰ ਬਰਾਮਦ ਹੋਣ 'ਤੇ ਹਿਰਾਸਤ ਵਿੱਚ ਲਿਆ ਗਿਆ। ਇਸ ਦੌਰਾਨ ਕੁਝ ਸ਼ੱਕੀ ਵਿਅਕਤੀਆਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ ਜਿਨ੍ਹਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਅਧਿਕਾਰੀ ਨੇ ਚੇਤਾਵਨੀ ਦਿੱਤੀ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਅਤੇ ਨਸ਼ਾ ਤਸਕਰਾਂ ਦੁਆਰਾ ਨਸ਼ਾ ਵੇਚ ਕੇ ਬਣਾਈ ਗਈ ਜਾਇਦਾਦ ਨੂੰ ਕਾਨੂੰਨ ਅਨੁਸਾਰ ਜ਼ਬਤ ਕੀਤਾ ਜਾਵੇਗਾ।

# ਨਾਭਾ ਵਿਖੇ ਵਿਸ਼ਵ ਯੋਗ ਦਿਵਸ ਮੌਕੇ ਲੋਕਾਂ ਨੇ ਦਿਖਾਇਆ ਉਤਸ਼ਾਹ



ਨਾਭਾ 21, ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਸੀ ਐਮ ਦੀ ਯੋਗਸ਼ਾਲਾ ਤਹਿਤ ਅਗਰਸੈਨ ਪਾਰਕ ਨਾਭਾ ਵਿਖੇ ਯੋਗਾ ਦਿਵਸ ਮਨਾਇਆ ਗਿਆ, ਜਿਸ ਵਿਚ 500 ਤੋ ਵੱਧ ਲੋਕਾਂ ਨੇ ਮਿਲ ਕੇ ਯੋਗਾ ਕੀਤਾ ਅਤੇ ਆਪਣੀ ਸਿਹਤ ਸੰਭਾਲ ਅਤੇ ਮਾਨਸਿਕ ਸ਼ਕਤੀ ਨੂੰ ਤੰਦਰੁਸਤ ਕਰਨ ਦਾ ਪ੍ਰਣ ਲਿਆ। ਇਸ ਮੌਕੇ ਨਾਭਾ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਖ਼ਾਸ ਤੌਰ 'ਤੇ ਬਠਿੰਡੀਆ ਮੁਹੱਲਾ, ਹੀਰਾ ਮਹਿਲ, ਕੈਂਟ ਰੋਡ, ਸਰਾਜਪੁਰ, ਕੋਟਕਲਾ, ਕਰਤਾਰ ਕਲੋਨੀ, ਮੇਹਸ ਗੇਟ, ਡਿਫੈਂਸ ਕਲੋਨੀ, ਸਿਲਵਰ ਸਿਟੀ, ਸ਼ਾਰਦਾ ਕਲੋਨੀ, ਨਾਗਰਾ ਚੌਕ ਅਤੇ ਅਗਰਸੈਨ ਪਾਰਕ ਵਿਚ ਯੋਗਾ ਕਲਾਸਾਂ ਕਰਵਾ ਰਹੇ ਯੋਗਾ ਟਰੇਨਰ ਰੁਚੀ ਬੱਤਾ, ਪ੍ਰੀਤੀ, ਮੌਂਜੀ ਅਤੇ ਮਮਤਾ ਵੱਲੋਂ ਦੱਸਿਆ ਗਿਆ ਕਿ ਯੋਗਾ ਸਬੰਧੀ ਲੋਕਾਂ ਵਿਚ ਕਾਫ਼ੀ ਉਤਸ਼ਾਹ ਹੈ ਅਤੇ ਲੋਕ ਆਪਣੀ ਸਿਹਤ ਸੰਭਾਲ ਲਈ ਰੋਜ਼ ਯੋਗਾ ਕਲਾਸ ਵਿਚ ਆਉਂਦੇ ਹਨ ਅਤੇ ਅੱਜ ਦਾ ਵੱਡਾ ਇਕੱਠ ਵੀ ਯੋਗਾ ਪ੍ਰਤੀ ਲੋਕਾਂ ਦੀ ਰੁਚੀ ਅਤੇ ਪਿਆਰ ਨੂੰ ਦਰਸਾਉਂਦਾ ਹੈ। ਯੋਗਾ ਕੋਆਰਡੀਨੇਟਰ ਰਜਿੰਦਰ ਸਿੰਘ ਵੱਲੋਂ ਵੀ ਲੋਕਾਂ ਦਾ ਅੰਤਰਰਾਸ਼ਟਰੀ ਯੋਗ ਦਿਵਸ ਦੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ ਗਿਆ।

# ਕੁੱਟਮਾਰ ਸਬੰਧੀ ਮਾਮਲਾ ਦਰਜ

ਪਟਿਆਲਾ, 21 ਜੂਨ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਜਗਦੇਵ ਸਿੰਘ ਪੁੱਤਰ ਜੀਤ ਸਿੰਘ ਵਾਸੀ ਪਿੰਡ ਰੋਂਗਲਾ ਨੇ ਕਥਿਤ ਦੋਸ਼ੀਆਂ ਗੁਰਜਿੰਦਰ ਸਿੰਘ, ਬਲਕਾਰ ਸਿੰਘ, ਗੁਰਮੀਤ ਸਿੰਘ, ਚਰਨਜੀਤ ਕੋਰ, ਅਮਰਜੀਤ ਕੌਰ, ਪਰਮਜੀਤ ਕੋਰ ਵਾਸੀ ਪਿੰਡ ਰੋਂਗਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀਆਂ ਨੇ ਉਸ ਦੀ ਘਰ ਦੇ ਬਾਹਰ ਗਲੀ ਵਿੱਚ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋ ਮਾਰਨ ਦੀਆ ਧਮਕੀਆ ਵੀ ਦਿੱਤੀਆਂ। ਪੁਲਿਸ ਨੇ ਧਾਰਾ 115(2), 126(2), 351(3), 190 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਦੋ ਵੱਖ-ਵੱਖ ਮਾਮਲਿਆਂ 'ਚ ਨਾਜਾਇਜ਼ ਸ਼ਰਾਬ ਸਮੇਤ ਦੋ ਔਰਤਾਂ ਕਾਬੂ

ਸਮਾਣਾ, 21 ਜੂਨ (ਵਿਜੇ ਕੁਮਾਰ) ਪੁਲਿਸ ਨੇ ਪਿੰਡ ਦੇਧਨਾ ਵਿੱਚ ਛਾਪੇਮਾਰੀ ਦੌਰਾਨ ਦੋ ਔਰਤਾਂ ਨੂੰ 34 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਘੱਗਾ ਪੁਲਿਸ ਮੁਖੀ ਯਸ਼ਪਾਲ ਸ਼ਰਮਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਏ.ਐਸ.ਆਈ. ਗੁਰਮੀਤ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਦੇਧਨਾ ਦੇ ਰਜਵਾਹੇ ਨੇੜੇ ਇੱਕ ਔਰਤ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਅਤੇ ਜਾਂਚ ਕਰਨ 'ਤੇ ਉਸ ਕੋਲੋਂ ਨਾਜਾਇਜ਼ ਸ਼ਰਾਬ ਦੀਆਂ 19 ਬੋਤਲਾਂ ਬਰਾਮਦ ਹੋਣ 'ਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਔਰਤ ਦੀ ਪਛਾਣ ਹਰਪ੍ਰੀਤ ਕੌਰ ਪਤਨੀ ਗੁਰਜੰਟ ਸਿੰਘ ਵਾਸੀ ਪਿੰਡ ਦੇਧਨਾ ਵਜੋਂ ਹੋਈ। ਇੱਕ ਹੋਰ ਮਾਮਲੇ ਵਿੱਚ, ਏ.ਐਸ.ਆਈ. ਸ਼ੇਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਨਹਿਰੀ ਰੈਸਟ ਹਾਊਸ ਦੀ ਕੰਧ ਦੇ ਨਾਲ ਸ਼ੱਕੀ ਹਾਲਤ ਵਿੱਚ ਬੈਠੀ ਇੱਕ ਔਰਤ ਦੀ ਜਾਂਚ ਕੀਤੀ ਅਤੇ ਉਸ ਕੋਲੋਂ ਨਾਜਾਇਜ਼ ਸ਼ਰਾਬ ਦੀਆਂ 15 ਬੋਤਲਾਂ ਬਰਾਮਦ ਹੋਣ 'ਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਔਰਤ ਦੀ ਪਛਾਣ ਕੰਤੋ ਦੇਵੀ ਪਤਨੀ ਜਸਵੀਰ ਸਿੰਘ ਵਾਸੀ ਪਿੰਡ ਦੇਧਨਾ ਵਜੋਂ ਹੋਈ। ਅਧਿਕਾਰੀ ਅਨੁਸਾਰ, ਦੋਸ਼ੀ ਔਰਤਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਆਦੇਸ਼ ਅਨੁਸਾਰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

# ਐਸ.ਡੀ.ਐਸ.ਈ. ਸਕੂਲ 'ਚ ਯੋਗ ਸੰਗਮ ਪ੍ਰੋਗਰਾਮ



ਪਟਿਆਲਾ, 21 ਜੂਨ (ਚ.ਨ.ਸ.) :ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ ਤੇ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲੇ ਦੇ ਸੱਦੇ 'ਤੇ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿੱਚ ਯੋਗ ਸੰਗਮ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸ਼੍ਰੀ ਸਨਾਤਨ ਧਰਮ ਸਭਾ ਦੇ ਪ੍ਰਧਾਨ ਸ਼੍ਰੀ ਲਾਲ ਚੰਦ ਜਿੰਦਲ ਦੀ ਯੋਗ ਅਗਵਾਈ ਹੇਠ ਆਯੋਜਿਤ ਯੋਗ ਸੰਗਮ ਪ੍ਰੋਗਰਾਮ ਵਿੱਚ ਸੀਨੀਅਰ ਮੀਤ ਪ੍ਰਧਾਨ ਵਿਜੈ ਮੋਹਨ ਗੁਪਤਾ, ਮੀਤ ਪ੍ਰਧਾਨ ਅਤੇ ਕਾਰਜਕਾਰੀ ਜਨਰਲ ਸਕੱਤਰ ਸ਼੍ਰੀ ਨਰੇਸ਼ ਕੁਮਾਰ ਜੈਨ, ਸਕੂਲ ਮੈਨੇਜਰ ਇੰਜੀ. ਐਮ.ਐਮ.ਸਿਆਲ ਅਤੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਸ਼ਿਰਕਤ ਕੀਤੀ । ਪਤੰਜਲੀ ਯੋਗ ਸੰਸਥਾਨ ਦੁਆਰਾ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਯੋਗਾਚਾਰੀਆ ਭੈਣ ਸ਼ੀਤਲ ਚੌਧਰੀ, ਯੋਗਾਚਾਰੀਆ ਪੂਨਮ, ਯੋਗਾਚਾਰੀਆ ਸੁਮਨ ਵਸ਼ਿਸ਼ਟ ਨੇ ਨਾ ਸਿਰਫ਼ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਯੋਗਾ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਵਾਇਆ, ਸਗੋਂ ਸਾਰਿਆਂ ਨੂੰ ਯੋਗਾ ਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਦਾ ਅਨਿੱਖੜਵਾਂ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ, ਪ੍ਰਿੰਸੀਪਲ ਰਿਪੁਦਮਨ ਸਿੰਘ ਅਤੇ ਵਾਈਸ ਪ੍ਰਿੰਸੀਪਲ ਪੰਕਜ ਕੌਸ਼ਲ ਨੇ ਸਕੂਲ ਵੱਲੋਂ ਯੋਗਾਚਾਰੀਆ ਭੈਣ ਸ਼ੀਤਲ ਚੌਧਰੀ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

# ਮਹਾਰਾਜਾ ਹੀਰਾ ਸਿੰਘ ਪਾਰਕ ਦੁਲੱਦੀ ਗੇਟ ਵਿਖੇ ਮਨਾਇਆ ਯੋਗ ਦਿਵਸ



ਨਾਭਾ, 21 ਜੂਨ ( ਗੁਰਚਰਨ ਸਿੰਘ ਚੌਧਰੀਮਾਜਰਾ) : ਸ਼ਹਿਰ ਨਾਭਾ ਦੇ ਇਤਿਹਾਸਿਕ ਪਾਰਕ ਮਹਾਰਾਜਾ ਹੀਰਾ ਸਿੰਘ ਦੁਲੱਦੀ ਗੇਟ ਵਿਖੇ ਪਾਰਕ ਵਿਖੇ ਮਹਾਰਾਜਾ ਹੀਰਾ ਸਿੰਘ ਵੈਲਫੇਅਰ ਪਾਰਕ ਸੇਵਾ ਸੁਸਾਇਟੀ ਰਜਿ ਨਾਭਾ ਵੱਲੋਂ ਵਿਸ਼ੇਸ਼ ਤੌਰ 'ਤੇ ਯੋਗ ਦਿਵਸ ਮਨਾਇਆ ਗਿਆ, ਜਿਸ ਵਿੱਚ ਸ਼ਹਿਰ ਵਾਸੀਆਂ ਨੇ ਭਾਗ ਲੈ ਯੋਗਾ ਕੀਤਾ ਗੱਲਬਾਤ ਦੌਰਾਨ ਸੰਸਥਾ ਦੇ ਪ੍ਰਧਾਨ ਅਮਨਦੀਪ ਸਿੰਘ ਸਰਪ੍ਰਸਤ ਡਾਕਟਰ ਜੀਵਨ ਗਰਗ , ਕਮਲ ਕਪੂਰ ਯੋਗਾ ਕਰਾਉਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਹੇਮਰਾਜ ਵੱਲੋਂ ਜਿੱਥੇ ਇਸ ਦਿਵਸ ਨੂੰ ਵਿਸ਼ੇਸ਼ ਦੱਸਿਆ ਉੱਥੇ ਹੀ ਵੱਡੀ ਗਿਣਤੀ ਵਿੱਚ ਪਹੁੰਚੇ ਪਾਰਕ ਪ੍ਰੇਮੀਆਂ ਅਤੇ ਸੰਸਥਾ ਦੇ ਮੈਂਬਰਾਂ ਨੇ ਸਾਂਝੇ ਤੌਰ 'ਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਵੇਰੇ ਆਪਣੀ ਸਿਹਤ ਨੂੰ ਤੰਦਰੁਸਤ ਅਤੇ ਵਧੀਆ ਰੱਖਣ ਲਈ ਸੈਰ ਕਰਨ ਯੋਗਾ ਕਰਨ ਐਕਸਰਸਾਈਜ਼ਾਂ ਕਰਨ ਰੋਜ਼ਾਨਾ ਦਲੱਦੀ ਗੇਟ ਇਸ ਪਾਰਕ ਵਿੱਚ 5 ਵਜੇ ਯੋਗਾ ਕਰਵਾਇਆ ਜਾਂਦਾ ਹੈ । ਉਹਨਾਂ ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਡਿਪਟੀ ਕਮਿਸ਼ਨਰ ਪਟਿਆਲਾ ਐਸਡੀਐਮ ਨਾਭਾ ਕਾਰਜਸਾਧਕ ਅਫਸਰ ਨੂੰ ਅਪੀਲ ਕੀਤੀ ਕਿ ਪਾਰਕ ਦੀ ਸਾਂਭ ਸੰਭਾਲ ਪਿਛਲੇ ਤਕਰੀਬਨ 10 ਸਾਲਾਂ ਤੋਂ ਸੁਸਾਇਟੀ ਕਰ ਰਹੀ ਹੈ ਪਰ ਪਾਰਕ ਵਿੱਚ ਕੋਈ ਵੀ ਮਾਲੀ ਜਾਂ ਸੇਵਾਦਾਰ ਨਹੀਂ ਹੈ ਨਾ ਹੀ ਪੱਕੇ ਤੌਰ 'ਤੇ ਕੋਈ ਸਫਾਈ ਸੇਵਕ ਲੱਗਿਆ ਹੋਇਆ ਹੈ। ਉਹਨਾਂ ਅਪੀਲ ਕੀਤੀ ਕਿ ਪਾਰਕ ਦੀ ਸਾਂਭ ਸੰਭਾਲ ਲਈ ਜਿੱਥੇ ਲੋਕ ਵੱਡੀ ਗਿਣਤੀ ਵਿੱਚ ਸਵੇਰੇ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਸੈਰ ਕਰਨ ਆਉਂਦੇ ਹਨ ਅਤੇ ਸ਼ੁੱਧ ਵਾਤਾਵਰਨ ਦੀ ਮੰਗ ਕਰਦੇ ਨੇ ਉਸ ਨੂੰ ਸਾਫ ਸੁਥਰਾ ਰੱਖਣ ਲਈ ਬੂਟਿਆਂ ਦੀ ਸਾਂਭ ਸੰਭਾਲ ਲਈ ਮਾਲੀ ਅਤੇ ਸਫਾਈ ਸੇਵਕ ਪੱਕੇ ਤੌਰ ਤੇ ਦਿੱਤੇ ਜਾਣ ਇਸ ਮੌਕੇ ਸੰਸਥਾ ਦੇ ਮੈਂਬਰ ਅਸ਼ੋਕ ਅਰੋੜਾ, ਬਲਦੇਵ ਸਿੰਘ, ਰਵਿੰਦਰ ਸ਼ਰਮਾ , ਰਾਜੀਵ ਜੈਨ ਰਾਕੇਸ਼ ਜੈਨ , ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਸਥਾ ਦੇ ਮੈਂਬਰ ਅਤੇ ਯੋਗਾ ਕਰਨ ਲਈ ਪਹੁੰਚੇ ਸੰਸਥਾ ਵੱਲੋਂ ਸੇਵਾ ਨਿਭਾਅ ਰਹੇ ਕਮਲ ਕਪੂਰ ਹੇਮਰਾਜ ਬਲਦੇਵ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਇਸ ਮੌਕੇ ਵੱਡੀ ਗਿਣਤੀ ਵਿੱਚ ਭਾਰਤ ਪ੍ਰੇਮੀ ਅਤੇ ਬੀਬੀਆਂ ਔਰਤਾਂ ਹਾਜ਼ਰ ਸਨ ।

# ਭਗਵਾਨ ਜਗਨਨਾਥ ਜੀ ਦੀ 23ਵੀਂ ਯਾਤਰਾ 28 ਨੂੰ

## ਮੋਹਿਤ ਮਹਿੰਦਰਾ ਤੇ ਹੋਰ ਸੱਜਣਾਂ ਨੂੰ ਦਿੱਤੇ ਸੱਦਾ ਪੱਤਰ



ਪਟਿਆਲਾ, 21 ਜੂਨ (ਚ.ਨ.ਸ.) : ਭਗਵਾਨ ਜਗਨਨਾਥ ਯਾਤਰਾ ਲਈ ਇਲਾਕੇ ਦੇ ਲੋਕਾਂ ਨੂੰ ਸੱਦਾ ਪੱਤਰ ਦਿੱਤੇ ਗਏ। ਇਸ ਭਗਵਾਨ ਜਗਨਨਾਥ ਯਾਤਰਾ ਵਿੱਚ ਤਿੰਨ ਤਰ੍ਹਾਂ ਦੇ ਬੈਂਡ ਅਤੇ ਹਾਥੀ ਮੌਜੂਦ ਰਹਿਣਗੇ। ਇਹ ਰੱਥ ਯਾਤਰਾ 28/6/2025 ਨੂੰ ਕਾਲੀ ਮਾਤਾ ਮੰਦਰ ਤੋਂ ਸ਼ੁਰੂ ਹੋ ਕੇ ਲਾਹੌਰੀ ਗੇਟ ਆਰੀਆ ਸਮਾਜ, ਧਰਮਪੁਰਾ ਬਾਜ਼ਾਰ, ਗਊਸ਼ਾਲਾ ਰੋਡ, ਸ਼ੇਰ-ਏ-ਪੰਜਾਬ ਮਾਰਕੀਟ, ਪ੍ਰੈੱਸ ਰੋਡ, ਆਰੀਆ ਸਮਾਜ ਸਬਜ਼ੀ ਮੰਡੀ ਤੋਂ ਨਹਿਰੂ ਪਾਰਕ ਰੋਡ, ਸ਼੍ਰੀ ਹਨੂੰਮਾਨ ਮੰਦਰ ਤੋਂ ਹੁੰਦੀ ਹੋਈ ਫਿਰ ਰਾਜਪੁਰਾ ਰੋਡ ਐਸਡੀਕੇਐਸ ਭਵਨ ਵਿਖੇ ਸੰਪੰਨ ਹੋਵੇਗੀ। ਇਸ ਤੋਂ ਬਾਅਦ, ਹਰੀਨਾਮ ਸੰਕੀਰਤਨ ਅਤੇ ਪ੍ਰਸਾਦਮ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸ਼ੁੱਧ ਦੇਸੀ ਘਿਓ ਦਾ ਸੇਵਨ ਕੀਤਾ ਜਾਵੇਗਾ। ਇਸ ਮੌਕੇ 'ਤੇ ਅੱਜ 22 ਜੂਨ ਸ਼ਾਮ 5 ਤੋਂ 7 ਵਜੇ ਤੱਕ ਰਾਧਾ ਗੋਵਿੰਦ ਆਸ਼ਰਮ ਪਟਿਆਲਾ ਵਿਖੇ ਸੰਕੀਰਤਨ ਮੰਡਲੀ ਵੱਲੋਂ ਹਰੀ ਨਾਮ ਸੰਕੀਰਤਨ ਕੀਤਾ ਜਾਵੇਗਾ। ਇਸ ਮੌਕੇ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਅਤੇ ਐਸਡੀਕੇਐਸ ਦੇ ਉਪ ਪ੍ਰਧਾਨ ਦੇਵੀ ਦਿਆਲ ਗੋਇਲ ਨੇ ਵੀ ਯਾਤਰਾ ਦੌਰਾਨ ਵੱਧ ਤੋਂ ਵੱਧ ਸਮਾਂ ਲਗਾਉਣ ਅਤੇ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦੀ ਅਪੀਲ ਕੀਤੀ। ਪ੍ਰੈਸ ਸਕੱਤਰ ਸੁਦਰਸ਼ਨ ਮਿੱਤਲ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਰਸੋਈ ਵਿੱਚੋਂ ਮਿੱਟੀ ਦੇ ਭਾਂਡੇ ਵਿੱਚ ਪਿਆਜ਼ ਅਤੇ ਲਸਣ ਤੋਂ ਬਿਨਾਂ ਆਪਣੀ ਇੱਛਾ ਅਨੁਸਾਰ ਭਗਵਾਨ ਜਗਨਨਾਥ ਨੂੰ ਪ੍ਰਸ਼ਾਦ ਚੜ੍ਹਾ ਕੇ ਆਪਣਾ ਜੀਵਨ ਸਫਲ ਬਣਾਉਣ। ਇਸ ਮੌਕੇ ਚੇਅਰਮੈਨ ਅਸ਼ਵਨੀ ਗੋਇਲ, ਪ੍ਰਧਾਨ ਧੀਰਜ ਚਲਾਨਾ, ਜਨਰਲ ਸਕੱਤਰ ਸੀ.ਐਮ. ਮਿੱਤਲ, ਖਜ਼ਾਨਚੀ ਯੋਗੇਸ਼ ਬਾਂਸਲ, ਸੀਨੀਅਰ ਮੀਤ ਪ੍ਰਧਾਨ ਵਿਕਰਮ ਆਹੂਜਾ, ਸੁਭਾਸ਼ ਗੁਪਤਾ, ਓ.ਪੀ.ਗੋਇਲ, ਅਵਿਨਾਸ਼ ਗੌੜ, ਸੰਯੁਕਤ ਸਕੱਤਰ ਪੁਨੀਤ ਬੁੱਧੀਰਾਜਾ, ਚੰਦਰਸ਼ੇਖਰ, ਵਿਕਾਸ ਕੁਮਾਰ ਜਿੰਦਲ, ਮਹਿੰਦਰ ਪਾਲ, ਰੱਥ ਇੰਚਾਰਜ ਜਿੰਮੀ ਗੁਪਤਾ, ਰੱਥ ਕੋਆਰਡੀਨੇਟਰ ਸਾਜਨ ਮਿੱਤਲ, ਪ੍ਰੈਸ ਸਕੱਤਰ ਸੁਦਰਸ਼ਨ ਮਿੱਤਲ, ਮੀਡੀਆ ਸਕੱਤਰ ਪ੍ਰਦੀਪ ਕਪਲਾ, ਮੀਡੀਆ ਸਲਾਹਕਾਰ ਸੈਂਡੀ ਵਾਲੀਆ, ਕਮਲਜੀਤ ਕਪਲਾ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

# ਭਾਰਤ ਵਿਕਾਸ ਪ੍ਰੀਸ਼ਦ ਨੇ ਯੋਗਾ ਕੈਂਪ ਲਗਾਇਆ



ਸਮਾਣਾ, 21 ਜੂਨ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਮਾਣਾ ਦੇ ਸਤੀ ਮੰਦਰ ਧਰਮਸ਼ਾਲਾ ਵਿਖੇ ਯੋਗਾ ਕੈਂਪ ਸੰਸਥਾ ਪ੍ਰਧਾਨ ਰਜਿੰਦਰ ਗੁਪਤਾ (ਹੈਪੀ) ਦੀ ਅਗਵਾਈ ਵਿੱਚ ਲਗਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਵਿਜੇ ਸਿੰਗਲਾ ਗਾਜੇਵਾਸ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਯੋਗਾਚਾਰਿਆ ਰਾਮ ਲਾਲ ਅਤੇ ਟੋਨੀ ਸੈਮੀ ਨੇ ਖੁਰਾਕ ਸਬੰਧੀ ਬਹੁਮੁਲੀ ਜਾਣਕਾਰੀ ਦਿੰਦਿਆਂ ਕਿਹਾ ਕਿ ਖੁਰਾਕ ਸਾਡੇ ਸਰੀਰ 'ਤੇ ਕਿਹੋ ਜਿਹੇ ਪ੍ਰਭਾਵ ਪਾਉਂਦੀ ਹੈ। ਇਸ ਮੌਕੇ ਸੰਸਥਾ ਪ੍ਰਧਾਨ ਰਜਿੰਦਰ ਗੁਪਤਾ ਨੇ ਯੋਗਾ 'ਚ ਸ਼ਾਮਿਲ ਹੋਏ ਲੋਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਭੱਜ ਦੌੜ ਦੀ ਜ਼ਿੰਦਗੀ ਵਿੱਚ ਜ਼ਿਆਦਾ ਰੁਝੇਵਿਆ ਨੂੰ ਛੱਡ ਕੇ ਯੋਗਾ ਲਈ ਸਮਾਂ ਜ਼ਰੂਰ ਕੱਢਣਾ ਚਾਹੀਦਾ ਹੈ। ਇਸ ਮੌਕੇ ਬ੍ਰਿਸ਼ਭਾਨ ਕਾਂਸਲ, ਪਵਨ ਸ਼ਾਸਤਰੀ, ਹਰੀਸ਼ ਸਡਾਨਾ, ਸੀਤਾ ਰਾਮ ਗੁਪਤਾ, ਜਤਿੰਦਰ ਸ਼ਰਮਾ, ਚਮਨ ਲਾਲ ਧਨੇਠਾ, ਪ੍ਰਦਮਨ ਸਿੰਘ ਵਿਰਕ, ਅਸ਼ੋਕ ਮੌਦਗਿੱਲ , ਜੀਵਨ ਗਰਗ, ਸੁਦਰਸ਼ਨ ਮਿੱਤਲ, ਸੰਦੀਪ ਲੱਕੀ, ਵਿਜੇ ਡਾਵਰ, ਪਰਮਿੰਦਰ ਅਰੋੜਾ, ਵਿਕਾਸ ਛੋਟੂ, ਕਾਂਤਾ ਰਾਣੀ ਬਾਂਸਲ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

# ਪਾਤੜਾਂ ਵਿਖੇ ਉਤਸ਼ਾਹ ਨਾਲ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ



ਪਾਤੜਾਂ, 21 ਜੂਨ (ਹਰਮਿੰਦਰ ਕਰਤਾਰਪੁਰ) : ਪਟਿਆਲਾ ਜ਼ਿਲ੍ਹੇ ਦੀ ਪਾਤੜਾਂ ਸਬ ਡਵੀਜ਼ਨ ਵਿੱਚ 11ਵੇਂ ਅੰਤਰ ਰਾਸ਼ਟਰੀ ਯੋਗ ਦਿਵਸ ਮੌਕੇ ਸੀ.ਐਮ. ਦੀ ਯੋਗਸ਼ਾਲਾ ਤਹਿਤ ਕਰਵਾਏ ਸਮਾਗਮ ਵਿੱਚ 600 ਤੋਂ ਵਧੇਰੇ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ। ਪਾਤੜਾਂ ਦੀ ਵੱਡੀ ਪਾਰਕ ਮਾਡਲ ਟਾਊਨ ਵਿਖੇ ਕਰਵਾਈ ਯੋਗਸ਼ਾਲਾ ਵਿੱਚ ਸ਼ਹਿਰ ਵਾਸੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਸੀ.ਐਮ. ਦੀ ਯੋਗਸ਼ਾਲਾ ਦੇ ਪਾਤੜਾਂ ਵਿਖੇ ਤਾਇਨਾਤ ਟਰੇਨਰ ਤਰਸੇਮ ਸਿੰਘ, ਪ੍ਰੇਮ ਸਿੰਘ ਤੇ ਕਰਮਜੀਤ ਕੌਰ ਨੇ ਹਾਜ਼ਰੀਨ ਨੂੰ ਯੋਗ ਦੇ ਫ਼ਾਇਦਿਆਂ ਸਬੰਧੀ ਜਾਣਕਾਰੀ ਦੇਣ ਸਮੇਤ ਵੱਖ ਵੱਖ ਆਸਣ ਦੇ ਸਰੀਰ 'ਤੇ ਪੈਣ ਵਾਲੇ ਪ੍ਰਭਾਵਾਂ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ। ਟਰੇਨਰ ਤਰਸੇਮ ਸਿੰਘ ਨੇ ਦੱਸਿਆ ਕਿ ਹਰੇਕ ਤਰ੍ਹਾਂ ਦੀ ਸਰੀਰਕ ਸਮੱਸਿਆ ਲਈ ਵੱਖ ਵੱਖ ਆਸਣ ਹਨ, ਜਿਨ੍ਹਾਂ ਨੂੰ ਰੋਜ਼ਾਨਾ ਕਰਕੇ ਵੱਡੀ ਤੋਂ ਵੱਡੀ ਬਿਮਾਰੀ ਨੂੰ ਠੀਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਯੋਗ ਨੂੰ ਜੇਕਰ ਵਿਅਕਤੀ ਆਪਣੇ ਜੀਵਨ ਦਾ ਇਕ ਹਿੱਸਾ ਬਣਾ ਲੈਂਦਾ ਹੈ ਤਾਂ ਉਹ ਬਹੁਤ ਸਾਰੀਆਂ ਬਿਮਾਰੀਆਂ ਤੋਂ ਨਿਜਾਤ ਪਾ ਸਕਦਾ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਨਿਰੋਗ ਰੱਖਣ ਲਈ ਚਲਾਈ ਜਾ ਰਹੀ ਸੀ.ਐਮ. ਦੀ ਯੋਗਸ਼ਾਲਾ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਗੁਰਮੀਤ ਸਿੰਘ, ਸੁਨੀਲ ਜਿੰਦਲ, ਬਘੇਲ ਸਿੰਘ, ਡੀ ਡੀ ਸਿੰਗਲਾ, ਰਣਵੀਰ ਸਿੰਘ ਪ੍ਰਧਾਨ ਨਗਰ ਕੌਂਸਲ, ਸਤੀਸ਼ ਕੁਮਾਰ ਵੀ ਮੌਜੂਦ ਸਨ।

# ਸੜਕ ਹਾਦਸੇ 'ਚ ਮੌਤ

ਪਟਿਆਲਾ, 21 ਜੂਨ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਈਸ਼ਵਰ ਸਿੰਘ ਪੁੱਤਰ ਦੇਵੀ ਰਾਮ ਵਾਸੀ ਰਤਨ ਨਗਰ ਐਕਸਟੇਂਸ਼ਨ ਤ੍ਰਿਪੜੀ ਪਟਿਆਲਾ ਨੇ ਕਥਿਤ ਦੋਸ਼ੀ ਗੱਡੀ ਦੇ ਡਰਾਇਵਰ ਰਮਜਾਨ ਖਾਨ ਵਾਸੀ ਗੁਰੂ ਨਾਨਕ ਨਗਰ ਨੇੜੇ ਦਾਣਾ ਮੰਡੀ ਸਰਹੰਦ ਰੋਡ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਸੂਰਯਾ ਦੇਵਰਾਜ ਜੋ ਕਿ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਸੈਂਟਰਲ ਜੇਲ੍ਹ ਪਟਿ. ਪਾਸ ਜਾ ਰਿਹਾ ਸੀ, ਜੋ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਗੱਡੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਲੜਕੇ ਵਿੱਚ ਮਾਰੀ, ਜਿਸ ਕਾਰਨ ਉਸਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1), 324(4) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# 'ਇੱਕ ਧਰਤੀ ਇੱਕ ਸਿਹਤ' ਵਿਸ਼ੇ ਨੂੰ ਸਮਰਪਿਤ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਸਮਾਣਾ, 21 ਜੂਨ, (ਵਿਜੇ ਕੁਮਾਰ) : ਪਬਲਿਕ ਕਾਲਜ, ਸਮਾਣਾ, ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸਮਾਣਾ, ਪਬਲਿਕ ਕਾਲਜ ਆਫ਼ ਐਜੂਕੇਸ਼ਨ ਸਮਾਣਾ ਦੇ ਐਨ.ਐਸ.ਐਸ. ਵਿਭਾਗ ਅਤੇ ਰੈਡੱ ਰਿਬਨ ਕਲੱਬ ਵੱਲੋਂ ਨਹਿਰੂ ਯੁਵਾ ਕੇਂਡਰਜ਼ ਪਟਿਆਲਾ ਦੇ ਸਹਿਯੋਗ ਨਾਲ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਸੁਪਰਸਤੀ ਹੇਠ ਕਾਲਜ ਕੈਂਪਸ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਐਨ.ਐਸ.ਐਸ. ਵਲੰਟੀਅਰਜ ਨੇ ਵੱਖ-ਵੱਖ ਯੋਗ ਆਸਨ ਕੀਤੇ। ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਅਸ਼ਵਨੀ ਕੁਮਾਰ ਨੇ ਯੋਗ ਆਸਨ, ਪ੍ਰਾਣਾਯਾਮ ਅਤੇ ਉਨ੍ਹਾਂ ਦੇ ਲਾਭਾਂ ਬਾਰੇ ਜਾਗਰੂਕ ਕੀਤਾ। ਇਸ ਪ੍ਰੋਗਰਾਮ ਵਿਚ ਐਨ.ਐਸ.ਐਸ. ਵਲੰਟੀਅਰਜ਼ ਦੇ ਨਾਲ ਉਨ੍ਹਾਂ ਦੇ ਕੁੱਝ ਮਾਪੇ ਅਤੇ ਸਟਾਫ ਮੈਂਬਰਜ਼ ਵੀ ਸ਼ਾਮਲ ਹੋਏ। ਇਸ ਮੌਕੇ ਨਹਿਰੂ ਯੁਵਾ ਕੇਂਦਰ ਪਟਿਆਲਾ ਤੋ ਮਨਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰੋਗਰਾਮ ਅਫਸਰ ਪ੍ਰੋ. ਕੁਲਜੀਤ ਕੌਰ, ਡਾ. ਅਰਵਿੰਦਰ ਕੌਰ, ਪ੍ਰੋ. ਹਮਿਤ ਕੁਮਾਰ, ਡਾ. ਸ਼ੇਰ ਸਿੰਘ, ਪ੍ਰੋ. ਸੰਟੀ ਕੁਮਾਰ, ਪ੍ਰੋ. ਜਸਪ੍ਰੀਤ ਕੌਰ ਤੋ ਇਲਾਵਾ ਪ੍ਰੋ. ਗੁਰਜਿੰਦਰ ਸਿੰਘ ਅਤੇ ਪ੍ਰੋ. ਨਛੱਤਰ ਸਿੰਘ ਮੌਜੂਦ ਰਹੇ।

# ਬ੍ਰਹਮਾ ਕੁਮਾਰੀ ਵਿਖੇ ਯੋਗ ਡੇਅ ਮਨਾਇਆ



ਸਮਾਣਾ, 21 ਜੂਨ (ਵਿਜੇ ਕੁਮਾਰ) : ਪ੍ਰਜਾਪਿਤਾ ਬ੍ਰਹਮਾਕੁਮਾਰੀਜ਼ ਈਸ਼ਵਰੀਯੇ ਵਿਸ਼ਵ ਵਿਦਿਆਲਿਆ ਵਿਖੇ ਮਮਤਾ ਦੀਦੀ ਦੀ ਅਗਵਾਈ ਵਿੱਚ ਯੋਗਾ ਡੇ ਮਨਾਇਆ ਗਿਆ। ਇਸ ਮੌਕੇ 'ਤੇ ਸਾਰੇ ਭਾਈ ਭੈਣਾਂ ਨੂੰ ਯੋਗਾ ਕਰਾਉਣ ਲਈ ਡਾਕਟਰ ਕੀਮੀਆ ਵਿਸ਼ੇਸ਼ ਰੂਪ 'ਚ ਪਹੁੰਚੀ। ਉਹਨਾਂ ਨੇ ਸਾਰੇ ਭਾਈ ਭੈਣਾਂ ਨੂੰ ਯੋਗਾ ਦੁਆਰਾ ਸਰੀਰ ਨੂੰ ਨਿਰੋਗ ਕਿਵੇਂ ਰੱਖਿਆ ਜਾ ਸਕਦਾ ਹੈ। ਇਸ ਦੇ ਫਾਇਦੇ ਦੱਸੇ। ਮਮਤਾ ਦੀਦੀ ਨੇ ਕਿਹਾ ਕਿ ਸਰੀਰ ਦੇ ਨਾਲ ਨਾਲ ਆਤਮਾ ਨੂੰ ਵੀ ਤੰਦਰੁਸਤ ਰੱਖਣਾ ਹਰ ਇੱਕ ਵਿਅਕਤੀ ਦਾ ਫਰਜ਼ ਹੈ। ਸਰੀਰ ਦੀ ਦੇਖ ਭਾਲ ਤਾ ਹਰ ਕੋਈ ਕਰਦਾ ਹੈਪਰ ਆਤਮਾ ਦੀ ਦੇਖਭਾਲ ਕਰਨਾ ਸਭ ਨੂੰ ਮੁਸ਼ਕਿਲ ਲੱਗਦਾ ਹੈ, ਜਦੋਂ ਕੋਈ ਪਾਪ ਹੀ ਨਹੀਂ ਹੁੰਦਾ ਤਾਂ ਫਿਰ ਸਰੀਰ ਨੂੰ ਰੋਗ ਵੀ ਘੱਟ ਲੱਗਣਗੇ। ਦੀਪਕ ਭਾਈ ਨੇ ਆਏ ਹੋਏ ਸਾਰੇ ਭਾਈ ਭੈਣਾਂ ਦਾ ਧੰਨਵਾਦ ਕੀਤਾ। ਇਸ ਅਵਸਰ 'ਤੇ ਸਾਰੇ ਭਾਈ ਭੈਣਾਂ ਨੂੰ ਭੋਗ ਪ੍ਰਸ਼ਾਦ ਵੰਡ ਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।